Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ
ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ
ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com
Gurcharan Singh Mann
Insurance Agent
Licence# OC 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 43, October 22, 2016
20451 N Plum Grove Rd., Palatine, IL 60074
Ph:847-359-0746, Fax:847-705-9388


# ਹੁਣ ਬੇਕਾਬੂ ਹੋਇਆ ਸ਼ਰਾਬ ਮਾਫੀਆ

## ਸਿਆਸੀ ਸ਼ਹਿ ਨੇ ਆਮ ਲੋਕਾਂ ਦਾ ਜੀਣਾ ਔਖਾ ਕੀਤਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਸ਼ਰਾਬ ਮਾਫੀਏ ਦਾ ਕਹਿਰ ਰੁਕਣ ਦਾ ਨਾਂ ਨਹੀਂ ਲੈ ਰਿਹਾ। ਹਾਕਮਾਂ ਦੀ ਸ਼ਹਿ ਪ੍ਰਾਪਤ ਇਸ ਮਾਫੀਏ ਨੇ ਪਿਛਲੇ ਇਕ ਹਫਤੇ ਦੇ ਅੰਦਰ-ਅੰਦਰ ਮੁਕਤਸਰ, ਮਾਨਸਾ ਅਤੇ ਜਲੰਧਰ ਵਿਚ ਤਿੰਨ ਨੌਜਵਾਨਾਂ ਨੂੰ ਮਾਰ-ਮੁਕਾਇਆ। ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਬਣਨ ਪਿੱਛੋਂ ਅਜਿਹੀਆਂ ਘਟਨਾਵਾਂ ਕੋਈ ਨਵੀਆਂ ਨਹੀਂ ਹਨ। ਪਿਛਲੇ ਸਾਲ ਵੀ ਇਸ ਮਾਫੀਏ ਨੇ ਅਬੋਹਰ ਦੇ ਦਲਿਤ ਨੌਜਵਾਨ ਭੀਮ ਟਾਂਕ ਦਾ ਕਤਲ ਕਰ ਦਿੱਤਾ ਸੀ ਜਦੋਂਕਿ ਇਸੇ ਸਾਲ 27 ਮਈ ਨੂੰ ਮੁਕਤਸਰ ਜ਼ਿਲ੍ਹੇ ਦੇ ਪਿੰਡ ਥਾਂਦੇਵਾਲ ਦਾ ਅਜਮੇਰ ਸਿੰਘ ਵੀ ਇਸੇ ਵਰਤਾਰੇ ਦੀ ਭੇਟ ਚੜ੍ਹ ਗਿਆ।

ਯਾਦ ਰਹੇ ਕਿ ਸੂਬੇ ਦੇ ਸ਼ਰਾਬ ਕਾਰੋਬਾਰ ਦੇ ਵੱਡੇ ਹਿੱਸੇ ਉਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਵਾਲੀਆਂ 20 ਕੰਪਨੀਆਂ ਦਾ ਕਬਜ਼ਾ ਹੈ। ਇਹ ਕੰਪਨੀਆਂ ਗੈਰਕਾਨੂੰਨੀ ਢੰਗ ਨਾਲ ਸ਼ਰਾਬ ਵੇਚਦੀਆਂ ਹਨ। ਸਿਆਸੀ ਸ਼ਹਿ ਹਾਸਲ ਸ਼ਰਾਬ ਮਾਫੀਆ ਆਪਣੇ ਕਾਰੋਬਾਰ ਨੂੰ ਵਧਣ-ਫੁੱਲਣ ਲਈ ਹਰ ਹਰਬਾ ਵਰਤ ਰਿਹਾ ਹੈ। ਉਨ੍ਹਾਂ ਨੇ ਇਕ ਪਾਸੇ ਗਰੀਬ ਘਰਾਂ ਦੇ ਮੁੰਡਿਆਂ ਨੂੰ ਕਰਿੰਦਿਆਂ ਦੇ ਤੌਰ 'ਤੇ ਰੱਖਿਆ ਹੋਇਆ ਹੈ ਅਤੇ ਦੂਜੇ ਪਾਸੇ ਇਨ੍ਹਾਂ ਆਪਣੀਆਂ ਗੈਰਕਾਨੂੰਨੀ ਕਾਰਵਾਈਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਲਈ ਬਾਊਂਸਰ ਅਤੇ ਗੁੰਡਾ ਕਿਸਮ ਦੇ ਵਿਅਕਤੀ ਵੀ ਪਾਲੇ ਹੋਏ ਹਨ। ਇਹ ਅਨਸਰ ਸ਼ਰਾਬ ਕਾਰੋਬਾਰ ਦੇ ਰਾਹ ਵਿਚ ਆਉਣ ਵਾਲੇ ਹਰ ਅੜਿੱਕੇ ਨੂੰ ਲਾਂਭੇ ਕਰਨ ਲਈ ਕਿਸੇ ਹੱਦ ਤੱਕ ਜਾਣ ਲਈ ਤਿਆਰ ਰਹਿੰਦੇ ਹਨ। ਇਸ ਮਾਫੀਏ ਨੇ ਮੁਕਤਸਰ ਵਿਚ 18 ਵਰ੍ਹਿਆਂ ਦੇ ਦਲਿਤ ਨੌਜਵਾਨ ਨੂੰ ਕੋਹ ਕੋਹ ਕੇ ਮਾਰਨ ਪਿੱਛੋਂ ਮਾਨਸਾ ਜ਼ਿਲ੍ਹੇ ਦੇ ਪਿੰਡ ਘਰਾਂਗਣਾ ਵਿਚ ਇਕ ਹੋਰ ਦਲਿਤ ਨੌਜਵਾਨ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਨ ਕਾਰਨ ਲੋਕਾਂ ਵਿਚ ਰੋਹ ਹੈ। ਇਸ ਦਲਿਤ ਨੌਜਵਾਨ ਦਾ ਰਸੂਖਵਾਨਾਂ ਦੀ ਨਾਜਾਇਜ਼ ਸ਼ਰਾਬ ਵੇਚਣ ਤੋਂ ਨਾਂਹ ਕਰਨ ਕਰ ਕੇ ਕੀਤਾ ਗਿਆ ਕਤਲ ਇਸ ਗੱਲ ਦਾ ਸੰਕੇਤ ਹੈ ਕਿ ਸੂਬੇ ਵਿਚ ਨਾਜਾਇਜ਼ ਸ਼ਰਾਬ ਸਮੇਤ ਹੋਰ ਨਸ਼ਿਆਂ ਦਾ ਕਾਰੋਬਾਰ ਸੱਤਾਧਾਰੀ ਰਸੂਖਵਾਨਾਂ ਅਤੇ ਪੁਲਿਸ ਤੰਤਰ ਦੀ ਸ਼ਹਿ 'ਤੇ ਵਧ-ਫੁੱਲ ਰਿਹਾ ਹੈ। ਇਸ ਕਤਲ ਤੋਂ ਪਹਿਲਾਂ ਵੀ ਸੱਤਾਧਾਰੀ ਧਿਰ ਨਾਲ ਨੇੜਤਾ ਰੱਖਣ ਵਾਲੇ, ਰੇਤਾ-ਬਜਰੀ, ਟਰਾਂਸਪੋਰਟ ਅਤੇ ਨਸ਼ਿਆਂ ਦੇ ਵਪਾਰੀ ਮਾਫੀਆ ਗਰੁੱਪ ਉਨ੍ਹਾਂ ਦੇ ਹਿੱਤਾਂ ਨੂੰ ਚੁਣੌਤੀ ਦੇਣ ਵਾਲਿਆਂ ਦਾ ਘਾਣ ਕਰ ਚੁੱਕੇ ਹਨ, ਪਰ ਅਜਿਹੇ ਸਾਰੇ ਮਾਮਲਿਆਂ ਵਿਚ ਪੁਲਿਸ ਦੀ ਭੂਮਿਕਾ ਰਸੂਖਵਾਨ ਕਾਰੋਬਾਰੀਆਂ ਦਾ ਪੱਖ ਪੂਰਨ ਅਤੇ

*(ਬਾਕੀ ਸਫਾ 6 'ਤੇ)*



### ਦਲਿਤਾਂ 'ਤੇ ਅਤਿਆਚਾਰ ਵਿਚ ਵਾਧਾ

**ਚੰਡੀਗੜ੍ਹ:** ਕੇਂਦਰ ਵਿਚ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਉਣ ਪਿੱਛੋਂ ਹਮਾਤੜਾਂ 'ਤੇ ਜ਼ੁਲਮਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਇਕ ਰਿਪੋਰਟ ਅਨੁਸਾਰ 2000 ਤੋਂ ਬਾਅਦ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅਤਿਆਚਾਰਾਂ, ਅਪਰਾਧਾਂ ਦੀ ਗਿਣਤੀ ਵਿਚ ਘੋਰ ਵਾਧਾ ਹੋਇਆ ਹੈ। 1995 ਤੋਂ 1999 ਤੱਕ ਲੋਕਾਂ ਵਿਰੁੱਧ ਹੋਏ ਅਤਿਆਚਾਰਾਂ ਦੀ ਗਿਣਤੀ 1,66,400 ਸੀ, ਇਨ੍ਹਾਂ ਅਤਿਆਚਾਰਾਂ ਵਿਚ ਦਲਿਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 1,42,500 ਸੀ। ਸੰਸਦ ਦੀ ਇਕ ਹੋਰ ਰਿਪੋਰਟ ਅਨੁਸਾਰ 1999 ਦੀ ਤੁਲਨਾ ਵਿਚ 2000 ਵਿਚ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅਪਰਾਧਾਂ ਦੀ ਗਿਣਤੀ ਵਧ ਕੇ 30,315 ਹੋ ਗਈ ਸੀ। ਇਹ ਗਿਣਤੀ ਹਰ ਸਾਲ ਇਸੇ ਰਫਤਾਰ ਨਾਲ ਵਧ ਰਹੀ ਹੈ।

### ਜਥੇਦਾਰਾਂ ਹੱਥ ਅਮਨ-ਕਾਨੂੰਨ ਦੀ ਚਾਬੀ

**ਚੰਡੀਗੜ੍ਹ:** ਸੂਬੇ ਵਿਚ ਅਮਨ-ਕਾਨੂੰਨ ਦੀ ਨਿਘਰ ਰਹੀ ਹਾਲਤ ਦੇ ਭਾਵੇਂ ਕਾਫੀ ਕਾਰਨ ਹਨ, ਪਰ ਸਿਆਸੀ ਅਤੇ ਸਮਾਜਿਕ ਚਿੰਤਕਾਂ ਅਨੁਸਾਰ ਇਸ ਦਾ ਮੁੱਖ ਕਾਰਨ ਅਕਾਲੀ-ਭਾਜਪਾ ਸਰਕਾਰ ਵੱਲੋਂ ਦਹਾਕਿਆਂ ਤੋਂ ਪ੍ਰਬੰਧਕੀ ਸਿਸਟਮ ਅਨੁਸਾਰ ਚੱਲ ਰਹੇ ਪੁਲਿਸ ਸਟੇਸ਼ਨਾਂ ਨੂੰ ਵਿਧਾਨ ਸਭਾ ਹਲਕਿਆਂ ਅਨੁਸਾਰ ਨਿਯਮਿਤ ਕਰ ਦੇਣਾ ਹੈ। ਸਰਕਾਰ ਦੀ ਇਸ ਕਾਰਵਾਈ ਨਾਲ ਪੁਲਿਸ ਪ੍ਰਬੰਧ ਵਿਚ ਸਿਆਸੀ ਦਖਲਅੰਦਾਜ਼ੀ ਵਧ ਗਈ ਹੈ। ਥਾਣਾ ਇੰਚਾਰਜਾਂ ਨੂੰ ਨਾ ਸਿਰਫ ਸੱਤਾਧਾਰੀ ਧਿਰ ਦੇ ਵਿਧਾਇਕਾਂ ਦੇ ਹੀ ਬਲਕਿ ਹਾਰੇ ਹੋਏ ਜਾਂ ਪਾਰਟੀ ਵੱਲੋਂ ਨਿਯੁਕਤ ਕੀਤੇ ਗਏ ਹਲਕਾ ਇੰਚਾਰਜਾਂ ਦੇ ਹੁਕਮਾਂ ਅਨੁਸਾਰ ਹੀ ਕੰਮ ਕਰਨ ਦੀਆਂ ਜ਼ੁਬਾਨੀ-ਕਲਾਮੀ ਹਦਾਇਤਾਂ ਹਨ। ਇਸ ਸਥਿਤੀ ਵਿਚ ਪੁਲਿਸ, ਛੋਟੀਆਂ-ਮੋਟੀਆਂ ਘਟਨਾਵਾਂ ਤਾਂ ਕੀ, ਕਤਲਾਂ ਤੱਕ ਦੀ ਰਿਪੋਰਟ ਵੀ ਹਲਕਾ ਵਿਧਾਇਕ/ਇੰਚਾਰਜਾਂ ਤੋਂ ਪੁੱਛੇ ਬਗੈਰ ਦਰਜ ਨਹੀਂ ਕਰਦੀ।

## ਕਲਾਕਾਰਾਂ ਨੂੰ ਲੱਗਿਆ ਸਰਹੱਦੀ ਤਣਾਅ ਦਾ ਸੇਕ

**ਮੁੰਬਈ:** ਭਾਰਤ ਵਿਚ ਪਾਕਿਸਤਾਨੀ ਅਦਾਕਾਰਾਂ ਵਾਲੀਆਂ ਫਿਲਮਾਂ ਦੇ ਵਿਰੋਧ ਦੇ ਐਲਾਨ ਨੇ ਦੋਵਾਂ ਦੇਸ਼ਾਂ ਦੇ ਫਿਲਮਸਾਜ਼ਾਂ ਵਿਚ ਵੱਡੀ ਬੇਚੈਨੀ ਪੈਦਾ ਕਰ ਦਿੱਤੀ ਹੈ। ਦੋਵਾਂ ਦੇਸ਼ਾਂ ਵਿਚ ਤਣਾਅ ਵਧਣ ਕਾਰਨ ਮਹਾਰਾਸ਼ਟਰ, ਗੁਜਰਾਤ, ਕਰਨਾਟਕ ਤੇ ਗੋਆ ਦੇ ਸਿਨੇਮਾ ਘਰ ਮਾਲਕਾਂ ਨੇ ਪਾਕਿਸਤਾਨੀ ਅਦਾਕਾਰਾਂ ਵਾਲੀਆਂ ਹਿੰਦੀ ਫਿਲਮਾਂ ਦਾ ਪ੍ਰਦਰਸ਼ਨ ਨਾ ਕਰਨ ਦਾ ਫੈਸਲਾ ਕੀਤਾ ਹੈ।

ਇਨ੍ਹਾਂ ਸਿਨੇਮਾ ਘਰਾਂ ਨੇ ਕਰਨ ਜੌਹਰ ਦੀ ਫਿਲਮ 'ਐ ਦਿਲ ਹੈ ਮੁਸ਼ਕਿਲ' ਦੇ ਪ੍ਰਦਰਸ਼ਨ 'ਤੇ ਇਸ ਲਈ ਰੋਕ ਲਾ ਦਿੱਤੀ ਕਿਉਂਕਿ ਇਸ ਵਿਚ ਪਾਕਿਸਤਾਨੀ ਕਲਾਕਾਰ ਫ਼ਵਾਦ ਖ਼ਾਨ ਹੈ। ਕਰਨ ਜੌਹਰ ਦੀ ਫਿਲਮ ਵਿਚ ਐਸ਼ਵਰਿਆ ਰਾਏ ਬਚਨ, ਰਣਬੀਰ ਕਪੂਰ ਤੇ ਅਨੁਸ਼ਕਾ ਸ਼ਰਮਾ ਦੀ ਵੀ ਭੂਮਿਕਾ ਹੈ। ਇਸ ਫੈਸਲੇ ਤੋਂ ਬਾਅਦ 'ਮਾਮੀ' ਵੱਲੋਂ ਕਰਵਾਏ ਜਾਂਦੇ ਮੁੰਬਈ ਫਿਲਮ ਮੇਲੇ ਵਿਚ ਪਾਕਿਸਤਾਨੀ ਫਿਲਮ 'ਜਾਗੋ ਹੁਆ ਸਵੇਰਾ' ਨਾ ਦਿਖਾਉਣ ਦਾ ਫੈਸਲਾ ਕਰ ਦਿੱਤਾ ਗਿਆ। ਇਸ ਫਿਲਮ ਦੇ ਨਿਰਦੇਸ਼ਕ ਏ.ਜੇ. ਕਾਰਦਾਰ ਸਨ ਅਤੇ ਇਸ ਦੀ ਸ਼ੂਟਿੰਗ ਢਾਕਾ ਵਿਚ ਹੋਈ ਸੀ ਜਦੋਂ ਬੰਗਲਾ ਦੇਸ਼, ਪਾਕਿਸਤਾਨ ਦਾ ਹੀ ਹਿੱਸਾ ਹੁੰਦਾ ਸੀ। ਇਹ ਮਛੇਰਿਆਂ ਦੇ ਛੋਟੇ ਜਿਹੇ ਪਿੰਡ ਦੀ ਕਹਾਣੀ 'ਤੇ ਆਧਾਰਤ ਹੈ। ਇਸ ਫਿਲਮ ਨੂੰ ਸਾਲ 1960 ਵਿਚ 32ਵੇਂ ਅਕੈਡਮੀ ਐਵਾਰਡਾਂ ਵਾਸਤੇ ਵਿਦੇਸ਼ੀ ਭਾਸ਼ਾ ਵਾਲੀ ਸਰਬੋਤਮ ਫਿਲਮ ਲਈ ਪਾਕਿਸਤਾਨ ਦੀ ਐਂਟਰੀ ਵਜੋਂ ਚੁਣਿਆ ਗਿਆ ਸੀ।

ਇਸ ਰੋਕ ਪਿੱਛੋਂ ਭਾਰਤ ਤੇ ਪਾਕਿਸਤਾਨੀ

*(ਬਾਕੀ ਸਫਾ 6 'ਤੇ)*


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਸਤਿਗੁਰੂ ਨਾਨਕ ਪ੍ਰਗਟਿਆ ਮਿੱਟੀ ਧੁੰਧ ਜੱਗ ਚਾਨਣ ਹੋਆ।।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸੱਤਵਾਂ

# ਮਹਾਨ ਨਗਰ ਕੀਰਤਨ






## ਨਗਰ ਕੀਰਤਨ 23 ਅਕਤੂਬਰ, 2016 ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਗੁਰੂ ਘਰ ਤੋਂ ਰਵਾਨਗੀ ਕਰੇਗਾ।

ਇਲਾਕੇ ਭਰ ਦੇ ਸਮੂੰਹ ਗੁਰੂ ਘਰਾ ਦੇ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਗੁਰੂ ਘਰ ਵਿਖੇ ਰੋਜਾਨਾ ਸਵੇਰ ਅਤੇ ਸਾਮ ਦੇ ਦੀਵਾਨ ਸਜ਼ਦੇ ਹਨ। ਉੱਘੇ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਕਥਾਂ ਵਾਚਕ ਹਾਜ਼ਰੀ ਭਰਦੇ ਹਨ। ਸੰਗਤਾਂ ਨੂੰ ਰੋਜ਼ਾਨਾ ਦੇ ਗੁਰਬਾਣੀ ਦੇ ਚਲ ਰਹੇ ਸਮਾਗਮਾ ਅਤੇ ਨਗਰ ਕੀਰਤਨ ਵਿੱਚ ਸਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਨਗਰ ਕੀਰਤਨ ਦੌਰਾਨ ਸੇਵਾਵਾ ਫਲੋਟ ਸਜਾਉਣ, ਸਟਾਲ ਲਾਉਣ ਜਾਂ ਲੰਗਰਾਂ ਆਦਿਕ ਦੀਆਂ ਸੇਵਾਵਾ ਲਈ ਪ੍ਰਬੰਧਕਾ ਨਾਲ ਸੰਪਰਕ ਕਰ ਸਕਦੇ ਹੋ।

### ਪ੍ਰੋਗਰਾਮ ਦਾ ਵੇਰਵਾ

**ਭੋਗ ਸ੍ਰੀ ਅਖੰਡ ਪਾਠ ਸਹਿਬ:**
23 ਅਕਤੂਬਰ ਦਿਨ ਐਤਵਾਰ ਸਵੇਰੇ 8 ਤੋਂ 10 ਵਜੇ ਤੱਕ ਪਾਏ ਜਾਣਗੇ।

**ਗੁਰੂ ਘਰ ਵਿਖੇ ਦੀਵਾਨ:**
ਸਵੇਰੇ 10 ਤੋਂ 11 ਵਜੇ ਸਜਾਏ ਜਾਣਗੇ। ਇਸ ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ 11 ਵਜੇ ਹੋਵੇਗੀ।

### ਹੋਰ ਜਾਣਕਾਰੀ ਲਈ ਸੰਪਰਕ:


ਫਲੋਟ ਲਾਉਣ ਜਾਂ ਸਜਾਉਣ ਸੰਬੰਧੀ ਅਤੇ ਵਧੇਰੇ ਜਾਣਕਾਰੀ ਲਈ :
ਬਾਬਾ ਅਵਤਾਰ ਸਿੰਘ (559) 261-5899.
ਭਾਈ ਹਰਪ੍ਰੀਤ ਸਿੰਘ (559) 859-0471.
ਲੰਗਰ: ਪਰਮਿੰਦਰ ਸਿੰਘ ਮੋਹਣਾ (559) 312-6222.
ਭਾਈ ਵਰਿੰਦਰ ਸਿੰਘ (559) 316-9296.
ਸਟਾਲ: ਪਲਵਿੰਦਰ ਸਿੰਘ (559) 696-4089.
ਰਣਜੀਤ ਸਿੰਘ (559) 351-0505.
ਗੁਰੂਘਰ ਦਾ ਫੋਨ ਨੰਬਰ: (559)-834-4780.

ਗੁਰੂਘਰ ਤੋਂ ਚਲਣ ਉਪਰੰਤ ਨਗਰ ਕੀਰਤਨ 'ਫਾਊਲਰ' ਸ਼ਹਿਰ ਦੀਆਂ ਵੱਖ-ਵੱਖ ਸੜਕਾ ਤੋਂ ਹੁੰਦਾ ਹੋਇਆ ਸ਼ਹਿਰ ਦੇ 'ਪਨਜ਼ੈਕ ਪਾਰਕ' ਵਿੱਚ ਪੜਾਅ ਕਰਨ ਉਪਰੰਤ ਬਾਅਦ ਵਾਪਸ ਗੁਰੂਘਰ ਦੀ ਰਵਾਨਗੀ ਪਾਵੇਗਾ।

### ਗੁਰੂ ਘਰ ਦਾ ਪਤਾ

4250-E. LINCOLN AVE FRESNO ,
California - 93725.

ਨਗਰ ਕੀਰਤਨ ਦੇ ਰੂਟ ਦਾ ਨਕਸ਼ਾ।




ਸਮੂੰਹ ਪੰਜਾਬੀ ਮੀਡੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ। ਫੋਟੋ ਅਤੇ ਵੀਡੀਓ ਸੇਵਾ: ਜੀਤ ਗਿੱਲ Mogavideo.com ਅਤੇ ਸਿੰਘਪੁਰ ਵੀਡੀਓਜ਼ ਫਰਿਜ਼ਨੋ।

ਮੀਡੀਆਂ ਸਪਾਂਸਰ: ਕੁਲਵੰਤ ਉੱਭੀ ਧਾਲੀਆਂ (559) 473-9264 ਅਤੇ ਨੀਟਾ ਮਾਛੀਕੇ (559) 333-5776.

Degined By: Kulwant Ubhi Dhalian , Dhalian & Machhike Punjabi Media Group Fresno, California, USA and Dhalian.com

# ਟਰੰਪ ਦੀ ਪ੍ਰਚਾਰ ਮੁਹਿੰਮ ਵਿਚ ਸਿੱਖ ਨੂੰ ਮੁਸਲਮਾਨ ਸਮਰਥਕ ਦਰਸਾਇਆ

**ਫਿਸ਼ਰ, ਇੰਡੀਆਨਾ (ਬਿਊਰੋ):** ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੀ ਮੁਹਿੰਮ ਦੌਰਾਨ ਵੰਡੇ ਜਾ ਰਹੇ ਪਰਚਿਆਂ 'ਚ ਅਮਰੀਕਾ ਵਿਚ ਰਹਿ ਰਹੇ ਭਾਰਤੀ ਮੂਲ ਦੇ ਸਿੱਖ ਦੀ ਪਛਾਣ ਟਰੰਪ ਦੇ ਮੁਸਲਮਾਨ ਸਮਰਥਕ ਵਜੋਂ ਕੀਤੀ ਜਾ ਰਹੀ ਹੈ।

ਫਿਸ਼ਰ ਸ਼ਹਿਰ ਵਿਚ ਰਹਿੰਦੇ ਗੁਰਿੰਦਰ ਸਿੰਘ ਖਾਲਸਾ ਦੀ ਫੋਟੋ ਡੋਨਲਡ ਟਰੰਪ ਦੇ ਪ੍ਰਚਾਰ ਪਰਚਿਆਂ 'ਚ ਲਾਈ ਗਈ ਹੈ ਤੇ ਇਸ ਫੋਟੋ ਉਤੇ ਮੁਸਲਿਮ ਲਿਖਿਆ ਹੈ ਤਾਂਕਿ ਇਹ ਦਰਸਾਇਆ ਜਾ ਸਕੇ ਕਿ ਮੁਸਲਮਾਨ ਵੀ ਟਰੰਪ ਦੀ ਹਮਾਇਤ ਕਰ ਰਹੇ ਹਨ। ਇਸ ਬਾਰੇ ਗੁਰਿੰਦਰ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਉਹ ਤਾਂ ਟਰੰਪ ਦਾ ਸਮਰਥਕ ਵੀ ਨਹੀਂ ਹੈ ਅਤੇ ਪਾਰਟੀ ਦੇ ਪ੍ਰਬੰਧਕਾਂ ਨੇ ਉਸ ਨੂੰ ਪੁੱਛੇ-ਦੱਸੇ ਬਗੈਰ ਹੀ ਉਸ ਨੂੰ ਮੁਸਲਮਾਨ ਸਮਰਥਕ ਦੱਸ ਕੇ ਇਹ ਫੋਟੋ ਲਗਾਈ ਹੈ। ਭਾਈ ਖਾਲਸਾ ਨੇ ਕਿਹਾ, "ਮੈਂ ਸਿੱਖ ਪੋਲਿਟੀਕਲ ਐਕਸ਼ਨ ਕਮੇਟੀ ਇਸ ਲਈ ਬਣਾਈ ਸੀ ਤਾਂਕਿ ਆਮ ਅਮਰੀਕੀ ਨਾਗਰਿਕਾਂ ਦੇ ਮਨਾਂ ਅੰਦਰ ਸਿੱਖਾਂ ਬਾਰੇ ਫੈਲ ਰਹੇ ਭੁਲੇਖੇ ਦੂਰ ਕੀਤੇ ਜਾ ਸਕਣ। ਮੈਨੂੰ ਮੁੱਢ ਤੋਂ ਹੀ ਜਾਪਦਾ ਸੀ ਕਿ ਇਹ ਕੰਮ ਬਹੁਤ ਔਖਾ ਹੈ, ਪਰ ਜੇ ਹੁਣ ਰਾਸ਼ਟਰਪਤੀ ਦੇ ਅਹੁਦੇ ਵਾਲੇ ਉਮੀਦਵਾਰ ਨੂੰ ਵੀ ਸਿੱਖਾਂ ਬਾਰੇ ਅਜਿਹੀ ਗਲਤ ਜਾਣਕਾਰੀ ਹੈ ਤਾਂ ਸਪਸ਼ਟ ਹੈ ਕਿ ਮੇਰਾ ਕੰਮ ਕਿਤੇ ਵੱਧ ਔਖਾ ਹੈ।" ਉਨ੍ਹਾਂ ਕਿਹਾ ਕਿ ਟਰੰਪ ਦੇ ਅਜਿਹੇ ਪ੍ਰਚਾਰ ਨਾਲ ਲੋਕਾਂ 'ਚ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਹੋਣਗੇ, ਕਿਉਂਕਿ ਟਰੰਪ ਦੀ ਮੁਹਿੰਮ ਦੇ ਪ੍ਰਬੰਧਕ ਇਹ ਪਰਚਾ ਸਾਰੇ ਮੁਲਕ ਵਿਚ ਲਿਜਾ ਰਹੇ ਹਨ।

ਯਾਦ ਰਹੇ, 9/11 ਵਾਲੀ ਘਟਨਾ ਤੋਂ ਬਾਅਦ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ ਉਤੇ ਹਮਲੇ ਕੀਤੇ ਜਾਣ ਲੱਗੇ ਸਨ। ਇਸ ਬਾਰੇ ਪਏ ਭੁਲੇਖੇ ਦੂਰ ਕਰਨ ਲਈ ਕਈ ਸੰਸਥਾਵਾਂ ਆਪੋ-ਆਪਣੇ ਪੱਧਰ 'ਤੇ ਲਗਾਤਾਰ ਮੁਹਿੰਮਾਂ ਚਲਾ ਰਹੀਆਂ ਹਨ। ਭਾਈ ਖਾਲਸਾ ਨੇ ਕਿਹਾ ਕਿ ਸਿੱਖ ਪੋਲਿਟੀਕਲ ਐਕਸ਼ਨ ਕਮੇਟੀ ਲੋਕਾਂ ਨੂੰ ਇਹੀ ਦੱਸਣਾ ਚਾਹੁੰਦੀ ਹੈ ਕਿ ਸਿੱਖ ਕੌਣ ਹਨ? ਉਹ ਦਾੜ੍ਹੀ ਕਿਉਂ ਰੱਖਦੇ ਹਨ ਅਤੇ ਪੱਗ ਕਿਉਂ ਬੰਨ੍ਹਦੇ ਹਨ? ਕਮੇਟੀ ਦਾ ਮਕਸਦ ਅਮਰੀਕੀਆਂ ਨੂੰ ਇਹ ਦੱਸਣਾ ਹੈ ਕਿ ਸਿੱਖ ਧਰਮ ਦੁਨੀਆਂ ਦੇ ਹੋਰ ਧਰਮਾਂ ਨਾਲੋਂ ਵੱਖਰਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਇਹ ਵੀ ਸੁਨੇਹਾ ਦੇ ਰਹੀ ਹੈ ਕਿ ਭਾਵੇਂ ਸਿੱਖ ਹੋਣ ਜਾਂ ਮੁਸਲਮਾਨ, ਕਿਸੇ ਉਤੇ ਇਉਂ ਧਰਮ ਦੇ ਆਧਾਰ 'ਤੇ ਹਮਲੇ ਨਹੀਂ ਹੋਣੇ ਚਾਹੀਦੇ। ਨਾਲੇ ਹੁਣ ਸਮਾਂ ਆ ਗਿਆ ਹੈ ਕਿ ਅਮਰੀਕੀ ਸਿਆਸਤਦਾਨਾਂ ਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੂੰ ਇਹ ਦੱਸਿਆ ਜਾਵੇ ਕਿ ਸਿੱਖਾਂ ਅਤੇ ਮੁਸਲਮਾਨਾਂ ਵਿਚ ਕੀ ਅੰਤਰ ਹੈ।




## ਭਾਈ ਗੁਰਦਾਸ ਦੀਆਂ ਵਾਰਾਂ ਦਾ ਬਰੇਲ ਲਿਪੀਅੰਤਰਣ

**ਅੰਮ੍ਰਿਤਸਰ:** ਗੁਰੂ ਗ੍ਰੰਥ ਸਾਹਿਬ ਦਾ ਬਰੇਲ ਲਿਪੀ ਵਿਚ ਲਿਪੀਅੰਤਰਣ ਕਰਨ ਵਾਲੇ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਨੇ ਹੁਣ ਨੇਤਰਹੀਣਾਂ ਵਾਸਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਵੀ ਬਰੇਲ ਲਿਪੀਅੰਤਰਣ ਕੀਤਾ ਹੈ। ਇਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਜਾਰੀ ਕੀਤਾ।

ਇਹ ਲਿਪੀਅੰਤਰਣ ਤਿੰਨ ਭਾਗਾਂ ਵਿਚ ਹੈ। ਇਸ ਤੋਂ ਪਹਿਲਾਂ ਉਹ ਗੁਰੂ ਗ੍ਰੰਥ ਸਾਹਿਬ ਦਾ ਬਰੇਲ ਲਿਪੀਅੰਤਰਣ ਕਰ ਚੁੱਕੇ ਹਨ। ਉਹ ਖ਼ੁਦ ਵੀ ਨੇਤਰਹੀਣ ਹਨ। ਉਨ੍ਹਾਂ ਲੰਮਾ ਸਮਾਂ ਹਰਿਮੰਦਰ ਸਾਹਿਬ ਵਿਚ ਹਜ਼ੂਰੀ ਰਾਗੀ ਵਜੋਂ ਸੇਵਾ ਨਿਭਾਈ ਹੈ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਬਰੇਲ ਲਿਪੀਅੰਤਰਣ ਕੀਤੀਆਂ ਭਾਈ ਗੁਰਦਾਸ ਦੀਆਂ ਵਾਰਾਂ ਦੇ ਤਿੰਨੇ ਭਾਗ ਹਰਿਮੰਦਰ ਸਾਹਿਬ ਦੇ 13 ਨੰਬਰ ਕਮਰੇ ਵਿਚ ਰੱਖੇ ਜਾਣਗੇ।

## ਜੱਜ ਵੱਲੋਂ ਸੱਜਣ ਕੁਮਾਰ ਦੀ ਝਾੜ-ਝੰਬ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਹ ਵਿਲੱਖਣ ਦਿਨ ਹੋਵੇਗਾ ਜਦੋਂ ਪਟੀਸ਼ਨਰ ਫ਼ੈਸਲਾ ਕਰਨਗੇ ਕਿ ਉਨ੍ਹਾਂ ਦੇ ਕੇਸ ਉਤੇ ਕਿਹੜਾ ਜੱਜ ਸੁਣਵਾਈ ਕਰੇਗਾ। ਕਾਂਗਰਸੀ ਆਗੂ ਅਤੇ ਹੋਰਾਂ ਵੱਲੋਂ ਡਿਵੀਜ਼ਨ ਬੈਂਚ ਦੇ ਇਕ ਜੱਜ ਉਤੇ ਪੱਖਪਾਤੀ ਹੋਣ ਦੇ ਦੋਸ਼ ਲਗਾ ਕੇ 1984 ਦੇ ਸਿੱਖ ਕਤਲੇਆਮ ਸਬੰਧੀ ਕੇਸ ਨੂੰ ਤਬਦੀਲ ਕਰਨ ਲਈ ਪਾਈ ਅਪੀਲ ਉਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਗੱਲ ਕਹੀ।

ਜਸਟਿਸ ਪੀ.ਐਸ. ਤੇਜੀ ਤੇ ਜਸਟਿਸ ਗੀਤਾ ਮਿੱਤਲ ਨੇ ਕਿਹਾ ਕਿ ਉਹ 1984 ਦੇ ਕਤਲੇਆਮ ਤੋਂ ਵੀ ਪਹਿਲਾਂ ਦੇ ਕੇਸਾਂ ਉਤੇ ਸੁਣਵਾਈ ਕਰਨ ਲਈ ਸੰਘਰਸ਼ ਕਰ ਰਹੇ ਹਨ ਤਾਂ ਜੋ ਇਨਸਾਫ ਦੀ ਉਡੀਕ 'ਚ ਬੈਠੇ ਲੋਕਾਂ ਨੂੰ ਹੋਰ ਇੰਤਜ਼ਾਰ ਨਾ ਕਰਨਾ ਪਵੇ। ਉਨ੍ਹਾਂ ਵੱਲੋਂ 1987 ਹਾਸ਼ਿਮਪੁਰਾ ਕਤਲੇਆਮ 'ਤੇ ਵੀ ਸੁਣਵਾਈ ਕੀਤੀ ਜਾ ਰਹੀ ਹੈ।

# ਪੰਜ ਪਿਆਰਿਆਂ ਦੀ ਮੀਟਿੰਗ ਵਿਚ ਨਾ ਪੁੱਜੇ ਜਥੇਦਾਰ

**ਚੰਡੀਗੜ੍ਹ:** ਪੰਜ ਪਿਆਰਿਆਂ ਵੱਲੋਂ ਦਸ ਨਵੰਬਰ ਦੇ ਸਰਬੱਤ ਖ਼ਾਲਸਾ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇੱਥੇ ਸੱਦੀ ਮੀਟਿੰਗ ਵਿਚ ਮੁਤਵਾਜ਼ੀ ਜਥੇਦਾਰ ਹਾਜ਼ਰ ਨਾ ਹੋਏ। ਜ਼ਿਕਰਯੋਗ ਹੈ ਕਿ ਪੰਜ ਪਿਆਰਿਆਂ ਵੱਲੋਂ ਮੁਤਵਾਜ਼ੀ ਜਥੇਦਾਰਾਂ ਨੂੰ ਮੀਟਿੰਗ ਵਾਸਤੇ ਸੱਦਾ ਦੇਣ ਲਈ 16 ਅਕਤੂਬਰ ਨੂੰ ਪਿੰਡ ਬਰਗਾੜੀ ਵਿਚ ਮਿਲਣ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਬਰਗਾੜੀ ਵਿਚ ਮੀਟਿੰਗ ਲਈ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਪੁੱਜ ਤਾਂ ਗਏ ਸਨ, ਪਰ ਉਨ੍ਹਾਂ ਨੇ ਪੰਜ ਪਿਆਰਿਆਂ ਨਾਲ ਮੁਲਾਕਾਤ ਕਰਨ ਤੋਂ ਟਾਲਾ ਵੱਟੀ ਰੱਖਿਆ ਸੀ। ਕਾਫ਼ੀ ਯਤਨਾਂ ਤੋਂ ਬਾਅਦ ਸੰਤ ਦਾਦੂਵਾਲ ਨੇ ਪੰਜ ਪਿਆਰਿਆਂ ਨੂੰ ਮਿਲ ਕੇ ਸੱਦਾ ਪੱਤਰ ਕਬੂਲ ਕੀਤਾ ਸੀ, ਪਰ ਆਉਣ ਲਈ ਹਾਮੀ ਨਹੀਂ ਭਰੀ ਸੀ।

ਪੰਜ ਪਿਆਰਿਆਂ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਖ਼ਾਲਸਾ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ ਅਤੇ ਭਾਈ ਮੁਖ਼ਤਿਆਰ ਸਿੰਘ ਵੱਲੋਂ ਸੱਦੀ ਮੀਟਿੰਗ ਵਿਚ ਤਖ਼ਤ ਦਮਦਮਾ ਸਾਹਿਬ ਦੇ ਦੋ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਅਤੇ ਭਾਈ ਕੇਵਲ ਸਿੰਘ ਸ਼ਾਮਲ ਹੋਏ ਹਨ। ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਸਤਨਾਮ ਸਿੰਘ ਖੰਡਾ ਨੇ ਦੱਸਿਆ ਕਿ ਸਰਬੱਤ ਖ਼ਾਲਸਾ ਦੇ ਵਿਧੀ ਵਿਧਾਨ ਸਮੇਤ ਹੋਰ ਫ਼ੈਸਲੇ ਲੈਣ ਲਈ 13 ਮੈਂਬਰੀ ਕਮੇਟੀ ਬਣਾਈ ਗਈ ਹੈ।

ਸਰਬੱਤ ਖ਼ਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਬੁਲਾਰੇ ਵਕੀਲ ਅਮਰ ਸਿੰਘ ਚਾਹਲ ਨੇ ਕਿਹਾ ਹੈ ਕਿ ਤਿੰਨ ਮੁਤਵਾਜ਼ੀ ਜਥੇਦਾਰਾਂ ਦੇ ਮੀਟਿੰਗ ਵਿਚ ਸ਼ਾਮਲ ਨਾ ਹੋਣ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ ਸਰਬੱਤ ਖ਼ਾਲਸਾ ਲਈ ਸਹਿਮਤ ਨਹੀਂ ਹਨ। ਇਸੇ ਦੌਰਾਨ ਸਰਬੱਤ ਖ਼ਾਲਸਾ ਨੂੰ ਲੈ ਕੇ ਪੰਥਕ ਧਿਰਾਂ ਵਿਚ ਪੈਦਾ ਹੋਏ ਮੱਤਭੇਦ ਖ਼ਤਮ ਕਰਨ ਲਈ ਪੰਥਕ ਆਗੂਆਂ ਵੱਲੋਂ ਜਗਤਾਰ ਸਿੰਘ ਹਵਾਰਾ ਨਾਲ ਮੁਲਾਕਾਤ ਦਾ ਫ਼ੈਸਲਾ ਲਿਆ ਗਿਆ ਹੈ। ਪ੍ਰਬੰਧਕਾਂ ਵਿਚ ਸ਼ਾਮਲ ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਬਰਗਾੜੀ ਵਿਚ ਪੰਜ ਪਿਆਰਿਆਂ ਨਾਲ ਮੀਟਿੰਗ ਸਮੇਂ ਸਪਸ਼ਟ ਕੀਤਾ ਗਿਆ ਸੀ ਕਿ ਪੰਜ ਪਿਆਰੇ ਆਪਸੀ ਰਲੇਵੇਂ ਤੋਂ ਪਹਿਲਾਂ ਨਵੰਬਰ 2015 ਵਿਚ ਕੀਤੇ ਸਰਬੱਤ ਖ਼ਾਲਸਾ ਨੂੰ ਮਾਨਤਾ ਦੇਣ ਅਤੇ ਸਰਬੱਤ ਖ਼ਾਲਸਾ ਵਿਚ ਚੁਣੇ ਜਥੇਦਾਰਾਂ ਅਤੇ ਪਾਸ ਕੀਤੇ ਮਤੇ ਵੀ ਪ੍ਰਵਾਨ ਕਰਨ, ਪਰ ਹਾਲੇ ਉਨ੍ਹਾਂ ਨੇ ਇਸ ਬਾਰੇ ਕੋਈ ਸਹਿਮਤੀ ਨਹੀਂ ਦਿੱਤੀ ਹੈ।

## ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੀਟਿੰਗ 23 ਅਕਤੂਬਰ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ, ਸਟਾਕਟਨ ਦੀ ਤਿਮਾਹੀ ਇਕੱਤਰਤਾ ਆਉਂਦੀ 23 ਅਕਤੂਬਰ, ਐਤਵਾਰ ਨੂੰ ਨੇੜਲੇ ਕਸਬੇ ਫਰੈਂਚ ਕੈਂਪ ਦੇ ਇੰਡੀਆ ਤਾਜ ਕੁਜ਼ੀਨ (7400 ਸਾਊਥ ਐਲਡੋਰਾਡੋ ਸਟਰੀਟ) ਵਿਚ ਹੋਵੇਗੀ। ਮੀਟਿੰਗ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗੀ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੌਕੇ ਇਕੱਤਰ ਹੋਏ ਵਿਦਵਾਨ ਅਤੇ ਸਾਹਿਤਕਾਰ 'ਵਿਸ਼ਵੀਕਰਣ ਦੇ ਦੌਰ ਵਿਚ ਸਾਹਿਤ ਸਭਿਆਚਾਰ ਅਤੇ ਆਮ ਲੋਕ' ਵਿਸ਼ੇ ਉਤੇ ਵਿਚਾਰ ਸਾਂਝੇ ਕਰਨਗੇ। ਉਪਰੰਤ ਕਹਾਣੀ ਦਰਬਾਰ ਹੋਵੇਗਾ ਜਿਸ ਵਿਚ ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਵਿਚਾਰ-ਚਰਚਾ ਹੋਵੇਗੀ। ਉਪਰੰਤ ਗੀਤ, ਸੰਗੀਤ ਅਤੇ ਕਵਿਤਾਵਾਂ ਦਾ ਦੌਰ ਚਲੇਗਾ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ ਫੋਨ 209-610-5055 ਨਾਲ ਸੰਪਰਕ ਕੀਤਾ ਜਾ ਸਕਦਾ ਹੈ।






# ਪੰਜਾਬ ਦੇ ਮੁੱਖ ਸਿਆਸੀ ਦਲਾਂ ਦੀ ਨੌਕਰਸ਼ਾਹਾਂ ਵੱਲ ਝਾਕ

**ਜਲੰਧਰ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਸਣੇ ਆਮ ਆਦਮੀ ਪਾਰਟੀ ਦੀ ਪਹਿਲੀ ਪਸੰਦ ਪੁਲਿਸ ਅਧਿਕਾਰੀ ਹੀ ਬਣੇ ਹੋਏ ਹਨ। ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਸਿਆਸੀ ਪਾਰਟੀਆਂ ਵੱਲੋਂ ਆਪਣੇ ਵਿਰੋਧੀਆਂ ਨੂੰ ਚਿੱਤ ਕਰਨ ਲਈ ਚੋਣ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ, ਹਾਲਾਂਕਿ ਪੁਲਿਸ ਅਧਿਕਾਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਨ ਦਾ ਤਜਰਬਾ ਸਿਆਸੀ ਪਾਰਟੀਆਂ ਲਈ ਕੋਈ ਬਹੁਤਾ ਵਧੀਆ ਨਾ ਰਹਿ ਕੇ ਖੱਟਾ-ਮਿੱਠਾ ਹੀ ਰਿਹਾ ਹੈ।

ਬਹੁਤੇ ਅਧਿਕਾਰੀਆਂ ਨੇ ਸੇਵਾ ਮੁਕਤੀ ਤੋਂ ਬਾਅਦ ਸਿਆਸਤ 'ਚ ਪੈਰ ਧਰਿਆ, ਉਥੇ ਕਈਆਂ ਨੇ ਸਮੇਂ ਤੋਂ ਪਹਿਲਾਂ ਹੀ ਸੇਵਾ ਮੁਕਤੀ ਲੈ ਕੇ ਸਿਆਸਤ ਵਿਚ ਕਿਸਮਤ ਅਜ਼ਮਾਉਣ ਨੂੰ ਪਹਿਲ ਦਿੱਤੀ। ਹਾਲਾਂਕਿ ਆਮ ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਨੌਕਰੀ ਛੱਡ ਕੇ ਆਉਣ ਵਾਲੇ ਅਧਿਕਾਰੀਆਂ ਨੂੰ ਘੱਟੋ-ਘੱਟ ਪੰਜ ਸਾਲ ਬਾਅਦ ਹੀ ਕਿਸੇ ਪਾਰਟੀ ਵਲੋਂ ਟਿਕਟ ਦਿੱਤੀ ਜਾਣੀ ਚਾਹੀਦੀ ਹੈ, ਨਹੀਂ ਤਾਂ ਅਕਸਰ ਅਜਿਹੇ ਅਧਿਕਾਰੀ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

'ਆਪ' ਵੱਲੋਂ ਐਲਾਨੇ ਉਮੀਦਵਾਰਾਂ ਦੀ ਸੂਚੀ ਵਿਚ ਵੀ ਕੁਝ ਪੁਲਿਸ ਅਧਿਕਾਰੀਆਂ ਦੇ ਨਾਂ ਸ਼ਾਮਲ ਹਨ। ਸੁਲਤਾਨਪੁਰ ਲੋਧੀ ਤੋਂ ਪਾਰਟੀ ਵੱਲੋਂ ਬਣਾਏ ਉਮੀਦਵਾਰ ਸੱਜਣ ਸਿੰਘ ਚੀਮਾ ਐਸ.ਪੀ. ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ, ਜਦਕਿ ਆਈ.ਜੀ. ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਪਹਿਲਵਾਨ ਕਰਤਾਰ ਸਿੰਘ ਨੂੰ ਵੀ ਪਾਰਟੀ ਵਲੋਂ ਤਰਨ ਤਾਰਨ ਹਲਕੇ ਤੋਂ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ। ਇਸੇ ਤਰ੍ਹਾਂ ਜਲੰਧਰ ਛਾਉਣੀ ਹਲਕੇ ਤੋਂ ਪਾਰਟੀ ਟਿਕਟ ਦੇ ਮੁੱਖ ਦਾਅਵੇਦਾਰਾਂ ਵਿਚ

### ਪੁਲਿਸ ਅਫਸਰਾਂ ਨੂੰ ਚੋਣ ਮੈਦਾਨ ਵਿਚ ਉਤਾਰਨ ਨੂੰ ਪਹਿਲ



ਸੇਵਾ ਮੁਕਤ ਆਈ.ਜੀ. ਸੁਰਿੰਦਰ ਸਿੰਘ ਸੋਢੀ ਤੇ ਇੰਸਪੈਕਟਰ ਜਗਦੀਪ ਸਿੰਘ ਗਿੱਲ ਦੇ ਨਾਂ ਪ੍ਰਮੁੱਖ ਹਨ। ਬੰਗਾ ਵਿਧਾਨ ਸਭਾ ਹਲਕੇ ਤੋਂ ਬੇਸ਼ੱਕ 'ਆਪ' ਵੱਲੋਂ ਹਰਜੋਤ ਕੌਰ ਨੂੰ ਟਿਕਟ ਦੇ ਦਿੱਤੀ ਗਈ ਹੈ, ਪਰ ਉਨ੍ਹਾਂ ਦੇ ਮੁਕਾਬਲੇ ਸੇਵਾ ਮੁਕਤ ਆਈ.ਜੀ. ਹਰਭਜਨ ਸਿੰਘ ਵੱਲੋਂ ਵੀ ਇਸ ਹਲਕੇ ਤੋਂ ਆਪਣਾ ਦਾਅਵਾ ਪੇਸ਼ ਕੀਤਾ ਜਾ ਰਿਹਾ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਜਲੰਧਰ ਦਿਹਾਤੀ ਦੇ ਐਸ.ਐਸ.ਪੀ. ਹਰਮੋਹਨ ਸਿੰਘ ਸੰਧੂ ਨੂੰ ਚੋਣ ਮੈਦਾਨ 'ਚ ਉਤਾਰਨ ਦੀ ਤਿਆਰੀ ਕਰ ਲਈ ਗਈ ਦੱਸੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਨੇ ਆਪਣੀ ਨੌਕਰੀ ਛੱਡਣ ਲਈ ਸਰਕਾਰ ਨੂੰ ਨੋਟਿਸ ਦੇ ਦਿੱਤਾ ਹੈ। ਇਸ ਵਾਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਸੀਟ ਨੂੰ ਜਿੱਤਣ ਲਈ ਪੂਰਾ ਟਿੱਲ ਲਗਾ ਰਹੇ ਦੱਸੇ ਜਾ ਰਹੇ ਹਨ ਤੇ ਹਰਮੋਹਨ ਸਿੰਘ ਸੰਧੂ ਨੂੰ ਚੋਣ ਮੈਦਾਨ 'ਚ ਉਤਾਰਨ ਦਾ ਫੈਸਲਾ ਵੀ ਉਨ੍ਹਾਂ ਦੀ ਇਸੇ ਰਣਨੀਤੀ ਦਾ ਹਿੱਸਾ ਸਮਝਿਆ ਜਾ ਰਿਹਾ ਹੈ। ਪੁਲਿਸ ਅਧਿਕਾਰੀ ਰਣਬੀਰ ਸਿੰਘ ਖੱਟੜਾ ਦੇ ਪੁੱਤਰ ਸਤਬੀਰ ਸਿੰਘ ਖੱਟੜਾ ਨੂੰ ਵੀ ਅਕਾਲੀ ਦਲ ਵੱਲੋਂ ਪਟਿਆਲਾ ਦਿਹਾਤੀ ਤੋਂ ਇਕ ਤਰ੍ਹਾਂ ਨਾਲ ਆਪਣਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ।

ਇਸ ਦੌਰਾਨ ਕਪੂਰਥਲੇ 'ਚ ਤਾਇਨਾਤ ਪੁਲਿਸ ਦੇ ਇਕ ਉਚ ਅਧਿਕਾਰੀ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਡੋਰੇ ਪਾਏ ਦੱਸੇ ਜਾ ਰਹੇ ਹਨ ਤੇ ਪਾਰਟੀ ਵਲੋਂ ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਕਰਤਾਰਪੁਰ ਤੋਂ ਚੋਣ ਲੜਾਏ ਜਾਣ ਦੀ ਚਰਚਾ ਵੀ ਪਿਛਲੇ ਸਮੇਂ ਦੌਰਾਨ ਚੱਲਦੀ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕਰਤਾਰਪੁਰ ਹਲਕੇ ਤੋਂ ਪਾਰਟੀ ਮੌਜੂਦਾ ਵਿਧਾਇਕ ਸ. ਸਰਵਨ ਸਿੰਘ ਫਿਲੌਰ ਨੂੰ ਮੁੜ ਇਥੋਂ ਉਮੀਦਵਾਰ ਬਣਾਉਣ ਦੀ ਇਛੁੱਕ ਨਹੀਂ ਹੈ ਤੇ ਅਜਿਹੇ 'ਚ ਨਵੇਂ ਉਮੀਦਵਾਰ ਦੀ ਭਾਲ ਦੌਰਾਨ ਗੁਣਾ ਉਕਤ ਪੁਲਿਸ ਅਧਿਕਾਰੀ ਉਤੇ ਵੀ ਪੈ ਸਕਦਾ ਹੈ।

### ਅਸਫਲ ਰਿਹਾ ਸੀ ਸ਼੍ਰੋਮਣੀ ਅਕਾਲੀ ਦਲ ਦਾ ਤਜਰਬਾ

**ਜਲੰਧਰ:** ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਚੋਣਾਂ ਲੜਾਉਣ ਦਾ ਤਜਰਬਾ ਬਹੁਤਾ ਸਫਲ ਨਹੀਂ ਰਿਹਾ ਤੇ ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਮੋਗਾ ਹਲਕੇ ਤੋਂ ਚੋਣ ਹਾਰ ਗਏ ਸਨ। 'ਆਪ' ਦੇ ਆਗੂ ਸੁਖਪਾਲ ਸਿੰਘ ਖਹਿਰਾ ਦੇ ਸਵਰਗਵਾਸੀ ਪਿਤਾ ਡੀ.ਐਸ.ਪੀ. ਸੁਖਜਿੰਦਰ ਸਿੰਘ ਪੰਜਾਬ ਦੇ ਅਕਾਲੀ ਦਲ ਦੀ ਸਰਕਾਰ 'ਚ ਸਿੱਖਿਆ ਮੰਤਰੀ ਰਹਿ ਚੁੱਕੇ ਹਨ। ਪੁਲਿਸ ਅਧਿਕਾਰੀਆਂ ਦੀਆਂ ਪਤਨੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਵੀ ਸਿਆਸਤ 'ਚ ਸਰਗਰਮ ਭੂਮਿਕਾ ਰਹੀ ਹੈ। ਸੇਵਾ ਮੁਕਤ ਆਈ.ਜੀ. ਪ੍ਰੀਤਮ ਸਿੰਘ ਭਿੰਡਰ ਦੀ ਪਤਨੀ ਸੁਖਬੰਸ ਕੌਰ ਭਿੰਡਰ ਕੇਂਦਰ 'ਚ ਕਾਂਗਰਸੀ ਸਰਕਾਰ ਸਮੇਂ ਵਜ਼ੀਰ ਰਹਿ ਚੁੱਕੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕਾ ਮੈਡਮ ਫਰਜ਼ਾਨਾ ਆਲਮ ਸੇਵਾ ਮੁਕਤ ਡੀ.ਜੀ.ਪੀ. ਇਜ਼ਹਾਰ ਆਲਮ ਦੀ ਪਤਨੀ ਹੈ। ਇਸ ਮਾਮਲੇ 'ਚ ਕਾਂਗਰਸ ਵੀ ਅਕਾਲੀ ਦਲ ਦੇ ਰਾਹ 'ਤੇ ਹੀ ਚੱਲ ਰਹੀ ਹੈ ਤੇ ਕਾਂਗਰਸ ਦੀ ਸਾਬਕਾ ਵਿਧਾਇਕਾ ਰਜ਼ੀਆ ਸੁਲਤਾਨਾ ਵੀ ਮੌਜੂਦਾ ਡੀ.ਜੀ.ਪੀ. ਪੁਲਿਸ ਅਧਿਕਾਰੀ ਮੁਹੰਮਦ ਮੁਸਤਫਾ ਦੀ ਪਤਨੀ ਹੈ।

## ਜੰਗੀ ਸ਼ਹੀਦਾਂ ਦੇ ਵਾਰਸਾਂ 'ਤੇ ਮਿਹਰਬਾਨ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਭਾਰਤ-ਚੀਨ ਵਿਚਾਲੇ 1962, ਭਾਰਤ-ਪਾਕਿਸਤਾਨ ਵਿਚਾਲੇ 1965 ਅਤੇ 1971 ਦੀ ਜੰਗ ਦੌਰਾਨ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਿਵਾਰ ਵਾਲਿਆਂ 50 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੰਗੀ ਵਿਧਵਾਵਾਂ ਜਾਂ ਸ਼ਹੀਦਾਂ ਦੇ ਕਾਨੂੰਨੀ ਤੌਰ ਉਤੇ ਵਾਰਸਾਂ ਨੂੰ ਪੰਜਾਹ ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ -ਇੰਨ-ਏਡ ਦੇ ਰੂਪ ਵਿਚ ਜਾਰੀ ਕਰਨ ਦਾ ਫੈਸਲਾ ਕੀਤਾ ਹੈ। ਇਹ ਗ੍ਰਾਂਟ ਕਿਸ਼ਤਾਂ ਵਿਚ ਦਿੱਤੀ ਜਾਵੇਗੀ। ਯਾਦ ਰਹੇ ਕਿ ਜੰਗੀ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੇ ਪਿਛਲੇ ਕਈ ਦਿਨਾਂ ਤੋਂ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੇ ਆਵਾਸ ਦੇ ਬਾਹਰ ਧਰਨਾ ਲਗਾਇਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਪੰਜਾਹ ਲੱਖ ਰੁਪਏ ਦੀ ਰਾਸ਼ੀ ਦੇ ਐਲਾਨ ਦੇ ਬਾਵਜੂਦ ਜੰਗੀ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੇ ਧਰਨਾ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਦੇ ਦਫ਼ਤਰ ਦੇ ਬੁਲਾਰੇ ਨੇ ਇਕ ਬਿਆਨ ਰਾਹੀਂ ਦੱਸਿਆ ਕਿ 1975 ਵਿਚ ਇਕ ਨੀਤੀ ਬਣਾ ਕੇ 1500 ਜੰਗੀ ਵਿਧਵਾਵਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ। ਇਨ੍ਹਾਂ ਪਰਿਵਾਰਾਂ ਨੂੰ 10 ਏਕੜ ਖੇਤੀ ਯੋਗ ਜ਼ਮੀਨ ਜਾਂ ਇਸ ਦੀ ਕੀਮਤ ਦੇ ਬਦਲੇ ਨਕਦ ਰਾਸ਼ੀ ਦਿੱਤੀ ਗਈ ਸੀ। ਇਨ੍ਹਾਂ ਵਿਚ 100 ਪਰਿਵਾਰ ਅਜਿਹੇ ਸਨ ਜਿਨ੍ਹਾਂ ਨੇ ਆਪਣੀਆਂ ਅਰਜ਼ੀਆਂ ਨਹੀਂ ਦਿੱਤੀਆਂ ਸਨ। ਇਸ ਲਈ ਚਾਰ ਜਨਵਰੀ 2010 ਤੱਕ ਅਰਜ਼ੀਆਂ ਦੀ ਤਾਰੀਖ ਵਧਾਈ ਗਈ ਜਿਸ ਵਿਚ 100 ਪਰਿਵਾਰਾਂ ਨੇ ਗਰਾਂਟ ਲਈ ਅਪਲਾਈ ਕੀਤਾ ਸੀ।

# ਨਸ਼ਿਆਂ ਨਾਲ ਨੱਕੋ ਨੱਕ ਭਰੇ ਪੰਜਾਬ ਪੁਲਿਸ ਦੇ ਮਾਲਖਾਨੇ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਾ ਤਸਕਰਾਂ ਤੋਂ ਫੜੇ ਜਾਂਦੇ ਨਸ਼ਿਆਂ ਨਾਲ ਪੰਜਾਬ ਪੁਲਿਸ ਦੇ ਮਾਲਖਾਨੇ ਨੱਕੋ ਨੱਕ ਭਰ ਗਏ ਹਨ। ਪੁਲਿਸ ਵੱਲੋਂ ਹੁਣ ਇਨ੍ਹਾਂ ਨੂੰ ਨਸ਼ਟ ਕਰਨ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। 1989 ਤੋਂ ਬਾਅਦ ਫੜੇ ਗਏ ਜੋ ਵੀ ਨਸ਼ੇ ਮੌਜੂਦ ਹਨ ਅਤੇ ਜਿਨ੍ਹਾਂ ਸਬੰਧੀ ਅਦਾਲਤੀ ਫੈਸਲੇ ਆ ਚੁੱਕੇ ਹਨ, ਨੂੰ ਆਉਂਦੇ ਕੁਝ ਹਫਤਿਆਂ ਵਿਚ ਨਸ਼ਟ ਕਰ ਦਿੱਤਾ ਜਾਵੇਗਾ। ਪਹਿਲੇ ਦਿਨ ਪਟਿਆਲਾ ਦੇ 604 ਕੇਸਾਂ ਨਾਲ ਸਬੰਧਤ ਵੱਡੀ ਮਾਤਰਾ ਵਿਚ ਨਸ਼ਿਆਂ ਦੇ ਭੰਡਾਰ ਨਸ਼ਟ ਕੀਤੇ ਗਏ, ਜਿਨ੍ਹਾਂ ਵਿਚ 5749 ਕਿੱਲੋ ਪੋਸਤ, 245 ਕਿੱਲੋ ਅਫੀਮ, 86.154 ਹੈਰੋਇਨ, ਸਮੈਕ, ਚਰਸ, ਗਾਂਜਾ, ਸੁਲਫ਼ਾ, ਭੰਗ ਆਦਿ ਤੋਂ ਇਲਾਵਾ 2,61,604 ਨਸ਼ੀਲੀਆਂ ਗੋਲੀਆਂ, ਕੈਪਸੂਲ ਤੇ ਟੀਕੇ ਆਦਿ ਸ਼ਾਮਲ ਸਨ।

ਰਾਜ ਦੇ ਮੌਜੂਦਾ ਪੁਲਿਸ ਮੁਖੀ ਸੁਰੇਸ਼ ਅਰੋੜਾ ਵੱਲੋਂ ਇਸ ਮੰਤਵ ਲਈ ਰਾਜ ਵਿਚ ਮਾਨਸਾ ਅਤੇ ਕਪੂਰਥਲਾ ਵਿਖੇ 2 ਨਵੇਂ ਬਾਈਓ ਮੈਡੀਕਲ ਵੈਸਟ ਪਲਾਂਟ ਲਗਾਏ ਸਨ, ਜਦੋਂਕਿ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਅਜਿਹੇ ਪਲਾਂਟ ਸਥਾਪਤ ਕਰਨ ਲਈ ਕੰਮ ਜਾਰੀ ਹੈ, ਜਿਨ੍ਹਾਂ ਲਈ 1.60 ਕਰੋੜ ਦੀ ਵਿਸ਼ੇਸ਼ ਗਰਾਂਟ ਜਾਰੀ ਕੀਤੀ ਜਾ ਚੁੱਕੀ ਹੈ। ਰਾਜ ਵਿਚ ਇਸ ਵੇਲੇ ਨਸ਼ਿਆਂ ਦੀਆਂ ਜਾਂਚ ਕਰਨ ਵਾਲੀਆਂ 5 ਸਰਕਾਰੀ



ਲੈਬਾਰਟਰੀਆਂ ਮੌਜੂਦ ਹਨ। ਉਕਤ ਜਾਂਚ ਨਮੂਨੇ ਲੈਣ ਦੀ ਸਮੁੱਚੀ ਕਾਰਵਾਈ ਦੀ ਵੀਡੀਓਗ੍ਰਾਫ਼ੀ ਵੀ ਕੀਤੀ ਜਾਵੇਗੀ ਅਤੇ ਕੇਸ ਦੀ ਸੁਣਵਾਈ ਦੌਰਾਨ ਫੜੇ ਜਾਣ ਵਾਲੇ ਸਮੁੱਚੇ ਨਸ਼ੇ ਦੇ ਸਟਾਕ ਨੂੰ ਦੁਬਾਰਾ ਅਦਾਲਤ ਵਿਚ ਪੇਸ਼ ਕਰਨ ਦੀ ਜ਼ਰੂਰਤ ਨਹੀਂ ਰਹੇਗੀ। ਡੀ.ਜੀ.ਪੀ. ਵੱਲੋਂ ਲਏ ਗਏ ਫੈਸਲੇ ਅਨੁਸਾਰ ਹੁਣ ਫੜੇ ਜਾਣ ਵਾਲੇ ਨਸ਼ੇ ਕਿਸੇ ਵੀ ਥਾਣੇ ਵਿਚ ਨਹੀਂ ਰੱਖੇ ਜਾ ਸਕਣਗੇ, ਬਲਕਿ ਇਨ੍ਹਾਂ ਨੂੰ ਸਿੱਧਾ ਸਰਕਾਰੀ ਮਾਲ ਖਾਨਿਆਂ ਵਿਚ ਜਮ੍ਹਾਂ ਕਰਵਾਉਣ ਜ਼ਰੂਰੀ ਹੋਵੇਗਾ ਅਤੇ ਮਾਲ ਖਾਨਿਆਂ ਦੀ ਸੁਰੱਖਿਆ ਲਈ ਵੀ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਵਿਚ ਮਾਲਖ਼ਾਨਿਆਂ ਨਹੀਂ ਸੀ.ਸੀ.ਟੀ.ਵੀ. ਕੈਮਰਿਆਂ ਦਾ ਹੋਣਾ ਵੀ ਜ਼ਰੂਰੀ ਕਰਾਰ ਦਿੱਤਾ ਗਿਆ ਹੈ।

ਇਨ੍ਹਾਂ ਮਾਲ ਖਾਨਿਆਂ ਲਈ ਵੀ ਡਬਲ ਲਾਕ ਸਿਸਟਮ ਅਸਰਦਾਰ ਢੰਗ ਨਾਲ ਲਾਗੂ ਕਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਪੁਲਿਸ ਵੱਲੋਂ ਫੜੇ ਜਾਂਦੇ ਨਸ਼ਿਆਂ ਦੀ ਸੰਭਾਲ ਲਈ ਮਗਰਲੇ ਸਮੇਂ ਦੌਰਾਨ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਪੁਲਿਸ ਵਿਭਾਗ 'ਤੇ ਫੜੇ ਜਾਂਦੇ ਇਨ੍ਹਾਂ ਨਸ਼ਿਆਂ ਦੀ ਦੁਰਵਰਤੋਂ ਅਤੇ ਸਟਾਕ ਵਿਚੋਂ ਚੋਰੀ ਹੋਣ ਦੇ ਦੋਸ਼ ਲੱਗਦੇ ਰਹਿੰਦੇ ਸਨ ਅਤੇ ਸੁਪਰੀਮ ਕੋਰਟ ਵੱਲੋਂ ਵੀ ਅਜਿਹੇ ਦੋਸ਼ਾਂ ਦਾ ਨੋਟਿਸ ਲੈਂਦਿਆਂ ਜਨਵਰੀ 2016 ਦੌਰਾਨ ਇਕ ਕੇਸ ਵਿਚ ਨਸ਼ਿਆਂ ਦੀ ਸੰਭਾਲ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਅਤੇ ਫੜੇ ਜਾਣ ਵਾਲੇ ਨਸ਼ਿਆਂ ਨੂੰ ਨਸ਼ਟ ਕਰਨ ਸਬੰਧੀ ਵੀ ਆਦੇਸ਼ ਦਿੱਤੇ ਸਨ। ਚੋਣ ਕਮਿਸ਼ਨ ਵੱਲੋਂ ਵੀ ਅਪਣਾਏ ਜਾ ਰਹੇ ਸਖਤ ਰੁਖ ਕਾਰਨ ਰਾਜ ਸਰਕਾਰ ਵੱਲੋਂ ਸਟਾਕ ਵਿਚਲੇ ਨਸ਼ਿਆਂ ਨੂੰ ਨਸ਼ਟ ਕਰਨ ਸਬੰਧੀ ਨਵੀਂ ਨੀਤੀ ਬਣਾਉਂਦਿਆਂ ਉਸ 'ਤੇ ਫੌਰੀ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਮਗਰਲੇ 3 ਸਾਲਾਂ ਦੌਰਾਨ 30 ਜੂਨ 2016 ਤੱਕ 227 ਕਰੋੜ 60 ਲੱਖ 57 ਹਜ਼ਾਰ ਦੀ 195 ਨਸ਼ਾ ਸੌਦਾਗਰਾਂ ਦੀ ਜਾਇਦਾਦ ਅਤੇ ਧਨ ਰਾਸ਼ੀ ਜ਼ਬਤ ਕੀਤੀ ਗਈ ਹੈ। ਡੀ.ਜੀ.ਪੀ. ਵੱਲੋਂ ਰੇਂਜਾਂ ਦੇ ਡੀ.ਆਈ.ਜੀ. ਅਧੀਨ ਕਮੇਟੀਆਂ ਦਾ ਵੀ ਗਠਨ ਕੀਤਾ ਗਿਆ ਹੈ, ਤਾਂ ਜੋ ਨਸ਼ਾ ਸੌਦਾਗਰਾਂ ਦੀਆਂ ਜਾਇਦਾਦਾਂ ਦੀ ਕੁਰਕੀ ਸਬੰਧੀ ਕੇਸਾਂ ਨੂੰ ਉਪਰਲੇ ਪੱਧਰ 'ਤੇ ਨਜਿੱਠਿਆ ਜਾਵੇ।

### ਜ਼ਬਤ ਕੀਤੇ ਵਾਹਨ ਵੀ ਬਣੇ ਮੁਸੀਬਤ

**ਚੰਡੀਗੜ੍ਹ:** ਰਾਜ ਸਰਕਾਰ ਵੱਲੋਂ ਐਨ.ਡੀ.ਪੀ.ਸੀ. ਐਕਟ ਨਾਲ ਕੋਈ 3826 ਕੇਸਾਂ ਵਿਚ 7581 ਵਾਹਨ ਵੀ ਜ਼ਬਤ ਕੀਤੇ ਗਏ ਹਨ, ਜੋ ਸਰਕਾਰੀ ਮਾਲ ਖਾਨਿਆਂ ਵਿਚ ਬੰਦ ਹਨ। ਇਨ੍ਹਾਂ ਵਿਚੋਂ 172 ਟਰੱਕ, 174 ਕੈਂਟਰ ਅਤੇ ਟਾਟਾ 407 ਦੇ ਛੋਟੇ ਟਰੱਕ, 64 ਜੀਪਾਂ, 25 ਟਰੈਕਟਰ ਟਰਾਲੀਆਂ, 765 ਕਾਰਾਂ, 11 ਵੈਨਾਂ, 1266 ਮੋਟਰਸਾਈਕਲ, 34 ਆਟੋ ਰਿਕਸ਼ਾ, 1224 ਸਕੂਟਰ ਸ਼ਾਮਲ ਹਨ। ਚਾਲੂ ਸਾਲ ਵਿਚ 30 ਸਤੰਬਰ 2016 ਤੱਕ ਰਾਜ ਵਿਚ ਨਸ਼ਾ ਵਿਰੋਧੀ ਕਾਨੂੰਨ ਹੇਠ 4708 ਕੇਸ ਦਰਜ ਕੀਤੇ ਗਏ, ਜਿਸ ਵਿਚ 5680 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਸਮੇਂ ਦੌਰਾਨ ਰਾਜ 'ਚੋਂ 98.319 ਕਿੱਲੋ ਗ੍ਰਾਮ ਹੈਰੋਇਨ ਵੀ ਫੜੀ ਗਈ ਜਿਸ ਵਿਚੋਂ 56.092 ਪੰਜਾਬ ਪੁਲਿਸ ਨੇ ਖ਼ੁਦ ਫੜੀ। ਇਸ ਸਮੇਂ ਦੌਰਾਨ 21863 ਕਿੱਲੋ ਪੌਪੀਹਸਕ, 325.661 ਕਿੱਲੋ ਅਫ਼ੀਮ, 16.847 ਕਿੱਲੋ ਸਮੈਕ, 101.762 ਕਿੱਲੋ ਚਰਸ ਅਤੇ 1.1 ਕਿੱਲੋ ਕੋਕੀਨ ਫੜੀ ਗਈ, ਜਦੋਂਕਿ 14,50,000 ਤੋਂ ਵੱਧ ਨਸ਼ੇ ਵਾਲੇ ਕੈਪਸੂਲ ਤੇ ਗੋਲੀਆਂ ਅਤੇ 14081 ਨਸ਼ੇ ਵਾਲੇ ਟੀਕੇ ਅਤੇ 145.309 ਨਸ਼ੀਲਾ ਪਾਊਡਰ ਵੀ ਫੜਿਆ ਗਿਆ।

## ਮੁਸਲਿਮ ਜਥੇਬੰਦੀਆਂ ਵੱਲੋਂ ਇਕਸਾਰ ਸਿਵਿਲ ਕੋਡ ਦਾ ਜ਼ੋਰਦਾਰ ਵਿਰੋਧ

**ਨਵੀਂ ਦਿੱਲੀ:** ਕਾਨੂੰਨ ਕਮਿਸ਼ਨ ਵੱਲੋਂ ਇਕਸਾਰ ਸਿਵਲ ਕੋਡ ਲਈ ਦੇਸ਼ ਵਾਸੀਆਂ ਦੇ ਵਿਚਾਰ ਲੈਣ ਦੇ ਫੈਸਲੇ ਦਾ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਅਤੇ ਹੋਰ ਮੁਸਲਿਮ ਸੰਗਠਨਾਂ ਨੇ ਵਿਰੋਧ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ ਦਾ ਬਾਈਕਾਟ ਕਰਨਗੇ ਤੇ ਨਾਲ ਹੀ ਮੋਦੀ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਨੇ ਮੁਸਲਮਾਨਾਂ ਖਿਲਾਫ਼ ਜੰਗ ਛੇੜ ਦਿੱਤੀ ਹੈ। ਮੁਸਲਮਾਂ ਦੀਆਂ ਜਥੇਬੰਦੀਆਂ ਨੇ ਕਿਹਾ ਹੈ ਕਿ ਇਕਸਾਰ ਸਿਵਲ ਕੋਡ ਨਾਲ ਭਾਰਤ ਦਾ ਬਹੁਸਭਿਅਤਾ ਵਾਲੀ ਦਿੱਖ ਖਤਮ ਹੋ ਜਾਵਗੀ, ਜਦ ਕਿ ਭਾਜਪਾ ਤੇ ਸ਼ਿਵ ਸੈਨਾਂ ਦੀਆਂ ਕੱਟੜ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਕਸਾਰ ਸਿਵਲ ਕੋਡ ਲਾਗੂ ਕਰਨ ਦਾ ਸਰਕਾਰ ਦਾ ਫੈਸਲਾ ਸਹੀ ਹੈ ਕਿਉਂਕਿ ਇਸ ਨਾਲ ਔਰਤਾਂ ਨਾਲ ਭੇਦਭਾਵ ਖਤਮ ਹੋਵੇਗਾ। ਕਾਂਗਰਸ ਤੇ ਜੇ.ਡੀ.ਯੂ. ਨੇ ਕਿਹਾ ਹੈ ਕਿ ਇਕਸਾਰ ਸਿਵਲ ਕੋਡ ਦਾ ਵਿਚਾਰ ਅਵਿਵਹਾਰਕ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਤਰ ਪ੍ਰਦੇਸ਼ ਸਣੇ ਹੋਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਲੋਕਾਂ ਵਿਚ ਵੰਡੀਆਂ ਪਾ ਕੇ ਵੋਟ ਰਾਜਨੀਤੀ ਕਰ ਰਹੀ ਹੈ। ਇਥੇ ਪ੍ਰੈਸ ਕਾਨਫਰੰਸ ਵਿਚ ਮੁਸਲਿਮ ਪਰਸਨਲ ਲਾਅ ਬੋਰਡ ਦੇ ਮੈਂਬਰਾਂ ਤੇ ਮੁਸਲਿਮ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਕਿਹਾ ਕਿ ਜੇ ਇਕਸਾਰ ਸਿਵਲ ਕੋਰਡ ਲਾਗੂ ਕੀਤਾ ਜਾਂਦਾ ਹੈ ਤਾਂ ਭਾਰਤ ਦਾ ਅਨੇਕਤਾ ਵਿਚ ਏਕਤਾ ਵਾਲਾ ਰੂਪ ਖਤਮ ਹੋ ਜਾਵੇਗਾ।

## ਅਮਰੀਕਾ ਵਿਚ ਦਾਖਲ ਹੁੰਦੇ 8 ਭਾਰਤੀ ਗ੍ਰਿਫਤਾਰ

**ਵਾਸ਼ਿੰਗਟਨ:** ਕਸਟਮਜ਼ ਵਿਭਾਗ ਦੇ ਅਧਿਕਾਰੀਆਂ ਨੇ ਅਮਰੀਕਾ ਦੇ ਪੋਰਟੋ ਰੀਕੋ ਇਲਾਕੇ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਅੱਠ ਭਾਰਤੀਆਂ ਅਤੇ ਤਿੰਨ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਹੈ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਿਭਾਗ ਵੱਲੋਂ ਡੋਮੀਨਿਕਨ ਰਿਪਬਲਿਕ ਦੇ ਅਧਿਕਾਰੀਆਂ ਨਾਲ ਮਿਲ ਕੇ ਇਹ ਗ੍ਰਿਫਤਾਰੀਆਂ ਕੀਤੀਆਂ ਗਈਆਂ।

ਐਗੁਆਡਿਲਾ ਦੇ ਰੈਮੇ ਸੈਕਟਰ 'ਚ ਗਸ਼ਤੀ ਪਾਰਟੀ ਦੇ ਮੁਖੀ ਰਾਮੀਰੋ ਸੈਰਿਲੋ ਨੇ ਕਿਹਾ ਕਿ ਇਹ ਪਰਵਾਸੀ ਪਿਛਲੇ ਹਫਤੇ ਇਥੇ ਪੁੱਜੇ ਸਨ ਅਤੇ ਮੋਨਾ ਦੱਰੇ ਨੂੰ ਪਾਰ ਕਰਨਾ ਬਹੁਤ ਮੁਸ਼ਕਲਾਂ ਭਰਿਆ ਹੈ, ਪਰ ਇਨ੍ਹਾਂ ਪਰਵਾਸੀਆਂ ਨੇ ਆਪਣੀਆਂ ਜਾਨ ਨੂੰ ਖਤਰੇ 'ਚ ਪਾ ਦਿੱਤਾ ਸੀ। ਇਨ੍ਹਾਂ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਸਰਹੱਦੀ ਗਸ਼ਤੀ ਪਾਰਟੀ ਨੇ 29 ਸਤੰਬਰ ਨੂੰ 20 ਪਰਵਾਸੀਆਂ ਨੂੰ ਫੜਿਆ ਸੀ ਜਿਨ੍ਹਾਂ 'ਚੋਂ ਸੱਤ ਭਾਰਤੀ ਨਾਗਰਿਕ ਸਨ। ਪਹਿਲੀ ਫਰਵਰੀ ਨੂੰ ਵੀ ਪਾਕਿਸਤਾਨ ਅਤੇ ਭਾਰਤ ਦੇ ਚਾਰ ਵਿਅਕਤੀਆਂ ਨੂੰ ਫੜਿਆ ਗਿਆ ਸੀ ਜੋ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਪਿਛਲੇ ਸਾਲ ਅਕਤੂਬਰ 'ਚ 13 ਭਾਰਤੀਆਂ ਨੂੰ ਫੜਿਆ ਗਿਆ ਸੀ।

### ਅਮਰੀਕਾ ਨੇ 4 ਪਾਕਿਸਤਾਨੀਆਂ ਨੂੰ ਕਾਲੀ ਸੂਚੀ 'ਚ ਪਾਇਆ

**ਇਸਲਾਮਾਬਾਦ:** ਅਮਰੀਕਾ ਨੇ ਚਾਰ ਪਾਕਿਸਤਾਨੀਆਂ ਨੂੰ ਕਾਲੀ ਸੂਚੀ 'ਚ ਪਾ ਦਿੱਤਾ ਹੈ ਅਤੇ ਨਾਲ ਹੀ ਉਨ੍ਹਾਂ ਦੀਆਂ ਕੰਪਨੀਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ 'ਤੇ ਮਨੀ ਲਾਂਡਰਿੰਗ ਦਾ ਦੋਸ਼ ਹੈ। ਇਕ ਮੀਡੀਆ ਰਿਪੋਰਟ 'ਚ ਉਕਤ ਜਾਣਕਾਰੀ ਦਿੱਤੀ ਗਈ। 'ਨਿਊਜ਼ ਇੰਟਰਨੈਸ਼ਨਲ' ਨੇ ਇਨ੍ਹਾਂ ਚਾਰਾਂ ਦੀ ਪਛਾਣ ਓਬੈਦ ਖਾਨਨੀ, ਹੁਜੈਫਾ ਖਾਨਨੀ, ਜਾਵੇਦ ਖਾਨਨੀ ਅਤੇ ਅਤੀਫ਼ ਪੋਲਾਨੀ ਵਜੋਂ ਹੋਈ ਹੈ। ਅਮਰੀਕਾ ਦੇ ਖਜਾਨਾ ਵਿਭਾਗ ਨੇ ਇਨ੍ਹਾਂ ਕੰਪਨੀਆਂ ਨੂੰ ਕਾਲੀ ਸੂਚੀ 'ਚ ਪਾ ਦਿੱਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਹ ਕੰਪਨੀਆਂ ਪਾਕਿਸਤਾਨ ਅਤੇ ਸੰਯੁਕਤ ਅਰਬ ਅਮੀਰਾਤ 'ਚ ਲਗਾਈਆਂ ਗਈਆਂ ਹਨ।

# ਦਲ ਬਦਲੂਆਂ ਤੇ ਬਾਹਰੀ ਉਮੀਦਵਾਰਾਂ ਕਾਰਨ 'ਆਪ' ਵਿਚ ਘਮਸਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ 29 ਉਮੀਦਵਾਰਾਂ ਦੀ ਐਲਾਨੀ ਤੀਜੀ ਸੂਚੀ ਵਿਚੋਂ ਸੱਤ ਉਮੀਦਵਾਰਾਂ ਵਿਰੁੱਧ ਬਗਾਵਤੀ ਸੁਰਾਂ ਉਠੀਆਂ ਹਨ।

ਘੱਟੋ-ਘੱਟ ਸੱਤ ਹਲਕਿਆਂ ਵਿਚ ਬਾਹਰੀ ਤੇ ਦਲਬਦਲੂ ਆਗੂਆਂ ਨੂੰ ਟਿਕਟਾਂ ਦੇਣ ਕਾਰਨ ਵਾਲੰਟੀਅਰ ਭੜਕ ਗਏ ਹਨ। 'ਆਪ' ਨੇ ਤਰਨਤਾਰਨ ਤੋਂ ਪਹਿਲਵਾਨ ਕਰਤਾਰ ਸਿੰਘ, ਬੰਗਾ ਤੋਂ ਹਰਜੋਤ ਕੌਰ, ਖਰੜ ਤੋਂ ਪੱਤਰਕਾਰ ਕੰਵਰ ਸੰਧੂ, ਜਗਰਾਓਂ ਤੋਂ ਸਰਵਜੀਤ ਕੌਰ ਮਾਣੂਕੇ, ਮਾਨਸਾ ਤੋਂ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਤੋਂ ਅਗਾਊਂ ਸੇਵਾ ਮੁਕਤੀ ਲੈਣ ਵਾਲੇ ਨਾਜ਼ਰ ਸਿੰਘ ਮਨਸ਼ਾਹੀਆ, ਭਦੌੜ ਤੋਂ ਬੇਰੁਜ਼ਗਾਰ ਲਾਈਨਮੈਨ ਯੂਨੀਅਨ ਦੇ ਪ੍ਰਧਾਨ ਪਿਰਮਲ ਸਿੰਘ, ਮਹਿਲਕਲਾਂ ਤੋਂ ਪ੍ਰੈਸ ਕਲੱਬ ਦੇ ਪ੍ਰਧਾਨ ਕੁਲਵੰਤ ਪੰਡੋਰੀ, ਬਰਨਾਲਾ ਤੋਂ ਵਿਦਿਆਰਥੀ ਆਗੂ ਤੇ ਮਕੈਨੀਕਲ ਇੰਜਨੀਅਰ ਮੀਤ ਹੇਅਰ ਸਮੇਤ ਤਿੰਨ ਡਾਕਟਰਾਂ; ਸ਼ਾਹਕੋਟ ਤੋਂ ਡਾਕਟਰ ਅਮਰਜੀਤ ਸਿੰਘ ਥਿੰਦ, ਚਮਕੌਰ ਸਾਹਿਬ ਤੋਂ ਡਾਕਟਰ ਚਰਨਜੀਤ ਸਿੰਘ ਅਤੇ ਧਰਮਕੋਟ ਤੋਂ ਡਾਕਟਰ ਰਣਜੋਧ ਸਿੰਘ ਸਰਾ ਨੂੰ ਟਿਕਟਾਂ ਦਿੱਤੀਆਂ ਹਨ।

ਖਰੜ ਹਲਕੇ ਤੋਂ ਪੰਚਾਇਤ ਯੂਨੀਅਨ ਦੇ ਸੂਬਾਈ ਪ੍ਰਧਾਨ ਹਰਮਿੰਦਰ ਸਿੰਘ ਮਾਵੀ, ਆਰ.ਟੀ.ਆਈ. ਵਿੰਗ ਦੇ ਜੁਆਇੰਟ ਸਕੱਤਰ ਨਰਿੰਦਰ ਸਿੰਘ ਸ਼ੇਰਗਿੱਲ, ਸੁਦੇਸ਼ ਮੁੰਧੋਂ ਅਤੇ ਯੂਥ ਵਿੰਗ ਦੇ ਬਲਾਕ ਪ੍ਰਧਾਨ ਜਗਦੇਵ ਮਲੋਆ ਨੇ ਪਾਰਟੀ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ 25 ਅਕਤੂਬਰ ਤੱਕ ਕੰਵਰ ਸੰਧੂ ਦੀ ਥਾਂ ਇਸ ਹਲਕੇ ਦੇ ਕਿਸੇ ਆਗੂ ਨੂੰ ਟਿਕਟ ਨਾ ਦਿੱਤੀ ਤਾਂ ਉਹ ਕੋਈ ਅਗਲਾ ਫੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਉਹ ਸਾਰੇ ਖਰੜ ਦੇ ਜਾਏ ਹਨ, ਪਰ ਬਾਹਰੀ ਬੰਦੇ ਨੂੰ ਟਿਕਟ ਦੇ ਕੇ ਲੀਡਰਸ਼ਿਪ ਨੇ ਵੱਡੀ ਭੁੱਲ ਕੀਤੀ ਹੈ, ਜਿਸ ਦਾ ਖਮਿਆਜ਼ਾ ਪਾਰਟੀ ਨੂੰ ਭੁਗਤਣਾ ਪਵੇਗਾ। ਸ੍ਰੀ ਸੰਧੂ ਵੀ ਪਿਛਲੇ ਸਮੇਂ ਤੋਂ ਖਰੜ ਹਲਕੇ ਦੇ ਹੀ ਪਿੰਡ ਕਾਂਸਲ ਵਿਚ ਰਹਿ ਰਹੇ ਹਨ। ਗਿੱਦੜਬਾਹਾ ਹਲਕੇ ਦੇ ਵਾਲੰਟੀਅਰ ਵੀ ਜਗਦੀਪ ਸਿੰਘ ਸੰਧੂ ਨੂੰ ਬਾਹਰੀ ਉਮੀਦਵਾਰ ਦੱਸ ਕੇ ਵਿਰੋਧ ਕਰ ਰਹੇ ਹਨ।



ਸਮਾਣਾ ਹਲਕੇ ਵਿਚ ਵੀ ਵਾਲੰਟੀਅਰ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ ਨੂੰ ਟਿਕਟ ਦੇਣ ਵਿਰੁੱਧ ਹਨ। ਮਾਨਸਾ ਹਲਕੇ ਦੇ ਵਾਲੰਟੀਅਰ ਵੀ ਸ੍ਰੀ ਮਾਨਸ਼ਾਹੀਆ ਵਿਰੁੱਧ ਡਟ ਗਏ ਹਨ। ਪਾਰਟੀ ਦੇ ਐਨ.ਆਰ.ਆਈ. ਵਿੰਗ ਦੇ ਮੁਖੀ ਜਗਤਾਰ ਸਿੰਘ ਸੰਘੇੜਾ ਵਿਰੁੱਧ ਵੀ ਨਕੋਦਰ ਦੇ ਕੁੱਝ ਵਾਲੰਟੀਅਰ ਭੜਕੇ ਹਨ। ਕੁਝ ਦਿਨ ਪਹਿਲਾਂ ਹੀ 'ਆਪ' ਵਿਚ ਸ਼ਾਮਲ ਹੋਏ ਚਰਨਜੀਤ ਸਿੰਘ ਚੰਨੀ ਨੂੰ ਨਵਾਂ ਸ਼ਹਿਰ ਤੋਂ ਟਿਕਟ ਦੇਣ ਵਿਰੁੱਧ ਵੀ ਵਾਲੰਟੀਅਰਾਂ ਵਿਚ ਘੁਸਰ-ਮੁਸਰ ਹੈ।

ਦੂਜੇ ਪਾਸੇ ਛੋਟੇਪੁਰ ਧੜਾ ਇਨ੍ਹਾਂ ਬਗਾਵਤੀ ਸੁਰਾਂ ਉਪਰ ਆਸ ਦੀ ਨਜ਼ਰ ਟਿਕਾਈ ਬੈਠਾ ਹੈ। ਸ੍ਰੀ ਸੰਘੇੜਾ ਅਤੇ ਸ੍ਰੀ ਚੰਨੀ ਨੇ ਕਿਹਾ ਕਿ ਕੁਝ ਵਾਲੰਟੀਅਰਾਂ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਸੀ, ਪਰ ਹੁਣ ਸਭ ਕੁੱਝ ਠੀਕ ਹੈ। ਸੂਤਰਾਂ ਅਨੁਸਾਰ ਇਨ੍ਹਾਂ ਬਗਾਵਤੀ ਸੁਰਾਂ ਦੌਰਾਨ ਹੀ ਸਿਖਰਲੀ ਲੀਡਰਸ਼ਿਪ ਨੇ ਉਮੀਦਵਾਰਾਂ ਨਾਲ ਇਥੇ ਮੁੱਖ ਦਫ਼ਤਰ ਵਿਚ ਸਾਂਝੀਆਂ ਅਤੇ ਵੱਖ-ਵੱਖ ਮੀਟਿੰਗਾਂ ਕਰ ਕੇ ਸਪੱਸ਼ਟ ਕਰ ਦਿੱਤਾ ਕਿ ਕਿਸੇ ਦੀ ਟਿਕਟ ਬਦਲੀ ਨਹੀਂ ਜਾਵੇਗੀ। ਪਾਰਟੀ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਹੈ ਕਿ 'ਆਪ' ਦੀ ਚੜ੍ਹਤ ਕਾਰਨ ਹਰੇਕ ਹਲਕੇ ਵਿਚ ਕਈ ਉਮੀਦਵਾਰ ਸਨ ਅਤੇ ਇਕ ਆਗੂ ਨੂੰ ਟਿਕਟ ਮਿਲਣ ਤੋਂ ਬਾਅਦ ਬਾਕੀ ਦਾਅਵੇਦਾਰਾਂ ਨੂੰ ਠੇਸ ਲੱਗਣੀ ਸੁਭਾਵਕ ਸੀ। ਉਹ ਅਜਿਹੇ ਆਗੂਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਨੂੰ ਪਾਰਟੀ ਅਤੇ ਪੰਜਾਬ ਦੇ ਹਿੱਤਾਂ ਲਈ ਰੋਸ ਛੱਡਣ ਲਈ ਮਨਾਇਆ ਜਾ ਰਿਹਾ ਹੈ।

## 'ਆਪ' ਦੇ 27 ਹੋਰ ਵਿਧਾਇਕਾਂ ਦੀਆਂ ਮੁਸ਼ਕਲਾਂ ਵਧੀਆਂ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ 27 ਹੋਰ ਵਿਧਾਇਕਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਆਮ ਆਦਮੀ ਪਾਰਟੀ ਦੇ 27 ਵਿਧਾਇਕਾਂ ਦੀ ਮੈਂਬਰਸ਼ਿਪ ਨੂੰ ਰੱਦ ਕਰਨ ਵਾਲੀ ਪਟੀਸ਼ਨ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਹੈ ਅਤੇ ਇਸ ਮਾਮਲੇ 'ਚ ਰਾਸ਼ਟਰਪਤੀ ਨੇ ਜਾਂਚ ਲਈ ਕਿਹਾ ਹੈ। ਦਰਅਸਲ, ਆਮ ਆਦਮੀ ਪਾਰਟੀ ਦੇ ਇਹ 27 ਵਿਧਾਇਕ ਲਾਭ ਅਹੁਦੇ ਦੇ ਮਾਮਲੇ 'ਚ ਫਸੇ ਹਨ ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ 'ਚ ਰੋਗੀ ਕਲਿਆਣ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਲਾਭ ਦੇ ਅਹੁਦੇ ਦੇ ਇਸ ਨਵੇਂ ਮਾਮਲੇ 'ਚ ਸੰਸਦੀ ਸਕੱਤਰ ਦੀ ਨਿਯੁਕਤੀ ਮਾਮਲੇ ਵਿਚ ਫਸੇ 21 ਵਿਧਾਇਕਾਂ ਵਿਚੋਂ ਕੁਝ ਵਿਧਾਇਕਾਂ ਵੀ ਸ਼ਾਮਲ ਹਨ। ਦਰਅਸਲ, ਇਕ ਕਾਨੂੰਨ ਵਿਸ਼ੇ ਦੇ ਵਿਦਿਆਰਥੀ ਵਿਭੋਰ ਆਨੰਦ ਨੇ ਦਰਜ ਕਾਰਵਾਈ ਗਈ ਸ਼ਿਕਾਇਤ 'ਚ ਕਿਹਾ ਸੀ ਕਿ ਆਪਣੇ ਹੀ ਇਲਾਕੇ ਵਿਚ ਵੱਖ-ਵੱਖ ਸਰਕਾਰੀ ਹਸਪਤਾਲਾਂ ਵਿਚ 27 ਵਿਧਾਇਕ ਕਲਿਆਣ ਕਮੇਟੀ ਦੇ ਚੇਅਰਮੈਨ ਥਾਪੇ ਗਏ ਹਨ ਜਦ ਕਿ ਕੇਂਦਰ ਸਰਕਾਰ ਦੇ 2015 ਦੇ ਨਿਰਦੇਸ਼ਾਂ ਅਨੁਸਾਰ ਸਿਰਫ ਸਿਹਤ ਮੰਤਰੀ, ਖੇਤਰੀ ਸੰਸਦੀ ਮੈਂਬਰ, ਜ਼ਿਲ੍ਹਾ ਪੰਚਾਇਤ ਪ੍ਰਧਾਨ ਜਾਂ ਫਿਰ ਜ਼ਿਲ੍ਹਾ ਅਧਿਕਾਰੀ ਹੀ ਰੋਗੀ ਕਲਿਆਣ ਕਮੇਟੀ ਦਾ ਚੇਅਰਮੈਨ ਹੋ ਸਕਦਾ ਹੈ।

## ਯੋਗੇਂਦਰ ਯਾਦਵ ਵੱਲੋਂ ਕੇਜਰੀਵਾਲ ਦੀ ਰਣਨੀਤੀ 'ਤੇ ਸਵਾਲ

**ਨਵੀਂ ਦਿੱਲੀ:** ਪੰਜਾਬ ਦੀਆਂ ਚੋਣਾਂ ਵਿਚ ਰੁੱਝੇ ਅਰਵਿੰਦ ਕੇਜਰੀਵਾਲ ਨੂੰ ਨਿਸ਼ਾਨਾ ਬਣਾਉਂਦਿਆਂ 'ਸਵਰਾਜ ਇੰਡੀਆ' ਦੇ ਪ੍ਰਧਾਨ ਯੋਗੇਂਦਰ ਯਾਦਵ ਨੇ ਕਿਹਾ ਕਿ ਕੇਜਰੀਵਾਲ ਦਿੱਲੀ ਨੂੰ 'ਲਾਂਚ ਪੈਡ' ਵਾਂਗ ਵਰਤ ਰਹੇ ਹਨ। ਯੋਗੇਂਦਰ ਯਾਦਵ ਨੇ ਕੇਜਰੀਵਾਲ 'ਤੇ ਡੇਂਗੂ ਅਤੇ ਚਿਕਨਗੁਨੀਆ ਤੋਂ ਪ੍ਰਭਾਵਿਤ ਦਿੱਲੀ ਦੀ ਜਨਤਾ ਨੂੰ ਰੱਬ ਆਸਰੇ ਛੱਡਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜਦੋਂ ਦਿੱਲੀ ਅਜਿਹੀਆਂ ਬਿਮਾਰੀਆਂ ਨਾਲ ਜੰਗ ਲੜ ਰਹੀ ਸੀ ਤਾਂ ਦਿੱਲੀ ਸਰਕਾਰ ਦਾ ਕੋਈ ਵੀ ਮੰਤਰੀ ਰਾਜਧਾਨੀ 'ਚ ਮੌਜੂਦ ਨਹੀਂ ਸੀ। ਦਿੱਲੀ ਐਮ.ਸੀ.ਡੀ. ਚੋਣਾਂ ਵਿਚ ਹਿੱਸਾ ਲੈਣ ਦਾ ਐਲਾਨ ਕਰ ਚੁੱਕੀ ਸਵਰਾਜ ਇੰਡੀਆ ਦੇ ਪ੍ਰਧਾਨ ਨੇ ਅਰਵਿੰਦ ਕੇਜਰੀਵਾਲ ਨੂੰ ਘੇਰਦਿਆਂ ਕਿਹਾ ਕਿ ਉਹ ਇਕ ਪਾਸੇ ਤਾਂ ਕੇਂਦਰ 'ਤੇ ਦੋਸ਼ ਲਾਉਂਦੇ ਹਨ ਕਿ ਉਨ੍ਹਾਂ ਨੂੰ ਕੰਮ ਨਹੀਂ ਕਰਨ ਦਿੱਤਾ ਜਾਂਦਾ, ਦੂਜੇ ਪਾਸੇ ਇਹ ਦਾਅਵਾ ਵੀ ਕਰਦੇ ਹਨ ਕਿ ਉਨ੍ਹਾਂ ਦੀ ਪਾਰਟੀ ਨੇ ਦਿੱਲੀ ਦੇ ਸੂਰਤੇ ਹਾਲ ਬਦਲ ਦਿੱਤੀ ਹੈ।

# ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਦੇ ਮਨ ਟੋਹਣ 'ਚ ਜੁਟੀ ਸਰਕਾਰ

**ਬਠਿੰਡਾ:** ਪੰਜਾਬ ਸਰਕਾਰ ਭਲਾਈ ਸਕੀਮਾਂ ਦੀ ਫੀਡ ਬੈਕ ਬਹਾਨੇ ਪੰਜਾਬ ਦੀ ਸਿਆਸੀ ਨਬਜ਼ ਟਟੋਲਣ ਵਿਚ ਜੁਟੀ ਹੈ। ਆਂਧਰਾ ਪ੍ਰਦੇਸ਼ ਤੋਂ ਬੁਲਾਏ ਗਏ ਵਿਸ਼ੇਸ਼ ਮਾਹਿਰ ਵੱਲੋਂ ਇਹ ਫੀਡ ਬੈਕ ਪ੍ਰਾਜੈਕਟ ਚਲਾਇਆ ਜਾ ਰਿਹਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਕਾਂਗਰਸ ਵੱਲੋਂ ਪ੍ਰਸ਼ਾਂਤ ਕਿਸ਼ੋਰ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਸਰਕਾਰੀ ਪ੍ਰਾਜੈਕਟ ਤਕਰੀਬਨ 20 ਕਰੋੜ ਦਾ ਹੈ, ਜਿਸ ਤਹਿਤ ਫੋਨ, ਵੁਆਇਸ ਸੁਨੇਹਾ ਅਤੇ ਫੀਲਡ ਵਿਚ ਸਰਵੇਖਣ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਪੰਜਾਬ 'ਚ ਤਕਰੀਬਨ ਢਾਈ ਸੌ ਸਾਬਕਾ ਸੈਨਿਕ ਵੀ ਗੁਪਤ ਸਰਵੇਖਣ ਲਈ ਮੋਰਚੇ 'ਚ ਉਤਰੇ ਹਨ, ਜਿਨ੍ਹਾਂ ਦਾ ਹਾਲੇ ਭੇਤ ਬਣਿਆ ਹੋਇਆ ਹੈ। ਇਹ ਸਾਬਕਾ ਸੈਨਿਕ ਕਿਸੇ ਕੰਨੜ ਟੀ.ਵੀ. ਲਈ ਸਰਵੇਖਣ ਕਰਨ ਦੀ ਗੱਲ ਕਹਿ ਰਹੇ ਹਨ, ਪਰ ਇਨ੍ਹਾਂ ਦੀ ਗੁਪਤਤਾ ਤੋਂ ਕਈ ਸ਼ੰਕੇ ਖੜ੍ਹੇ ਹੁੰਦੇ ਹਨ। ਜਾਣਕਾਰੀ ਅਨੁਸਾਰ ਪੰਜਾਬ ਕੈਬਨਿਟ ਨੇ 25 ਫਰਵਰੀ 2016 ਨੂੰ ਸਰਕਾਰੀ ਸਕੀਮਾਂ ਦੇ ਲੋਕਾਂ 'ਤੇ ਪੈ ਰਹੇ ਪ੍ਰਭਾਵ ਦਾ ਅਧਿਐਨ ਕਰਾਉਣ ਲਈ ਇਕ ਪ੍ਰਾਜੈਕਟ ਨੂੰ ਪ੍ਰਵਾਨਗੀ ਦਿੱਤੀ ਸੀ। ਇਸ ਪ੍ਰਾਜੈਕਟ ਲਈ ਇਕ ਪ੍ਰਾਈਵੇਟ ਫਰਮ ਨੇ 35 ਕਰੋੜ ਰੁਪਏ ਮੰਗੇ ਸਨ, ਪਰ ਸਰਕਾਰ ਨੇ ਹੱਥ ਖੜ੍ਹੇ ਕਰ ਦਿੱਤੇ। ਮਗਰੋਂ ਸਰਕਾਰ ਨੇ ਆਪਣੇ ਪੱਧਰ 'ਤੇ ਕਾਲ ਸੈਂਟਰ/ਆਈ.ਵੀ.ਆਰ.ਐਸ. ਫੈਸਿਲਿਟੀ ਸਥਾਪਤ ਕਰਕੇ ਸਰਕਾਰੀ ਏਜੰਸੀਆਂ ਤੋਂ ਫੀਡ ਬੈਕ/ ਸਰਵੇਖਣ ਦੇ ਕੰਮ ਕਰਾਉਣ ਦਾ ਫੈਸਲਾ ਕੀਤਾ। ਇਹ ਪ੍ਰਾਜੈਕਟ ਤਕਰੀਬਨ ਛੇ ਮਹੀਨੇ ਲਈ ਹੀ ਤਿਆਰ ਕੀਤਾ ਗਿਆ ਅਤੇ ਲੋੜ ਪੈਣ 'ਤੇ ਹੋਰ ਛੇ ਮਹੀਨੇ ਦਾ ਵਾਧਾ ਹੋ ਸਕਦਾ ਹੈ। ਛੇ ਮਹੀਨਿਆਂ ਵਿਚ ਇਕ ਕਰੋੜ ਲੋਕਾਂ ਤੱਕ ਪਹੁੰਚ ਕਰਨ ਦਾ ਟੀਚਾ ਹੈ ਅਤੇ 31 ਜੁਲਾਈ ਤੱਕ ਤਕਰੀਬਨ 32 ਲੱਖ ਲੋਕਾਂ ਤੱਕ ਪਹੁੰਚ ਕੀਤੀ ਜਾ ਚੁੱਕੀ ਹੈ। ਇਸ ਪ੍ਰਾਜੈਕਟ ਲਈ ਹੈਦਰਾਬਾਦ ਦੇ ਸਤਿਆ ਨਾਰਾਇਣ ਮਰੀਸੇਟੀ ਦੀ ਬਤੌਰ ਵਿਸ਼ੇਸ਼ ਕਾਰਜ ਅਫਸਰ/ ਮੁੱਖ ਮੰਤਰੀ ਪੰਜਾਬ ਵਜੋਂ ਨਿਯੁਕਤੀ ਕੀਤੀ ਗਈ ਹੈ, ਜਿਸ ਨੂੰ ਦਫਤਰ, ਰਿਹਾਇਸ਼, ਟੈਲੀਫੋਨ ਅਤੇ ਸਟਾਫ ਕਾਰ ਆਦਿ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ ਦੇ ਸਾਰੇ ਵਿਭਾਗਾਂ ਵੱਲੋਂ ਲਾਭਪਾਤਰੀਆਂ ਦੀਆਂ ਸਮੇਤ ਫੋਨ ਨੰਬਰ ਸੂਚੀਆਂ ਇਸ ਵਿਸ਼ੇਸ਼ ਕਾਰਜ ਅਫਸਰ ਹਵਾਲੇ ਕੀਤੀਆਂ ਗਈਆਂ ਹਨ।

ਬੀ.ਐਸ.ਐਨ.ਐਲ. ਅਤੇ ਨੈਸ਼ਨਲ ਇਨਫੋਟੈਕਸ ਸੈਂਟਰ ਇਸ ਪ੍ਰਾਜੈਕਟ ਵਿਚ ਭਾਗੀਦਾਰ ਹਨ। ਪ੍ਰਾਜੈਕਟ ਵਿਚ 125 ਫੀਡ ਬੈਕ ਅਫਸਰ ਅਤੇ ਕਾਲ ਸੈਂਟਰ ਵਿਚ 500 ਕਾਲ



ਅਪਰੇਟਰ ਰੱਖਣ ਦੀ ਵਿਵਸਥਾ ਕੀਤੀ ਗਈ ਹੈ। ਫੀਡ ਬੈਕ ਅਫਸਰ ਦੀ ਤਨਖਾਹ ਪ੍ਰਤੀ ਮਹੀਨਾ 35 ਹਜ਼ਾਰ ਰੱਖੀ ਗਈ ਹੈ। ਪੰਜਾਬ ਭਰ ਵਿਚ ਲੋਕਾਂ ਦੇ ਘਰਾਂ ਵਿਚ ਫੀਡ ਬੈਕ ਵਾਲੇ ਫੋਨ ਪਿਛਲੇ ਕੁਝ ਸਮੇਂ ਤੋਂ ਖੜਕ ਰਹੇ ਹਨ। ਪ੍ਰਾਜੈਕਟ ਦੇ ਸ਼ੁਰੂ ਵਿਚ ਮੁੱਖ ਮੰਤਰੀ ਪੰਜਾਬ ਨੇ ਖੁਦ ਵੀ ਕੁਝ ਲਾਭਪਾਤਰੀਆਂ ਨੂੰ ਫੋਨ ਕੀਤੇ ਸਨ।

ਸੂਤਰਾਂ ਮੁਤਾਬਕ ਫੀਡ ਬੈਕ ਤਾਂ ਬਹਾਨਾ ਹੈ ਅਤੇ ਸਰਕਾਰ ਇਸ ਬਹਾਨੇ ਲੋਕਾਂ ਦਾ ਸਿਆਸੀ ਮੂਡ ਜਾਨਣਾ ਚਾਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਵਿਚ ਪਿਛਲੇ ਦਿਨਾਂ ਦੌਰਾਨ ਜਲੰਧਰ ਤੇ ਮੁਹਾਲੀ ਵਿਚ ਤਕਰੀਬਨ 250 ਸਾਬਕਾ ਸੈਨਿਕਾਂ ਦੀ ਗੁਪਤ ਸਰਵੇਖਣ ਲਈ ਟਰੇਨਿੰਗ ਹੋਈ ਹੈ, ਜਿਨ੍ਹਾਂ ਵੱਲੋਂ ਕੁਝ ਜ਼ਿਲ੍ਹਿਆਂ 'ਚ ਸਰਵੇਖਣ ਸ਼ੁਰੂ ਕਰ ਦਿੱਤਾ ਗਿਆ ਹੈ। ਬਠਿੰਡਾ ਜ਼ਿਲ੍ਹੇ ਵਿਚ 20 ਅਕਤੂਬਰ ਤੋਂ ਇਹ ਕੰਮ ਸ਼ੁਰੂ ਹੋਣਾ ਹੈ। ਹਰ ਸਾਬਕਾ ਸੈਨਿਕ ਨੂੰ ਪ੍ਰਤੀ ਦਿਨ ਦੋ ਹਜ਼ਾਰ ਰੁਪਏ ਮਿਹਨਤਾਨਾ ਅਤੇ 500 ਰੁਪਏ ਦਾ ਤੇਲ ਖਰਚ ਦਿੱਤਾ ਜਾਣਾ ਹੈ। ਹਰ ਪਿੰਡ 'ਚੋਂ 45 ਲੋਕਾਂ ਤੋਂ 17 ਸੁਆਲ ਪੁੱਛੇ ਜਾਣੇ ਹਨ ਜੋ ਨਿਰੋਲ ਸਿਆਸੀ ਹਨ। ਸਰਵੇਖਣ ਲਈ ਤਿਆਰ ਪ੍ਰੋਫਾਰਮਾ ਮੋਬਾਈਲ ਟੈਬ ਵਿਚ ਹੀ ਹੈ, ਜੋ ਹਰ ਸਾਬਕਾ ਸੈਨਿਕ ਨੂੰ ਦਿੱਤਾ ਗਿਆ ਹੈ। ਇਸ ਗੁਪਤ ਸਰਵੇਖਣ ਦਾ ਹਾਲੇ ਭੇਤ ਬਣਿਆ ਹੋਇਆ ਹੈ ਕਿ ਇਹ ਕਿਸ ਵੱਲੋਂ ਕਰਾਇਆ ਜਾ ਰਿਹਾ ਹੈ। ਕੁਝ ਸਾਬਕਾ ਸੈਨਿਕਾਂ ਦਾ ਕਹਿਣਾ ਸੀ ਕਿ ਕਰਨਾਟਕਾ ਦਾ ਇਕ ਟੀ.ਵੀ. ਚੈਨਲ ਇਹ ਸਰਵੇਖਣ ਕਰਾ ਰਿਹਾ ਹੈ, ਪਰ ਗੱਲ ਸਪੱਸ਼ਟ ਨਹੀਂ ਹੋ ਰਹੀ ਹੈ।

## ਲੋਕਾਂ ਨੂੰ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਦਾ ਵਾਸਤਾ

**ਮੁਹਾਲੀ:** ਪੰਜਾਬ ਵਿਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ 107 ਪੰਨਿਆਂ ਦੀ ਪ੍ਰਚਾਰ ਪੁਸਤਕ ਛਪਵਾ ਕੇ ਸ਼ਹਿਰਾਂ ਅਤੇ ਪਿੰਡਾਂ ਵਿਚ ਵੰਡਿਆ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਹੁਕਮਰਾਨਾਂ ਨੇ ਰਾਜ ਦੇ ਸਮੂਹ ਸ਼ਹਿਰਾਂ ਅਤੇ ਛੋਟੇ ਕਸਬਿਆਂ ਵਿਚ ਹਰੇਕ ਮਿਉਂਸਪਲ ਕੌਂਸਲਰ ਨੂੰ ਆਪਣੇ ਵਾਰਡਾਂ ਵਿਚ ਵੰਡਣ ਲਈ 500-500 ਕਿਤਾਬਾਂ ਦਿੱਤੀਆਂ ਹਨ। ਇੰਝ ਹੀ ਪਿੰਡਾਂ ਵਿਚ ਅਕਾਲੀ ਪੱਖੀ ਸਰਪੰਚਾਂ ਅਤੇ ਵਰਕਰਾਂ ਨੂੰ ਹਰੇਕ ਘਰ ਵਿਚ ਕਿਤਾਬ ਪੁੱਜਦੀ ਕਰਨ ਲਈ ਆਖਿਆ ਗਿਆ ਹੈ। ਅਕਾਲੀ-ਭਾਜਪਾ ਸਰਕਾਰ ਦੇ '9 ਸਾਲ ਪੰਜਾਬ ਵਿਚ ਵਿਕਾਸ ਦੇ' ਟਾਈਟਲ ਨਾਲ ਪ੍ਰਕਾਸ਼ਿਤ ਇਸ ਕਿਤਾਬ ਦੇ ਮੁੱਖ ਪੰਨੇ 'ਤੇ ਹੇਠਲੇ ਪਾਸੇ ਇਕ ਕੋਨੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਫੋਟੋਆਂ ਛਾਪੀਆਂ ਗਈਆਂ ਹਨ ਅਤੇ ਅਖੀਰਲੇ ਪੰਨੇ 'ਤੇ ਵੀ ਮੁੱਖ ਮੰਤਰੀ ਦੀ ਸੰਗਤ ਦਰਸ਼ਨ ਪ੍ਰੋਗਰਾਮ ਦੀ ਗਰੁੱਪ ਫੋਟੋ ਛਾਪੀ ਗਈ ਹੈ ਜਦੋਂਕਿ ਭਾਈਵਾਲ ਪਾਰਟੀ ਭਾਜਪਾ ਨੂੰ ਅਣਡਿੱਠ ਕੀਤਾ ਗਿਆ ਹੈ। ਹਾਲਾਂਕਿ ਕਿਤਾਬ ਦੇ ਕੁਝ ਅੰਦਰਲੇ ਪੰਨਿਆਂ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕਈ ਹੋਰ ਆਗੂਆਂ ਦੇ ਕਿਤੇ-ਕਿਤੇ ਚਿਹਰੇ ਜ਼ਰੂਰ ਦਿਖਾਏ ਗਏ ਹਨ, ਪਰ ਜ਼ਿਆਦਾਤਰ ਪ੍ਰਚਾਰ ਅਕਾਲੀ ਦਲ ਦੇ ਹੀ ਹੱਕ ਵਿਚ ਹੈ।

ਇਸ ਮਾਮਲੇ ਵਿਚ ਪੰਜਾਬ ਕਾਂਗਰਸ ਅਤੇ 'ਆਪ' ਨੇ ਸੂਬੇ ਦੀ ਅਕਾਲੀ-ਭਾਜਪਾ ਸਰਕਾਰ 'ਤੇ ਵਰ੍ਹਦਿਆਂ ਸਰਕਾਰੀ ਫੰਡਾਂ ਅਤੇ ਮਸ਼ੀਨਰੀ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਚਰਨਜੀਤ ਸਿੰਘ ਚੰਨੀ, ਮੁਹਾਲੀ ਤੋਂ ਕਾਂਗਰਸ ਵਿਧਾਇਕ ਬਲਬੀਰ ਸਿੰਘ ਸਿੱਧੂ, ਖਰੜ ਦੇ ਵਿਧਾਇਕ ਜਗਮੋਹਨ ਸਿੰਘ ਕੰਗ ਅਤੇ ਪ੍ਰਦੇਸ਼ ਕਾਂਗਰਸ ਦੀ ਜਨਰਲ ਸਕੱਤਰ ਬੀਬੀ ਲਖਵਿੰਦਰ ਕੌਰ ਗਰਚਾ ਨੇ ਹੁਕਮਰਾਨਾਂ ਵੱਲੋਂ ਪ੍ਰਚਾਰ ਕਰਨ ਲਈ ਨਿਰਾਸ਼ਾਪੂਰਨ ਤੇ ਘਟੀਆ ਤਰੀਕੇ ਅਪਣਾਏ ਜਾਣ ਦੀ ਨਿੰਦਾ ਕੀਤੀ ਹੈ। 'ਆਪ' ਦੇ ਜ਼ੋਨਲ ਕਨਵੀਨਰ ਦਰਸ਼ਨ ਸਿੰਘ ਧਾਲੀਵਾਲ, ਸੀਨੀਅਰ ਆਗੂ ਹਰਮਿੰਦਰ ਸਿੰਘ ਮਾਵੀ ਅਤੇ ਯੂਥ ਵਿੰਗ ਦੇ ਬਲਾਕ ਪ੍ਰਧਾਨ ਜਗਦੇਵ ਸਿੰਘ ਮਲੋਆ ਨੇ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਸਪੱਸ਼ਟ ਕਰਦੀਆਂ ਹਨ ਕਿ ਅਕਾਲੀ ਦਲ ਦੁਬਾਰਾ ਸੱਤਾ ਵਿਚ ਆਉਣ ਦੀ ਆਖਰੀ ਉਮੀਦ ਵੀ ਗੁਆ ਚੁੱਕਿਆ ਹੈ।

# ਜਸੂਸੀ ਦੇ ਸ਼ੱਕ 'ਚ 154 ਕਬੂਤਰ ਗ੍ਰਿਫਤਾਰ

**ਜੰਮੂ:** ਪੁਲਿਸ ਨੇ ਜਸੂਸੀ ਦੇ ਸ਼ੱਕ ਵਿਚ 154 ਕਬੂਤਰਾਂ ਨੂੰ ਕਾਬੂ ਕੀਤਾ ਹੈ। ਇਨ੍ਹਾਂ ਕਬੂਤਰਾਂ ਦੇ ਪੈਰਾਂ ਵਿਚ ਵੱਖ-ਵੱਖ ਰੰਗਾਂ ਦੇ ਘੁੰਗਰੂ ਬੰਨ੍ਹੇ ਹੋਏ ਸਨ ਅਤੇ ਇਨ੍ਹਾਂ ਨੂੰ ਅੰਮ੍ਰਿਤਸਰ ਤੋਂ ਦੱਖਣੀ ਕਸ਼ਮੀਰ ਭੇਜਿਆ ਜਾ ਰਿਹਾ ਸੀ। ਪੁਲਿਸ ਦਾ ਸ਼ੱਕ ਇਸ ਕਰ ਕੇ ਵੀ ਵਧ ਗਿਆ ਕਿਉਂਕਿ ਇਨ੍ਹਾਂ ਕਬੂਤਰਾਂ ਨੂੰ ਫਲਾਂ ਦੀਆਂ ਪੇਟੀਆਂ ਵਿਚ ਬੰਦ ਕਰ ਕੇ ਲਿਜਾਇਆ ਜਾ ਰਿਹਾ ਸੀ। ਜਿਸ ਤੋਂ ਬਾਅਦ ਪੁਲਿਸ ਨੇ ਇਨ੍ਹਾਂ ਨੂੰ ਕਾਬੂ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ। ਇਸ ਸਬੰਧੀ ਪੁਲਿਸ ਨੇ ਦੋ ਲੋਕਾਂ ਵਿਰੁਧ ਕੇਸ ਵੀ ਦਰਜ ਕੀਤਾ ਹੈ।



ਪੁਲਿਸ ਅਨੁਸਾਰ ਕਬੂਤਰਾਂ ਦੇ ਸਰੀਰ ਉਤੇ ਕਲਿੱਪ, ਸੇਫਟੀ ਪਿੰਨ ਅਤੇ ਧਾਗੇ ਬੰਨ੍ਹੇ ਹੋਏ ਸਨ। ਪੁਲਿਸ ਦਾ ਕਬੂਤਰਾਂ ਉਤੇ ਜਸੂਸੀ ਦਾ ਸ਼ੱਕ ਇਸ ਕਰ ਕੇ ਵਧ ਗਿਆ ਸੀ ਕਿਉਂਕਿ ਪਿਛਲੇ ਹਫਤੇ ਕੁਝ ਅਜਿਹੇ ਕਬੂਤਰ ਮਿਲੇ ਸਨ ਜੋ ਇਨ੍ਹਾਂ ਨਾਲ ਮਿਲਦੇ ਜੁਲਦੇ ਹਨ। ਫੜੇ ਗਏ ਕਬੂਤਰ ਦੀਆਂ ਨਸਲਾਂ ਭਾਰਤ ਵਿਚ ਅਕਸਰ ਨਹੀਂ ਪਾਈਆਂ ਜਾਂਦੀਆਂ। ਜੰਮੂ ਪੁਲਿਸ ਨੇ ਫਿਲਹਾਲ ਸਾਰੇ ਕਬੂਤਰਾਂ ਨੂੰ ਇਕ ਐਨ.ਜੀ.ਓ. ਹਵਾਲੇ ਕਰ ਦਿੱਤਾ ਹੈ।

# ਅਮਰੀਕਾ ਨੇ ਲਸ਼ਕਰ ਨੂੰ ਨਿਰਦੋਸ਼ ਲੋਕਾਂ ਦੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨ ਸਥਿਤ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨੂੰ ਅਮਰੀਕੀ ਨਾਗਰਿਕਾਂ ਸਮੇਤ ਸੈਂਕੜੇ ਨਿਰਦੋਸ਼ ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਦੱਸਿਆ ਹੈ, ਪਰ ਉਸ ਨੇ ਸੰਗਠਨ ਦੇ ਨੇਤਾ ਹਾਫਿਜ਼ ਸਈਦ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਇਸ ਸੰਗਠਨ ਨੂੰ ਸੰਯੁਕਤ ਰਾਸ਼ਟਰ ਨੇ ਅਤਿਵਾਦੀ ਸੰਗਠਨ ਦੇ ਰੂਪ 'ਚ ਸੂਚੀਬੱਧ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਉਪ ਬੁਲਾਰੇ ਮਾਰਕ ਟੋਨਰ ਨੇ ਕਿਹਾ ਕਿ ਮੈਂ ਹਾਫਿਜ਼ ਸਈਦ ਬਾਰੇ ਕਿਸੇ ਟਿਪਣੀ 'ਤੇ ਪ੍ਰਤੀਕ੍ਰਮ ਨਹੀਂ ਦੇਵਾਂਗਾ। ਉਸ ਨੂੰ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਦੇ ਨਾਲ ਸਬੰਧਤ ਹੋਣ ਕਾਰਨ ਪਾਬੰਦੀਆਂ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 1267 ਅਲਕਾਇਦਾ ਪ੍ਰਤੀਬੰਧ ਕਮੇਟੀ ਜਾਂ ਸੰਯੁਕਤ ਰਾਸ਼ਟਰ ਸੁਰੱਖਿਆ ਕਮੇਟੀ ਨੇ ਸੂਚੀਬੱਧ ਕੀਤਾ ਹੈ।

ਜ਼ਿਕਰਯੋਗ ਹੈ ਕਿ 2008 'ਚ ਮੁੰਬਈ ਵਿਚ ਕੀਤੇ ਗਏ ਅਤਿਵਾਦੀ ਹਮਲਿਆਂ ਵਿਚ ਲਸ਼ਕਰ ਦੇ 10 ਅਤਿਵਾਦੀ ਸ਼ਾਮਲ ਸਨ। ਇਨ੍ਹਾਂ ਹਮਲਿਆਂ ਵਿਚ 166 ਲੋਕਾਂ ਦੀ ਮੌਤ ਹੋਈ ਸੀ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋਕ ਸੰਘਰਸ਼ ਨੂੰ ਦਬਾਉਣ ਲਈ ਸਿਰਜਿਆ ਜੰਗ ਦਾ ਮਾਹੌਲ: ਪ੍ਰੋ. ਸਾਈਬਾਬਾ

**ਬਠਿੰਡਾ:** ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਜੀ.ਐਨ. ਸਾਈਬਾਬਾ ਨੇ ਲੋਕ ਸੰਘਰਸ਼ਾਂ ਵਿਚ ਕੁੱਦੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਕੇਂਦਰ ਦੇ ਤਾਨਾਸ਼ਾਹੀ ਰਵੱਈਏ ਖ਼ਿਲਾਫ਼ ਇਕਜੁੱਟ ਹੋਣ। ਕੇਂਦਰ ਸਰਕਾਰ ਵੱਲੋਂ ਲੋਕਾਂ ਨੂੰ ਦਬਾਉਣ ਖਾਤਰ ਯੁੱਧ ਦਾ ਮਾਹੌਲ ਬਣਾਇਆ ਜਾ ਰਿਹਾ ਹੈ ਜਿਸ ਕਰ ਕੇ ਪੰਜਾਬ ਦੇ ਜੁਝਾਰੂ ਲੋਕਾਂ ਦਾ ਪੈਂਤੜਾ ਅਜਿਹੇ ਮੌਕੇ ਅਹਿਮ ਭੂਮਿਕਾ ਨਿਭਾਏਗਾ। ਉਹ ਰਾਮਪੁਰਾ ਫੂਲ ਵਿਚ ਕਾਮਰੇਡ ਮੇਘ ਰਾਜ ਦੇ ਸ਼ਰਧਾਂਜਲੀ ਸਮਾਗਮ ਵਿਚ ਬੋਲ ਰਹੇ ਸਨ।

ਉਨ੍ਹਾਂ ਆਖਿਆ ਕਿ ਮੁਲਕ ਵਿਚ ਹੁਣ ਹਾਲਾਤ ਐਮਰਜੈਂਸੀ ਨਾਲੋਂ ਵੀ ਭੈੜੇ ਬਣੇ ਹੋਏ ਹਨ। ਐਮਰਜੈਂਸੀ ਵੇਲੇ ਬੁੱਧੀਜੀਵੀ ਵਰਗ ਨੂੰ ਜੇਲ੍ਹਾਂ ਵਿਚ ਡੱਕਿਆ ਜਾਂਦਾ ਸੀ, ਪਰ ਹੁਣ ਬੁੱਧੀਜੀਵੀਆਂ ਦੀ ਜਾਨ ਨੂੰ ਖ਼ਤਰਾ ਬਣਿਆ ਹੋਇਆ ਹੈ ਕਿਉਂਕਿ ਇਹ ਸਵਾਲ ਕਰ ਰਹੇ ਹਨ, ਇਸੇ ਕਰ ਕੇ ਇਹ ਕੇਂਦਰ ਦੀਆਂ ਅੱਖਾਂ ਵਿਚ ਲੋਕ ਅੰਦੋਲਨ ਰੜਕ ਰਹੇ ਹਨ। ਯੁੱਧ ਦਾ ਮਾਹੌਲ ਸਿਰਜ ਕੇ ਸਰਹੱਦੀ ਸੂਬੇ ਪੰਜਾਬ ਨੂੰ ਭੈਭੀਤ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਪਿੱਛੇ ਲੁਕਵੇਂ ਏਜੰਡੇ ਕੁਝ ਹੋਰ ਹਨ।



ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ.ਐਨ. ਸਾਈਬਾਬਾ ਸਮਾਗਮ ਨੂੰ ਸੰਬੋਧਨ ਕਰਦੇ ਹੋਏ।

ਦੇਸ਼ ਧ੍ਰੋਹ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਪ੍ਰੋ. ਸਾਈਬਾਬਾ ਨੇ ਕਾਮਰੇਡ ਮੇਘ ਰਾਜ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲੋਕ ਸੰਘਰਸ਼ ਹੋਰ ਮਜ਼ਬੂਤ ਕਰਨ ਦੀ ਗੱਲ ਕੀਤੀ। ਇਸ ਮੌਕੇ ਡਾ. ਦਰਸ਼ਨਪਾਲ, ਲੋਕ ਸੰਗਰਾਮ ਮੰਚ ਦੇ ਜਨਰਲ ਸਕੱਤਰ ਬਲਵੰਤ ਮੱਖੂ, 'ਲਾਲ ਪਰਚਮ' ਦੇ ਸੰਪਾਦਕ ਮੁਖਤਿਆਰ ਪੂਹਲਾ, ਗੁਰਮੇਲ ਭੁਟਾਲ, ਜਸਪਾਲ ਜੱਸੀ, ਸੁਖਦਰਸ਼ਨ ਨੱਤ, ਅਜਮੇਰ ਸਿੰਘ, ਜਸਦੇਵ ਲਲਤੋਂ, ਸੁਰਜੀਤ ਸਿੰਘ ਫੂਲ, ਸੁਖਵਿੰਦਰ ਕੌਰ, ਪ੍ਰਬੋਧ ਕੁਮਾਰ ਅਤੇ ਹੋਰਾਂ ਨੇ ਸ਼ਰਧਾਂਜਲੀ ਭੇਟ ਕੀਤੀ।

## ਬਦਲਾ ਲੈਣ ਲਈ ਆਈ.ਐਸ.ਆਈ. ਨੇ ਬਣਾਈ ਯੋਜਨਾ

**ਨਵੀਂ ਦਿੱਲੀ:** ਪਾਕਿਸਤਾਨੀ ਇਲਾਕੇ 'ਚ ਜਾ ਕੇ ਭਾਰਤੀ ਸੈਨਾ ਵੱਲੋਂ ਕੀਤੇ ਸਰਜੀਕਲ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਦੀ ਬਦਨਾਮ ਖੁਫੀਆ ਏਜੰਸੀ ਆਈ.ਐਸ.ਆਈ. ਨੇ ਕਸ਼ਮੀਰ ਵਾਦੀ 'ਚ ਹਿੰਸਾ ਜਾਰੀ ਰੱਖਣ ਤੇ ਅਤਿਵਾਦੀ ਹਮਲੇ ਕਰਨ ਲਈ 5 ਅਤਿਵਾਦੀ ਸੰਗਠਨਾਂ ਨੂੰ ਮੁੜ ਉਤਸ਼ਾਹਤ ਕਰਨ ਦੀ ਯੋਜਨਾ ਬਣਾਈ ਹੈ। ਖੁਫੀਆ ਰਿਪੋਰਟ ਤੋਂ ਖੁਲਾਸਾ ਹੋਇਆ ਹੈ ਕਿ ਪਿਛਲੇ 100 ਦਿਨ ਤੋਂ ਕਸ਼ਮੀਰ ਵਾਦੀ 'ਚ ਜਾਰੀ ਹਿੰਸਕ ਅੰਦੋਲਨ ਦੌਰਾਨ ਕਮਜ਼ੋਰ ਪੈ ਚੁੱਕੇ ਅਤਿਵਾਦੀ ਸੰਗਠਨ ਅਲ-ਉਮਰ-ਮੁਜਾਹਦੀਨ, ਹਰਕਤ ਉਲ ਅੰਸਾਰ/ਮੁਜਾਹਦੀਨ, ਅਲ ਬਦਰ, ਇਖਵਾਨ-ਉਲ-ਮੁਜਾਹਦੀਨ ਤੇ ਅਲ ਜਿਹਾਦ ਫੋਰਸ ਨੂੰ ਮੁੜ ਉਤਸ਼ਾਹਤ ਕਰਨ ਦੀ ਯੋਜਨਾ ਬਣਾਈ ਗਈ ਹੈ।

## ਕ੍ਰਿਕਟ ਬੋਰਡ ਦੇ ਵਤੀਰੇ ਤੋਂ ਸੁਪਰੀਮ ਕੋਰਟ ਖਫ਼ਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ. ਆਈ.) ਦੀ ਥਾਂ 'ਤੇ ਪ੍ਰਸ਼ਾਸਕਾਂ ਦੀ ਕਮੇਟੀ ਬਣਾਉਣ ਸਬੰਧੀ ਪਟੀਸ਼ਨ 'ਤੇ ਫੈਸਲੇ ਨੂੰ ਰਾਖਵਾਂ ਰੱਖ ਲਿਆ ਹੈ। ਜਸਟਿਸ ਆਰ.ਐਮ. ਲੋਢਾ ਕਮੇਟੀ ਅਤੇ ਅਦਾਲਤ ਵੱਲੋਂ ਪ੍ਰਵਾਨ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਨਾ ਮੰਨੇ ਜਾਣ ਲਈ ਬੀ.ਸੀ.ਸੀ.ਆਈ. ਖ਼ਿਲਾਫ਼ ਮਾਣਹਾਨੀ ਕੇਸ ਦੀ ਸੁਣਵਾਈ ਸ਼ੁਰੂ ਕਰਨ ਬਾਰੇ ਵੀ ਫੈਸਲਾ ਰਾਖਵਾਂ ਰੱਖਿਆ ਗਿਆ ਹੈ। ਅਦਾਲਤ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਸੁਧਾਰਾਂ ਨੂੰ ਲਾਗੂ ਕਰਨ ਦੇ ਹੁਕਮ ਦੀ ਹਰ ਪੱਧਰ 'ਤੇ ਅਦੂਲੀ ਹੋ ਰਹੀ ਹੈ ਅਤੇ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ।

## ਇਰੋਮ ਸ਼ਰਮੀਲਾ ਨੇ ਪਾਰਟੀ ਬਣਾਈ

**ਇੰਫਾਲ:** ਮਨੀਪੁਰ 'ਚੋਂ ਆਰਮਡ ਫੋਰਸਿਜ਼ (ਵਿਸ਼ੇਸ਼ ਤਾਕਤਾਂ) ਐਕਟ ਖਤਮ ਕਰਾਉਣ ਲਈ 16 ਸਾਲ ਭੁੱਖ ਹੜਤਾਲ ਰੱਖਣ ਵਾਲੀ 44 ਸਾਲਾ ਇਰੋਮ ਸ਼ਰਮੀਲਾ ਚਾਨੂ ਵੱਲੋਂ ਨਵੀਂ ਸਿਆਸੀ ਪਾਰਟੀ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਓਕਰਮ ਇਬੋਬੀ ਦੇ ਹਲਕੇ ਥੋਬਲ ਤੋਂ ਉਨ੍ਹਾਂ ਵਿਰੁਧ ਚੋਣ ਲੜੇਗੀ। ਇਰੋਮ ਸ਼ਰਮੀਲਾ ਵੱਲੋਂ ਸਿਆਸੀ ਪਾਰਟੀ ਦਾ ਨਾਂ 'ਪੀਪਲਜ਼ ਰੀਸਰਜੈਂਸ ਐਂਡ ਜਸਟਿਸ ਅਲਾਇੰਸ' ਰੱਖਿਆ ਗਿਆ ਹੈ।

## ਡੇਰਾ ਮੁਖੀਆਂ ਵੱਲੋਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਬਾਰੇ ਸੁਣਵਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੀ 7 ਮੈਂਬਰੀ ਬੈਂਚ ਨੇ ਜਾਣਨਾ ਚਾਹਿਆ ਕਿ ਜੇ ਡੇਰਿਆਂ ਦੇ ਮੁਖੀਆਂ ਵੱਲੋਂ ਆਪਣੇ ਸ਼ਰਧਾਲੂਆਂ ਨੂੰ ਕਿਸੇ ਖਾਸ ਉਮੀਦਵਾਰ ਦੇ ਪੱਖ ਵਿਚ ਭੁਗਤਣ ਲਈ ਅਪੀਲਾਂ ਕੀਤੀਆਂ ਜਾਂਦੀਆਂ ਹਨ ਤਾਂ ਕੀ ਇਸ ਨਾਲ ਜਨ ਪ੍ਰਤੀਨਿਧਤਾ ਐਕਟ ਦੀ ਧਾਰਾ 123 ਤਹਿਤ ਜੇਤੂ ਉਮੀਦਵਾਰ ਨੂੰ ਅਯੋਗ ਠਹਿਰਾਇਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਐਕਟ ਤਹਿਤ ਧਰਮ, ਨਸਲ, ਜਾਤ, ਭਾਈਚਾਰੇ ਜਾਂ ਭਾਸ਼ਾ ਦੇ ਨਾਮ 'ਤੇ ਵੋਟਰਾਂ ਨੂੰ ਭਰਮਾਇਆ ਨਹੀਂ ਜਾ ਸਕਦਾ। ਬੈਂਚ ਵੱਲੋਂ ਹਿੰਦੁਤਵ ਦੇ ਨਾਮ 'ਤੇ ਵੋਟਾਂ ਮੰਗੇ ਜਾਣ ਦੇ ਮਾਮਲੇ ਦੀ ਅੱਜ ਤੋਂ ਮੁੜ ਸੁਣਵਾਈ ਸ਼ੁਰੂ ਕੀਤੀ ਗਈ ਹੈ। ਚੀਫ਼ ਜਸਟਿਸ ਟੀ ਐਸ ਠਾਕੁਰ ਦੀ ਅਗਵਾਈ ਹੇਠਲੇ ਬੈਂਚ ਨੇ ਅੱਜ ਜਿਵੇਂ ਹੀ ਚੋਣਾਂ ਨਾਲ ਸਬੰਧਤ ਅਪੀਲਾਂ 'ਤੇ ਅੰਤਿਮ ਸੁਣਵਾਈ ਸ਼ੁਰੂ ਕੀਤੀ ਤਾਂ ਉਨ੍ਹਾਂ ਕਈ ਸਵਾਲ ਉਠਾਏ। ਚੀਫ਼ ਜਸਟਿਸ ਅਤੇ ਜਸਟਿਸ ਏ.ਕੇ. ਗੋਇਲ ਨੇ ਕਿਹਾ, "ਜ਼ਿਆਦਾਤਰ ਡੇਰੇ ਨੈਤਿਕ ਅਤੇ ਰੂਹਾਨੀ ਕਦਰਾਂ ਕੀਮਤਾਂ ਦੇ ਆਧਾਰ 'ਤੇ ਕਾਇਮ ਹੋਏ ਹਨ ਨਾ ਕਿ ਧਾਰਮਿਕ ਜਾਂ ਫਿਰਕੂ ਆਧਾਰ 'ਤੇ ਇਨ੍ਹਾਂ ਨੂੰ ਬਣਾਇਆ ਗਿਆ ਹੈ। ਕਈ ਡੇਰਿਆਂ ਦੇ ਲੱਖਾਂ ਸ਼ਰਧਾਲੂ ਹਨ।" ਵਕੀਲ ਅਰਵਿੰਦ ਦਾਤਾਰ ਜੋ ਮਹਾਰਾਸ਼ਟਰ ਦੇ ਇਕ ਅਯੋਗ ਠਹਿਰਾਏ ਉਮੀਦਵਾਰ ਵੱਲੋਂ ਪੇਸ਼ ਹੋਏ ਸਨ, ਨੇ ਦਲੀਲ ਦਿੱਤੀ ਕਿ ਜੇ ਡੇਰਾ ਧਰਮ, ਜਾਤ ਜਾਂ ਜਨ ਪ੍ਰਤੀਨਿਧ ਐਕਟ ਦੇ ਘੇਰੇ ਵਿਚ ਨਹੀਂ ਆਉਂਦਾ ਤਾਂ ਉਸ ਵੱਲੋਂ ਉਮੀਦਵਾਰ ਨੂੰ ਦਿੱਤੀ ਗਈ ਹਮਾਇਤ ਕਾਨੂੰਨ ਤਹਿਤ ਗ਼ਲਤ ਨਹੀਂ ਹੋਏਗੀ।

## ਹੁਣ ਬੇਕਾਬੂ ਹੋਇਆ ਸ਼ਰਾਬ ਮਾਫੀਆ

(ਸਫਾ ਇਕ ਦੀ ਬਾਕੀ)

ਉਨ੍ਹਾਂ ਦਾ ਬਚਾਅ ਕਰਨ ਵਾਲੀ ਰਹੀ ਹੈ। ਹਾਕਮ ਧਿਰ ਵੱਲੋਂ ਆਪਣੇ ਸੌੜੇ ਸਿਆਸੀ ਅਤੇ ਵਪਾਰਕ ਮੰਤਵਾਂ ਲਈ ਬੁਣਿਆ ਗਿਆ ਇਹ ਤੰਤਰ ਹੀ ਦਲਿਤਾਂ ਸਮੇਤ ਆਮ ਆਦਮੀ ਦੀ ਸੁਰੱਖਿਆ ਅਤੇ ਜਾਨ-ਮਾਲ ਲਈ ਖ਼ਤਰਾ ਬਣ ਚੁੱਕਿਆ ਹੈ। ਸੂਬੇ ਵਿਚ ਹਥਿਆਰਾਂ ਦੇ ਵੱਡੀ ਪੱਧਰ 'ਤੇ ਜਾਰੀ ਕੀਤੇ ਗਏ ਲਾਇਸੈਂਸ ਅਤੇ ਗੈਂਗਸਟਰਾਂ ਦੇ ਪੈਦਾ ਹੋਏ ਗਰੋਹਾਂ ਨੇ ਆਮ ਲੋਕਾਂ ਦੀ ਨੀਂਦ ਹਰਾਮ ਕਰ ਰੱਖੀ ਹੈ।

## ਮਾਓਵਾਦੀ ਆਗੂ ਕੋਬਾਦ ਪਟਿਆਲਾ ਕੇਸ ਵਿਚੋਂ ਬਰੀ

**ਪਟਿਆਲਾ:** ਭੜਕਾਊ ਭਾਸ਼ਣ ਦੇਣ ਦੇ ਦੋਸ਼ਾਂ ਦੇ ਕੇਸ ਵਿਚੋਂ ਮਾਓਵਾਦੀ ਕੋਬਾਦ ਗਾਂਧੀ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਹ ਫ਼ੈਸਲਾ ਪਟਿਆਲਾ ਦੇ ਵਧੀਕ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਦੀ ਅਗਵਾਈ ਹੇਠਲੀ ਅਦਾਲਤ ਨੇ ਸੁਣਾਇਆ।

ਲਗਾਤਾਰ ਤਿੰਨ ਹਫ਼ਤਿਆਂ ਤੋਂ ਚੱਲ ਰਹੀ ਇਸ ਕੇਸ ਦੀ ਸੁਣਵਾਈ ਮੌਕੇ ਕੋਬਾਦ ਗਾਂਧੀ ਹਾਜ਼ਰ ਸੀ। ਕੇਸ ਦੇ ਜਲਦੀ ਨਿਬੇੜੇ ਲਈ ਮੁਲਜ਼ਮ ਨੂੰ ਅਦਾਲਤੀ ਆਦੇਸ਼ਾਂ 'ਤੇ ਤੇਲੰਗਾਨਾ ਦੀ ਜੇਲ੍ਹ ਤੋਂ ਲਿਆ ਕੇ ਪਟਿਆਲਾ ਜੇਲ੍ਹ ਵਿਚ ਰੱਖਿਆ ਗਿਆ ਸੀ। ਹੁਣ ਉਸ ਨੂੰ ਵਾਪਸ ਉਥੇ ਭੇਜਿਆ ਜਾਵੇਗਾ ਉਥੇ ਉਸ ਖ਼ਿਲਾਫ਼ ਦੋ ਦਰਜਨ ਕੇਸ ਚੱਲ ਰਹੇ ਹਨ। ਕੋਬਾਦ ਗਾਂਧੀ ਖ਼ਿਲਾਫ਼ ਥਾਣਾ ਸਦਰ ਪਟਿਆਲਾ ਵਿਚ ਇਹ ਕੇਸ 23 ਜਨਵਰੀ 2010 ਨੂੰ ਦਰਜ ਕੀਤਾ ਗਿਆ ਸੀ। ਉਸ 'ਤੇ 2009 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਭੜਕਾਊ ਭਾਸ਼ਣ ਦੇਣ ਦੇ ਦੋਸ਼ ਲੱਗੇ ਸਨ।

## ਕਲਾਕਾਰਾਂ ਨੂੰ ਲੱਗਿਆ ਸਰਹੱਦੀ ਤਣਾਅ ਦਾ ਸੇਕ

(ਸਫਾ ਇਕ ਦੀ ਬਾਕੀ)

ਅਦਾਕਾਰਾਂ ਵੱਲੋਂ ਨਰੇਂਦਰ ਮੋਦੀ ਸਰਕਾਰ ਦੀ ਫਿਰਕੂਵਾਦ ਵਾਲੀ ਰਣਨੀਤੀ 'ਤੇ ਸਵਾਲ ਚੁੱਕੇ ਜਾ ਰਹੇ ਹਨ।

ਇਸ ਵਿਵਾਦ ਉਤੇ ਉਘੇ ਫਿਲਮਸਾਜ਼ ਅਨੁਰਾਗ ਕਸ਼ਯਪ ਨੇ ਮੋਦੀ ਨੂੰ ਕਿਹਾ ਕਿ ਜਦੋਂ ਭਾਰਤੀ ਫਿਲਮਸਾਜ਼ਾਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ ਤਾਂ ਪ੍ਰਧਾਨ ਮੰਤਰੀ ਨੂੰ ਵੀ ਆਪਣੇ ਲਾਹੌਰ ਦੌਰੇ ਲਈ ਮੁਆਫੀ ਮੰਗਣੀ ਚਾਹੀਦੀ ਹੈ। 44 ਸਾਲਾ ਅਨੁਰਾਗ ਨੇ ਕਿਹਾ ਕਿ ਆਪਣੀਆਂ ਫਿਲਮਾਂ ਦੀ ਸ਼ੂਟਿੰਗ ਮੁਕੰਮਲ ਕਰ ਚੁੱਕੇ ਫਿਲਮਸਾਜ਼ ਹੀ ਰੋਕ ਦਾ ਸਾਹਮਣਾ ਕਿਉਂ ਕਰਨ? ਫਿਲਮ ਦੀ ਰਿਲੀਜ਼ ਰੁਕਣ ਨਾਲ ਨਿਰਮਾਤਾਵਾਂ ਨੂੰ ਹੋਣ ਵਾਲੇ ਨੁਕਸਾਨ ਦਾ ਮੁੱਦਾ ਚੁੱਕਦਿਆਂ ਅਨੁਰਾਗ ਨੇ ਕਿਹਾ ਕਿ ਨਰੇਂਦਰ ਮੋਦੀ ਜੀ, ਤੁਸੀਂ ਅਸਲ ਵਿਚ ਉਹ ਦੌਰਾ ਸਾਡੇ ਵੱਲੋਂ ਅਦਾ ਕੀਤੇ ਟੈਕਸਾਂ ਵਾਲੇ ਧਨ ਨਾਲ ਕੀਤਾ ਜਦੋਂ ਕਿ ਫਿਲਮ ਦੀ ਸ਼ੂਟਿੰਗ ਉਸ ਧਨ ਨਾਲ ਹੋਈ ਹੈ, ਜਿਸ ਉਤੇ ਕੋਈ ਵਿਆਜ ਅਦਾ ਕਰਦਾ ਹੈ। ਉਧਰ, ਅਦਾਕਾਰਾ ਪ੍ਰਿਅੰਕਾ ਚੋਪੜਾ ਅਤੇ ਕੁਝ ਹੋਰ ਕਲਾਕਾਰਾਂ ਨੇ ਸਵਾਲ ਕੀਤਾ ਹੈ ਕਿ ਹਮੇਸ਼ਾ ਕਲਾਕਾਰਾਂ ਜਾਂ ਅਦਾਕਾਰਾਂ ਨੂੰ ਕਿਸੇ ਵੀ ਸਿਆਸੀ ਏਜੰਡੇ ਦਾ ਵਿਰੋਧ ਕਿਉਂ ਝੱਲਣਾ ਪੈਂਦਾ ਹੈ। ਕਾਰੋਬਾਰੀਆਂ, ਡਾਕਟਰਾਂ, ਸਿਆਸਤਦਾਨਾਂ ਜਾਂ ਹੋਰਾਂ 'ਤੇ ਇਹ ਰੋਕ ਕਿਉਂ ਨਹੀਂ ਲਾਈ ਜਾਂਦੀ।

## ਗੁਰਦੁਆਰੇ 'ਤੇ ਕਬਜ਼ੇ ਦਾ ਮਾਮਲਾ ਲਾਹੌਰ ਹਾਈ ਕੋਰਟ ਪਹੁੰਚਿਆ

**ਲਾਹੌਰ:** ਪਾਕਿਸਤਾਨ ਦੇ ਜ਼ਿਲ੍ਹਾ ਟੋਬਾ ਟੇਕ ਸਿੰਘ ਦੀ ਦਾਣਾ ਮੰਡੀ ਵਿਚਲੇ ਗੁਰਦੁਆਰੇ 'ਤੇ ਕਬਜ਼ੇ ਸਬੰਧੀ ਦੋ ਗੁੱਟਾਂ ਵਿਚ ਕਸ਼ਮਕਸ਼ ਵਧ ਗਈ ਹੈ। ਸ਼ਹਿਰ ਦੀ ਈਦਗਾਹ ਰੋਡ ਸਥਿਤ 14 ਮਰਲੇ ਥਾਂ 'ਤੇ ਬਣੇ ਗੁਰਦੁਆਰੇ ਅਤੇ ਸਿੱਖ ਜੰਝਘਰ ਦੀ ਹੇਠਲੀ ਮੰਜ਼ਿਲ ਵਿਚ ਮੌਜੂਦਾ ਸਮੇਂ ਸਰਕਾਰੀ ਮਾਡਲ ਮਿਡਲ ਸਕੂਲ ਅਤੇ ਉਪਰਲੀ ਮੰਜ਼ਿਲ ਵਿਚ ਧਾਰਮਿਕ ਸੈਮੀਨਰੀ ਅੰਜੁਮਨ ਮਦਨੀਆ ਹਨਫ਼ੀਆ (ਦੇਵਬੰਦ) ਦਾ ਕਬਜ਼ਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਗੁਰਦੁਆਰੇ ਦੇ ਦੀਵਾਨ ਹਾਲ ਵਿਚ ਪ੍ਰਕਾਸ਼ ਅਸਥਾਨ 'ਤੇ ਗੰਦਗੀ ਅਤੇ ਕੂੜੇ ਦੇ ਢੇਰ ਲੱਗੇ ਹੋਏ ਹਨ ਅਤੇ ਧਾਰਮਿਕ ਸੈਮੀਨਰੀ ਨੇ ਗੁਰਦੁਆਰੇ ਦੀ ਇਮਾਰਤ ਨੂੰ ਢਾਹ ਕੇ ਉਸਦੀ ਥਾਂ ਨਵੀਂ ਇਮਾਰਤ ਉਸਾਰੇ ਜਾਣ ਦੀ ਯੋਜਨਾ ਬਣਾਈ ਹੈ। ਸੈਮੀਨਰੀ ਨੇ ਲਾਹੌਰ ਹਾਈ ਕੋਰਟ ਵਿਚ ਜੱਜ ਖ਼ਾਲਦ ਮਹਿਮੂਦ ਖ਼ਾਂ ਦੀ ਅਦਾਲਤ ਵਿਚ ਕੇਸ ਦਾਇਰ ਕਰਦਿਆਂ ਸਕੂਲ ਨੂੰ ਕਬਜ਼ਾ ਛੱਡਣ ਅਤੇ ਗੁਰਦੁਆਰੇ ਦੀ ਇਮਾਰਤ ਨੂੰ ਢਾਹੁਣ ਦੇ ਆਦੇਸ਼ ਦੇਣ ਦੀ ਅਪੀਲ ਕੀਤੀ ਹੈ।

ਗੁਰਦੁਆਰੇ ਵਿਚ ਬੁਲਾਈ ਗਈ ਪ੍ਰੈਸ ਕਾਨਫਰੰਸ ਵਿਚ ਮਜਲਸ ਉਲੇਮਾ ਦੇ ਮੌਲਾਨਾ ਅਮੀਨ ਰਬਾਨੀ ਅਤੇ ਹੋਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸਰਕਾਰ ਦੇ ਵਿਦਿਅਕ ਵਿਭਾਗ ਨੇ ਕਬਜ਼ਾ ਨਾ ਛੱਡਿਆ ਤਾਂ ਸੈਮੀਨਰੀ ਵੱਲੋਂ ਸਖ਼ਤ ਫੈਸਲਾ ਲਿਆ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਭਾਰਤ ਤੇ ਰੂਸ ਵਿਚਾਲੇ 43 ਹਜ਼ਾਰ ਕਰੋੜ ਦੇ ਤਿੰਨ ਵੱਡੇ ਰੱਖਿਆ ਸੌਦੇ

**ਬੈਨੌਲਿਮ (ਗੋਆ):** ਭਾਰਤ ਨੇ ਰੂਸ ਨਾਲ 43 ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਤਿੰਨ ਵੱਡੇ ਰੱਖਿਆ ਸੌਦਿਆਂ 'ਤੇ ਦਸਤਖਤ ਕੀਤੇ ਹਨ



ਜਿਨ੍ਹਾਂ ਵਿਚ ਅਤਿ ਆਧੁਨਿਕ ਮਿਜ਼ਾਈਲ ਪ੍ਰਣਾਲੀ ਖਰੀਦਣਾ ਵੀ ਸ਼ਾਮਲ ਹੈ।

ਬ੍ਰਿਕਸ ਸੰਮੇਲਨ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਹੋਈ ਗੱਲਬਾਤ ਤੋਂ ਬਾਅਦ ਕੁੱਲ 16 ਸਮਝੌਤਿਆਂ ਉਤੇ ਸਹੀ ਪਾਈ ਗਈ। ਦੋਹਾਂ ਮੁਲਕਾਂ ਨੇ ਵਪਾਰ ਅਤੇ ਨਿਵੇਸ਼, ਹਾਈਡਰੋਕਾਰਬਨ, ਪੁਲਾੜ ਅਤੇ ਸਮਾਰਟ ਸ਼ਹਿਰਾਂ ਵਰਗੇ ਸੈਕਟਰਾਂ ਵਿਚ ਰਿਸ਼ਤਿਆਂ ਨੂੰ ਹੁਲਾਰਾ ਦੇਣ ਲਈ ਤਿੰਨ ਐਲਾਨ ਵੀ ਕੀਤੇ।

ਸ੍ਰੀ ਮੋਦੀ ਅਤੇ ਸ੍ਰੀ ਪੂਤਿਨ ਨੇ ਕੁਡਾਨਕੁਲਮ ਪਰਮਾਣੂ ਪਾਵਰ ਪਲਾਂਟ ਦੀਆਂ ਦੋ ਯੂਨਿਟਾਂ ਦੇਸ਼ ਨੂੰ ਸਮਰਪਤ ਕੀਤੀਆਂ ਅਤੇ ਯੂਨਿਟ ਤਿੰਨ ਤੇ ਚਾਰ ਦਾ ਨੀਂਹ ਪੱਥਰ ਰੱਖਿਆ। ਦੋਵੇਂ ਮੁਲਕਾਂ ਨੇ ਅਤਿਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨਾਲ ਸਖ਼ਤੀ ਵਰਤਣ ਦੀ ਵਕਾਲਤ ਕੀਤੀ। ਭਾਰਤ ਵੱਲੋਂ ਰੂਸ ਤੋਂ ਲੰਬੀ ਦੂਰੀ ਦੀ ਹਵਾਈ ਰੱਖਿਆ ਮਿਜ਼ਾਈਲ ਪ੍ਰਣਾਲੀ ਐਸ-400 ਟਰਿੰਫ ਨੂੰ 5 ਅਰਬ ਡਾਲਰ (33,350 ਕਰੋੜ) 'ਚ ਖਰੀਦਣ ਦਾ ਸਮਝੌਤਾ ਕੀਤਾ ਗਿਆ। ਦੋ ਹੋਰ ਰੱਖਿਆ ਸੌਦਿਆਂ ਵਿਚ ਐਡਮਿਰਲ ਗ੍ਰਿਗੋਰੋਵਿਚ ਸ਼੍ਰੇਣੀ (ਪ੍ਰਾਜੈਕਟ 11356) ਦੇ ਮਿਜ਼ਾਈਲਾਂ ਵਾਲੇ ਚਾਰ ਜੰਗੀ ਬੇੜੇ (3,336 ਕਰੋੜ) ਖਰੀਦਣ ਅਤੇ ਕਾਮੋਵ ਹੈਲੀਕਾਪਟਰ (6672 ਕਰੋੜ) ਸਾਂਝੇ ਤੌਰ 'ਤੇ ਬਣਾਉਣਾ ਸ਼ਾਮਲ ਹਨ। ਇਹ ਸਮਝੌਤੇ ਅਹਿਮੀਅਤ ਰੱਖਦੇ ਹਨ ਕਿਉਂਕਿ ਭਾਰਤ ਵੱਲੋਂ ਫੌਜੀ ਸਾਜ਼ੋ ਸਾਮਾਨ ਦੇ ਲੈਣ-ਦੇਣ ਸਬੰਧੀ ਸਮਝੌਤੇ 'ਤੇ ਦਸਤਖਤ ਨਾਲ ਉਹ ਰਵਾਇਤੀ ਰੱਖਿਆ ਭਾਈਵਾਲ ਰੂਸ ਤੋਂ ਦੂਰ ਹੋ ਗਿਆ ਸੀ ਅਤੇ ਅਮਰੀਕਾ ਦੀਆਂ ਰੱਖਿਆ ਕੰਪਨੀਆਂ ਨੂੰ ਭਾਰਤ ਨਾਲ ਕਾਰੋਬਾਰ ਦੀ ਖੁੱਲ੍ਹ ਮਿਲ ਗਈ ਸੀ।

# ਗਰੀਨ ਹਾਊਸ ਗੈਸਾਂ 'ਚ ਕਟੌਤੀ ਲਈ ਬਣੀ ਸਹਿਮਤੀ

**ਕਿਗਾਲੀ:** ਵਾਤਾਵਰਨ ਬਦਲਾਅ ਨਾਲ ਨਜਿੱਠਣ ਤਹਿਤ ਭਾਰਤ ਸਮੇਤ 197 ਮੁਲਕ ਨੁਕਸਾਨਦਾਇਕ ਹਾਈਡਰੋਫਲੋਰੋਕਾਰਬਨ (ਐਚ.ਐਫ.ਸੀ.) ਨੂੰ ਖਤਮ ਕਰਨ ਲਈ ਇਤਿਹਾਸਕ ਸਮਝੌਤੇ 'ਤੇ ਪੁੱਜ ਗਏ ਹਨ। ਐਚ.ਐਫ.ਸੀ. ਵਿਚ ਆਲਮੀ ਤਪਸ਼ ਨੂੰ ਵਧਾਉਣ 'ਚ ਕਾਰਬਨ ਡਾਈਆਕਸਾਈਡ ਨਾਲੋਂ ਕਈ ਹਜ਼ਾਰਾਂ ਗੁਣਾ ਵੱਧ ਸਮਰੱਥਾ ਹੈ। ਐਚ.ਐਫ.ਸੀ. ਦੀ ਜ਼ਿਆਦਾਤਰ ਵਰਤੋਂ ਫ੍ਰਿਜਾਂ, ਏਅਰ ਕੰਡੀਸ਼ਨਾਂ ਅਤੇ ਐਰੋਸੋਲ ਸਪਰੇਆਂ ਵਿਚ ਹੁੰਦੀ ਹੈ।

ਵਾਰਤਾਕਾਰ ਅਤੇ ਨੀਤੀਘਾੜੇ ਪੂਰੀ ਰਾਤ ਸਮਝੌਤੇ 'ਤੇ ਪੁੱਜਣ ਲਈ ਬੈਠਕਾਂ ਕਰਦੇ ਰਹੇ ਅਤੇ ਅਖੀਰ ਮੌਂਟਰੀਅਲ ਪ੍ਰੋਟੋਕੋਲ 'ਚ ਸੋਧਾਂ ਦੇ ਮੱਤਭੇਦਾਂ ਨੂੰ ਦੂਰ ਕਰਦਿਆਂ ਕਿਗਾਲੀ ਸੋਧ 'ਤੇ ਪੁੱਜ ਗਏ। ਸੋਧ ਮੁਤਾਬਕ ਵਿਕਸਤ ਮੁਲਕ ਸਭ ਤੋਂ ਪਹਿਲਾਂ ਐਚ.ਐਫ.ਸੀ. ਘਟਾਉਣ ਦੀ ਕਵਾਇਦ



ਅਰੰਭਣਗੇ ਅਤੇ ਫਿਰ ਚੀਨ, ਭਾਰਤ ਅਤੇ 9 ਹੋਰ ਮੁਲਕ ਕਦਮ ਚੁੱਕਣਗੇ। ਸਮਝੌਤੇ ਨਾਲ 2045 ਤਕ ਐਚ.ਐਫ.ਸੀ. ਦੀ ਵਰਤੋਂ 85 ਫੀਸਦੀ ਘਟਣ ਦੀ ਉਮੀਦ ਹੈ। ਵਾਤਾਵਰਨ ਮੰਤਰੀ ਅਨਿਲ ਮਾਧਵ ਦਵੇ ਨੇ ਰਵਾਂਡਾ ਦੀ ਰਾਜਧਾਨੀ ਕਿਗਾਲੀ 'ਚ ਉਚ ਪੱਧਰੀ ਕਾਨਫਰੰਸ 'ਚ ਹਾਜ਼ਰੀ ਭਰੀ ਅਤੇ ਕਿਹਾ ਕਿ ਦੇਸ਼ ਦੇ ਹਿੱਤਾਂ ਸਮੇਤ ਵਿਕਾਸ, ਸਨਅਤੀ ਹਿੱਤਾਂ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ।

# ਗਰੀਨ ਟ੍ਰਿਬਿਊਨਲ ਨੂੰ ਵਿਗੜੇ ਹਾਲਾਤ 'ਤੇ ਚਿੰਤਾ

**ਚਮਕੌਰ ਸਾਹਿਬ:** ਪੰਜਾਬ ਵਿਚ ਵਿਗੜ ਰਹੇ ਵਾਤਾਵਰਨ ਤੋਂ ਚਿੰਤਤ ਰਾਸ਼ਟਰੀ ਗਰੀਨ ਟ੍ਰਿਬਿਊਨਲ ਨੇ ਇਸ ਸਾਲ ਪੰਜਾਬ ਸਰਕਾਰ ਨੂੰ ਪੱਤਰ ਜਾਰੀ ਕਰਦਿਆਂ ਫਸਲਾਂ ਦੀ ਕਟਾਈ ਤੇ ਗਹਾਈ ਤੋਂ ਬਾਅਦ ਬਚਦੀ ਪਰਾਲੀ ਜਾਂ ਹੋਰ ਰਹਿੰਦ-ਖੂੰਹਦ ਨੂੰ ਸਾਂਭਣ ਦਾ ਉਚਿਤ ਪ੍ਰਬੰਧ ਕਰਨ ਦੇ ਅਦੇਸ਼ ਦਿੱਤੇ ਸਨ।


ਪੱਤਰ ਵਿਚ ਸਪੱਸ਼ਟ ਤੌਰ 'ਤੇ ਫਸਲ ਦੀ ਕਟਾਈ ਤੋਂ ਬਾਅਦ ਲਾਈ ਜਾਂਦੀ ਅੱਗ ਨੂੰ ਰੋਕਣ ਲਈ ਸਖਤੀ ਕਰਨ ਲਈ ਵੀ ਕਿਹਾ ਗਿਆ ਸੀ। ਗਰੀਨ ਟ੍ਰਿਬਿਊਨਲ ਨੇ ਖੇਤਾਂ ਵਿਚ ਪਰਾਲੀ ਜਾਂ ਹੋਰ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਤੋਂ ਪਹਿਲਾਂ 5 ਹਜ਼ਾਰ ਰੁਪਏ ਤੇ ਜੇ ਦਿੱਤੀ ਚਿਤਾਵਨੀ 'ਤੇ ਵੀ ਉਹ ਨਾ ਰੁਕਣ ਤਾਂ 15 ਹਜ਼ਾਰ ਰੁਪਏ ਪ੍ਰਤੀ ਏਕੜ ਬਤੌਰ ਵਾਤਾਵਰਨ ਹਰਜਾਨਾ ਵਸੂਲਣ ਲਈ ਕਿਹਾ ਸੀ, ਪਰ ਚੋਣਾਂ ਨੇੜੇ ਹੋਣ ਕਾਰਨ ਸਰਕਾਰ ਵੱਲੋਂ ਵਾਤਾਵਰਨ ਸੰਭਾਲ ਸਬੰਧੀ ਕੋਈ ਢੁਕਵੇਂ ਪ੍ਰਬੰਧ ਨਹੀਂ ਕੀਤੇ ਗਏ।

ਚਮਕੌਰ ਸਾਹਿਬ ਦੇ ਇਲਾਕੇ ਵਿਚ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਾ ਕੇ ਸਾੜਿਆ ਜਾ ਰਿਹਾ ਹੈ ਤੇ ਤੁਰਤ ਹੀ ਖੇਤ ਨੂੰ ਵਾਹ ਦਿੱਤਾ ਜਾਂਦਾ ਹੈ ਤਾਂ ਕਿ ਪਤਾ ਨਾ ਲੱਗ ਸਕੇ। ਇਥੇ ਹੀ ਉਡਦੇ ਧੂੰਏਂ ਨਾਲ ਗਰੀਨ ਟ੍ਰਿਬਿਊਨਲ ਦੇ ਆਦੇਸ਼ ਵੀ ਉਡ ਰਹੇ ਹਨ। ਪ੍ਰਸ਼ਾਸਨ ਵੀ ਇਸ ਮਸਲੇ ਨੂੰ ਲੈ ਕੇ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਕਿਸਾਨਾਂ ਵੱਲੋਂ ਅਜਿਹਾ ਕਰਨ ਨਾਲ ਵਾਤਾਵਰਨ ਨੂੰ ਨੁਕਸਾਨ ਤਾਂ ਪੁੱਜਣਾ ਹੀ ਹੈ ਤੇ ਪੰਜਾਬ ਦੇ ਬੰਜਰ ਹੋਣ ਵੱਲ ਵਧ ਰਹੀ ਗਤੀ ਵਿਚ ਹੋਰ ਵੀ ਤੇਜ਼ੀ ਆ ਰਹੀ ਹੈ।

*To Advertise with Punjab Times*
***Call: 847-359-0746***
***punjabtimesusa.com***

**Business for Lease**
**Convenience store with liquor/ Beer/wine**
**Well established 2 year old in Michigan, doing 90,000/ month+lotto ATM.**
**Rent $4500/month+Goodwill for 7yrs or 10yrs.**
**Safe neibourhood, growing area.**
**Call: 269-806-2801**

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**
**ਫੋਨ (408) 687-1899**
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA
**7021 Village Park Way, Dublin, CA 94568**



*Gurdip Singh Sandhu*

Email:
Homeomedicine@yahoo.com

**ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ**
**ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼**
***ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ***
**ਫੋਨ: 757-240-9348**
41-43

**Satwant Singh Insurance Services**
***We serve all over California***
**Auto, Home, Life, Business, Workers Comp.**
***See how much you can save. Get free quote for Auto, Home, Life and Business.***
***Compare Auto, Home quotes online at our website: www.satwantins.com***

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ**




Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**
**San Jose: 2774 Aborn Road**
**San Jose, CA 95121**
**Sunnyvale: 830 Stewart Dr Ste #126**
**Sunnyvale, CA 94085**
**Fremont: 44790 S Grimmer Blvd,**
**Fremont, CA 94538**

**Call today for your FREE, no-obligation quote:**
**1-408-771-2438**
**satwant@satwantins.com**

# ਸਿਫਤੀ ਦੇ ਘਰ ਨੂੰ ਚਾਰ ਚੰਨ ਲਾਉਣਗੇ ਚਾਰ ਨਵੇਂ ਪ੍ਰਾਜੈਕਟ



**ਅੰਮ੍ਰਿਤਸਰ:** ਗੁਰੂ ਨਗਰੀ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਟਾਊਨ ਹਾਲ ਤੋਂ ਘੰਟਾ ਘਰ ਚੌਕ ਤੱਕ ਮੁੱਖ ਮਾਰਗ ਉਤੇ ਚੱਲ ਰਹੇ ਸੁੰਦਰੀਕਰਨ ਪ੍ਰੋਜੈਕਟ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਬਣੇ ਪਲਾਜ਼ਾ ਦਾ ਦੂਸਰੇ ਪੜਾਅ ਦਾ ਕੰਮ ਮੁਕੰਮਲ ਹੋਣ ਤੱਕ ਪੁੱਜ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਦਾ ਉਦਘਾਟਨ 24 ਅਕਤੂਬਰ ਨੂੰ ਹੋਣ ਉਪਰੰਤ ਇਹ ਲੋਕ ਅਰਪਿਤ ਹੋ ਜਾਣਗੇ।

ਸੁੰਦਰੀਕਰਨ ਪ੍ਰੋਜੈਕਟ ਜਿਸ 'ਤੇ ਤਕਰੀਬਨ 103 ਕਰੋੜ ਖਰਚ ਕੀਤਾ ਜਾ ਰਿਹਾ ਹੈ, ਇਸ ਤਹਿਤ ਜਿਥੇ ਪੂਰੇ ਰਸਤੇ ਉਤੇ ਕਟਨੀ ਸਟੋਨ (ਪੱਥਰ) ਅਤੇ ਫੁੱਟਪਾਥ 'ਤੇ ਗਰੇਅ ਨਾਈਟ ਪੱਥਰ ਲਗਾਇਆ ਗਿਆ ਹੈ, ਉਥੇ ਇਸ ਮਾਰਗ ਉਤੇ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਸ੍ਰੀ ਭੀਮ ਰਾਓ ਅੰਬੇਦਕਰ ਦੇ ਬੁੱਤ ਅਤੇ ਇਤਿਹਾਸਕ ਜਲ੍ਹਿਆ ਵਾਲਾ ਬਾਗ ਦੇ ਬਾਹਰਵਾਰ ਬਿਜਲੀ ਨਾਲ ਜਗਣ ਵਾਲੀ ਲਾਟ ਲਗਾਈ ਜਾ ਰਹੀ ਹੈ।

ਇਨ੍ਹਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ, ਭੀਮ ਰਾਓ ਅੰਬੇਦਕਰ ਤੇ ਜਲ੍ਹਿਆ ਵਾਲਾ ਬਾਗ ਦੇ ਬਾਹਰਵਾਰ ਅਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੇ ਸਮੂਹਿਕ ਬੁੱਤ ਅਤੇ ਜਲ੍ਹਿਆ ਵਾਲਾ ਬਾਗ ਦੇ ਸ਼ਹੀਦਾਂ ਦੀ ਸੂਚੀ ਵਾਲੀ ਪੱਥਰ ਦੀ ਲਾਟਨੁਮਾ ਯਾਦਗਾਰ ਸਥਾਪਤ ਕੀਤੀ ਗਈ ਹੈ। ਵਿਰਾਸਤੀ ਦਿਖ ਵਾਲੇ ਟਾਊਨ ਹਾਲ ਵਿਖੇ ਅਕਾਲੀ ਫੂਲਾ ਸਿੰਘ ਤੇ ਹਰੀ ਸਿੰਘ ਨਲੂਆ ਦੇ 2 ਬੁੱਤ ਲਗਾਏ ਜਾ ਰਹੇ ਹਨ। ਇਸ ਤੋਂ ਅੱਗੇ ਅੰਬੇਦਕਰ ਚਾਕ ਵਿਖੇ ਭੀਮ ਰਾਓ ਅੰਬੇਦਕਰ ਦਾ ਇਕ ਬੁੱਤ ਲਗਾਇਆ ਗਿਆ ਹੈ। ਫੁਹਾਰਾ ਚਾਕ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਇਕ ਬੁੱਤ ਲਗਾਇਆ ਗਿਆ ਹੈ, ਜਿਸ ਦੇ ਦੁਆਲੇ 8 ਸਿਪਾਹੀਆਂ ਦੇ ਬੁੱਤ, ਇਸ ਦੇ ਹੇਠਾਂ ਇਕ ਪਾਣੀ ਦਾ ਝਰਨਾ ਹੋਵੇਗਾ।

ਜਲ੍ਹਿਆ ਵਾਲਾ ਬਾਗ ਦੇ ਬਾਹਰਵਾਰ 1919 'ਚ ਸਾਕੇ ਦੇ ਸ਼ਹੀਦਾਂ ਦੀ ਸੂਚੀ ਵਾਲੀ ਚੁਫੇਰੇ ਸਿਲ ਲਗਾਈ ਗਈ ਹੈ ਜਿਸ ਦੇ ਉਪਰ ਆਜ਼ਾਦੀ ਪਰਵਾਨਿਆਂ ਦੇ ਚਿਹਰੇ ਤਰਾਸ਼ੇ ਗਏ ਹਨ। ਇਸ ਤੋਂ ਇਲਾਵਾ ਇਥੇ ਬਿਜਲੀ ਲਾਟ ਜਗੇਗੀ। ਟਾਊਨ ਹਾਲ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਸਾਰੀਆਂ ਇਮਾਰਤਾਂ ਨੂੰ ਇਕ ਜਿਹੀ ਵਿਰਾਸਤੀ ਦਿੱਖ ਦੇਣ ਵਾਲੇ ਫਸਾਡ ਪ੍ਰੋਜੈਕਟ ਜਿਸ 'ਤੇ 7 ਕਰੋੜ ਖਰਚ ਕੀਤਾ ਜਾ ਰਿਹਾ ਹੈ। ਜਿਸ ਦੇ ਤਹਿਤ ਨਾਨਕਸ਼ਾਹੀ ਇੱਟ, ਗੁਲਾਬੀ ਰੰਗ ਦਾ ਪੇਂਟ ਕੀਤਾ ਗਿਆ ਹੈ ਅਤੇ ਪੱਥਰ ਲਗਾਇਆ ਗਿਆ ਹੈ। ਵਪਾਰਕ ਅਦਾਰਿਆ ਦੇ ਬਾਹਰ ਇਕ ਆਕਾਰ, ਇਕ ਰੰਗ ਤੇ ਦਿੱਖ ਵਾਲੇ ਬੋਰਡ ਲਗਾਏ ਜਾਣਾ ਵੀ ਇਸ ਪ੍ਰੋਜੈਕਟ ਦਾ ਹਿੱਸਾ ਹਨ।

ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਰਸਤੇ 'ਤੇ ਵੱਖ-ਵੱਖ ਥਾਂਵਾਂ ਉਤੇ ਕਰੀਬ 7000 ਸਕੇਅਰ ਫੁਟ ਖੇਤਰ ਵਿਚ ਵੱਡੀਆਂ-ਵੱਡੀਆਂ ਸਕਰੀਨਾਂ ਲਗਾਈਆਂ ਜਾਣਗੀਆਂ, ਜਿਨ੍ਹਾਂ 'ਤੇ ਸਵੇਰੇ-ਸ਼ਾਮ ਗੁਰਬਾਣੀ ਦਾ ਕੀਰਤਨ ਹੋਵੇਗਾ ਅਤੇ ਇਸ ਤੋਂ ਇਲਾਵਾ ਬਾਕੀ ਸਮਾਂ ਇਸ਼ਤਿਹਾਰਬਾਜ਼ੀ ਅਤੇ ਸੈਲਾਨੀਆਂ ਨੂੰ ਸ਼ਹਿਰ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਸ੍ਰੀ ਹਰਿਮੰਦਰ ਸਾਹਿਬ ਦੇ ਰਸਤੇ 'ਤੇ ਧਰਮ ਸਿੰਘ ਮਾਰਕਿਟ ਵਿਖੇ ਇਕ ਵਿਸ਼ਾਲ ਸਟੇਜ ਬਣਾਈ ਜਾਵੇਗੀ, ਜਿਥੇ ਮਾਰਸ਼ਲ ਆਰਟ (ਗਤਕੇ) ਜੌਹਰ ਵਿਖਾਏ ਜਾਣਗੇ, ਇਸ ਤੋਂ ਇਲਾਵਾ ਪੰਜਾਬ ਦਾ ਲੋਕ ਨਾਚ ਭੰਗੜਾ, ਪੁਲਿਸ ਅਤੇ ਸੈਨਾ ਬੈਂਡ ਸੈਲਾਨੀਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਨਗੇ।

ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਵਾਰ 8250 ਵਰਗ ਮੀਟਰ 'ਚ ਸੁੰਦਰ ਪਲਾਜ਼ਾ ਬਣਾਇਆ ਜਾ ਰਿਹਾ ਹੈ। ਇਸ ਦੇ ਦੂਸਰੇ ਪੜਾਅ ਦੇ ਕੰਮ ਨੂੰ ਵੀ ਹੁਣ ਅੰਤਿਮ ਛੋਹ ਦਿੱਤੀ ਜਾ ਰਹੀ ਹੈ। 130 ਕਰੋੜ ਦੀ ਲਾਗਤ ਵਾਲੇ ਇਸ ਜ਼ਮੀਨਦੋਜ਼ ਹਿੱਸੇ 'ਚ 4 ਵਿਆਖਿਆ ਹਾਲ, 2 ਵੀ.ਵੀ.ਆਈ.ਪੀ. ਅਤੇ ਵੀ.ਆਈ.ਪੀ. ਲਾਂਚ, ਬਹੁਭਾਸ਼ੀ ਮੀਡੀਆ ਕੇਂਦਰ, ਜਨਤਕ ਸਹੂਲਤਾਂ ਲਈ ਪਖਾਨੇ, ਰੇਲ ਅਤੇ ਹਵਾਈ ਪੁੱਛਗਿੱਛ ਕੇਂਦਰ, ਏ.ਟੀ.ਐਮ ਤੋਂ ਇਲਾਵਾ 100 ਤੋਂ ਵਧੇਰੇ ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਵਾਲਾ ਕਾਨਫਰੰਸ ਹਾਲ, ਵੀ.ਵੀ.ਆਈ.ਪੀ. 20 ਗੱਡੀਆਂ ਦੀ ਸਮਰੱਥਾ ਵਾਲੀ ਪਾਰਕਿੰਗ ਨੂੰ ਬਣਾਇਆ ਗਿਆ ਹੈ।

### ਸ੍ਰੀ ਹਰਿਮੰਦਰ ਸਾਹਿਬ 'ਤੇ ਕਿੱਲੋ ਸੋਨਾ ਭੇਟ

**ਅੰਮ੍ਰਿਤਸਰ:** ਗੁਰੂ ਘਰ ਵਿਚ ਅਥਾਹ ਸ਼ਰਧਾ ਰੱਖਣ ਵਾਲੀ ਮੁੰਬਈ ਨਿਵਾਸੀ ਸ਼ਰਧਾਲੂ ਬੀਬੀ ਸੁਰਜੀਤ ਕੌਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਅਸਥਾਨ ਉਪਰ ਲੱਗਦੇ ਚੰਦੋਏ ਲਈ ਸੁਨਹਿਰੀ ਖੰਡੇ ਸਮੇਤ ਇਕ ਕਿੱਲੋ ਸੋਨੇ ਦੇ ਹਾਰ (ਸਿਹਰਾ ਪੱਟੀ) ਦੀ ਸੇਵਾ ਕਰਵਾਈ ਗਈ ਹੈ। ਇਹ ਸੇਵਾ ਕਰਾਉਣ ਸਮੇਂ ਭਾਈ ਸਤਨਾਮ ਸਿੰਘ ਅਰਦਾਸੀਆ ਵੱਲੋਂ ਅਰਦਾਸ ਕੀਤੀ ਤੇ ਗਿਆਨੀ ਜਗਤਾਰ ਸਿੰਘ ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਬੀਬੀ ਸੁਰਜੀਤ ਕੌਰ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ। ਉਪਰੰਤ ਦਫਤਰ ਸ਼੍ਰੋਮਣੀ ਕਮੇਟੀ ਵਿਖੇ ਬੀਬੀ ਸੁਰਜੀਤ ਕੌਰ ਨੂੰ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸਿਰੋਪਾਉ, ਲੋਈ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਕਿਰਪਾ ਸਦਕਾ ਬੀਬੀ ਸੁਰਜੀਤ ਕੌਰ ਵੱਲੋਂ ਗੁਰੂ ਘਰ ਲਈ 985 ਗ੍ਰਾਮ 24 ਕੈਰੇਟ ਸੋਨੇ ਵਿਚ ਤਕਰੀਬਨ 32 ਲੱਖ ਰੁਪਏ ਦੀ ਲਾਗਤ ਨਾਲ ਖੰਡੇ ਸਮੇਤ ਸੋਨੇ ਦਾ ਹਾਰ ਤਿਆਰ ਕਰਵਾਇਆ ਗਿਆ ਹੈ। ਇਸ ਮੌਕੇ ਬੀਬੀ ਸੁਰਜੀਤ ਕੌਰ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਸ਼ੁਕਰਾਨਾ ਕਰਦੀ ਹਾਂ ਜਿਨ੍ਹਾਂ ਨਿਮਾਣੀ ਕੋਲੋਂ ਇਹ ਸੇਵਾ ਲਈ ਹੈ।

## ਫਿਲਮ '31 ਅਕਤੂਬਰ' ਖਿਲਾਫ ਹਾਈ ਕੋਰਟ ਵਿਚ ਨਵੀਂ ਪਟੀਸ਼ਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਬਾਅਦ 1984 ਦੇ ਸਿੱਖ ਵਿਰੋਧੀ ਦੰਗਿਆਂ ਸਣੇ ਵੱਖ-ਵੱਖ ਘਟਨਾਵਾਂ ਅਧਾਰਤ ਬਾਲੀਵੁੱਡ ਫਿਲਮ '31 ਅਕਤੂਬਰ' ਦਾ ਇਕ ਵਾਰ ਫਿਰ ਦਿੱਲੀ ਹਾਈ ਕੋਰਟ ਵਿਚ ਵਿਰੋਧ ਕੀਤਾ ਗਿਆ ਹੈ। ਹਾਈ ਕੋਰਟ ਵੱਲੋਂ ਪੰਜ ਅਕਤੂਬਰ ਨੂੰ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕੀਤੇ ਜਾਣ ਬਾਅਦ ਇਸ ਦੀ ਰਿਲੀਜ਼ ਖਿਲਾਫ਼ ਮੁੜ ਨਵੀਂ ਪਟੀਸ਼ਨ ਦਾਖਲ ਕੀਤੀ ਗਈ ਹੈ।



ਅਦਾਲਤ ਨੇ ਕਿਹਾ ਸੀ ਕਿ ਪਟੀਸ਼ਨ ਸਹੀ ਢੰਗ ਨਾਲ ਤਿਆਰ ਨਹੀਂ ਕੀਤੀ ਗਈ, ਨਾ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ ਨਾਲ ਪਹਿਲਾਂ ਸੰਪਰਕ ਨਹੀਂ ਕੀਤਾ ਗਿਆ ਤੇ ਨਾ ਹੀ ਉਸ ਨੂੰ ਇਸ ਮਾਮਲੇ ਵਿਚ ਧਿਰ ਬਣਾਇਆ ਗਿਆ ਹੈ। ਪਟੀਸ਼ਨਰ ਨੇ ਹੁਣ ਬੋਰਡ ਨੂੰ ਆਪਣੀ ਪਟੀਸ਼ਨ ਵਿਚ ਧਿਰ ਬਣਾਇਆ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੋਹਾ ਅਲੀ ਖਾਨ ਤੇ ਵੀਰ ਦਾਸ ਅਭਿਨੀਤ ਫਿਲਮ ਦੇ ਟਰੇਲਰ, ਪੋਸਟਰ ਅਤੇ ਬੈਨਰਾਂ ਨੂੰ ਦੇਖਣ ਤੋਂ ਲੱਗਦਾ ਹੈ ਕਿ ਇਹ ਦੇਸ਼ ਦੀ ਸਭ ਤੋਂ ਪੁਰਾਣੇ ਸਿਆਸੀ ਦਲ ਦੀ ਵਿਚਾਰਧਾਰਾ ਦੇ ਖਿਲਾਫ਼ ਹੈ। ਇੰਦਰਾ ਗਾਂਧੀ ਦੀ ਹੱਤਿਆ 31 ਅਕਤੂਬਰ 1984 ਨੂੰ ਕੀਤੀ ਗਈ ਸੀ।

## ਆਰਥਿਕ ਸੰਕਟ: ਚੀਨ ਕਰੇਗਾ 3 ਲੱਖ ਸੈਨਿਕਾਂ ਦੀ ਛਾਂਟੀ

**ਬੀਜਿੰਗ:** ਆਰਥਿਕ ਸੰਕਟ ਵਿਚ ਘਿਰਿਆ ਚੀਨ ਹੁਣ ਆਪਣੀ ਸੈਨਾ ਵਿਚ ਸ਼ਾਮਲ ਜਵਾਨਾਂ ਦੀ ਛਾਂਟੀ ਕਰਨ ਦੀ ਤਿਆਰੀ ਕਰ ਰਿਹਾ ਹੈ। ਚੀਨ ਦੀ ਸੈਨਾ ਵਿਚ ਤਿੰਨ ਲੱਖ ਜਵਾਨਾਂ ਦੀ ਛਾਂਟੀ ਕੀਤੀ ਜਾਵੇਗੀ। ਇਸ ਦਾ ਕਾਰਨ ਗ੍ਰੋਥ ਰੇਟ ਵਿਚ ਵਿਚ ਕਮੀ ਨੂੰ ਦੱਸਿਆ ਜਾ ਰਿਹਾ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਪਹਿਲਾਂ ਹੀ ਸੈਨਾ ਵਿਚ ਕਟੌਤੀ ਦਾ ਐਲਾਨ ਕਰ ਚੁੱਕੇ ਹਨ।

ਅਸਲ ਵਿਚ ਚੀਨ ਆਪਣੀ ਸੈਨਾ ਨੂੰ ਹਾਈਟੈੱਕ ਕਰਨ ਦੀ ਤਿਆਰੀ ਵਿਚ ਹੈ, ਇਸੇ ਕਰ ਕੇ ਸੈਨਿਕਾਂ ਦੀ ਗਿਣਤੀ ਘਟਾ ਕੇ ਆਧੁਨਿਕ ਹਥਿਆਰਾਂ ਨਾਲ ਸੈਨਾ ਨੂੰ ਲੈਸ ਕੀਤਾ ਜਾ ਰਿਹਾ ਹੈ। ਚੀਨ ਦੇ ਕੋਲ ਦੁਨੀਆਂ ਦੀ ਸਭ ਤੋਂ ਵੱਡੀ ਸੈਨਾ ਹੈ, ਜਿਸ ਵਿਚ ਕਰੀਬ 23 ਲੱਖ ਸੈਨਿਕ ਹਨ। 23 ਲੱਖ ਸੈਨਿਕਾਂ ਉਤੇ ਚੀਨ ਦੇ ਬਜਟ ਦਾ ਵੱਡਾ ਹਿੱਸਾ ਖਰਚ ਹੁੰਦਾ ਹੈ।

ਇਸ ਕਰ ਕੇ ਚੀਨ ਸੈਨਿਕਾਂ ਦੀ ਛਾਂਟੀ ਕਰ ਕੇ ਆਪਣੇ ਰੱਖਿਆ ਬਜਟ ਵਿਚ ਕਟੌਤੀ ਕਰਨ ਦੀ ਤਿਆਰੀ ਵਿਚ ਹੈ। ਇਸ ਕਰ ਕੇ ਉਹ ਸੈਨਿਕਾਂ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਰਿਹਾ ਹੈ। ਚੀਨ ਦੇ ਮੀਡੀਆ ਦੇ ਇਕ ਹਿੱਸੇ ਅਨੁਸਾਰ ਕੁਝ ਸੈਨਿਕਾਂ ਨੇ ਛਾਂਟੀ ਦੇ ਵਿਰੋਧ ਵਿਚ ਸਰਕਾਰ ਵਿਰੋਧ ਪ੍ਰਦਰਸ਼ਨ ਵੀ ਕਰਨਾ ਸ਼ੁਰੂ ਕਰ ਦਿੱਤਾ ਹੈ। ਕੌਮਾਂਤਰੀ ਪੱਧਰ ਉਤੇ ਦੇਸ਼ ਦੀ ਛਵੀ ਖਰਾਬ ਹੁੰਦੀ ਦੇਖ ਚੀਨ ਨੇ ਇਸ ਨੂੰ ਅਫਵਾਹ ਕਰਾਰ ਦਿੱਤਾ ਹੈ। ਚੀਨੀ ਸੈਨਾ ਨੇ ਆਰਮਡ ਫੋਰਸ ਵਿਚ ਬਦਲਾਅ ਨੂੰ ਲੈ ਕੇ ਦੇਸ਼ ਵਿਚ ਚੱਲ ਰਹੀਆਂ ਅਫਵਾਹ ਉਤੇ ਧਿਆਨ ਨਾ ਦੇਣ ਦੀ ਅਪੀਲ ਲੋਕਾਂ ਨੂੰ ਕੀਤੀ ਹੈ।

## ਗੈਰਕਾਨੂੰਨੀ ਆਵਾਸ ਰੋਕਣ ਲਈ ਆਸਟਰੇਲੀਆ ਹੋਇਆ ਸਖਤ

**ਸਿਡਨੀ:** ਆਸਟਰੇਲੀਆ ਨੇ ਗੈਰਕਾਨੂੰਨੀ ਆਵਾਸ ਰੋਕਣ ਲਈ ਸਖ਼ਤੀ ਕੀਤੀ ਹੈ। ਇਸ ਨਾਲ ਕਿਸ਼ਤੀਆਂ ਰਾਹੀਂ ਆਉਂਦੇ ਸ਼ਰਨਾਰਥੀਆਂ ਅਤੇ ਮਨੁੱਖੀ ਤਸਕਰੀ ਉਪਰ ਲਗਾਮ ਲੱਗੀ ਹੈ, ਪਰ ਇਸ ਦੇ ਨਾਲ ਹੀ ਸਰਕਾਰ ਨੇ ਮਾਨਵਤਾ ਦੇ ਅਧਾਰ 'ਤੇ ਵਿਦੇਸ਼ਾਂ ਤੋਂ ਸ਼ਰਨਾਰਥੀ ਲੈਣ ਦਾ ਟੀਚਾ ਵੀ ਮਿਥਿਆ ਹੈ।

ਇਮੀਗ੍ਰੇਸ਼ਨ ਅਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ ਦੇ ਮੰਤਰੀ ਪੀਟਰ ਡਟਨ ਨੇ ਕਿਹਾ ਹੈ ਕਿ ਸਰਕਾਰ ਯਕੀਨੀ ਬਣਾ ਰਹੀ ਹੈ ਕਿ ਸਮੁੰਦਰੀ ਰਸਤੇ ਕਿਸ਼ਤੀਆਂ ਰਾਹੀਂ ਹੁੰਦੇ ਗੈਰਕਾਨੂੰਨੀ ਆਵਾਸ ਨੂੰ ਨੱਥ ਪਾਈ ਜਾਵੇ। ਇਸ 'ਚ ਕਾਮਯਾਬੀ ਮਿਲੀ ਹੈ। ਕੁਲੀਸ਼ਨ ਸਰਕਾਰ ਨੇ ਪਿਛਲੇ 800 ਦਿਨਾਂ ਤੋਂ ਕੋਈ ਵੀ ਮਨੁੱਖੀ ਤਸਕਰੀ ਨਾਲ ਸਬੰਧਤ ਕਿਸ਼ਤੀ ਦਾਖਲ ਨਹੀਂ ਹੋਣ ਦਿੱਤੀ। ਉਨ੍ਹਾਂ ਕਿਹਾ ਕਿ ਮਨੁੱਖੀ ਤਸਕਰ ਲੋਕਾਂ ਦੀ ਜਾਨ ਦੀ ਪ੍ਰਵਾਹ ਨਾ ਕਰ ਕੇ ਆਪਣਾ ਧੰਦਾ ਚਲਾ ਰਹੇ ਹਨ। ਪਿਛਲੀ ਲੇਬਰ ਸਰਕਾਰ ਦੌਰਾਨ 50,000 ਤੋਂ ਵੱਧ ਲੋਕ 800 ਕਿਸ਼ਤੀਆਂ ਰਾਹੀ ਆਸਟਰੇਲੀਆ ਪਹੁੰਚੇ ਸਨ। ਇਨ੍ਹਾਂ ਵਿਚੋਂ 1200 ਨੇ ਸਮੁੰਦਰ ਵਿਚ ਆਪਣੇ ਜੀਵਨ ਨੂੰ ਗੁਆ ਲਿਆ। ਤਕਰੀਬਨ 8000 ਬੱਚੇ ਹਿਰਾਸਤ ਕੇਂਦਰਾਂ ਵਿਚ ਸਨ।

ਮੰਤਰੀ ਨੇ ਕਿਹਾ ਕਿ ਆਸਟਰੇਲੀਆ ਘਰੇਲੂ ਜ਼ਰੂਰਤਾਂ ਅਨੁਸਾਰ ਹਰ ਸਾਲ ਸਕਿਲਡ ਮਾਈਗਰੇਸ਼ਨ ਤੇ ਹੋਰ ਸ਼੍ਰੇਣੀਆਂ ਵਿਚ ਬਕਾਇਦਾ ਪਰਵਾਸ ਨੀਤੀ ਨੂੰ ਅੱਪਡੇਟ ਕਰਦਾ ਹੈ। ਕੁਲੀਸ਼ਨ ਸਰਕਾਰ ਨੇ ਸੀਰੀਆ ਅਤੇ ਇਰਾਕ 'ਚ ਹੋਏ ਉਜਾੜੇ ਤੋਂ ਪ੍ਰਭਾਵਿਤ ਲੋਕਾਂ ਨੂੰ ਮਾਨਵਤਾ ਤਹਿਤ ਆਸਟਰੇਲੀਆ 'ਚ ਮੁੜ ਵਸੇਬੇ ਦੀ ਪੇਸ਼ਕਸ਼ ਕੀਤੀ ਹੈ। ਸਾਲ 2015-16 ਲਈ 15552 ਵੀਜ਼ੇ ਅਤੇ ਸਾਲ 2018-19 ਤੱਕ 18750 ਵੀਜ਼ੇ ਰਾਖਵੇਂ ਹਨ। ਉਨ੍ਹਾਂ ਕੁਲੀਸ਼ਨ ਸਰਕਾਰ ਦੀ ਮਜ਼ਬੂਤ ਸਰਹੱਦ ਸੁਰੱਖਿਆ ਨੀਤੀ ਦੀ ਪ੍ਰਾਪਤੀ ਤੇ ਵਚਨਬੱਧਤਾ ਨੂੰ ਦੁਹਰਾਇਆ।

## ਸ਼੍ਰੋਮਣੀ ਕਮੇਟੀ ਨੇ ਆਰ.ਐਸ.ਐਸ. ਨੂੰ ਤਾੜਿਆ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਰ.ਐਸ.ਐਸ. ਵੱਲੋਂ ਜਲੰਧਰ ਸ਼ਹਿਰ ਦੇ ਮਾਡਲ ਹਾਊਸ ਦੁਸਹਿਰਾ ਗਰਾਊਂਡ ਵਿਚ ਗਾਤਰੇ ਅਤੇ ਕਿਰਪਾਨ ਦੀ ਤਰਜ਼ 'ਤੇ ਛੁਰੀਆਂ ਪਾ ਕੇ ਮੋਟਰਸਾਈਕਲਾਂ ਉਤੇ ਮਾਰਚ ਕੱਢਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਗਾਤਰਾ ਅਤੇ ਕਿਰਪਾਨ ਸਿੱਖ ਪਹਿਰਾਵੇ ਦਾ ਇਕ ਅਹਿਮ ਹਿੱਸਾ ਹੈ ਅਤੇ ਇਸ ਦੇ ਧਾਰਨੀ ਬਨਣ ਸਮੇਂ ਸਿੱਖ ਧਰਮ ਦੀ ਧਾਰਮਿਕ ਪ੍ਰਕਿਰਿਆ ਵਿਚੋਂ ਲੰਘਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰ ਕੇ ਕਿਸੇ ਵੱਲੋਂ ਸਿੱਖ ਕਕਾਰਾਂ ਦੀ ਤੌਹੀਨ ਕਰਨੀ ਵੱਡੀ ਭੁੱਲ ਹੈ, ਜੋ ਆਰ.ਐਸ.ਐਸ. ਦੇ ਮੈਂਬਰਾਂ ਵੱਲੋਂ ਕੀਤੀ ਗਈ ਹੈ।

ਉਨ੍ਹਾਂ ਦੋਸ਼ ਲਾਇਆ ਕਿ ਆਰ.ਐਸ.ਐਸ. ਵੱਲੋਂ ਜਾਣਬੁੱਝ ਕੇ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਰ.ਐਸ.ਐਸ. ਦੀ ਇਸ ਕਰਤੂਤ ਤੋਂ ਪੂਰੇ ਸਿੱਖ ਭਾਈਚਾਰੇ ਵਿਚ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਰ.ਐਸ.ਐਸ. ਕਾਰਕੁਨਾਂ ਖਿਲਾਫ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਦੇ ਦੋਸ਼ਾਂ ਤਹਿਤ ਪਰਚਾ ਦਰਜ ਕੀਤਾ ਜਾਵੇ ਤੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਹਿਮਾਕਤ ਕਰਨ ਦੀ ਹਿੰਮਤ ਨਾ ਕਰੇ।

ਕੈਨੇਡਾ 'ਚ ਸਿੱਖ ਪਰਿਵਾਰ ਦੇ ਜ਼ਿੰਦਾ ਸੜ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੈਨੇਡਾ ਦੇ ਬਾਸ਼ਆ ਖੇਤਰ ਸਥਿਤ ਮੋਟਲ ਨੂੰ ਅੱਗ ਲਾਉਣ ਦੀ ਹੋਈ ਘਟਨਾ ਵਿਚ ਇਕ ਸਿੱਖ ਪਰਿਵਾਰ ਦੇ ਜ਼ਿੰਦਾ ਸੜ ਜਾਣ ਦੀ ਘਟਨਾ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਦੁਖਦਾਈ ਘਟਨਾ ਹੈ। ਜੇਕਰ ਇਸ ਘਟਨਾ ਨੂੰ ਕਿਸੇ ਸ਼ਰਾਰਤੀ ਅਨਸਰ ਨੇ ਜਾਣਬੁੱਝ ਕੇ ਅੰਜਾਮ ਦਿੱਤਾ ਹੈ ਤਾਂ ਇਹ ਇਨਸਾਨੀਅਤ ਦੇ ਨਾਂ 'ਤੇ ਇਕ ਬਦਨੁਮਾ ਦਾਗ ਹੈ। ਉਨ੍ਹਾਂ ਕਿਹਾ ਕਿ ਪ੍ਰਿੰਟ ਮੀਡੀਆ ਅਨੁਸਾਰ ਘਟਨਾ ਵਾਲੀ ਥਾਂ 'ਤੇ ਨਸਲੀ ਗ੍ਰਾਫਟੀ ਮਿਲੀ ਹੈ ਤੇ ਉਸ ਵਿਚ ਨਸਲੀ ਟਿੱਪਣੀਆਂ ਲਿਖੀਆਂ ਪਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇ ਇਹ ਸੱਚ ਹੈ ਤਾਂ ਕੈਨੇਡਾ ਦੀ ਸਰਕਾਰ ਇਸ ਘਟਨਾ ਦੀ ਤੁਰਤ ਪੜਤਾਲ ਕਰਵਾਏ ਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖਤ ਸਜ਼ਾ ਦਿੱਤੀ ਜਾਵੇ।

### ਮੰਗੂਵਾਲ ਦੇ ਨਿਰੰਜਨ ਦਾਸ ਭਗਤ ਨਹੀਂ ਰਹੇ

**ਟੋਰਾਂਟੋ (ਬਿਊਰੋ):** ਲੀਡਰ ਕਲੱਬ ਦੇ ਤਕੜੇ ਤੇ ਬਿਹਤਰੀਨ ਫੁੱਟਬਾਲ ਖਿਡਾਰੀ ਨਿਰੰਜਨ ਦਾਸ ਇਸ ਦੁਨੀਆਂ ਨੂੰ ਪਿਛਲੇ ਦਿਨੀਂ ਹਮੇਸ਼ਾਂ ਲਈ ਅਲਵਿਦਾ ਕਹਿ ਗਏ ਹਨ। ਉਹ 70 ਸਾਲਾਂ ਦੇ ਸਨ ਅਤੇ ਪੰਜਾਬ ਦੇ ਪਿੰਡ ਮੰਗੂਵਾਲ ਤੋਂ ਸਨ। ਉਹ ਆਪਣੇ ਪਿੱਛੇ ਲੈਕਚਰਾਰ ਪਤਨੀ ਕਮਲਜੀਤ ਕੌਰ, ਬੇਟਾ ਮਨਦੀਪ ਸਿੰਘ ਜੁਗਨੂੰ (ਫੁੱਟਬਾਲ ਖਿਡਾਰੀ), ਰੁਪਿੰਦਰ ਕੌਰ ਸੋਨੂੰ (ਅਥਲੀਟ) ਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਨਿਰੰਜਨ ਦਾਸ ਫੁੱਟਬਾਲ ਖੇਡਣ ਦੇ ਨਾਲ ਨਾਲ ਗਾਉਂਦੇ ਵੀ ਵਧੀਆ ਸਨ। ਪਟਿਆਲੇ ਕਾਲਜ ਵਿਚ ਪੜ੍ਹਦਿਆਂ ਉਨ੍ਹਾਂ ਦਾ ਮੁਕਾਬਲਾ ਗੁਰਦਾਸ ਮਾਨ ਹੁੰਦਾ। ਇਨਕਲਾਬੀ ਸਟੇਜਾਂ 'ਤੇ ਜੈਮਲ ਪੱਡਾ, ਸੰਤ ਰਾਮ ਉਦਾਸੀ ਤੇ ਪਾਸ਼ ਉਹਦੇ ਨਾਲ ਹੁੰਦੇ। ਡੀ.ਪੀ.ਈ. ਲੱਗ ਉਨ੍ਹਾਂ ਸਰਕਾਰੀ ਸਕੂਲ ਭੀਣ ਤੇ ਸੀਨੀਅਰ ਸੈਕੰਡਰੀ ਸਕੂਲ (ਲੜਕਿਆਂ) ਬੰਗਾ ਵਿਖੇ ਬਤੌਰ ਫਿਜ਼ੀਕਲ ਐਜੂਕੇਸ਼ਨ ਲੈਕਚਰਾਰ ਕਈ ਸਾਲ ਪੜ੍ਹਾਇਆ। 2006 'ਚ ਰਿਟਾਇਰ ਹੋ ਕੇ ਉਹ ਬੇਟੀ-ਬੇਟੇ ਕੋਲ ਟੋਰਾਂਟੋ ਆ ਗਏ ਸਨ। ਕੁਝ ਸਾਲਾਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਨਿਰੰਜਨ ਦਾਸ ਅਤੇ ਇਕਬਾਲ ਸਿੰਘ ਜੱਬੋਵਾਲੀਆ ਦੇ ਵੱਡੇ ਭਰਾ ਹੈਡਮਾਸਟਰ ਗਿਆਨ ਸਿੰਘ 'ਕੱਠੇ ਖੇਡਦੇ ਰਹੇ ਹਨ।

# ਮਾੜੇ ਅਤੀਤ ਨੇ ਪਾਇਆ ਡੋਨਲਡ ਟਰੰਪ ਨੂੰ ਚੁਫੇਰਿਓਂ ਘੇਰਾ

**ਨਿਊ ਯਾਰਕ:** ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਚੋਣ ਵਿਚ ਮਹੀਨੇ ਤੋਂ ਵੀ ਘੱਟ ਦਾ ਸਮਾਂ ਬਚਿਆ ਹੈ ਤੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਵਿਵਾਦਾਂ ਵਿਚ ਘਿਰ ਗਏ ਹਨ, ਜਿਸ ਦਾ ਅਸਰ ਉਨ੍ਹਾਂ ਦੀ ਪਹਿਲਾਂ ਤੋਂ ਕਮਜ਼ੋਰ ਮੁਹਿੰਮ 'ਤੇ ਵੀ ਪੈ ਰਿਹਾ ਹੈ।

ਹੁਣ ਪੰਜ ਹੋਰ ਔਰਤਾਂ ਨੇ ਟਰੰਪ ਉਤੇ ਜਿਨਸੀ ਸ਼ੋਸ਼ਣ ਕਰਨ ਤੇ ਜਬਰਦਸਤੀ ਛੂਹਣ ਦੇ ਦੋਸ਼ ਲਗਾਏ ਹਨ। 70 ਸਾਲ ਦੇ ਰਿਪਬਲੀਕਨ ਉਮੀਦਵਾਰ ਉਤੇ ਲੱਗੇ ਦੋਸ਼ਾਂ ਤੋਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦਾ ਸਾਲ 2005 ਦੀ ਵੀਡੀਓ ਸਾਹਮਣੇ ਆਈ ਸੀ, ਜਿਸ ਵਿਚ ਉਹ ਔਰਤਾਂ ਬਾਰੇ ਭੱਦੀ ਸ਼ਬਦਾਵਲੀ ਵਰਤ ਰਹੇ ਹਨ ਅਤੇ ਸ਼ੇਖੀ ਮਾਰ ਰਹੇ ਹਨ ਕਿ ਕਿਵੇਂ ਔਰਤਾਂ ਨੂੰ ਜਬਰਦਸਤੀ ਛੂੰਹਦੇ ਤੇ ਫੜਦੇ ਸਨ, ਪਰ ਸਟਾਰ ਹੋਣ ਕਾਰਨ ਬੜੇ ਸੌਖਿਆਂ ਹੀ ਬਚ ਜਾਂਦੇ ਸਨ। ਨਿਊ ਯਾਰਕ ਟਾਈਮਜ਼ ਨੇ ਦੋ ਔਰਤਾਂ ਵੱਲੋਂ ਟਰੰਪ ਉਤੇ ਲਗਾਏ ਦੋਸ਼ਾਂ ਨੂੰ ਵਿਸਥਾਰ ਨਾਲ ਛਾਪਿਆ ਹੈ।

ਪਾਮ ਬੀਚ ਪੋਸਟ ਮੁਤਾਬਕ ਇਕ ਹੋਰ ਔਰਤ ਨੇ ਵੀ ਅਜਿਹੇ ਹੀ ਦੋਸ਼ ਲਗਾਏ ਹਨ। ਅਪ੍ਰੈਂਟਾਈਮ ਦੀ ਜੈਨਿਫਰ ਮਰਫੀ ਦੀ ਤੇ ਪੀਪਲਜ਼ ਰਸਾਲੇ ਦੀ ਲੇਖਿਕਾ ਨਤਾਸ਼ਾ ਸਟਾਯਨਾਫ ਨੇ ਵੀ ਉਨ੍ਹਾਂ ਉਤੇ ਗੰਭੀਰ ਦੋਸ਼ ਲਗਾਏ ਹਨ। 74 ਸਾਲ ਦੀ ਜੈਸਿਕਾ ਲੀਡਸ ਦਾ ਦੋਸ਼ ਹੈ ਕਿ ਤਿੰਨ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਪਹਿਲਾਂ ਜਦੋਂ ਉਹ ਦੋਵੇਂ ਹਵਾਈ ਜਹਾਜ਼ ਵਿਚ ਇਕ ਦੂਜੇ ਨਾਲ ਬੈਠੇ ਸਨ ਤਾਂ ਟਰੰਪ ਨੇ ਉਨ੍ਹਾਂ ਨੂੰ ਜਬਰਦਸਤੀ ਛੂਹਿਆ।

ਨਿਊ ਯਾਰਕ ਟਾਈਮਜ਼ ਮੁਤਾਬਕ ਰਾਸ਼ੇਲ ਨੇ ਸਾਲ 2005 ਦੀ ਘਟਨਾ ਦੱਸੀ ਹੈ ਜਦੋਂ ਉਹ ਟਰੰਪ ਟਾਵਰ ਵਿਚ ਇਕ ਕੰਪਨੀ ਵਿਚ ਕੰਮ ਕਰਦੀ ਸੀ। ਉਦੋਂ ਰਾਸ਼ੇਲ 22 ਸਾਲ ਦੀ ਸੀ ਤੇ ਉਹ ਅਤੇ ਟਰੰਪ ਇਕ ਲਿਫਟ ਵਿਚ ਸਨ। ਜਦੋਂ ਰਾਸ਼ੇਲ ਨੇ ਉਨ੍ਹਾਂ ਨਾਲ ਹੱਥ ਮਿਲਾਉਣਾ ਚਾਹਿਆ ਤਾਂ ਟਰੰਪ ਨੇ ਉਸ ਨੂੰ ਚੁੰਮ ਲਿਆ।

36 ਸਾਲਾ ਮਿੰਡੀ ਮੈਕਗਿਲਿਵੇਰੀ ਨੇ ਪਾਮ ਬੀਚ ਪੋਸਟ ਨੂੰ ਦੱਸਿਆ ਸੀ ਕਿ 13 ਸਾਲ ਪਹਿਲਾਂ ਟਰੰਪ ਨੇ ਉਸ ਨੂੰ ਜਬਰਦਸਤੀ ਛੂਹਿਆ ਸੀ ਤੇ ਮਰਫੀ ਨੇ ਇਕ ਅਖਬਾਰ ਨੂੰ ਦੱਸਿਆ ਕਿ 2005 ਵਿਚ ਇਕ ਨੌਕਰੀ ਦੀ ਇੰਟਰਵਿਊ ਦੌਰਾਨ ਟਰੰਪ ਨੇ ਉਸ ਨੂੰ ਚੁੰਮ ਲਿਆ ਸੀ। ਸਟਾਯਨਾਫ ਨੇ ਵੀ 2005 ਦੀ ਅਜਿਹੀ ਹੀ ਘਟਨਾ ਦਾ ਜ਼ਿਕਰ ਕੀਤਾ ਹੈ। ਬੀਤੇ ਐਤਵਾਰ ਟਰੰਪ ਨੇ ਔਰਤਾਂ ਦਾ ਸ਼ੋਸ਼ਣ ਕਰਨ ਦੇ ਦੋਸ਼ਾਂ ਨੂੰ ਰੱਦ ਕੀਤਾ ਸੀ।

ਟਰੰਪ ਨੇ ਨਿਊ ਯਾਰਕ ਟਾਈਮਜ਼ ਉਪਰ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਹੈ। ਇਸ ਤੋਂ ਪਹਿਲਾਂ ਬਜ਼ਫੀਡ ਨਿਊਜ਼ ਨੇ 1997 ਦੇ ਮਿਸ ਟੀਨ ਯੂ.ਐਸ.ਏ. ਸੁੰਦਰਤਾ ਮੁਕਾਬਲੇ ਵਿਚ ਹਿੱਸਾ ਲੈਣ ਵਾਲੀਆਂ ਚਾਰ ਲੜਕੀਆਂ ਦੇ ਹਵਾਲੇ ਨਾਲ ਕਿਹਾ ਸੀ ਕਿ ਜਦੋਂ ਉਹ ਕੱਪੜੇ ਬਦਲ ਰਹੀਆਂ ਸਨ ਤਾਂ ਟਰੰਪ ਅਚਾਨਕ ਉਨ੍ਹਾਂ ਦੇ ਡਰੈਸਿੰਗ ਰੂਮ ਵਿਚ ਆ ਗਿਆ। ਉਧਰ, ਡੋਨਲਡ ਟਰੰਪ ਦੀਆਂ ਔਰਤਾਂ ਬਾਰੇ ਕੀਤੀਆਂ ਟਿੱਪਣੀਆਂ ਤੇ ਵੀਡੀਓ ਉਸ ਦਾ ਪਿੱਛਾ ਨਹੀਂ ਛੱਡ ਰਹੀਆਂ। ਹੁਣ ਉਸ ਦਾ 1992 ਦਾ ਇਕ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਉਹ ਇਕ ਲੜਕੀ ਨੂੰ ਕਹਿ ਰਿਹਾ ਹੈ ਕਿ ਉਹ ਅਗਲੇ ਦਸ ਸਾਲ ਉਸ ਨਾਲ ਡੇਟਿੰਗ ਕਰੇਗਾ।

### ਪੰਜ ਹੋਰ ਔਰਤਾਂ ਨੇ ਜਿਨਸੀ ਸ਼ੋਸ਼ਣ ਦਾ ਲਾਇਆ ਦੋਸ਼



### ਰਾਸ਼ਟਰਪਤੀ ਬਣਨ ਲਈ ਟਰੰਪ ਦਾ ਮੋਦੀ ਮੰਤਰ

**ਨਿਊ ਜਰਸੀ:** ਅਮਰੀਕਾ ਵਿਚ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਲਡ ਟਰੰਪ ਨੇ ਚੋਣਾਂ ਤੋਂ ਪਹਿਲਾਂ ਇਥੇ ਰਹਿਣ ਵਾਲੇ ਭਾਰਤੀ ਭਾਈਚਾਰੇ ਨੂੰ ਆਪਣੇ ਨਾਲ ਜੋੜਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਨਿਊਜਰਸੀ ਵਿਚ ਦਹਿਸ਼ਤਵਾਦ ਨਾਲ ਪੀੜਤ ਹਿੰਦੂਆਂ ਲਈ ਹੋ ਰਹੇ ਚੈਰਿਟੀ ਸਮਾਰੋਹ ਵਿਚ ਟਰੰਪ ਨੇ ਪਹੁੰਚ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਖੂਬ ਤਾਰੀਫ ਕੀਤੀ। ਸਮਾਰੋਹ ਵਿਚ ਪਹੁੰਚ ਕੇ ਟਰੰਪ ਪੂਰੀ ਤਰ੍ਹਾਂ ਭਾਰਤੀ ਸੰਸਕ੍ਰਿਤੀ ਵਿਚ ਰੰਗੇ ਹੋਏ ਦਿਖਾਈ ਦਿੱਤੇ। ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਆਖਿਆ ਕਿ ਉਹ ਹਿੰਦੂਆਂ ਅਤੇ ਭਾਰਤੀਆਂ ਨੂੰ ਬੇਹੱਦ ਪਿਆਰ ਕਰਦੇ ਹਨ। ਟਰੰਪ ਇਥੇ ਹੀ ਨਹੀਂ ਰੁਕੇ ਉਨ੍ਹਾਂ ਆਖਿਆ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਉਹ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਤਰ੍ਹਾਂ ਕੰਮ ਕਰਨਾ ਚਾਹੁੰਦੇ ਹਨ। ਟਰੰਪ ਨੇ ਆਖਿਆ ਕਿ ਨੌਕਰਸ਼ਾਹੀ ਵਿਚ ਜਿਸ ਤਰੀਕੇ ਨਾਲ ਮੋਦੀ ਨੇ ਭਾਰਤ ਵਿਚ ਬਦਲਾਅ ਲਿਆਂਦਾ ਹੈ, ਉਸ ਤਰ੍ਹਾਂ ਦੀ ਜ਼ਰੂਰਤ ਅਮਰੀਕਾ ਵਿਚ ਵੀ ਹੈ।

# ਬਰਿਕਸ ਮੁਲਕਾਂ ਨੇ ਲਿਆ ਅਤਿਵਾਦ ਦੇ ਖਾਤਮੇ ਦਾ ਅਹਿਦ

**ਬੇਨੌਲਿਮ (ਗੋਆ):** ਪੰਜ ਦੇਸ਼ਾਂ ਦੇ ਸ਼ਕਤੀਸ਼ਾਲੀ ਗਰੁੱਪ 'ਬਰਿਕਸ' ਨੇ ਸਾਰੇ ਦੇਸ਼ਾਂ ਨੂੰ ਆਪਣੇ ਖੇਤਰਾਂ ਵਿਚੋਂ ਅਤਿਵਾਦੀ ਕਾਰਵਾਈਆਂ ਰੋਕਣ ਲਈ ਕਿਹਾ ਹੈ ਅਤੇ ਸੰਗਠਨ ਨੇ ਇਸ ਖਤਰੇ ਵਿਰੁੱਧ ਪ੍ਰਭਾਵਸ਼ਾਲੀ ਤਰੀਕੇ ਨਾਲ ਲੜਾਈ ਲੜਨ ਲਈ ਭਾਰਤ ਦੇ ਸਮਰਥਨ ਵਾਲੀ ਸੰਯੁਕਤ ਰਾਸ਼ਟਰ ਦੀ ਵਿਸ਼ਵ ਸੰਧੀ ਨੂੰ ਬਿਨਾਂ ਦੇਰੀ ਅਪਨਾਉਣ ਦਾ ਸੱਦਾ ਦਿੱਤਾ ਹੈ।

ਬਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਗਰੁੱਪ ਦੇ ਸਾਲਾਨਾ ਸੰਮੇਲਨ ਵਿਖੇ ਜਾਰੀ ਕੀਤੇ ਗਏ ਐਲਾਨਨਾਮੇ ਵਿਚ ਸਾਰੇ ਦੇਸ਼ਾਂ ਨੂੰ ਅਤਿਵਾਦ, ਹਿੰਸਕ ਕੱਟੜਵਾਦ, ਅਤਿਵਾਦ ਲਈ ਭਰਤੀ, ਵਿਦੇਸ਼ੀ ਅਤਿਵਾਦੀਆਂ ਸਮੇਤ ਅਤਿਵਾਦੀਆਂ ਦੀਆਂ ਸਰਗਰਮੀਆਂ ਵਿਰੁੱਧ ਲੜਨ ਅਤੇ ਅਤਿਵਾਦ ਲਈ ਵਿੱਤੀ ਵਸੀਲੇ ਰੋਕਣ ਲਈ ਵਿਆਪਕ ਪਹੁੰਚ ਅਪਨਾਉਣ ਦਾ ਸੱਦਾ ਦਿੱਤਾ ਹੈ। ਗੋਆ ਸੰਮੇਲਨ ਦੀ ਸਮਾਪਤੀ ਮੌਕੇ ਜਾਰੀ ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਅਸੀਂ ਸਾਰੇ ਦੇਸ਼ਾਂ ਨੂੰ ਬਿਨਾਂ ਕਿਸੇ ਦੇਰੀ ਦੇ ਸੰਯੁਕਤ ਰਾਸ਼ਟਰ ਮਹਾ ਸਭਾ ਵਿਚ ਅੰਤਰਰਾਸ਼ਟਰੀ ਅਤਿਵਾਦ ਬਾਰੇ ਵਿਆਪਕ ਸੰਧੀ ਨੂੰ ਛੇਤੀ ਅਪਨਾਉਣ ਲਈ ਮਿਲ ਕੇ ਕੰਮ ਕਰਨ ਦੀ ਅਪੀਲ ਕਰਦੇ ਹਾਂ।



ਇਸ ਨੇ ਅਤਿਵਾਦ ਖਿਲਾਫ ਸਫਲਤਾਪੂਰਵਕ ਜੰਗ ਲਈ ਸਾਰੇ ਦੇਸ਼ਾਂ ਨੂੰ ਸੰਪੂਰਨ ਪਹੁੰਚ ਅਪਨਾਉਣ ਲਈ ਵੀ ਕਿਹਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਤਿਵਾਦ ਨਾਲ ਨਜਿੱਠਣ ਲਈ ਫੈਸਲਾਕੁਨ ਕਾਰਵਾਈ ਕਰਨ ਅਤੇ ਪਾਕਿਸਤਾਨ ਨੂੰ ਵਿਸ਼ਵ ਅਤਿਵਾਦ ਦੀ ਜਨਮ ਭੂਮੀ ਆਖਿਆ ਸੀ। ਬਰਿਕਸ ਨੇ ਕਿਹਾ ਕਿ ਕਾਲੇ ਧਨ ਨੂੰ ਚਿੱਟਾ ਕਰਨ, ਨਸ਼ੀਲੀਆਂ ਵਸਤਾਂ ਦੀ ਸਮਗਲਿੰਗ ਵਰਗੇ ਜਥੇਬੰਦਕ ਅਪਰਾਧਾਂ ਰਾਹੀਂ ਅਤਿਵਾਦੀਆਂ ਨੂੰ ਪੈਸੇ ਦੇਣ, ਅਪਰਾਧਿਕ ਕਾਰਵਾਈਆਂ, ਅਤਿਵਾਦੀਆਂ ਦੇ ਅੱਡੇ ਤਬਾਹ ਕਰਨ ਅਤੇ ਅਤਿਵਾਦੀ ਸੰਗਠਨਾਂ ਵਲੋਂ ਸੋਸ਼ਲ ਮੀਡੀਆ ਸਮੇਤ ਇੰਟਰਨੈੱਟ ਦੀ ਦੁਰਵਰਤੋਂ ਨੂੰ ਰੋਕਣਾ ਧਿਆਨ ਦੇਣ ਵਾਲੇ ਖੇਤਰ ਹੋਣੇ ਚਾਹੀਦੇ ਹਨ। ਐਲਾਨਨਾਮੇ ਵਿਚ ਕਿਹਾ ਗਿਆ ਕਿ ਅਤਿਵਾਦ ਵਿਰੋਧੀ ਸਾਰੇ ਉਪਾਅ ਅੰਤਰਰਾਸ਼ਟਰੀ ਕਾਨੂੰਨ ਅਤੇ ਮਾਨਵੀ ਹੱਕਾਂ ਦੇ ਸਤਿਕਾਰ ਮੁਤਾਬਕ ਹੋਣੇ ਚਾਹੀਦੇ ਹਨ। ਅਤਿਵਾਦ ਖਿਲਾਫ ਤਾਲਮੇਲ ਵਾਲੀਆਂ ਬਹੁਧਿਰੀ ਪਹੁੰਚਾਂ ਵਿਚ ਸੰਯੁਕਤ ਰਾਸ਼ਟਰ ਦੀ ਕੇਂਦਰੀ ਭੂਮਿਕਾ ਉਤੇ ਜ਼ੋਰ ਦਿੰਦਿਆਂ ਬਰਿਕਸ ਨੇ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮਤਿਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਅਤੇ ਸੰਯੁਕਤ ਰਾਸ਼ਟਰ ਦੇ ਅਤਿਵਾਦ ਵਿਰੋਧੀ ਢਾਂਚੇ ਦੀ ਪ੍ਰਭਾਵਸ਼ੀਲਤਾ ਵਧਾਉਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਣ। ਟੈਕਸ ਪ੍ਰਣਾਲੀ ਦਾ ਜ਼ਿਕਰ ਕਰਦਿਆਂ ਇਸ ਨੇ ਵਿਸ਼ਵ ਪੱਧਰੀ ਸਾਫ ਸੁਥਰੀ ਅਤੇ ਆਧੁਨਿਕ ਕਰ ਪ੍ਰਣਾਲੀ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ਹੈ ਅਤੇ ਅੰਤਰਰਾਸ਼ਟਰੀ ਸਹਿਮਤੀ ਵਾਲੇ ਮਿਆਰਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਵੱਡੀ ਪੱਧਰ 'ਤੇ ਲਾਗੂ ਕਰਨ ਵਿਚ ਹੋਈ ਪ੍ਰਗਤੀ ਦਾ ਸਵਾਗਤ ਕੀਤਾ ਹੈ।

### ਬਰਿਕਸ ਨੂੰ ਗੁੰਮਰਾਹ ਕੀਤਾ ਜਾ ਰਿਹੈ: ਪਾਕਿਸਤਾਨ

**ਇਸਲਾਮਾਬਾਦ:** ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਦੋਸ਼ ਲਾਇਆ ਹੈ ਕਿ ਮੋਦੀ ਦਹਿਸ਼ਤਗਰਦੀ ਦੇ ਮੁੱਦੇ 'ਤੇ ਬਰਿਕਸ ਅਤੇ ਬਿਮਸਟੈਕ ਮੁਲਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਂਜ ਅਜ਼ੀਜ਼ ਨੇ ਕਿਹਾ ਕਿ ਪਾਕਿਸਤਾਨ ਵੀ ਬਰਿਕਸ ਅਤੇ ਬਿਮਸਟੈਕ ਮੁਲਕਾਂ ਨਾਲ ਦਹਿਸ਼ਤਗਰਦੀ ਦੀ ਨਿਖੇਧੀ ਕਰਦਾ ਹੈ ਅਤੇ ਇਸ ਦੇ ਖਾਤਮੇ ਲਈ ਵਚਨਬੱਧ ਹੈ।

# ਪਾਕਿਸਤਾਨ ਦੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ 'ਤੇ ਪਾਬੰਦੀ



**ਲਾਹੌਰ:** ਪਾਕਿਸਤਾਨ ਵਿਚ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ ਦੀ ਮਾਲਕੀ ਵਾਲੇ ਪ੍ਰਾਈਵੇਟ ਸਕੂਲਾਂ ਦੇ ਇਕ ਸਮੂਹ ਵੱਲੋਂ ਪੰਜਾਬੀ ਨੂੰ ਖਰਾਬ ਭਾਸ਼ਾ ਕਰਾਰ ਦਿੰਦਿਆਂ ਸਕੂਲ ਕੈਂਪਸ ਦੇ ਅੰਦਰ ਤੇ ਬਾਹਰ ਇਸ ਉਪਰ ਪਾਬੰਦੀ ਲਗਾ ਦਿੱਤੀ ਗਈ ਹੈ। ਵੱਡੀ ਗਿਣਤੀ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਹੈ।

ਦਿ ਬਿਕਨਹਾਊਸ ਸਕੂਲ ਸਮੂਹ ਨੇ ਹਾਲ ਹੀ ਦੌਰਾਨ ਮਾਪਿਆਂ ਲਈ ਨੋਟੀਫਿਕੇਸ਼ਨ ਜਾਰੀ ਕਰ ਕੇ ਪੰਜਾਬੀ ਨੂੰ ਬੱਚਿਆਂ ਤੇ ਮਾਤਾ-ਪਿਤਾ ਲਈ ਖਰਾਬ ਭਾਸ਼ਾ ਕਰਾਰ ਦਿੱਤਾ ਹੈ। ਨੋਟੀਫਿਕੇਸ਼ਨ ਦੇ ਪੰਜਵੇਂ ਪੁਆਇੰਟ ਵਿਚ ਕਿਹਾ ਗਿਆ ਹੈ ਕਿ ਖਰਾਬ ਭਾਸ਼ਾ ਦੀ ਸਕੂਲ ਸਮੇਂ, ਘਰ ਵਿਚ, ਸਕੂਲ ਕੈਂਪਸ ਦੇ ਅੰਦਰ ਤੇ ਬਾਹਰ ਬੋਲਣ ਦੀ ਇਜਾਜ਼ਤ ਨਹੀਂ ਹੈ। ਨੋਟਿਸ ਵਿਚ ਤਾਅਨੇ, ਗਾਲ੍ਹਾਂ, ਪੰਜਾਬੀ ਤੇ ਨਫਰਤ ਫੈਲਾਉਣ ਵਾਲੇ ਭਾਸ਼ਣ ਨੂੰ ਖਰਾਬ ਭਾਸ਼ਾ ਕਰਾਰ ਦਿੱਤਾ ਗਿਆ ਹੈ। ਕਈ ਮਾਪੇ, ਪ੍ਰਮੁੱਖ ਪੰਜਾਬੀ ਭਾਸ਼ਾ ਕਾਰਕੁਨ ਤੇ ਸਾਹਿਤਕਾਰਾਂ ਨੇ ਸਕੂਲ ਪ੍ਰਸ਼ਾਸਨ ਨੇ ਇਸ ਨੋਟੀਫਿਕੇਸ਼ਨ ਨੂੰ ਤੁਰਤ ਵਾਪਸ ਲੈਣ ਦੀ ਮੰਗ ਕੀਤੀ ਹੈ ਅਤੇ ਨਾਲ ਹੀ ਮੁਆਫੀ ਮੰਗਣ ਲਈ ਕਿਹਾ ਹੈ।

ਪੰਜਾਬੀ ਵਿਦਵਾਨ ਤੇ ਕਾਲਮ ਨਵੀਸ ਮੁਸ਼ਤਾਕ ਸੂਫੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਨੋਟੀਫਿਕੇਸ਼ਨ ਸੋਸ਼ਲ ਮੀਡੀਆ ਉਪਰ ਦੇਖਿਆ ਹੈ ਤੇ ਇਹ ਪਾਕਿਸਤਾਨ, ਭਾਰਤ ਤੇ ਦੁਨੀਆਂ ਦੇ ਹੋਰ ਮੁਲਕਾਂ ਵਿਚ ਰਹਿ ਰਹੇ ਕਰੋੜਾਂ ਪੰਜਾਬੀਆਂ ਦਾ ਅਪਮਾਨ ਹੈ। ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਸਈਦ ਭੁੱਟਾ ਨੇ ਕਿਹਾ ਕਿ ਇਹ ਪੰਜਾਬੀ ਵਿਰਸੇ ਨੂੰ ਖਤਮ ਕਰਨ ਦੀ ਚਾਲ ਹੈ।

# ਪ੍ਰਦੂਸ਼ਣ ਕਾਰਨ ਬਦਰੰਗ ਹੋ ਰਿਹਾ ਹੈ ਤਾਜ ਮਹਿਲ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਖੋਜੀ ਦਲ ਨੇ ਕਿਹਾ ਹੈ ਕਿ ਇਤਿਹਾਸਕ ਤਾਜ ਮਹੱਲ ਕੋਲ ਸ਼ਹਿਰ ਦਾ ਕੂੜਾ ਸਾੜਨ ਨਾਲ ਇਹ ਵਿਸ਼ਵ ਧਰੋਹਰ ਬਦਰੰਗ ਹੋ ਰਹੀ ਹੈ। ਇਸ ਖੋਜ ਵਿਚ ਤਾਜ ਮਹਿਲ ਤੇ ਇਸ ਦੇ ਨੇੜੇ ਰਹਿਣ ਵਾਲੇ ਲੋਕਾਂ ਦੀ ਸਿਹਤ ਉਪਰ ਪਾਥੀਆਂ ਜਲਾਉਣ ਤੇ ਕੂੜਾ ਸਾੜਨ ਦੇ ਅਸਰ ਦੀ ਤੁਲਨਾ ਕੀਤੀ ਗਈ। ਮਿਨੀਸੋਟਾ ਯੂਨੀਵਰਸਿਟੀ ਦੇ ਅਜੈ ਨਾਗਪੁਰੇ ਅਤੇ ਜਾਰਜੀਆ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਰਾਜ ਲਾਲ ਸਣੇ ਖੋਜੀਆਂ ਨੇ ਵਿਗਿਆਨਕ ਸਬੂਤ ਦਿੱਤੇ ਹਨ ਕਿ ਕੂੜੇ ਨੂੰ ਸਾੜਨ ਦਾ ਅਸਰ ਤਾਜ ਮਹਿਲ ਉਪਰ ਪੈ ਰਿਹਾ ਹੈ।

ਵਿਗਿਆਨੀਆਂ ਨੇ ਦੇਖਿਆ ਕਿ ਖੁੱਲ੍ਹੇ ਵਿਚ ਕੂੜਾ ਸਾੜਨ ਨਾਲ ਹਵਾ ਪ੍ਰਦੂਸ਼ਣ ਤਾਜ ਮਹੱਲ ਦੀ ਸਤਹਿ ਉਪਰ ਜਮ੍ਹਾਂ ਹੁੰਦਾ ਹੈ। ਖੋਜੀ ਜਾਰਜੀਆ ਦੇ ਏ. ਰੱਸਲ ਨੇ ਕਿਹਾ ਕਿ ਸ਼ੁਰੂਆਤੀ ਖੋਜ ਵਿਚ ਦੇਖਿਆ ਗਿਆ ਕਿ ਕੂੜਾ ਸਾੜਨ ਉਪਰ ਪੂਰੀ ਪਾਬੰਦੀ ਲੱਗਣਾ ਅਸਰਦਾਰ ਨਹੀਂ ਹੈ ਕਿਉਂਕਿ ਹੋ ਸਕਦਾ ਹੈ ਕਿ ਲੋਕਾਂ ਕੋਲ ਕੋਈ ਹੋਰ ਰਾਹ ਨਹੀਂ ਹੈ। ਇਸ ਲਈ ਕੂੜਾ ਚੁੱਕਣ ਦੇ ਨਾਲ ਗੰਦਗੀ ਵਾਲੇ ਖੇਤਰਾਂ ਵਿਚ ਸੇਵਾਵਾਂ ਦੇਣ ਦੇ ਨਵੇਂ ਤਰੀਕੇ ਅਪਨਾਉਣੇ ਚਾਹੀਦੇ ਹਨ।

ਵਿਸ਼ਲੇਸ਼ਣ ਵਿਚ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ ਅਮੀਰ, ਗਰੀਬ ਤੇ ਦਰਮਿਆਨੀ ਆਮਦਨ ਵਾਲੇ ਲੋਕਾਂ ਦੇ ਖੇਤਰਾਂ ਕੋਲ ਕੂੜਾ ਸਾੜਨ ਤੇ ਕਾਰਬਨ ਪੈਦਾਵਾਰ ਉਪਰ ਗੌਰ ਕੀਤਾ ਗਿਆ। ਆਈ.ਆਈ.ਟੀ. ਕਾਨਪੁਰ ਦੇ ਸਚਿਦਾਨੰਦ ਤ੍ਰਿਪਾਠੀ ਤੇ ਮਿਨੀਸੋਟਾ ਦੇ ਅਨੂ ਰਾਮਾਸਵਾਮੀ ਨੇ ਕਿਹਾ ਕਿ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਸਿਹਤ ਸਬੰਧੀ ਚਿੰਤਾ ਪੈਦਾ ਕਰਨ ਵਾਲਾ ਹੈ, ਹਵਾ ਦੇ ਮਿਆਰ ਵਿਚ ਗਿਰਾਵਟ ਤੇ ਪ੍ਰਾਚੀਨ ਇਮਾਰਤਾਂ ਦੇ ਬਦਰੰਗ ਹੋਣ ਵਰਗੀਆਂ ਸਮੱਸਿਆਵਾਂ ਪੈਦਾ ਕਰਦਾ ਹੈ।



ਉਨ੍ਹਾਂ ਰਸਾਲੇ ਐਨਵਾਇਰਨਮੈਂਟ ਰਿਸਰਚ ਲੈਟਰਜ਼ ਵਿਚ ਕਿਹਾ ਕਿ ਆਗਰਾ ਵਿਚ ਅਧਿਕਾਰੀਆਂ ਨੇ ਤਾਜ ਮਹਿਲ ਵਿਚ ਸਥਾਨਕ ਹਵਾ ਪ੍ਰਦੂਸ਼ਣ ਦੇ ਅਸਰ ਉਪਰ ਕਾਬੂ ਪਾਉਣ ਲਈ ਕਈ ਉਪਾਅ ਕੀਤੇ ਹਨ। ਇਸ ਤਹਿਤ ਤਾਜ ਮਹਿਲ ਕੰਪਲੈਕਸ ਦੇ ਨੇੜੇ ਵਾਹਨਾਂ ਦੀ ਆਵਾਜਾਈ ਰੋਕ ਦਿੱਤੀ ਗਈ ਹੈ ਅਤੇ ਲੋਕਾਂ ਦੇ ਘਰਾਂ ਵਿਚ ਪਾਥੀਆਂ ਦੀ ਵਰਤੋਂ ਉਪਰ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਫੈਕਟਰੀਆਂ ਉਪਰ ਪ੍ਰਦੂਸ਼ਣ ਰੋਕੂ ਉਪਾਅ ਸਖਤੀ ਨਾਲ ਲਾਗੂ ਕੀਤੇ ਗਏ ਹਨ।

# ਅਨਤੋਨੀਓ ਗੁਟਰੇਜ਼ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨਿਯੁਕਤ

**ਸੰਯੁਕਤ ਰਾਸ਼ਟਰ:** ਪੁਰਤਗਾਲ ਦੇ ਸਾਬਕਾ ਪ੍ਰਧਾਨ ਮੰਤਰੀ ਅਨਤੋਨੀਓ ਗੁਟਰੇਜ਼ ਨੂੰ ਸੰਯੁਕਤ ਰਾਸ਼ਟਰ ਦਾ ਨਵਾਂ ਸਕੱਤਰ ਜਨਰਲ ਨਿਯੁਕਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਜਨਰਲ ਅਸੈਂਬਲੀ ਦੇ 193 ਮੈਂਬਰੀ ਮੁਲਕਾਂ ਨੇ ਮਤੇ ਨੂੰ ਸਵੀਕਾਰ ਕਰਦਿਆਂ 67 ਵਰ੍ਹਿਆਂ ਦੇ ਗੁਟਰੇਜ਼ ਨੂੰ ਸੰਯੁਕਤ ਰਾਸ਼ਟਰ ਦਾ 9ਵਾਂ ਸਕੱਤਰ ਜਨਰਲ ਬਣਾਉਣ 'ਤੇ ਮੋਹਰ ਲਾ ਦਿੱਤੀ। ਉਹ ਬਾਨ ਕੀ ਮੂਨ ਦੀ ਥਾਂ ਲੈਣਗੇ ਜਿਨ੍ਹਾਂ ਦੀ ਮਿਆਦ 31 ਦਸੰਬਰ ਨੂੰ ਮੁੱਕੇਗੀ। ਉਹ ਅਗਲੇ ਸਾਲ ਪਹਿਲੀ ਜਨਵਰੀ ਨੂੰ ਅਹੁਦਾ ਸੰਭਾਲਣਗੇ ਅਤੇ ਪੰਜ ਸਾਲਾਂ ਲਈ ਸੰਯੁਕਤ ਰਾਸ਼ਟਰ ਦੇ ਮੁਖੀ ਰਹਿਣਗੇ।

# ਮੁਲਾਜ਼ਮ ਜਥੇਬੰਦੀਆਂ ਨੇ ਘੱਤੀਆਂ ਬਾਦਲ ਦੀ ਕੋਠੀ ਵੱਲ ਵਹੀਰਾਂ

**ਚੰਡੀਗੜ੍ਹ:** ਪੰਜਾਬ ਕਾਂਗਰਸ ਸਮੇਤ ਸ਼ਹੀਦ ਫੌਜੀਆਂ, ਪੁਲਿਸ ਮੁਲਾਜ਼ਮਾਂ ਅਤੇ ਮ੍ਰਿਤਕ ਹੋਮਗਾਰਡ ਜਵਾਨਾਂ ਦੇ ਆਸ਼ਰਿਤਾਂ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਅੱਗੇ ਮੋਰਚੇ ਲਾ ਕੇ ਇਸ ਚੌਰਾਹੇ ਨੂੰ ਸੰਘਰਸ਼ ਦਾ ਅਖਾੜਾ ਬਣਾ ਦਿੱਤਾ ਗਿਆ ਹੈ। ਭਾਵੇਂ ਕਾਂਗਰਸ ਨੇ ਸਰਕਾਰ ਨਾਲ ਹੋਈ ਗੱਲਬਾਤ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਹੈ, ਪਰ ਹੋਰ ਜਥੇਬੰਦੀਆਂ ਹਾਲੇ ਇਥੇ ਹੀ ਡਟੀਆਂ ਹੋਈਆਂ ਹਨ।



ਅਚਨਚੇਤ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਪੁਲਿਸ ਮੁਲਾਜ਼ਮਾਂ ਦੀਆਂ ਵਿਧਵਾਵਾਂ ਨੇ ਮੁੱਖ ਮੰਤਰੀ ਕੋਠੀ ਵੱਲ ਕੂਚ ਕਰ ਕੇ ਪੁਲਿਸ ਨੂੰ ਭਾਜੜਾਂ ਪਾ ਦਿੱਤੀਆਂ। ਪੁਲਿਸ ਨੇ ਵਿਧਵਾਵਾਂ ਨੂੰ ਘੜੀਸ-ਘੜੀਸ ਕੇ ਬੱਸਾਂ ਵਿੱਚ ਸੁੱਟਿਆ ਅਤੇ ਸੈਕਟਰ-3 ਦੇ ਥਾਣੇ ਬੰਦ ਕਰ ਦਿੱਤਾ। ਇਸ ਮੌਕੇ ਗੁਰਦਾਸਪੁਰ ਤੋਂ ਆਈ ਚਰਨਜੀਤ ਕੌਰ ਤੇ ਸੁਨਾਮ ਦੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਅਤਿਵਾਦ ਦੌਰਾਨ ਮਾਰੇ ਗਏ ਆਈ.ਪੀ.ਐਸ. ਅਧਿਕਾਰੀਆਂ ਦੀਆਂ ਪਤਨੀਆਂ ਨੂੰ ਸਾਰੀ ਉਮਰ ਲਈ ਪੈਨਸ਼ਨਾਂ ਲਾਈਆਂ ਗਈਆਂ ਹਨ, ਪਰ ਪੁਲਿਸ ਮੁਲਾਜ਼ਮਾਂ ਦੀਆਂ ਪਤਨੀਆਂ ਨੂੰ 58 ਸਾਲ ਤੱਕ ਹੀ ਪੈਨਸ਼ਨ ਦਿੱਤੀ ਜਾ ਰਹੀ ਹੈ।

ਉਨ੍ਹਾਂ ਨੇ ਫੌਜੀ ਸ਼ਹੀਦਾਂ ਵਾਂਗ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਸਹੂਲਤਾਂ ਦੇਣ ਦੀ ਮੰਗ ਕੀਤੀ। ਪੁਲਿਸ ਨੇ ਵਿਧਵਾਵਾਂ ਨੂੰ ਸਾਰਾ ਦਿਨ ਥਾਣੇ ਤਾੜੀ ਰੱਖਿਆ ਅਤੇ ਸ਼ਾਮ ਨੂੰ ਰਿਹਾਅ ਕੀਤਾ। ਇਸੇ ਤਰ੍ਹਾਂ ਜੰਗੀ ਫੌਜੀ ਸ਼ਹੀਦਾਂ ਦੀਆਂ ਵਿਧਵਾਵਾਂ ਅਤੇ ਪਰਿਵਾਰਾਂ ਵੱਲੋਂ ਵੀ ਮੁੱਖ ਮੰਤਰੀ ਦੀ ਕੋਠੀ ਮੂਹਰੇ ਦਿਨ-ਰਾਤ ਦਾ ਧਰਨਾ ਚਲਾਇਆ ਗਿਆ। ਇਸ ਧਿਰ ਦੇ ਆਗੂਆਂ ਨੇ ਦੱਸਿਆ ਕਿ ਸਰਕਾਰ ਦੇ ਫੈਸਲੇ ਮੁਤਾਬਕ ਜੰਗੀ ਸ਼ਹੀਦਾਂ ਅਤੇ ਅਪਾਹਜ ਹੋਏ ਫੌਜੀਆਂ ਦੇ 161 ਪਰਿਵਾਰਾਂ ਨੂੰ ਸਮੂਹ ਜ਼ਿਲ੍ਹਿਆਂ ਦੇ ਕੁਲੈਕਟਰ ਰੇਟ ਦੀ ਔਸਤ ਦੇ ਆਧਾਰ 'ਤੇ ਦੋ-ਢਾਈ ਕਰੋੜ ਮੁਆਵਜ਼ਾ ਦੇਣ ਦੀ ਥਾਂ ਤਿੰਨ ਕਿਸ਼ਤਾਂ ਵਿਚ ਮਹਿਜ਼ 50 ਲੱਖ ਰੁਪਏ ਦਿੱਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਹਾਈ ਕੋਰਟ ਦਾ ਫੈਸਲਾ ਮੰਨਣ ਤੋਂ ਵੀ ਇਨਕਾਰੀ ਹੈ। ਮ੍ਰਿਤਕ ਹੋਮਗਾਰਡਾਂ ਦੀਆਂ ਵਿਧਵਾਵਾਂ ਅਤੇ ਪਰਿਵਾਰਾਂ ਵੱਲੋਂ ਵੀ ਇਸੇ ਕੋਠੀ ਅੱਗੇ ਧਰਨਾ ਦੇ ਕੇ 550 ਮ੍ਰਿਤਕ ਹੋਮਗਾਰਡਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 725 ਹੋਮ ਗਾਰਡਾਂ ਦੀਆਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਵੀ ਸਰਕਾਰ ਮ੍ਰਿਤਕ ਹੋਮ ਗਾਰਡ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀਆਂ ਨਾ ਦੇ ਕੇ ਬੇਇਨਸਾਫੀ ਕਰ ਰਹੀ ਹੈ। ਸਭ ਤੋਂ ਮਾੜੀ ਗੱਲ, ਪਿਛਲੇ ਕਾਫੀ ਸਮੇਂ ਤੋਂ ਸਰਕਾਰ ਉਨ੍ਹਾਂ ਦੀਆਂ ਮੰਗਾਂ ਧਿਆਨ ਨਾਲ ਸੁਣ ਵੀ ਨਹੀਂ ਰਹੀ ਹੈ।

### ਬਾਦਲ ਦੇ ਹਲਕੇ 'ਚ ਸੁਵਿਧਾ ਕਰਮਚਾਰੀਆਂ 'ਤੇ ਕਹਿਰ

**ਲੰਬੀ:** ਲੰਬੀ ਤੋਂ ਪਿੰਡ ਬਾਦਲ ਨੂੰ ਜਾਣ ਦੀ ਕੋਸ਼ਿਸ਼ ਵਿਚ ਸੁਵਿਧਾ ਕਾਮਿਆਂ ਨੂੰ ਪੁਲਿਸ ਨੇ ਭਜਾ-ਭਜਾ ਕੇ ਕੁੱਟਿਆ। ਆਹਮੋ ਸਾਹਮਣੇ ਟਕਰਾਅ ਵਿਚ ਸੁਵਿਧਾ ਕਰਮਚਾਰੀ ਤੇ ਪੁਲਿਸ ਮੁਲਾਜ਼ਮਾਂ ਦੇ ਜ਼ਖ਼ਮੀ ਹੋ ਗਏ। ਮੰਗਾਂ ਖਾਤਰ ਲੰਬੀ ਵਿਖੇ ਰੋਸ ਧਰਨਾ ਅਤੇ ਭੁੱਖ ਹੜਤਾਲ 'ਤੇ ਬੈਠੇ ਪੰਜਾਬ ਸਟੇਟ ਸੁਵਿਧਾ ਕਰਮਚਾਰੀ ਯੂਨੀਅਨ ਦੇ ਕਰਮਚਾਰੀ ਜਿਨ੍ਹਾਂ ਦੀ ਗਿਣਤੀ ਲਗਭਗ 600 ਦੇ ਕਰੀਬ ਸਨ, ਨੇ ਧਰਨੇ ਵਾਲੀ ਜਗ੍ਹਾ ਤੋਂ ਉਠ ਕੇ ਜਦੋਂ ਪਿੰਡ ਬਾਦਲ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਖਿਓਵਾਲੀ ਪੁਲਿਸ ਨਾਕੇ 'ਤੇ ਇਨ੍ਹਾਂ ਦਾ ਪੁਲਿਸ ਨਾਲ ਆਹਮੋ-ਸਾਹਮਣਾ ਹੋ ਗਿਆ, ਜਦੋਂ ਵੱਡੀ ਗਿਣਤੀ ਸੁਵਿਧਾ ਕਰਮਚਾਰੀਆਂ ਨੇ ਖਿਓਵਾਲੀ ਨਾਕੇ 'ਤੇ ਪੁਲਿਸ ਦੇ ਬੈਰੀਕੇਡ ਤੋੜਕੇ ਪਿੰਡ ਬਾਦਲ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਿਆ, ਇਸ ਦੌਰਾਨ ਦੋਵਾਂ ਧਿਰਾਂ ਵਿਚ ਹੋਈ ਹੱਥੋਪਾਈ ਤੋਂ ਬਾਅਦ ਪੁਲਿਸ ਨੇ ਸੁਵਿਧਾ ਕਰਮਚਾਰੀਆਂ 'ਤੇ ਲਾਠੀਚਾਰਜ ਕਰ ਦਿੱਤਾ। ਸੁਵਿਧਾ ਕਰਮਚਾਰੀ ਵਿਜੇ ਕੁਮਾਰ ਨੇ ਦੱਸਿਆ ਕਿ ਜਥੇਬੰਦੀ ਨੇ ਗੁਪਤ ਤੌਰ 'ਤੇ ਪ੍ਰੋਗਰਾਮ ਬਣਾਇਆ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਉਨ੍ਹਾਂ ਕੋਲ ਮੰਗ ਪੱਤਰ ਲੈਣ ਆਉਂਦੇ ਨਹੀਂ, ਤਾਂ ਆਪਾਂ ਹੀ ਪਿੰਡ ਬਾਦਲ ਜਾ ਕੇ ਉਨ੍ਹਾਂ ਨੂੰ ਆਪਣਾ ਮੰਗ ਪੱਤਰ ਦੇ ਕੇ ਆਈਏ। ਸੁਵਿਧਾ ਕਾਮੇ ਤਾਂ ਬੜੇ ਸ਼ਾਂਤ ਤਰੀਕੇ ਨਾਲ ਪਿੰਡ ਬਾਦਲ ਜਾ ਰਹੇ ਸਨ, ਪਰ ਪੁਲਿਸ ਨੇ ਉਨ੍ਹਾਂ ਤੇ ਪਹਿਲਾਂ ਤਾਂ ਪਾਣੀ ਦੀਆਂ ਬੁਛਾਰਾਂ, ਅੱਥਰੂ ਗੈਸ ਦੇ ਗੋਲੇ ਛੱਡੇ।

## ਪਾਕਿਸਤਾਨ ਨੇ ਮੁੜ ਅਲਾਪਿਆ ਕਸ਼ਮੀਰ ਮਸਲੇ ਦਾ ਰਾਗ

**ਇਸਲਾਮਾਬਾਦ:** ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਕਿਹਾ ਕਿ ਜੇਕਰ ਕਸ਼ਮੀਰ ਮਸਲਾ ਹੱਲ ਕਰਨ ਲਈ ਭਾਰਤ ਗੰਭੀਰ ਹੈ ਤਾਂ ਪਾਕਿਸਤਾਨ ਉਸ ਨਾਲ ਗੱਲਬਾਤ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਖੇਤਰ ਵਿਚ ਗੜਬੜ ਦਾ ਮੁੱਖ ਕਾਰਨ ਕਸ਼ਮੀਰ ਹੈ।

ਅਜ਼ਰਬਾਇਜਾਨ ਦੇ ਤਿੰਨ-ਰੋਜ਼ਾ ਫੇਰੀ ਦੇ ਆਖਰੀ ਦਿਨ ਨਵਾਜ਼ ਸ਼ਰੀਫ ਨੇ ਬਾਕੂ ਵਿਚ ਕਿਹਾ ਕਿ ਕਈ ਵਾਰ ਪਾਕਿਸਤਾਨ ਨੇ ਅਹਿਮ ਮਸਲਿਆਂ ਉਤੇ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ, ਪਰ ਭਾਰਤ ਨੇ ਕੋਈ ਹੁੰਗਾਰਾ ਨਹੀਂ ਭਰਿਆ। ਐਸੋਸੀਏਟ ਪ੍ਰੈਸ ਆਫ ਪਾਕਿਸਤਾਨ ਨੇ ਸ੍ਰੀ ਸ਼ਰੀਫ ਦੇ ਹਵਾਲੇ ਨਾਲ ਕਿਹਾ ਕਿ ਖੇਤਰ ਵਿਚ ਗੜਬੜ ਦਾ ਮੁੱਖ ਕਾਰਨ ਕਸ਼ਮੀਰ ਹੈ ਅਤੇ ਇਸ ਮਸਲੇ ਦੇ ਹੱਲ ਲਈ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮਤਿਆਂ ਤਹਿਤ ਵਚਨਬੱਧਤਾ ਪ੍ਰਤੀ ਭਾਰਤ ਨੂੰ ਗੰਭੀਰਤਾ ਦਿਖਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕਸ਼ਮੀਰ ਮਸਲੇ ਦੇ ਸ਼ਾਂਤੀਪੂਰਨ ਹੱਲ ਲਈ ਪਾਕਿਸਤਾਨ ਵਚਨਬੱਧ ਹੈ। ਉੜੀ ਵਿਚ ਫੌਜੀ ਕੈਂਪ 'ਤੇ ਹੋਏ ਅਤਿਵਾਦੀ ਹਮਲੇ ਪਿੱਛੇ ਪਾਕਿ ਦਾ ਹੱਥ ਹੋਣ ਸਬੰਧੀ ਭਾਰਤ ਵੱਲੋਂ ਲਾਏ ਗਏ ਦੋਸ਼ਾਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਛੇ ਘੰਟਿਆਂ ਅੰਦਰ ਹੀ ਭਾਰਤ ਨੇ ਪਾਕਿਸਤਾਨ ਖਿਲਾਫ਼ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਕੰਟਰੋਲ ਰੇਖਾ ਪਾਰ ਕੋਈ ਘੁਸਪੈਠ ਨਹੀਂ ਹੋਈ ਸੀ।

## ਵਾਰਾਨਸੀ 'ਚ ਗੰਗਾ ਕੰਢੇ ਭਾਜੜ, 25 ਮੌਤਾਂ

**ਚੰਦੌਲੀ:** ਵਾਰਾਨਸੀ ਅਤੇ ਚੰਦੌਲੀ ਦੀ ਹੱਦ 'ਤੇ ਰਾਜਘਾਟ ਪੁਲ ਉਪਰ ਭਾਜੜ ਮੱਚਣ ਕਾਰਨ 25 ਵਿਅਕਤੀ ਮਾਰੇ ਗਏ ਜਦਕਿ 60 ਹੋਰ ਜ਼ਖ਼ਮੀ ਹੋ ਗਏ। ਇਹ ਲੋਕ ਧਾਰਮਿਕ ਆਗੂ ਜੈ ਗੁਰੂਦੇਵ ਦੇ ਸ਼ਰਧਾਲੂ ਸਨ ਅਤੇ ਗੰਗਾ ਦੇ ਕੰਢੇ ਡੋਮਰੀ ਪਿੰਡ 'ਚ ਲੱਗਣ ਵਾਲੇ ਦੋ ਰੋਜ਼ਾ ਕੈਂਪ ਵਿਚ ਹਿੱਸਾ ਲੈਣ ਜਾ ਰਹੇ ਸਨ।



ਜਾਣਕਾਰੀ ਅਨੁਸਾਰ ਪ੍ਰਬੰਧਕ ਕੈਂਪ ਲਈ ਵੱਡੀ ਗਿਣਤੀ 'ਚ ਲੋਕਾਂ ਨੂੰ ਲੈ ਕੇ ਪੁੱਜ ਗਏ ਜਦਕਿ ਦੋ ਤੋਂ ਤਿੰਨ ਹਜ਼ਾਰ ਸ਼ਰਧਾਲੂਆਂ ਦੀ ਇਜਾਜ਼ਤ ਲਈ ਗਈ ਸੀ। ਪੁਲ ਉਪਰ ਭੀੜ ਵਧਣ ਕਾਰਨ ਇਕ ਵਿਅਕਤੀ ਦਮ ਤੋੜ ਗਿਆ ਜਿਸ ਕਾਰਨ ਅਫਵਾਹ ਫੈਲ ਗਈ ਅਤੇ ਭਾਜੜ ਮੱਚ ਗਈ। ਇਸ ਤੋਂ ਬਾਅਦ ਸਥਿਤੀ ਨੂੰ ਸੰਭਾਲਿਆ ਨਹੀਂ ਜਾ ਸਕਿਆ।

## ਹਵਾਈ ਹਾਦਸੇ 'ਚ ਅਲਬਰਟਾ ਦੇ ਸਾਬਕਾ ਪ੍ਰੀਮੀਅਰ ਦੀ ਮੌਤ

**ਕੈਲਗਰੀ:** ਅਲਬਰਟਾ ਦੇ ਸਾਬਕਾ ਮੁੱਖ ਮੰਤਰੀ ਜਿੰਮ ਪ੍ਰੇਂਟਿਸ ਦਾ ਜਹਾਜ਼ ਤਬਾਹ ਹੋਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਸਾਬਕਾ ਪ੍ਰੀਮੀਅਰ ਜਿੰਮ ਪ੍ਰੇਂਟਿਸ (60) ਦੇ ਜਹਾਜ਼ ਨੇ ਕਲੋਨਾ ਬੀ.ਸੀ. ਤੋਂ ਕੈਲਗਰੀ ਆਉਣ ਲਈ ਉਡਾਣ ਭਰੀ ਸੀ, ਪਰ ਰਸਤੇ 'ਚ ਜਹਾਜ਼ ਤਬਾਹ ਹੋ ਗਿਆ। ਉਨ੍ਹਾਂ ਨਾਲ ਜਹਾਜ਼ ਵਿਚ ਤਿੰਨ ਹੋਰ ਵਿਅਕਤੀ ਹੋਣ ਦੀ ਪੁਸ਼ਟੀ ਹੋਈ ਹੈ। ਜਹਾਜ਼ ਵਿਚ ਕੁੱਲ 4 ਵਿਅਕਤੀ ਸਫਰ ਕਰ ਰਹੇ ਸਨ।

ਸ੍ਰੀ ਜਿੰਮ ਪ੍ਰੇਂਟਿਸ ਅਲਬਰਟਾ ਦੇ 16ਵੇਂ ਪ੍ਰੀਮੀਅਰ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ ਵੱਲੋਂ ਪੰਜਾਬੀ ਭਾਈਚਾਰੇ ਲਈ ਨਿਭਾਈਆਂ ਸੇਵਾਵਾਂ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਸੀ। ਉਨ੍ਹਾਂ ਗੁਰੂ ਘਰ ਦੀ ਉਸਾਰੀ ਸਮੇਂ ਕਾਫੀ ਸਹਿਯੋਗ ਦਿੱਤਾ ਸੀ। ਅਲਬਰਟਾ ਦੀ ਮੌਜੂਦਾ ਮੁੱਖ ਮੰਤਰੀ ਰੇਚਲ ਨੋਟਲੇ, ਸੰਸਦ ਮੈਂਬਰ ਦਰਸ਼ਨ ਸਿੰਘ ਕੰਗ, ਕੈਬਨਿਟ ਮੰਤਰੀ ਇਰਫਾਨ ਸਾਬਰ, ਵਿਧਾਇਕ ਪ੍ਰਭ ਗਿੱਲ ਅਤੇ ਉਨ੍ਹਾਂ ਦੇ ਪਾਰਟੀ ਆਗੂ ਰਿੱਕ ਮਕੈਵਰ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਕੈਨੇਡਾ ਦੇ ਹੋਰ ਲੀਡਰਾਂ ਨੇ ਵੀ ਸ੍ਰੀ ਜਿੰਮ ਪ੍ਰੇਂਟਿਸ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਵਾਈ ਹੈ।

## ਪਾਕਿ ਦੇ ਪਰਮਾਣੂ ਹਥਿਆਰਾਂ ਤੋਂ ਭਾਰਤ ਫਿਕਰਮੰਦ

**ਵਾਸ਼ਿੰਗਟਨ:** ਭਾਰਤ ਦੇ ਸਾਬਕਾ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਨੂੰ ਅਸਲ ਖਤਰਾ ਅਤਿਵਾਦੀ ਸੰਗਠਨਾਂ ਤੋਂ ਨਹੀਂ, ਫੌਜ ਦੇ ਅੰਦਰ ਮੌਜੂਦ ਅਸਥਿਰ ਤੱਤਾਂ ਤੋਂ ਹੈ।

ਉਨ੍ਹਾਂ ਕਿਹਾ ਕਿ ਅਤਿਵਾਦੀਆਂ ਕੋਲ ਤਬਾਹੀ ਮਚਾਉਣ ਲਈ ਆਸ ਤੋਂ ਕਿਤੇ ਸਸਤੇ ਤੇ ਆਸਾਨ ਰਾਹ ਹਨ। ਪਰਮਾਣੂ ਹਥਿਆਰ ਕਾਫੀ ਗੁੰਝਲਦਾਰ ਹਥਿਆਰ ਹਨ, ਜਿਨ੍ਹਾਂ ਦਾ ਪ੍ਰਬੰਧ ਕਰਨਾ, ਵਰਤੋਂ ਕਰਨੀ ਤੇ ਉਨ੍ਹਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣਾ ਔਖਾ ਹੈ ਅਤੇ ਇਸ ਲਈ ਉੱਚ ਪੱਧਰ ਦੇ ਹੁਨਰ ਦੀ ਲੋੜ ਹੁੰਦੀ ਹੈ। ਸ੍ਰੀ ਮੈਨਨ ਨੇ ਆਪਣੀ ਪੁਸਤਕ 'ਚੁਆਇਸਿਸ: ਇਨ ਸਾਈਡ ਦਾ ਮੇਕਿੰਗ ਇੰਡੀਅਨਜ਼ ਫਾਰੇਨ ਪਾਲਿਸੀ' ਵਿਚ ਕਿਹਾ, 'ਮੇਰੇ ਹਿਸਾਬ ਨਾਲ ਪਰਮਾਣੂ ਹਥਿਆਰਾਂ ਨੂੰ ਅਸਲ ਖਤਰਾ ਅੰਦਰ ਦੇ ਲੋਕਾਂ, ਕਿਸੇ ਪਾਕਿਸਤਾਨੀ ਪਾਇਲਟ ਜਾਂ ਕਿਸੇ ਬ੍ਰਿਗੇਡੀਅਰ ਤੋਂ ਹੈ, ਜੋ ਆਦੇਸ਼ ਦਿੱਤੇ ਜਾਣ ਉਤੇ ਜਾਂ ਉਸ ਤੋਂ ਬਗੈਰ ਹੀ ਪਰਮਾਣੂ ਜਹਾਦ ਸ਼ੁਰੂ ਕਰਨ ਦ ਫੈਸਲਾ ਲੈਂਦੇ ਹਨ।' ਉਨ੍ਹਾਂ ਕਿਹਾ ਦੁਨੀਆਂ ਵਿਚ ਇਕੋ ਇਕ ਦੇਸ਼ ਪਾਕਿਸਤਾਨ ਹੈ, ਜਿਸ ਵਿਚ ਪਰਮਾਣੂ ਹਥਿਆਰ ਪ੍ਰੋਗਰਾਮ 'ਤੇ ਸਿਰਫ ਫੌਜ ਦਾ ਕੰਟਰੋਲ ਹੈ। ਭਾਰਤ ਕੋਲ ਮੌਜੂਦ ਪਰਮਾਣੂ ਹਥਿਆਰ ਇਸ ਦੀ ਕੌਮੀ ਸੁਰੱਖਿਆ ਵਿਚ ਯੋਗਦਾਨ ਦਿੰਦੇ ਹਨ ਤਾਂ ਜੋ ਹੋਰ ਦੇਸ਼ ਉਸ ਨੂੰ ਪਰਮਾਣੂ ਹਥਿਆਰਾਂ ਦੇ ਮਾਮਲੇ 'ਤੇ ਬਲੈਕਮੇਲ ਨਾ ਕਰ ਸਕਣ।

## ਅਮਰੀਕੀ ਗੀਤਕਾਰ ਬੌਬ ਡਾਇਲਾਨ ਨੂੰ ਨੋਬੇਲ ਸਾਹਿਤ ਪੁਰਸਕਾਰ

**ਸਟਾਕਹੋਮ:** ਅਮਰੀਕੀ ਗਾਇਕ ਅਤੇ ਗੀਤਕਾਰ ਬੌਬ ਡਾਇਲਾਨ ਨੂੰ ਇਸ ਸਾਲ ਦਾ ਨੋਬੇਲ ਸਾਹਿਤ ਪੁਰਸਕਾਰ ਦਿੱਤਾ ਜਾਏਗਾ। ਇਹ ਵੱਕਾਰੀ ਪੁਰਸਕਾਰ ਜਿੱਤਣ ਵਾਲੇ ਉਹ ਪਹਿਲੇ ਗੀਤਕਾਰ ਹਨ। ਡਾਇਲਾਨ ਦੇ ਨਾਮ ਦਾ ਐਲਾਨ ਹੋਣ ਨਾਲ ਸਾਹਿਤ ਦੇ ਨੋਬੇਲ 'ਤੇ ਨਜ਼ਰਾਂ ਟਿਕਾਈ ਬੈਠੇ ਲੋਕ ਹੈਰਾਨ ਰਹਿ ਗਏ। ਸਵੀਡਿਸ਼ ਅਕੈਡਮੀ ਨੇ ਕਿਹਾ ਕਿ 75 ਵਰ੍ਹਿਆਂ ਦੇ ਡਾਇਲਾਨ ਨੂੰ ਅਮਰੀਕੀ ਗੀਤਾਂ ਦੀ ਲੰਬੀ ਰਵਾਇਤ ਵਿਚ ਕਈ ਸ਼ੈਲੀਆਂ ਵਿਕਸਤ ਕਰਨ ਲਈ ਨੋਬੇਲ



ਪੁਰਸਕਾਰ ਦਿੱਤਾ ਗਿਆ ਹੈ। ਲੋਕ ਗਾਇਕ ਪਹਿਲਾਂ ਨੋਬੇਲ ਦੇ ਸੰਭਾਵੀ ਦਾਅਵੇਦਾਰ ਰਹੇ ਹਨ, ਪਰ ਉਨ੍ਹਾਂ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਸੀ।

# ਸਰਜੀਕਲ ਸਟ੍ਰਾਈਕ ਤੋਂ ਬਾਅਦ ਭਾਰਤ 'ਤੇ ਵਧੇ ਅਤਿਵਾਦੀ ਹਮਲੇ

**ਨਵੀਂ ਦਿੱਲੀ:** ਪਾਕਿਸਤਾਨੀ ਪੰਜਾਬ ਵਿਚ ਭਾਰਤੀ ਫੌਜ ਵੱਲੋਂ ਕੀਤੇ ਸਰਜੀਕਲ ਸਟ੍ਰਾਈਕ ਤੋਂ ਬਾਅਦ ਭਾਰਤ 'ਤੇ ਅਤਿਵਾਦੀ ਹਮਲੇ ਵਧੇ ਹਨ। ਤਿਉਹਾਰਾਂ ਦੇ ਸੀਜ਼ਨ ਨੂੰ ਦੇਖਦਿਆਂ ਅਤਿਵਾਦੀ ਹਮਲੇ ਦੀ ਸ਼ੰਕਾ ਦੇ ਚੱਲਦਿਆਂ ਲਾਲ ਕਿਲੇ ਵਿਚ ਐਨ.ਐਸ.ਜੀ. ਦੇ ਕਮਾਂਡੋ ਤਾਇਨਾਤ ਕੀਤੇ ਗਏ ਹਨ। ਸ੍ਰੀਨਗਰ ਦੇ ਪੰਪੋਰ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਫੌਜ ਨੇ ਤਕਰੀਬਨ 56 ਘੰਟੇ ਚੱਲੇ ਅਪ੍ਰੇਸ਼ਨ ਮਗਰੋਂ 2 ਅਤਿਵਾਦੀਆਂ ਨੂੰ ਢੇਰ ਕਰ ਦਿੱਤਾ ਹੈ।

ਸੁਰੱਖਿਆ ਬਲਾਂ ਦੀ ਇਹ ਵੱਡੀ ਕਾਮਯਾਬੀ ਹੈ, ਪਰ ਭਾਰਤੀ ਫੌਜ ਵੱਲੋਂ ਪੀ.ਓ.ਕੇ. ਵਿਚ ਕੀਤੇ ਸਰਜੀਕਲ ਸਟ੍ਰਾਈਕ ਤੋਂ ਬਾਅਦ ਅਤਿਵਾਦੀ ਹਮਲੇ ਤੇਜ਼ ਹੋਏ ਹਨ। ਇਸ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਚਿੰਤਤ ਹਨ। 18 ਸਤੰਬਰ ਨੂੰ ਉੜੀ 'ਚ ਫੌਜੀ ਕੈਂਪ ਉਤੇ ਹੋਏ ਅਤਿਵਾਦੀ ਹਮਲੇ ਮਗਰੋਂ 28 ਸਤੰਬਰ ਨੂੰ ਪੀ.ਓ.ਕੇ. ਵਿਚ ਸਰਜੀਕਲ ਅਪ੍ਰੇਸ਼ਨ ਕੀਤਾ ਗਿਆ ਸੀ। ਇਸ ਤੋਂ ਬਾਅਦ ਅਤਿਵਾਦੀਆਂ ਨੇ ਇਕ ਤੋਂ ਬਾਅਦ ਇਕ ਕਈ ਹਮਲੇ ਕੀਤਾ ਹਨ। ਹਾਲਾਂਕਿ ਇਨ੍ਹਾਂ ਹਮਲਿਆਂ



'ਚ ਅਤਿਵਾਦੀਆਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ। 2 ਅਕਤੂਬਰ ਦੀ ਰਾਤ ਫੌਜ ਅਤੇ ਬੀ.ਐਸ.ਐਫ. ਦੇ ਕੈਂਪ 'ਤੇ ਹਮਲਾ ਹੋਇਆ। 6 ਅਕਤੂਬਰ ਦੀ ਰਾਤ ਹੰਦਵਾੜਾ ਵਿਚ ਰਾਸ਼ਟਰੀ ਰਾਈਫਲਜ਼ ਕੈਂਪ 'ਤੇ ਹਮਲਾ ਕੀਤਾ ਗਿਆ। 8 ਅਕਤੂਬਰ ਨੂੰ ਸ਼ੋਪੀਆ 'ਚ ਪੁਲਿਸ ਚੌਕੀ ਉਤੇ ਹਮਲਾ। 10 ਅਕਤੂਬਰ ਨੂੰ ਪੰਪੋਰ ਵਿਚ ਅਤਿਵਾਦੀ ਹਮਲਾ ਕੀਤਾ ਗਿਆ। ਹੁਣ ਸਰਕਾਰ ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਨਵੀਂ ਰਣਨੀਤੀ ਬਣਾਉਣਾ ਚਾਹੁੰਦੀ ਹੈ।

### ਸਰਜੀਕਲ ਸਟ੍ਰਾਈਕ ਨੂੰ ਅਮਰੀਕਾ ਦਾ ਸਮਰਥਨ

**ਵਾਸ਼ਿੰਗਟਨ:** ਭਾਰਤੀ ਫੌਜ ਵੱਲੋਂ ਪੀ.ਓ.ਕੇ. ਵਿਚ ਕੀਤੇ ਸਰਜੀਕਲ ਸਟ੍ਰਾਈਕ ਦੀ ਅਮਰੀਕਾ ਨੇ ਸਮਰਥਨ ਕੀਤਾ ਹੈ। ਅਮਰੀਕਾ ਨੇ ਕਿਹਾ ਹੈ ਕਿ ਭਾਰਤ ਨੂੰ ਆਤਮ ਰੱਖਿਆ ਦਾ ਹੱਕ ਹੈ। ਵਾਈਟ ਹਾਊਸ ਦੇ ਦੱਖਣੀ ਏਸ਼ੀਆ ਮਾਮਲੇ ਦੇ ਚਾਰਜ ਪੀਟਰ ਲਾਵੋਏ ਨੇ ਅਫਗਾਨਿਸਤਾਨ ਦੀ ਸ਼ਾਂਤੀ ਨੂੰ ਕਸ਼ਮੀਰ ਮੁੱਦੇ 'ਤੇ ਪ੍ਰਸਤਾਵ ਨਾਲ ਜੋੜਨ ਲਈ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਨੂੰ ਵੀ ਖਾਰਜ ਕਰ ਦਿੱਤਾ ਹੈ। ਵਾਈਟ ਹਾਊਸ ਨੇ ਸਰਜੀਕਲ ਸਟ੍ਰਾਈਕ ਨੂੰ ਭਾਰਤ ਵੱਲੋਂ ਆਪਣੀ ਰੱਖਿਆ ਲਈ ਚੁੱਕਿਆ ਕਦਮ ਕਰਾਰ ਦਿੱਤਾ ਗਿਆ ਹੈ। ਹਾਲਾਂਕਿ ਅਮਰੀਕਾ ਨੇ ਆਤਮ ਰੱਖਿਆ ਦੇ ਅਧਿਕਾਰ ਦਾ ਸਮਰਥਨ ਤਾਂ ਕੀਤਾ, ਪਰ ਦੋਹਾਂ ਗੁਆਂਢੀ ਦੇਸ਼ਾਂ ਵਿਚਕਾਰ ਸਰਹੱਦ 'ਤੇ ਭਾਰੀ ਫੌਜ ਤਾਇਨਾਤ ਕੀਤੇ ਜਾਣ ਨੂੰ ਲੈ ਕੇ ਚਿੰਤਾ ਵੀ ਪ੍ਰਗਟ ਕੀਤੀ।

### ਪਾਕਿਸਤਾਨੀ ਸੈਨਾ ਵੱਲੋਂ 10 ਦਹਿਸ਼ਤਗਰਦਾਂ ਨੂੰ ਫਾਂਸੀ ਦੀ ਪੁਸ਼ਟੀ

**ਇਸਲਾਮਾਬਾਦ:** ਪਾਕਿਸਤਾਨ ਦੇ ਸੈਨਾ ਮੁਖੀ ਰਾਹੀਲ ਸ਼ਰੀਫ ਨੇ ਆਮ ਨਾਗਰਿਕਾਂ, ਪੋਲੀਓ ਕਾਮਿਆਂ ਅਤੇ ਹਥਿਆਰਬੰਦ ਬਲਾਂ ਦੇ ਮੁਲਾਜ਼ਮਾਂ ਨੂੰ ਕਤਲ ਕਰਨ ਵਿਚ ਸ਼ਮੂਲੀਅਤ ਲਈ ਸੈਨਿਕ ਅਦਾਲਤਾਂ ਵੱਲੋਂ 10 ਦਹਿਸ਼ਤਗਰਦਾਂ ਨੂੰ ਫਾਂਸੀ 'ਤੇ ਲਟਕਾਉਣ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ। ਸੈਨਿਕ ਅਦਾਲਤਾਂ ਵੱਲੋਂ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਦੌਰਾਨ ਦੋਸ਼ੀ ਠਹਿਰਾਏ ਗਏ ਦਹਿਸ਼ਤਗਰਦ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਅਤਿਵਾਦੀ ਸੰਗਠਨ ਨਾਲ ਸਬੰਧਤ ਹਨ। ਉਨ੍ਹਾਂ ਦੇ ਕਬਜ਼ੇ ਵਿਚੋਂ ਅਗਨੀ ਸ਼ਸਤਰ ਅਤੇ ਵਿਸਫੋਟਕ ਸਮੱਗਰੀ ਵੀ ਬਰਾਮਦ ਕੀਤੀ ਗਈ ਸੀ।

# ਭੁੱਖਮਰੀ ਨਾਲ ਭਾਰਤ ਹੋਇਆ ਹਾਲੋਂ-ਬੇਹਾਲ

**ਚੰਡੀਗੜ੍ਹ:** ਕੌਮਾਂਤਰੀ ਖੁਰਾਕ ਨੀਤੀ ਖੋਜ ਸੰਸਥਾ ਦੀ ਤਾਜ਼ਾ ਰਿਪੋਰਟ ਅਨੁਸਾਰ ਆਲਮੀ ਕੁਪੋਸ਼ਣ ਸੂਚਕਾਂ (ਜੀ.ਐਚ.ਆਈ.) ਪੱਖੋਂ ਭਾਰਤ 118 ਦੇਸ਼ਾਂ ਵਿਚੋਂ 97ਵੇਂ ਸਥਾਨ ਉਤੇ ਆਉਂਦਾ ਹੈ। ਪਿਛਲੇ ਸਾਲ 104 ਦੇਸ਼ਾਂ ਵਿਚੋਂ ਭਾਰਤ ਦਾ 80ਵਾਂ ਸਥਾਨ ਸੀ। ਇਨ੍ਹਾਂ ਦੇਸ਼ਾਂ ਵਿਚ ਬੰਗਲਾਦੇਸ਼ ਤੇ ਨੇਪਾਲ ਵੀ ਸ਼ਾਮਲ ਹਨ। ਬੰਗਲਾਦੇਸ਼ ਦਾ ਸਥਾਨ 90ਵਾਂ ਤੇ ਨੇਪਾਲ ਦਾ 72ਵਾਂ ਹੈ। ਸ੍ਰੀਲੰਕਾ 80ਵੇਂ ਸਥਾਨ ਉਤੇ ਹੈ।

ਸਾਰਕ ਦੇਸ਼ਾਂ ਵਿਚੋਂ ਸਿਰਫ ਪਾਕਿਸਤਾਨ ਤੇ ਅਫ਼ਗਾਨਿਸਤਾਨ ਹੀ ਕ੍ਰਮਵਾਰ 107ਵੇਂ ਤੇ 111ਵੇਂ ਸਥਾਨ ਨਾਲ ਭਾਰਤ ਤੋਂ ਪਿੱਛੇ ਹਨ। ਦਿਲਚਸਪ ਤੱਥ ਇਹ ਹੈ ਕਿ ਖੇਤਰੀ ਆਰਥਿਕ ਮਹਾਂਸ਼ਕਤੀ ਵਜੋਂ 'ਬਰਿੱਕਸ' ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰਨ ਵਾਲਾ ਭਾਰਤ ਖੁਰਾਕੀ ਘਾਟ ਤੇ ਕੁਪੋਸ਼ਣ ਪੱਖੋਂ 'ਬਰਿੱਕਸ' ਦੇ ਹੋਰਨਾਂ ਮੁਲਕਾਂ ਦੇ ਨੇੜੇ ਵੀ ਨਹੀਂ ਢੁੱਕਦਾ। ਇਨ੍ਹਾਂ ਮੁਲਕਾਂ ਵਿਚੋਂ ਬ੍ਰਾਜ਼ੀਲ 16ਵੇਂ, ਰੂਸ 24ਵੇਂ, ਚੀਨ 29ਵੇਂ ਅਤੇ ਦੱਖਣੀ ਅਫਰੀਕਾ 51ਵੇਂ ਨੰਬਰ ਉਤੇ ਹੈ।

ਪਿਛਲੇ ਇਕ ਦਹਾਕੇ ਤੋਂ ਦੇਸ਼ ਆਪਣੀਆਂ ਲੋੜਾਂ ਨਾਲੋਂ ਲਗਾਤਾਰ ਵੱਧ ਅਨਾਜ ਤੇ ਹੋਰ ਖੁਰਾਕੀ ਵਸਤਾਂ ਪੈਦਾ ਕਰਦਾ ਆ ਰਿਹਾ ਹੈ, ਜਿਸ ਸਦਕਾ ਭੁੱਖਮਰੀ ਤੇ ਕੁਪੋਸ਼ਣ ਦੇ ਕੇਸਾਂ ਵਿਚ ਭਰਵੀਂ ਕਮੀ ਆਈ ਹੈ। ਇਸ ਦੇ ਬਾਵਜੂਦ ਸਮੁੱਚੀ ਪ੍ਰਗਤੀ ਏਨੀ ਜ਼ਿਆਦਾ ਨਹੀਂ ਕਿ ਨਿੱਕੇ ਬਾਲਾਂ ਦੀ ਵੱਡੀ ਗਿਣਤੀ ਕੁਪੋਸ਼ਣ ਦੇ ਚੱਕਰ ਵਿਚੋਂ ਬਾਹਰ ਆ ਜਾਵੇ। ਮਿੱਡ-ਡੇਅ ਮੀਲ ਪ੍ਰੋਗਰਾਮ ਜਾਂ ਕੌਮੀ ਖੁਰਾਕ ਸੁਰੱਖਿਆ ਐਕਟ ਵਰਗੇ ਕਾਨੂੰਨ ਕੌਮੀ ਵਸੋਂ ਦੇ ਗਰੀਬ ਤੇ ਸਾਧਨ-ਵਿਹੂਣੇ ਵਰਗਾਂ ਲਈ ਖੁਰਾਕੀ ਅਨਾਜ ਜੁਟਾਉਣ ਪੱਖੋਂ ਕੁਝ ਕਾਰਗਰ ਜ਼ਰੂਰ ਸਾਬਤ ਹੋਏ ਹਨ, ਪਰ ਅਜੇ ਵੀ ਬਾਲਾਂ ਦੀ ਬਹੁਗਿਣਤੀ ਨੂੰ ਉਸ ਕਿਸਮ ਦਾ ਭੋਜਨ ਨਿਯਮਿਤ ਤੌਰ 'ਤੇ ਨਹੀਂ ਮਿਲ ਰਿਹਾ ਜੋ ਕਿ ਉਨ੍ਹਾਂ ਦੇ ਸਮੁਚਿਤ ਤੇ ਸਰਬ-ਪੱਖੀ ਸਰੀਰਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰ ਸਕੇ। ਸਰਕਾਰੀ ਹਲਕੇ ਇਸ ਆਲਮੀ ਰਿਪੋਰਟ ਨਾਲ ਇਸ ਆਧਾਰ 'ਤੇ ਅਸਹਿਮਤ ਹਨ ਕਿ ਇਸ ਵਿਚਲੇ ਅੰਕੜੇ ਤੱਥ-ਆਧਾਰਤ ਨਹੀਂ ਹੁੰਦੇ ਤੇ ਉਹ ਕੱਚੇ-ਪੱਕੇ ਅਨੁਮਾਨਾਂ ਨੂੰ ਲੈ ਕੇ ਹੀ ਘੜ ਦਿੱਤੇ ਜਾਂਦੇ ਹਨ।

## ਥਾਈਲੈਂਡ 'ਚ ਮਹੀਨੇ ਲਈ ਮੌਜਾਂ ਬੰਦ

**ਨਵੀਂ ਦਿੱਲੀ:** ਥਾਈਲੈਂਡ ਵਿਚ ਸਭ ਤੋਂ ਜ਼ਿਆਦਾ ਸਮੇਂ ਤੱਕ ਰਾਜ ਕਰਨ ਵਾਲੇ ਰਾਜਾ ਪੂਮੀਮੋਨ ਅਦੁਨਯਦੇਤਾ ਦਾ 88 ਸਾਲ ਦੀ ਉਮਰ



ਵਿਚ ਦੇਹਾਂਤ ਹੋ ਗਿਆ। ਇਸ ਤੋਂ ਬਾਅਦ ਥਾਈਲੈਂਡ ਵਿਚ ਇਕ ਮਹੀਨੇ ਲਈ ਰਾਸ਼ਟਰੀ ਸੋਗ ਦਾ ਐਲਾਨ ਕਰ ਦਿੱਤਾ ਗਿਆ। ਇਸ ਕਰ ਕੇ ਥਾਈਲੈਂਡ ਜਾਣ ਵਾਲੇ ਸੈਲਾਨੀਆਂ ਨੂੰ ਇਕ ਮਹੀਨੇ ਤੱਕ ਯਾਤਰਾ ਨਾ ਕਰਨ ਲਈ ਆਖਿਆ ਗਿਆ ਹੈ ਕਿਉਂਕਿ ਪੂਰਾ ਥਾਈਲੈਂਡ ਸੋਗ ਵਿਚ ਡੁੱਬਿਆ ਹੋਇਆ ਹੈ। ਘਟਨਾ ਕਾਰਨ ਵਿਦੇਸ਼ੀ ਸੈਲਾਨੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਾਜੇ ਦੀ ਮੌਤ ਤੋਂ ਬਾਅਦ ਥਾਈਲੈਂਡ ਵਿਚ ਇਕ ਮਹੀਨੇ ਤੱਕ ਵਿਦੇਸ਼ੀ ਸੈਲਾਨੀਆਂ ਲਈ ਮਨੋਰੰਜਨ ਦੇ ਸਾਰੇ ਸਾਧਨਾਂ ਬੰਦ ਕਰ ਦਿੱਤੇ ਗਏ ਹਨ। ਐਫ.ਸੀ.ਓ. ਨੇ ਵਿਦੇਸ਼ੀ ਸੈਲਾਨੀਆਂ ਲਈ ਅਲਰਟ ਵੀ ਜਾਰੀ ਕੀਤਾ ਹੈ। ਜਿਸ ਦੇ ਅਨੁਸਾਰ ਰਿਜ਼ੋਰਟਸ, ਹੋਟਲ, ਬਾਰ ਕਲੱਬ, ਸਾਂਪਿੰਗ ਸੈਂਟਰ ਅਤੇ ਮਸਾਜ ਪਾਲਰ ਇਕ ਮਹੀਨੇ ਲਈ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਸੈਲਾਨੀਆਂ ਨੂੰ ਪੂਰੇ ਕੱਪੜੇ ਪਾਉਣ ਦੀ ਸਲਾਹ ਵੀ ਦਿੱਤੀ ਗਈ ਹੈ। ਯਾਦ ਰਹੇ, ਥਾਈਲੈਂਡ 'ਚ ਰਾਜਾ ਦਾ ਅਪਮਾਨ ਕਰਨਾ ਇਕ ਅਪਰਾਧ ਹੈ, ਇਸ ਲਈ ਇਕ ਸਾਲ ਦੀ ਸਜ਼ਾ ਵੀ ਹੋ ਸਕਦੀ ਹੈ। ਹਰ ਸਾਲ ਦੁਨੀਆਂ ਦੇ ਲੱਖਾਂ ਸੈਲਾਨੀ ਥਾਈਲੈਂਡ ਘੁੰਮਣ ਲਈ ਆਉਂਦੇ ਹਨ।

## ਮੁੰਬਈ ਹਮਲੇ 'ਚ ਸੈਂਕੜੇ ਜਾਨਾਂ ਬਚਾਉਣ ਵਾਲੇ ਕੁੱਤੇ ਦੀ ਮੌਤ

**ਮੁੰਬਈ:** 26/11 ਅਤਿਵਾਦੀ ਹਮਲੇ ਵਿਚ ਕਈ ਲੋਕਾਂ ਦੀ ਜਾਨ ਬਚਾਉਣ ਵਾਲੇ ਮੁੰਬਈ ਪੁਲਿਸ ਟੀਮ ਦਾ ਹਿੱਸਾ ਰਹੇ ਕੁੱਤੇ (ਸਨਿਫਰ ਡਾਗ) 'ਸੀਜਰ' ਦੀ ਮੌਤ ਹੋ ਗਈ ਹੈ।

ਸੀਜਰ ਨੇ ਸੀ.ਐਸ.ਟੀ. ਦੇ 13 ਨੰਬਰ ਪਲੇਟਫਾਰਮ 'ਤੇ ਪਏ ਕਈ ਦਰਜਨ ਹੈਂਡ ਗ੍ਰਨੇਡਾਂ ਨੂੰ ਲੱਭ ਕੇ ਅਤਿਵਾਦੀਆਂ ਦੇ ਨਾਪਾਕ ਉਦੇਸ਼ਾਂ 'ਤੇ ਪਾਣੀ ਫੇਰ ਦਿੱਤਾ ਸੀ। ਮੁੰਬਈ ਪੁਲਿਸ ਨੇ ਸੀਜਰ ਨੂੰ ਹੀਰੋ ਦੱਸਦੇ ਹੋਏ ਸ਼ਰਧਾਂਜਲੀ ਦਿੱਤੀ। ਤਿਰੰਗੇ 'ਚ ਲਪੇਟ ਕੇ ਸੀਜਰ ਨੂੰ ਨਮ ਅੱਖਾਂ ਨਾਲ ਵਿਦਾਇਗੀ ਦਿੱਤੀ ਗਈ। ਸੀਜਰ ਪਿਛਲੇ ਹੀ ਸਾਲ ਸੇਵਾ ਮੁਕਤ ਹੋਇਆ ਸੀ ਤੇ ਵਿਰਾਰ ਦੇ ਫਾਰਮ ਹਾਊਸ 'ਚ ਰਹਿ ਰਿਹਾ ਸੀ। ਉਸ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਈ। ਸੀਜਰ ਦਾ ਜਨਮ 2004 ਵਿਚ ਹੋਇਆ ਸੀ ਤੇ ਤਿੰਨ ਸਾਲ ਦੀ ਉਮਰ 'ਚ ਉਸ ਨੂੰ ਮੁੰਬਈ ਪੁਲਿਸ ਦੇ ਬੰਬ ਨਿਰੋਧਕ ਦਸਤੇ ਵਿਚ ਸ਼ਾਮਲ ਕੀਤਾ ਗਿਆ ਸੀ।

## ਜਨਤਾ ਦਲ ਯੂ ਦੇ ਮੁੜ ਪ੍ਰਧਾਨ ਬਣੇ ਨਿਤਿਸ਼ ਕੁਮਾਰ

**ਰਾਜਗੀਰ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਰਸਮੀ ਤੌਰ 'ਤੇ ਜਨਤਾ ਦਲ-ਯੂ ਦੇ ਪ੍ਰਧਾਨ ਬਣ ਗਏ ਹਨ।

ਨਾਲੰਦਾ ਜ਼ਿਲ੍ਹੇ 'ਚ ਪਾਰਟੀ ਦੀ ਰਾਸ਼ਟਰੀ ਪ੍ਰੀਸ਼ਦ ਦੀ ਬੈਠਕ 'ਚ ਉਨ੍ਹਾਂ ਦੀ ਪਾਰਟੀ ਪ੍ਰਧਾਨ ਵਜੋਂ ਹੋਈ ਨਿਯੁਕਤੀ ਦੀ ਪੁਸ਼ਟੀ ਕੀਤੀ ਗਈ ਹੈ। ਦੇਸ਼ ਦੇ 23 ਸੂਬਿਆਂ ਤੋਂ ਆਏ ਪਾਰਟੀ ਦੀ ਰਾਸ਼ਟਰੀ ਪ੍ਰੀਸ਼ਦ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਨਿਯੁਕਤੀ ਦਾ ਸਮਰਥਨ ਕੀਤਾ ਹੈ।


**ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ**

**ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ**

*ਸੰਪਰਕ ਕਰੋ:*

**ਸੰਨੀ, ਫੋਨ: 608-630-0287**

41-43



## Matrimonial

### ਕੰਨਿਆ ਦੀ ਲੋੜ ਹੈ

Looking match for Saini Sikh boy, 25 years, 5'-11" Computer Engineer, completing higher studies in Canada. Girl from California preferred. Contact, Ph: 510-557-6988 or email: Raj@gfbontime.com 42-45

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ, ਸ਼ੇਰਗਿੱਲ, 32, 6'-2", ਮਕੈਨਿਕਲ ਡਿਪਲੋਮਾ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 209-483-0629 39-42

Wanted suitable match for US born Ramgariah Sikh boy, 33 years, 5'-10", Sr. Financial Analyst. Contact: jsnov1973@aol.com 40/4

### ਵਰ ਦੀ ਲੋੜ ਹੈ

Wanted well educated, well settled businessman Jatt Sikh boy for US Green Card holder Jatt Sikh Gill, 25, 5'-4.5" Registered nurse in India. Send photo & bio data: harpreetsingh9922@yahoo.com 39-41

Suitable match required for US Green Card holder Jatt Sikh Gill girl 25, 5'-5" Registered nurse from India. Send bio-data and photo at Parmindersingh824@yahoo.com 39-42

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 39-42

**Jatt Sikh Boy, 29 Year, 5'-11", looking Girl for Marriage in USA. He is Canadian Citizen and USA Green Card Holder, Well Settled in USA. Contact, Ph: 317-603-1000 or 317-979-4740, Email: jagbirsandhu86@yahoo.com** 42-45



**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage



*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**
*www.princebarbershop.com*





# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.547.9210**
**FAX: 209.547.9211**
**www.gfbontime.com, raj@gfbontime.com**

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
**FAX: 209.547.9211**

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
**FAX: 209.982.9997**

ਪੰਜਾਬ ਟਾਈਮਜ਼

*ਸਨਿਚਰਵਾਰ, 22 ਅਕਤੂਬਰ 2016*

## ਸਿਆਸੀ 'ਸਰਜਰੀ' ਅਤੇ ਮੋਦੀ ਟੋਲਾ

ਮਕਬੂਜ਼ਾ ਕਸ਼ਮੀਰ ਵਿਚ ਭਾਰਤੀ ਫੌਜ ਦਾ 'ਸਰਜੀਕਲ ਸਟਰਾਈਕ' ਹੁਣ ਸੱਤਾਧਾਰੀਆਂ ਲਈ ਸਿਆਸਤ ਦਾ ਹਥਿਆਰ ਬਣ ਗਿਆ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਇਸ ਦੀ ਸਰਪ੍ਰਸਤ, ਹਿੰਦੂਵਾਦੀ ਜਮਾਤ-ਆਰ.ਐਸ.ਐਸ. ਦਾ ਇਕੱਲਾ-ਇਕੱਲਾ ਆਗੂ ਛਾਤੀ ਠੋਕ ਕੇ ਇਸ ਫੌਜੀ ਕਾਰਵਾਈ ਦਾ ਜ਼ਿਕਰ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਾਂ ਆਪਣੇ ਇਕ ਭਾਸ਼ਣ ਦੌਰਾਨ ਸਭ ਹੱਦਾਂ ਪਾਰ ਕਰਦਿਆਂ ਇਸ ਕਾਰਵਾਈ ਨੂੰ ਇਸਰਾਈਲ ਦੀ ਫੌਜ ਵੱਲੋਂ ਕੀਤੀਆਂ ਜਾਂਦੀਆਂ ਕਾਰਵਾਈਆਂ ਨਾਲ ਮੇਲਿਆ ਹੈ। ਸਾਰਾ ਜੱਗ ਜਾਣਦਾ ਹੈ ਕਿ ਇਸਰਾਈਲ ਆਪਣੀ ਫੌਜ ਦੇ ਜ਼ੋਰ ਫਲਸਤੀਨੀ ਇਲਾਕਿਆਂ ਵਿਚ ਕੀ ਕਹਿਰ ਕਮਾ ਰਿਹਾ ਹੈ। ਚੱਪੇ-ਚੱਪੇ 'ਤੇ ਫੈਲੀ ਇਸਰਾਈਲੀ ਫੌਜ, ਫਲਸਤੀਨੀਆਂ ਦੇ ਘਰਾਂ ਦੇ ਦਰਵਾਜ਼ਿਆਂ-ਤਾਕੀਆਂ ਤੱਕ ਜਾ ਅੱਪੜੀ ਹੈ ਅਤੇ ਲਗਾਤਾਰ ਉਠ ਰਹੇ ਵਿਰੋਧ ਦੀ ਇਕ-ਇਕ ਆਵਾਜ਼ ਗੋਲੀ ਨਾਲ ਬੰਦ ਕੀਤੀ ਜਾ ਰਹੀ ਹੈ। ਕੋਈ ਸਮਾਂ ਸੀ, ਜਦੋਂ ਭਾਰਤ ਫਲਸਤੀਨੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੁੰਦਾ ਸੀ, ਅੱਜ ਭਾਰਤ ਸਰਕਾਰ ਦਾ ਪੱਖ ਇਸਰਾਈਲ ਨਾਲ ਹੈ। ਪਿਛਲੇ ਕਈ ਸਾਲਾਂ ਤੋਂ ਉਂਜ ਵੀ ਦੋਹਾਂ ਮੁਲਕਾਂ ਵਿਚਕਾਰ ਨੇੜਤਾ ਵਧ ਰਹੀ ਹੈ। ਜ਼ਾਹਰ ਹੈ ਕਿ ਸੱਤਾਧਾਰੀ ਲੋਕ ਫੌਜ ਦੇ 'ਸਰਜੀਕਲ ਸਟਰਾਈਕ' ਨੂੰ ਸਿਆਸੀ ਲਾਹੇ ਵਿਚ ਵਟਾਉਣ ਲਈ ਪੂਰੀ ਤਰ੍ਹਾਂ ਕਮਰ ਕੱਸੀ ਖੜ੍ਹੇ ਹਨ। ਅਗਲੇ ਸਾਲ ਪੰਜਾਬ ਦੇ ਨਾਲ-ਨਾਲ ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਉਤਰ ਪ੍ਰਦੇਸ਼ ਦੀਆਂ ਚੋਣਾਂ ਭਾਜਪਾ ਲਈ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ। ਇਨ੍ਹਾਂ ਚੋਣਾਂ ਨੂੰ ਭਾਜਪਾ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦਾ ਆਧਾਰ ਮੰਨ ਕੇ ਚੱਲ ਰਹੀ ਹੈ। ਉਂਜ ਵੀ ਕੇਂਦਰ ਵਿਚ ਸੱਤਾ ਹਾਸਲ ਕੀਤਿਆਂ ਇਸ ਪਾਰਟੀ ਨੂੰ ਢਾਈ ਸਾਲ ਹੋ ਚੱਲੇ ਹਨ ਅਤੇ ਹੋਰ ਛੇ ਮਹੀਨਿਆਂ ਤੋਂ ਬਆਦ ਇਸ ਨੇ ਲੋਕ ਸਭਾ ਚੋਣਾਂ ਦੇ ਹਿਸਾਬ ਨਾਲ ਚੱਲਣ ਲੱਗ ਪੈਣਾ ਹੈ। ਇਸੇ ਕਰ ਕੇ ਉਤਰ ਪ੍ਰਦੇਸ਼ ਦੀਆਂ ਚੋਣਾਂ ਨੂੰ ਇੰਨੀ ਜ਼ਿਆਦਾ ਅਹਿਮੀਅਤ ਦਿੱਤੀ ਜਾ ਰਹੀ ਹੈ। ਪੰਜਾਬ ਤੋਂ ਫਿਲਹਾਲ ਇਸ ਪਾਰਟੀ ਨੂੰ ਬਹੁਤੀਆਂ ਆਸਾਂ ਨਹੀਂ। ਕੁਝ ਪਾਰਟੀ ਨੇਤਾਵਾਂ ਦੀ ਤਾਂ ਇਹ ਰਾਏ ਹੈ ਕਿ ਜਿੰਨਾ ਪਾਰਟੀ, ਅਕਾਲੀ ਦਲ ਦੇ ਸਾਏ ਤੋਂ ਬਾਹਰ ਨਹੀਂ ਆਉਂਦੀ, ਪਾਰਟੀ ਦਾ ਸੂਬੇ ਵਿਚ ਕੁਝ ਵੀ ਨਹੀਂ ਬਣਨਾ, ਪਰ ਇਸ ਵਕਤ ਸੱਤਾਧਾਰੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗਠਜੋੜ ਦਾ ਸੂਬੇ ਅੰਦਰ ਇੰਨਾ ਮਾੜਾ ਹਾਲ ਹੈ ਕਿ ਪੂਰੇ ਮੁਲਕ ਵਿਚ ਜਦੋਂ ਭਾਜਪਾ ਨੂੰ 'ਸਰਜੀਕਲ ਸਟਰਾਈਕ' ਦਾ ਸਿਆਸੀ ਤੌਰ 'ਤੇ ਫਾਇਦਾ ਹੋ ਰਿਹਾ ਹੈ, ਪੰਜਾਬ ਵਿਚ ਗਠਜੋੜ ਨੂੰ ਨੁਕਸਾਨ ਹੀ ਝੱਲਣਾ ਪਿਆ ਹੈ। ਸਰਹੱਦੀ ਇਲਾਕਿਆਂ ਤੋਂ ਲੋਕਾਂ ਨੂੰ ਅਚਾਨਕ ਉਜਾੜਨ ਦੇ ਮਾਮਲੇ ਵਿਚ ਬਾਦਲ ਸਰਕਾਰ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਹੈ। ਲੋਕਾਂ ਦਾ ਪਹਿਲਾ ਹੀ ਸਵਾਲ ਹੈ ਕਿ ਉਨ੍ਹਾਂ ਨੂੰ ਸਿਆਸੀ ਲਾਹਾ ਲੈਣ ਖਾਤਰ ਦਰ-ਬਦਰ ਕੀਤਾ ਗਿਆ ਸੀ।

ਇਸੇ ਤਰ੍ਹਾਂ ਦੇ ਸਵਾਲ ਫਿਲਮ ਸਨਅਤ ਨਾਲ ਜੁੜੇ ਲੋਕ ਕਰ ਰਹੇ ਹਨ। ਯਾਦ ਰਹੇ, ਹਿੰਦੂਤਵੀ ਤਾਕਤਾਂ ਨੇ ਪਾਕਿਸਤਾਨੀ ਕਲਾਕਾਰ ਖਿਲਾਫ ਮੁਹਿੰਮ ਛੇੜੀ ਹੋਈ ਹੈ। ਇਨ੍ਹਾਂ ਕਲਾਕਾਰਾਂ ਦਾ ਹਿੰਦੀ ਫਿਲਮਾਂ ਵਿਚ ਕੰਮ ਤਾਂ ਫਿਲਹਾਲ ਬੰਦ ਹੀ ਹੋ ਗਿਆ ਹੈ, ਜਿਹੜੀਆਂ ਫਿਲਮਾਂ ਰਿਲੀਜ਼ ਹੋਣ ਲਈ ਤਿਆਰ ਪਈਆਂ ਹਨ, ਉਹ ਦਿਖਾਉਣ ਉਤੇ ਵੀ ਰੋਕ ਲਾ ਦਿੱਤੀ ਗਈ ਹੈ। ਇਸ ਦਾ ਸਿੱਧਾ ਨੁਕਸਾਨ ਫਿਲਮਾਂ ਦੇ ਨਿਰਮਾਤਾਵਾਂ ਨੂੰ ਹੋ ਰਿਹਾ ਹੈ। ਇਸੇ ਕਰ ਕੇ ਫਿਲਮਸਾਜ਼ ਅਨੁਰਾਗ ਕਸ਼ਯਪ ਅਤੇ ਹੋਰ ਫਿਲਮਸਾਜ਼ਾਂ ਤੇ ਕਲਾਕਾਰਾਂ ਨੇ ਸਵਾਲ ਖੜ੍ਹੇ ਕੀਤੇ ਹਨ। ਹਰ ਸੰਜੀਦਾ ਸ਼ਖਸ ਦਾ ਆਖਣਾ ਹੈ ਕਿ ਦੋਹਾਂ ਮੁਲਕਾਂ ਦਾ ਆਵਾਮ ਜੰਗ ਨਹੀਂ ਚਾਹੁੰਦਾ, ਸਗੋਂ ਆਪਸ ਵਿਚ ਵਧੇਰੇ ਰਾਬਤਾ ਚਾਹੁੰਦਾ ਹੈ। ਪਿਛਲੇ ਸਮਿਆਂ ਦੌਰਾਨ ਵੀ ਇਹੀ ਤੱਥ ਉਭਰ ਕੇ ਸਾਹਮਣੇ ਆਉਂਦੇ ਰਹੇ ਹਨ ਕਿ ਆਵਾਮ ਦੋਹਾਂ ਪਾਸਿਆਂ ਦੇ ਆਗੂਆਂ ਵੱਲੋਂ ਕੀਤੀ ਜਾ ਰਹੀ ਸਿਆਸਤ ਨਾਲ ਸਹਿਮਤ ਨਹੀਂ। ਅਨੁਰਾਗ ਕਸ਼ਯਪ ਨੇ ਤਾਂ ਸਿੱਧਾ ਪ੍ਰਧਾਨ ਮੰਤਰੀ ਉਤੇ ਵਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਇਸ ਤਰ੍ਹਾਂ ਦੀ ਦੇਸ਼ ਭਗਤੀ ਦੀ ਹੀ ਗੱਲ ਹੈ ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਮੁਲਕ ਦੇ ਲੋਕਾਂ ਤੋਂ ਮੁਆਫੀ ਮੰਗਣ, ਕਿਉਂਕਿ ਉਹ ਅਚਾਨਕ ਲਾਹੌਰ ਵਿਖੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਮਿਲਣ ਚਲੇ ਗਏ ਸਨ। ਹਿੰਦੂਤਵਵਾਦੀਆਂ ਨੇ ਅਨੁਰਾਗ ਕਸ਼ਯਪ ਦੀ ਇਸ ਟਿੱਪਣੀ ਦਾ ਵਿਰੋਧ ਤਾਂ ਬਥੇਰਾ ਕੀਤਾ ਹੈ, ਪਰ ਉਸ ਦਾ ਸਵਾਲ ਆਪਣੀ ਥਾਂ ਇਸ ਕਰ ਕੇ ਜਾਇਜ਼ ਜਾਪਦਾ ਹੈ, ਕਿਉਂਕਿ ਆਪਣੀ ਸਿਆਸਤ ਲਈ ਮੋਦੀ ਲਾਣੇ ਦਾ ਹਰ ਆਗੂ ਆਪਣੇ ਹਰ ਕਦਮ ਨੂੰ ਜਾਇਜ਼ ਠਹਿਰਾ ਰਿਹਾ ਹੈ, ਪਰ ਇਸ ਸੌੜੀ ਸਿਆਸਤ ਕਾਰਨ ਰਗੜਾ ਕਲਾਕਾਰਾਂ ਅਤੇ ਫਿਲਮ ਨਿਰਮਾਤਾਵਾਂ ਨੂੰ ਲਾਇਆ ਜਾ ਰਿਹਾ ਹੈ। ਉਂਜ, ਇਹ ਗੱਲ ਸਪਸ਼ਟ ਹੈ ਕਿ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਇਸ ਦਾ ਹਰ ਕੰਮ ਸਮਾਜ ਵਿਚ ਤਰੇੜਾਂ ਉਘਾੜ ਕੇ ਆਪਣੀ ਫਿਰਕੂ ਸਿਆਸਤ ਚਮਕਾਉਣ ਦਾ ਹੈ; ਇਹ ਭਾਵੇਂ ਅਸਹਿਣਸ਼ੀਲਤਾ ਦਾ ਮੁੱਦਾ ਸੀ ਜਿਸ ਖਿਲਾਫ ਉਦੋਂ ਮੁਲਕ ਭਰ ਦੇ ਲੇਖਕ ਉਠ ਖਲੋਏ ਸਨ, ਅਤੇ ਜਾਂ ਗਾਂ ਮਾਸ ਦਾ ਮਸਲਾ ਸੀ। ਹੁਣ ਇਹ ਟੋਲਾ 'ਸਰਜੀਕਲ ਸਟਰਾਈਕ' ਦੇ ਨਾਂ ਉਤੇ ਸਿੱਧੀ ਸਿਆਸਤ ਉਤੇ ਉਤਰ ਆਇਆ ਹੈ ਅਤੇ ਸਾਰੀਆਂ ਸਿਆਸੀ ਧਿਰਾਂ ਬੇਵਸੀ ਨਾਲ ਸੱਤਾਧਾਰੀਆਂ ਦੀ ਇਹ ਖੇਡ ਦੇਖ ਰਹੀਆਂ ਹਨ। ਸਿਤਮਜ਼ਰੀਫੀ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਰਗੀ ਇਤਿਹਾਸਕ ਜਥੇਬੰਦੀ ਦੇ ਆਗੂ ਇਸ ਮਾਮਲੇ ਵਿਚ ਮੋਦੀ ਟੋਲੇ ਦੀ ਹਾਂ ਵਿਚ ਹਾਂ ਮਿਲਾ ਰਹੇ ਹਨ; ਹਾਲਾਂਕਿ ਮੋਦੀ ਅਤੇ ਉਸ ਦੇ ਸਾਥੀ ਪਿਛਲੇ ਕੁਝ ਸਮੇਂ ਤੋਂ ਦਲ ਦੇ ਆਗੂਆਂ ਵੱਲ ਉਕਾ ਹੀ ਤਵੱਜੋ ਨਹੀਂ ਦੇ ਰਹੇ। ਮੰਗਲਵਾਰ ਨੂੰ ਹੀ ਲੁਧਿਆਣਾ ਵਿਚ ਹੋਏ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰੱਖੀਆਂ ਮੰਗਾਂ ਵੱਲ ਪ੍ਰਧਾਨ ਮੰਤਰੀ ਨੇ ਕੋਈ ਕੰਨ ਨਹੀਂ ਧਰਿਆ। ਜ਼ਾਹਰ ਹੈ ਕਿ ਇਹ ਟੋਲਾ ਹਰ ਹੀਲਾ-ਵਸੀਲਾ ਵਰਤ ਕੇ ਆਪਣੀ ਸਿਆਸਤ ਦੇ ਪੈਰ ਬੰਨ੍ਹ ਰਿਹਾ ਹੈ, ਆਮ ਲੋਕਾਂ ਦੀ ਗੱਲ ਬਹੁਤ ਪਿਛਾਂਹ ਛੁੱਟ ਗਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੁਫਰ ਦਾ ਖਾਤਮਾ?*

ਅਣਖ ਨਾਲ ਜੋ ਤੁਰਦਾ ਏ ਸੱਚ ਉਤੇ, ਨਾ ਟੁੱਟ ਸਕਦਾ, ਕਦੇ ਵੀ ਝੁਕਦਾ ਨਾ।
ਸਹਿਣਸ਼ੀਲਤਾ ਸਬਰ ਨੂੰ ਧਾਰਿਆ ਜਿਨ, ਰਹੂ ਨਿਮਰ ਉਹ ਕਦੇ ਵੀ ਬੁੱਕਦਾ ਨਾ।
ਜਿਸ ਨੂੰ ਮੁੱਲ ਖੁਦਦਾਰੀ ਦਾ ਪਤਾ ਹੋਵੇ, ਦਿੱਤੇ ਲਾਲਚਾਂ ਉਤੇ ਉਹ ਥੁੱਕਦਾ ਨਾ।
ਬੰਦਾ ਬੋਲਦਾ 'ਅੰਦਰੋਂ' ਪਤਾ ਲੱਗਦੈ, ਗੱਲ ਕਰਦਿਆਂ ਬੁੱਲਾਂ ਨੂੰ ਟੁੱਕਦਾ ਨਾ।
ਲੋਕੀਂ ਦੇਖ ਕੇ ਬਹੁਤ ਮਾਯੂਸ ਹੁੰਦੇ, ਜਦੋਂ ਝੂਠ ਚੌਰਾਹੇ ਵਿਚ ਫੁੱਟਦਾ ਨਾ।
ਪਾਏ ਪੂਰਨੇ ਸੈਂਕੜੇ ਰਹਿਬਰਾਂ ਨੇ, ਫਿਰ ਵੀ ਕੁਫਰ ਸਮਾਜ 'ਚੋਂ ਮੁੱਕਦਾ ਨਾ।

# ਦਾਦਰੀ ਕਾਂਡ: ਕਾਤਲ ਮਜ਼ਲੂਮ ਤੇ ਮਜ਼ਲੂਮ ਕਸੂਰਵਾਰ ਬਣਾਏ

*ਹੈਰਾਨੀਜਨਕ ਨਹੀਂ ਹੋਵੇਗਾ ਕਿ ਅਖ਼ਲਾਕ ਦੇ ਪਰਿਵਾਰ ਨੂੰ ਦੋਸ਼ੀ ਠਹਿਰਾ ਕੇ ਜੇਲ੍ਹ ਭੇਜ ਦਿੱਤਾ ਜਾਵੇ। ਉਸ ਦੇ ਘਰੋਂ ਮਿਲੇ ਮਾਸ ਦੀ ਰਿਪੋਰਟ ਬਦਲ ਦਿੱਤੀ ਗਈ ਹੈ। ਪਹਿਲੀ ਰਿਪੋਰਟ ਮੁਤਬਕ, ਮਾਸ ਗਊ ਦਾ ਨਹੀਂ ਸੀ। ਨਵੀਂ ਰਿਪੋਰਟ ਵਿਚ ਗਊ ਦਾ ਮਾਸ ਸਿੱਧ ਕਰ ਦਿੱਤਾ ਗਿਆ। ਸਿਤਮਜ਼ਰੀਫ਼ੀ ਇਹ ਕਿ ਅਦਾਲਤ ਵਲੋਂ ਅਖ਼ਲਾਕ ਦੇ ਪਰਿਵਾਰ ਦੇ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦੇ ਦਿੱਤੇ ਗਏ ਅਤੇ ਪੁਲਿਸ ਵਲੋਂ ਮਰਹੂਮ ਅਖ਼ਲਾਕ, ਉਸ ਦੇ ਭਾਈ ਅਤੇ ਉਸ ਦੀ ਪਤਨੀ ਸਮੇਤ ਛੇ ਜਣਿਆਂ ਖ਼ਿਲਾਫ਼ ਗਊ ਹੱਤਿਆ ਨੂੰ ਲੈ ਕੇ ਐਫ.ਆਈ.ਆਰ. ਦਰਜ ਕਰ ਲਈ ਗਈ। ਉਨ੍ਹਾਂ ਉਪਰ ਇਹ ਦਬਾਓ ਕੇਸ ਵਾਪਸ ਲੈਣ ਲਈ ਪਾਇਆ ਜਾ ਰਿਹਾ ਹੈ।*

ਯੂ.ਪੀ. ਦੇ ਦਾਦਰੀ ਇਲਾਕੇ ਦੇ ਪਿੰਡ ਬਿਸਾੜਾ ਵਿਚ ਪਿਛਲੇ ਸਾਲ 28 ਸਤੰਬਰ ਨੂੰ ਭਗਵੇਂ ਗਰੋਹ ਦੀ ਅਗਵਾਈ ਵਿਚ ਹਿੰਦੂ ਹਜੂਮ ਨੇ ਮੁਹੰਮਦ ਅਖ਼ਲਾਕ ਨੂੰ ਉਸ ਦੇ ਘਰ ਵਿਚੋਂ ਧੂਹ ਕੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ ਅਤੇ ਉਸ ਦੇ ਬੇਟੇ ਨੂੰ ਇਸ ਕਦਰ ਜ਼ਖ਼ਮੀ ਕਰ ਦਿੱਤਾ ਸੀ ਕਿ ਦੋ ਓਪਰੇਸ਼ਨ ਹੋਣ ਪਿੱਛੋਂ ਹੀ ਉਸ ਦੀ ਜਾਨ ਬਚਾਈ ਜਾ ਸਕੀ ਸੀ। ਬਹਾਨਾ ਇਹ ਬਣਾਇਆ ਗਿਆ ਕਿ ਉਸ ਦੇ ਘਰ ਵਿਚ ਗਊ ਦਾ ਮਾਸ ਸੀ। ਉਸੇ ਬਿਸਾੜਾ ਪਿੰਡ ਵਿਚ ਇਕ ਸਾਲ ਬਾਅਦ 8 ਅਕਤੂਬਰ ਨੂੰ ਅਖ਼ਲਾਕ ਦੇ ਕਤਲ

**ਬੂਟਾ ਸਿੰਘ**
ਫੋਨ: +91-94634-74342

ਦੇ ਇਕ ਮੁਲਜ਼ਮ ਰੋਵਿਨ ਉਰਫ਼ ਰਵੀ ਸਿਸੋਦੀਆ ਦੀ ਮੌਤ ਬਦਲੇ ਕੇਂਦਰ ਅਤੇ ਯੂ.ਪੀ. ਸਰਕਾਰਾਂ ਵਲੋਂ ਮਿਲ ਕੇ 25 ਲੱਖ ਰੁਪਏ ਮੁਆਵਜ਼ਾ ਦਿੱਤਾ ਗਿਆ ਅਤੇ ਉਸ ਦੀ ਲਾਸ਼ ਉਪਰ ਤਿਰੰਗਾ ਪਾ ਕੇ ਪੂਰੀ ਸਰਕਾਰੀ ਸਜ ਧਜ ਨਾਲ ਉਸ ਦਾ ਸਸਕਾਰ ਕੀਤਾ ਗਿਆ। ਸਰਕਾਰੀ ਮੁਆਵਜ਼ਾ ਅਤੇ ਕੇਂਦਰੀ ਮੰਤਰੀ ਦੀ ਮੌਜੂਦਗੀ ਕਤਲ ਨੂੰ ਵਾਜਬੀਅਤ ਮੁਹੱਈਆ ਕਰਦੇ ਹਨ ਅਤੇ ਅਖੌਤੀ ਗਊ ਰੱਖਿਅਕ ਹਤਿਆਰਿਆਂ ਨੂੰ ਇਖ਼ਲਾਕੀ ਹੌਸਲਾ ਦਿੰਦੇ ਹਨ ਕਿ ਉਨ੍ਹਾਂ ਨੇ ਅਖ਼ਲਾਕ ਵਰਗਿਆਂ ਨੂੰ ਮਾਰ ਕੇ ਧਰਮ-ਕਰਮ ਅਤੇ ਪੁੰਨ ਦਾ ਕੰਮ ਕੀਤਾ ਹੈ।

ਰੋਵਿਨ ਉਨ੍ਹਾਂ 18 ਬੰਦਿਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਮੁਹੰਮਦ ਅਖ਼ਲਾਕ ਦੀ ਹੱਤਿਆ ਕਰਨ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬੇਕਸੂਰ ਅਖਲਾਕ ਦੇ ਕਤਲ ਨੇ ਕੁਲ ਦੁਨੀਆ ਦੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜ ਦਿੱਤਾ ਸੀ। ਭਗਵੇਂ ਬ੍ਰਿਗੇਡ ਦੀ ਇਸ ਘਿਨਾਉਣੀ ਕਰਤੂਤ ਵਿਰੁੱਧ ਹਰ ਪਾਸਿਓਂ ਜ਼ੋਰਦਾਰ ਆਵਾਜ਼ ਉਠੀ ਜਿਸ ਦੇ ਦਬਾਓ ਹੇਠ ਯੂ.ਪੀ. ਸਰਕਾਰ ਨੂੰ ਅਖ਼ਲਾਕ ਦੇ ਪਰਿਵਾਰ ਨੂੰ ਮੁਆਵਜ਼ਾ ਦੇਣਾ ਪਿਆ ਅਤੇ ਕਤਲ ਲਈ ਜ਼ਿੰਮੇਵਾਰ ਹਜੂਮ ਅੰਦਰ ਸਰਗਰਮ ਭੂਮਿਕਾ ਨਿਭਾਉਣ ਵਾਲਿਆਂ ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਪਿਆ। ਕੁਝ ਮਹੀਨਿਆਂ ਤੋਂ ਇਹ ਅਠਾਰਾਂ ਜਣੇ ਜੇਲ੍ਹ ਵਿਚ ਬੰਦ ਸਨ। ਜੇਲ੍ਹ ਵਿਚ ਸਰੀਰ ਦੇ ਕਈ ਅੰਗ ਫੇਲ੍ਹ ਹੋਣ ਕਾਰਨ ਰੋਵਿਨ ਦੀ ਮੌਤ ਹੋ ਗਈ। ਉਸ ਦੀ ਮੌਤ ਸੰਘ ਪਰਿਵਾਰ ਅਤੇ ਦਾਦਰੀ ਦੇ ਹਿੰਦੂਤਵੀ ਜ਼ਹਿਰ ਨਾਲ ਡੰਗੇ ਲੋਕਾਂ ਨੂੰ ਖ਼ੂਬ ਰਾਸ ਆਈ। ਉਨ੍ਹਾਂ ਨੇ ਉਸ ਦੀ ਲਾਸ਼ ਨੂੰ ਸ਼ੀਸ਼ੇ ਦੇ ਸੰਦੂਕ ਵਿਚ ਸਜਾ ਕੇ ਉਸ ਉਪਰ ਤਿਰੰਗਾ ਝੰਡਾ ਪਾਇਆ ਅਤੇ ਤਿੰਨ ਦਿਨ ਇਹ ਜ਼ਿਦ ਫੜ ਕੇ ਬੈਠੇ ਰਹੇ ਕਿ ਜਦੋਂ ਤਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਸਸਕਾਰ ਨਹੀਂ ਕਰਨਗੇ। ਮੰਗ ਸੀ ਕਿ ਰੋਵਿਨ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਮੁਆਵਜ਼ਾ ਦਿੱਤਾ ਜਾਵੇ, ਅਖ਼ਲਾਕ ਦੇ ਭਰਾ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ ਅਤੇ ਬਾਕੀ ਸਤਾਰਾਂ ਮੁਲਜ਼ਮਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਹ ਆਪਮੁਹਾਰਾ 'ਵਿਰੋਧ-ਪ੍ਰਦਰਸ਼ਨ' ਨਾ ਹੋ ਕੇ ਵਿਸ਼ਵ ਹਿੰਦੂ ਪਰੀਸ਼ਦ ਅਤੇ ਹੋਰ ਹਿੰਦੂਤਵੀ ਗਰੁੱਪਾਂ ਵਲੋਂ ਰਚਿਆ ਨਾਟਕ ਸੀ ਜਿਨ੍ਹਾਂ ਨੇ ਪਿੰਡ ਵਾਸੀਆਂ ਦੀ ਫਿਰਕੂ ਲਾਮਬੰਦੀ ਕਰ ਕੇ ਅਖ਼ਲਾਕ ਦੇ ਭਾਈ ਅਤੇ ਉਸ ਦੇ ਪਰਿਵਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਮੰਗ ਕੀਤੀ।

ਭਗਵੇਂ ਕਾਤਲਾਂ ਦੇ ਇਕ ਇਕ ਕਰ ਕੇ ਜੇਲ੍ਹਾਂ ਵਿਚੋਂ ਬਾਹਰ ਆਉਣ ਦੇ ਟਰੈਕ ਰਿਕਾਰਡ ਨੂੰ ਦੇਖਦਿਆਂ ਅਖ਼ਲਾਕ ਦੇ ਕਤਲ ਦੇ ਬਾਕੀ ਮੁਲਜ਼ਮ ਵੀ ਜੇਲ੍ਹ ਤੋਂ ਬਾਹਰ ਆ ਜਾਣਗੇ ਅਤੇ ਇਹ ਵੀ ਹੈਰਾਨੀਜਨਕ ਨਹੀਂ ਹੋਵੇਗਾ ਕਿ ਅਖ਼ਲਾਕ ਦੇ ਪਰਿਵਾਰ ਨੂੰ ਦੋਸ਼ੀ ਠਹਿਰਾ ਕੇ ਜੇਲ੍ਹ ਭੇਜ ਦਿੱਤਾ ਜਾਵੇ। ਅਖ਼ਲਾਕ ਦੇ ਘਰੋਂ ਮਿਲੇ ਮਾਸ ਦੀ ਟੈਸਟ ਰਿਪੋਰਟ ਬਦਲ ਦਿੱਤੀ ਗਈ ਹੈ। ਪਹਿਲੀ ਰਿਪੋਰਟ (3 ਅਕਤੂਬਰ 2015 ਵੈਟਰਨਰੀ ਹਸਪਤਾਲ, ਦਾਦਰੀ) ਮੁਤਬਕ, ਮਾਸ ਗਊ ਦਾ ਨਹੀਂ, ਬੱਕਰੇ ਦਾ ਸੀ। ਨਵੀਂ ਰਿਪੋਰਟ (ਮਈ 2016, ਫੋਰੈਂਸਿਕ ਇਨਵੈਸਟੀਗੇਸ਼ਨ ਲੈਬੋਰੇਟਰੀ, ਮਥੁਰਾ) ਵਿਚ ਇਸ ਨੂੰ ਗਊ ਦਾ ਮਾਸ ਸਿੱਧ ਕਰ ਦਿੱਤਾ ਗਿਆ। ਸਿਤਮਜ਼ਰੀਫ਼ੀ ਇਹ ਕਿ ਅਦਾਲਤ ਵਲੋਂ ਪੁਲਿਸ ਨੂੰ ਮੁਹੰਮਦ ਅਖ਼ਲਾਕ ਦੇ ਪਰਿਵਾਰ ਦੇ ਖ਼ਿਲਾਫ਼ ਫ਼ੌਜਦਾਰੀ ਮੁਕੱਦਮਾ ਦਰਜ ਕਰਨ ਦੇ ਹੁਕਮ ਦੇ ਦਿੱਤੇ ਗਏ ਅਤੇ ਪੁਲਿਸ ਵਲੋਂ ਜੁਲਾਈ ਮਹੀਨੇ ਮਰਹੂਮ ਅਖ਼ਲਾਕ, ਉਸ ਦੇ ਭਾਈ ਅਤੇ ਉਸ ਦੀ ਪਤਨੀ ਸਮੇਤ ਛੇ ਜਣਿਆਂ ਖ਼ਿਲਾਫ਼ ਗਊ ਹੱਤਿਆ ਨੂੰ ਲੈ ਕੇ ਐਫ.ਆਈ.ਆਰ. ਦਰਜ ਕਰ ਲਈ ਗਈ। ਉਨ੍ਹਾਂ ਉਪਰ ਇਹ ਦਬਾਓ ਕੇਸ ਵਾਪਸ ਲੈਣ ਲਈ ਪਾਇਆ ਜਾ ਰਿਹਾ ਹੈ।

ਜਦੋਂ ਬਿਸਾੜਾ ਦੇ ਹਿੰਦੂਆਂ ਦਾ ਇਹ ਨਾਟਕੀ ਪ੍ਰਦਰਸ਼ਨ ਚੱਲ ਰਿਹਾ ਸੀ, ਕੇਂਦਰੀ ਸਭਿਆਚਾਰ ਮੰਤਰੀ ਮਹੇਸ਼ ਸ਼ਰਮਾ ਉਥੇ ਮੌਜੂਦ ਸੀ। ਉਸ ਨੇ ਆਪਣੀ ਮੌਜੂਦਗੀ ਬਾਰੇ ਸਪਸ਼ਟੀਕਰਨ ਇਹ ਦਿੱਤਾ ਕਿ ਹਾਲਤ 'ਬਹੁਤ ਤਣਾਓਪੂਰਨ' ਹੋਣ ਕਾਰਨ ਉਹ ਤਾਂ ਹਾਲਤ 'ਤੇ ਕਾਬੂ ਪਾਉਣ ਵਿਚ ਸਹਾਇਤਾ ਕਰਨ ਉਥੇ ਆਇਆ ਸੀ। ਇਸੇ ਮੰਤਰੀ ਨੇ ਪਹਿਲਾਂ ਕਿਹਾ ਸੀ ਕਿ ਅਖ਼ਲਾਕ ਦੀ ਮੌਤ ਮਹਿਜ਼ 'ਇਕ ਹਾਦਸਾ' ਹੈ। ਭਾਜਪਾ ਦੇ ਵਿਧਾਇਕ ਸੰਗੀਤ ਸੋਮ ਨੇ ਵੀ ਹਿੰਦੂ ਫਿਰਕੇ ਨੂੰ ਭੜਕਾਉਣ ਲਈ ਬਿਸਾੜਾ ਵਿਚ ਜਾ ਕੇ ਮੁਹਿੰਮ ਚਲਾਈ। ਉਹ ਮੁਜ਼ੱਫ਼ਰਨਗਰ ਵਿਚ ਮੁਸਲਿਮ ਵਿਰੋਧੀ ਹਿੰਸਾ ਲਈ ਜ਼ਿੰਮੇਵਾਰ ਮੁੱਖ ਹਿੰਦੂਤਵੀ ਸਰਗਣਿਆਂ ਵਿਚੋਂ ਇਕ ਹੈ। ਦਰਅਸਲ, ਅਖ਼ਲਾਕ ਦੀ ਹੱਤਿਆ ਲਈ ਜ਼ਿੰਮੇਵਾਰ ਅਨਸਰਾਂ ਦੇ ਖ਼ਿਲਾਫ਼ ਕੇਸ ਵਾਪਸ ਕਰਾਉਣ ਲਈ ਪਿਛਲੇ ਸਮੇਂ ਤੋਂ ਹੀ ਸਾਧਵੀ ਹਰਸਿਧੀ ਗਿਰੀ (ਕੈਥਲ ਤੋਂ ਇਹ ਸਾਧਵੀ ਲਾਅ ਗਰੈਜੂਏਟ ਹੈ) ਦੀ ਅਗਵਾਈ ਹੇਠ ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਉਸੇ ਮੰਦਰ ਵਿਚ ਲਗਾਤਾਰ ਭੁੱਖ ਹੜਤਾਲ 'ਤੇ ਬੈਠੀਆਂ ਹੋਈਆਂ ਸਨ ਜਿਸ ਦੇ ਸਪੀਕਰ ਵਿਚ ਹੋਕਾ ਦੇ ਕੇ ਪੁਜਾਰੀ ਵਲੋਂ ਅਖ਼ਲਾਕ ਦੇ ਘਰ ਗਊ ਦਾ ਮਾਸ ਹੋਣ ਦੀ ਅਫ਼ਵਾਹ ਫੈਲਾ ਕੇ ਹਜੂਮ ਨੂੰ ਭੜਕਾਇਆ ਗਿਆ ਸੀ। ਸਾਧਵੀ ਨੇ ਅਖ਼ਲਾਕ ਦੇ ਕਤਲ ਤੋਂ ਬਾਅਦ ਸਮੁੱਚੇ ਪਿੰਡ ਨੂੰ ਗਊ-ਮੂਤਰ ਅਤੇ ਗੰਗਾਜਲ ਨਾਲ 'ਪਵਿੱਤਰ' ਕੀਤਾ ਸੀ। ਸਾਧਵੀ ਅਨੁਸਾਰ ਸ਼ਿਵ ਸੈਨਾ, ਗੌ ਰਕਸ਼ਾ ਦਲ, ਬਜਰੰਗ ਦਲ, ਹਿੰਦੂ ਸੈਨਾ, ਹਿੰਦੂ ਮਹਾਂ ਸਭਾ ਅਤੇ ਹਿੰਦੂ ਮਹਾਸੰਘ ਸਮੇਤ ਸਾਰੀਆਂ ਹੀ ਹਿੰਦੂ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਉਥੇ ਆ ਕੇ ਉਸ ਦੀ ਭੁੱਖ ਹੜਤਾਲ ਦੀ ਹਮਾਇਤ ਕੀਤੀ ਹੈ। ਹਰ ਥਾਂ ਹੀ ਅਖੌਤੀ 'ਅੰਦੋਲਨ' ਰਾਹੀਂ ਮੁਸਲਮਾਨਾਂ ਨੂੰ ਦਬਾਉਣ ਦਾ ਸਿਲਸਿਲਾ ਬਹੁਤ ਵਿਉਂਤਬਧ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਕਾਤਲਾਂ ਨੂੰ ਮਜ਼ਲੂਮ ਬਣਾਇਆ ਜਾ ਰਿਹਾ ਹੈ ਅਤੇ ਮਜ਼ਲੂਮਾਂ ਨੂੰ ਕਸੂਰਵਾਰ। ਜੋ ਤਿਰੰਗਾ ਸੰਘ ਪਰਿਵਾਰ ਨੂੰ 'ਕੌਮੀ ਝੰਡੇ' ਦੇ ਤੌਰ 'ਤੇ ਮਨਜ਼ੂਰ ਹੀ ਨਹੀਂ, ਉਸ ਨੂੰ ਹੁਣ ਭਗਵਾਂ ਬ੍ਰਿਗੇਡ ਕੌਮੀ ਜਜ਼ਬਾਤ ਭੜਕਾਉਣ ਅਤੇ ਆਪਣੇ ਕਾਤਲ ਗਰੋਹਾਂ ਦੇ ਖ਼ੂਨੀ ਕਿਰਦਾਰ ਨੂੰ ਢਕਣ ਲਈ ਪੂਰੀ ਇਸਤੇਮਾਲ ਕਰ ਰਿਹਾ ਹੈ।

*ਜਦੋਂ ਬਿਸਾੜਾ ਦੇ ਹਿੰਦੂਆਂ ਦਾ ਨਾਟਕੀ ਪ੍ਰਦਰਸ਼ਨ ਚੱਲ ਰਿਹਾ ਸੀ, ਕੇਂਦਰੀ ਸਭਿਆਚਾਰ ਮੰਤਰੀ ਮਹੇਸ਼ ਸ਼ਰਮਾ ਉਥੇ ਮੌਜੂਦ ਸੀ। ਉਸ ਨੇ ਆਪਣੀ ਮੌਜੂਦਗੀ ਬਾਰੇ ਸਪਸ਼ਟੀਕਰਨ ਦਿੱਤਾ ਕਿ ਹਾਲਤ 'ਬਹੁਤ ਤਣਾਓਪੂਰਨ' ਹੋਣ ਕਾਰਨ ਉਹ ਤਾਂ ਹਾਲਤ 'ਤੇ ਕਾਬੂ ਪਾਉਣ ਵਿਚ ਸਹਾਇਤਾ ਕਰਨ ਉਥੇ ਆਇਆ ਸੀ। ਇਸੇ ਮੰਤਰੀ ਨੇ ਪਹਿਲਾਂ ਕਿਹਾ ਸੀ ਕਿ ਅਖ਼ਲਾਕ ਦੀ ਮੌਤ ਮਹਿਜ਼ 'ਹਾਦਸਾ' ਹੈ। ਭਾਜਪਾ ਦੇ ਵਿਧਾਇਕ ਸੰਗੀਤ ਸੋਮ ਨੇ ਵੀ ਹਿੰਦੂ ਫਿਰਕੇ ਨੂੰ ਭੜਕਾਉਣ ਲਈ ਬਿਸਾੜਾ ਵਿਚ ਜਾ ਕੇ ਮੁਹਿੰਮ ਚਲਾਈ। ਉਹ ਮੁਜ਼ੱਫ਼ਰਨਗਰ ਵਿਚ ਮੁਸਲਿਮ ਵਿਰੋਧੀ ਹਿੰਸਾ ਲਈ ਜ਼ਿੰਮੇਵਾਰ ਮੁੱਖ ਹਿੰਦੂਤਵੀ ਸਰਗਣਿਆਂ ਵਿਚੋਂ ਇਕ ਹੈ।*

ਭਗਵੇਂ ਬ੍ਰਿਗੇਡ ਨੇ ਮੁਆਵਜ਼ੇ ਦਾ ਪੈਮਾਨਾ ਹੀ ਉਲਟਾ ਦਿੱਤਾ ਹੈ। ਕਿਸੇ ਤਰ੍ਹਾਂ ਦੀ ਕਤਲੋਗਾਰਤ ਜਾਂ ਫਿਰਕੂ ਫ਼ਸਾਦਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਰਕਾਰ ਵਲੋਂ ਮੁਆਵਜ਼ਾ ਦਿੱਤੇ ਜਾਣ ਦੀ ਵਾਜਬੀਅਤ ਇਹ ਹੁੰਦੀ ਹੈ ਕਿ ਹਿੰਸਾ ਨਾਲ ਉਨ੍ਹਾਂ ਦਾ ਜਾਨੀ-ਮਾਲੀ ਨੁਕਸਾਨ ਅਤੇ ਉਜਾੜਾ ਹੋਇਆ ਹੁੰਦਾ ਹੈ ਤੇ ਉਨ੍ਹਾਂ ਦੇ ਮੁੜ-ਵਸੇਬੇ ਲਈ ਸਰਕਾਰੀ ਮਾਇਕ ਸਹਾਇਤਾ ਜ਼ਰੂਰੀ ਹੁੰਦੀ ਹੈ। ਇਹ ਮਜ਼ਲੂਮ ਧਿਰ ਲਈ ਧਰਵਾਸ ਵੀ ਹੁੰਦਾ ਹੈ ਕਿ ਉਨ੍ਹਾਂ ਨਾਲ ਹੋਏ ਅਨਿਆਂ ਨੂੰ ਅਨਿਆਂ ਮੰਨਿਆ ਜਾ ਰਿਹਾ ਹੈ। ਭਗਵੇਂ ਬ੍ਰਿਗੇਡ ਨੇ ਹਮਲਾਵਰ ਧਿਰ ਦੇ ਜੇਲ੍ਹ ਵਿਚ ਮਰੇ ਮੁਲਜ਼ਮ ਨੂੰ ਮੁਆਵਜ਼ਾ ਅਤੇ ਸਰਕਾਰੀ ਸਨਮਾਨ ਦੇਣ ਦੀ ਨਵੀਂ ਮਿਸਾਲ ਕਾਇਮ ਕੀਤੀ ਹੈ। ਮ੍ਰਿਤਕ ਦੇ ਪਰਿਵਾਰ ਨਾਲ ਮੁਆਵਜ਼ੇ ਦਾ ਇਹ ਸੌਦਾ ਇਸ ਪੱਖੋਂ ਵੀ ਵਿਲੱਖਣ ਹੈ ਕਿ 25 ਲੱਖ ਰੁਪਏ ਦੀ ਰਕਮ ਵਿਚ 10 ਲੱਖ ਸੂਬਾ ਸਰਕਾਰ ਵਲੋਂ, 10 ਲੱਖ ਕਿਸੇ ਐੱਨ.ਜੀ.ਓ. ਵਲੋਂ ਅਤੇ 5 ਲੱਖ ਕੇਂਦਰੀ ਮੰਤਰੀ ਮਹੇਸ਼ ਸ਼ਰਮਾ ਤੇ ਵਿਧਾਇਕ ਸੰਗੀਤ ਸੋਮ ਵਲੋਂ ਦਿੱਤੇ ਗਏ ਹਨ।

ਇਹ ਸ਼ਾਇਦ ਮੁਲਕ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਹੈ ਕਿ ਮੁਆਵਜ਼ਾ ਦੇਣ ਵਿਚ ਕੋਈ ਐਨ.ਜੀ.ਓ. ਸ਼ਾਮਲ ਹੈ। ਇਹ ਵੀ ਘੱਟ ਖ਼ਤਰਨਾਕ ਨਹੀਂ ਕਿ ਮੋਦੀ ਵਜ਼ਾਰਤ ਨੇ ਸੂਬਾ ਸਰਕਾਰ ਦੇ ਅਧਿਕਾਰ ਖੇਤਰ ਨੂੰ ਟਿੱਚ ਜਾਣ ਕੇ ਬਿਸਾੜਾ ਵਾਸੀਆਂ ਨਾਲ ਮੁਆਵਜ਼ੇ ਦਾ ਸੌਦਾ ਤੈਅ ਕਰਾਉਣ ਵਿਚ ਆਪਣੀ ਮਰਜ਼ੀ ਪੁਗਾਈ ਅਤੇ ਅਗਾਮੀ ਵਿਧਾਨ ਸਭਾ ਚੋਣਾਂ ਦੀਆਂ ਗਿਣਤੀਆਂ-ਮਿਣਤੀਆਂ ਵਿਚੋਂ ਸਮਾਜਵਾਦੀ ਪਾਰਟੀ ਦੀ ਅਖਿਲੇਸ਼ ਯਾਦਵ ਸਰਕਾਰ ਨੇ ਪੂਰੀ ਮੌਕਾਪ੍ਰਸਤੀ ਨਾਲ ਭਗਵੇਂ ਬ੍ਰਿਗੇਡ ਅੱਗੇ ਗੋਡੇ ਟੇਕ ਕੇ ਮੁਆਵਜ਼ੇ ਦੇ ਇਸ ਸੌਦੇ ਨੂੰ ਸਹਿਮਤੀ ਦਿੱਤੀ।

ਇਹ ਘਟਨਾਕ੍ਰਮ ਯੂ.ਪੀ. ਦੇ ਮੁਸਲਮਾਨਾਂ, ਦਲਿਤਾਂ ਤੇ ਹਿੰਦੂਤਵੀ ਦਹਿਸ਼ਤਗਰਦੀ ਦਾ ਵਿਰੋਧ ਕਰਨ ਵਾਲਿਆਂ ਨੂੰ ਸੁਣਾਉਣੀ ਹੈ ਕਿ ਮੋਦੀ-ਅਮਿਤ ਸ਼ਾਹ ਦੀ ਅਗਵਾਈ ਹੇਠ ਭਗਵੇਂ ਰਾਜ ਵਿਚ ਨਾ ਸਿਰਫ਼ ਅਖ਼ਲਾਕ ਵਰਗਿਆਂ ਦੇ ਕਤਲ ਜਾਇਜ਼ ਹਨ, ਤੇ ਉਨ੍ਹਾਂ ਦੇ ਕਤਲਾਂ ਦੇ ਮੁਜਰਿਮ ਮਰਨ ਉਪਰੰਤ ਮੁਆਵਜ਼ੇ ਦੇ ਹੱਕਦਾਰ ਹਨ, ਸਗੋਂ ਅਖ਼ਲਾਕ ਦੇ ਪਰਿਵਾਰ ਨੂੰ ਉਸ ਦੇ ਕਤਲ ਦੀ ਪੈਰਵੀ ਕਰਨ ਬਦਲੇ ਅਜੇ ਹੋਰ ਵੀ ਕੀਮਤ ਚੁਕਾਉਣੀ ਪਵੇਗੀ।

ਆਰ.ਐਸ.ਐਸ. ਦੇ ਏਜੰਡੇ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਸੰਘ ਪਰਿਵਾਰ ਵਲੋਂ ਇਸ ਵਕਤ ਇਸ ਫਿਰਕੂ ਤਣਾਓ ਨੂੰ ਵੱਧ ਤੋਂ ਵੱਧ ਭੜਕਾਉਣ ਦੀ ਇਕ ਹੋਰ ਵਜ੍ਹਾ ਹੈ। ਅਗਲੇ ਕੁਝ ਮਹੀਨਿਆਂ ਵਿਚ ਯੂ.ਪੀ. ਅਤੇ ਕੁਝ ਹੋਰ ਸੂਬਿਆਂ ਅੰਦਰ ਚੋਣਾਂ ਹੋ ਰਹੀਆਂ ਹਨ। ਯੂ.ਪੀ. ਵਿਚ ਖ਼ਾਸ ਕਰ ਕੇ ਮੁਸਲਮਾਨਾਂ, ਦਲਿਤਾਂ ਤੇ ਹੋਰ ਕਮਜ਼ੋਰ ਹਿੱਸਿਆਂ ਨੂੰ ਦਹਿਸ਼ਤਜ਼ਦਾ ਕਰ ਕੇ ਰੱਖਣਾ ਜ਼ਰੂਰੀ ਹੈ ਤਾਂ ਜੋ ਉਹ ਭਗਵੇਂ ਗਰੋਹਾਂ ਤੋਂ ਆਕੀ ਹੋ ਕੇ ਉਨ੍ਹਾਂ ਦੇ ਖ਼ਿਲਾਫ਼ ਵੋਟਾਂ ਨਾ ਪਾਉਣ। ਇਸ ਦਾ ਦੂਜਾ ਪਾਸਾ ਇਹ ਹੈ ਕਿ ਉਚ ਜਾਤੀ ਹਿੰਦੂ ਬਹੁਗਿਣਤੀ ਨੂੰ ਹਿੰਦੂ ਰਾਸ਼ਟਰਵਾਦ ਦੀ ਜ਼ਹਿਰ ਨਾਲ ਇਸ ਕਦਰ ਵਰਗਲਾ ਕੇ ਰੱਖਿਆ ਜਾਵੇ ਕਿ ਉਸ ਦਾ ਧਿਆਨ ਅਸਲ ਮੁੱਦਿਆਂ ਤੋਂ ਪਾਸੇ ਭਟਕਿਆ ਰਹੇ। ਯੂ.ਪੀ. ਦੀਆਂ ਚੋਣਾਂ ਵਿਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਭਗਵਾਂ ਬ੍ਰਿਗੇਡ ਐਸੇ ਹੱਥਕੰਡੇ ਅਖ਼ਤਿਆਰ ਕਰ ਰਿਹਾ ਹੈ।

# ਕਸ਼ਮੀਰੀਅਤ ਦੀ ਕਹਾਣੀ: ਕੱਲ੍ਹ ਤੋਂ ਅੱਜ ਤਕ

ਕਸ਼ਮੀਰ ਦੀ ਸਮੱਸਿਆ 'ਤੇ ਹੋਣ ਵਾਲੀ ਹਰ ਚਰਚਾ ਵਿਚ ਅਕਸਰ ਇਕ ਧਾਰਨਾ ਵਾਰ-ਵਾਰ ਉਭਰਦੀ ਹੈ, ਇਹ ਹੈ ਕਸ਼ਮੀਰੀਅਤ ਦੀ ਧਾਰਨਾ। ਕਸ਼ਮੀਰ ਸਮੱਸਿਆ ਦਾ ਜਿੰਨਾ ਅਧਿਐਨ ਮੈਂ ਕੀਤਾ ਹੈ, ਉਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸ਼ੇਖ ਮੁਹੰਮਦ ਅਬਦੁੱਲਾ ਨੇ 40 ਅਤੇ 50 ਦੇ ਦਹਾਕੇ ਵਿਚ ਆਪਣੇ ਯਤਨਾਂ ਨਾਲ ਵੱਖਰੀ ਕੌਮੀਅਤ ਦੇ ਜਿਸ ਅੰਦੋਲਨ ਨੂੰ ਕਸ਼ਮੀਰੀਅਤ ਦਾ ਨਾਂ ਦਿੱਤਾ ਸੀ, ਉਸ ਦਾ ਉਹ ਸਰੂਪ ਹੁਣ ਖਿੰਡ ਚੁੱਕਾ ਹੈ। ਸ਼ੇਖ ਦੀ ਅਗਵਾਈ ਵਿਚ ਵਿਕਸਤ ਕਸ਼ਮੀਰੀਅਤ ਮੁਸਲਿਮ ਬਹੁਗਿਣਤੀ ਵਾਲੀ, ਪਰ ਧਰਮ ਨਿਰਪੱਖ ਅਤੇ

**ਅਭੈ ਕੁਮਾਰ ਦੂਬੇ**

ਬਹੁਲਵਾਦੀ ਸਰੂਪ ਵਾਲੀ ਸੀ। ਅੱਜ ਕਸ਼ਮੀਰੀਅਤ ਦੇ ਨਾਂ 'ਤੇ ਜੰਮੂ ਕਸ਼ਮੀਰ ਵਿਚ ਜੋ ਕੁਝ ਬਚਿਆ ਹੈ, ਉਹ ਵਿਹਾਰਕ ਤੌਰ 'ਤੇ ਘਾਟੀ ਦੇ ਮੁਸਲਮਾਨਾਂ ਦੀ ਪ੍ਰਧਾਨਤਾ ਵਾਲਾ ਰਾਜਨੀਤਕ ਵਿਚਾਰ ਹੈ, ਕਿਉਂਕਿ ਹੌਲੀ-ਹੌਲੀ ਘਟਨਾਕ੍ਰਮ ਦੇ ਵਿਕਾਸ ਦੇ ਨਾਲ-ਨਾਲ ਸ਼ੇਖ ਦੀ ਕਸ਼ਮੀਰੀਅਤ ਵਿਚੋਂ ਨਾ ਸਿਰਫ ਲੱਦਾਖ ਦੇ ਬੋਧੀ ਅਤੇ ਜੰਮੂ ਦੇ ਹਿੰਦੂ ਬਾਹਰ ਹੋ ਗਏ ਹਨ, ਸਗੋਂ ਜੰਮੂ ਅਤੇ ਕਾਰਗਿਲ ਦੇ ਮੁਸਲਮਾਨ ਵੀ ਖੁਦ ਨੂੰ ਇਸ ਧਾਰਨਾ ਦਾ ਸੁਭਾਵਿਕ ਅੰਗ ਨਹੀਂ ਮੰਨਦੇ।

20ਵੀਂ ਸਦੀ ਦੇ ਤੀਜੇ ਦਹਾਕੇ ਵਿਚ ਜਦੋਂ ਸਾਰਾ ਦੇਸ਼ ਗਾਂਧੀ ਦੀ ਅਗਵਾਈ ਹੇਠ ਬਸਤੀਵਾਦ ਵਿਰੋਧੀ ਨਾਮਿਲਵਰਤਨ ਅੰਦੋਲਨ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ, ਉਦੋਂ ਜੰਮੂ ਅਤੇ ਕਸ਼ਮੀਰ ਰਿਆਸਤ ਵਿਚ ਡੋਗਰਾ ਰਾਜਸ਼ਾਹੀ ਦੇ ਮੁਕਾਬਲੇ ਆਧੁਨਿਕ ਕਸ਼ਮੀਰੀ ਕੌਮੀਅਤ ਦੀ ਦਾਅਵੇਦਾਰੀ ਦੀਆਂ ਰਾਜਨੀਤਕ ਕੋਸ਼ਿਸ਼ਾਂ ਸ਼ੁਰੂ ਹੋ ਰਹੀਆਂ ਸਨ। ਇਸ ਲਿਹਾਜ਼ ਨਾਲ ਜੰਮੂ ਅਤੇ ਕਸ਼ਮੀਰ ਦੀ ਇਸ ਰਾਜਨੀਤੀ ਦਾ ਚਰਿੱਤਰ ਹੋਰ ਦੇਸੀ ਰਿਆਸਤਾਂ ਅੰਦਰ ਹੋਣ ਵਾਲੀ ਰਾਜਨੀਤੀ ਦੇ ਮੁਕਾਬਲੇ ਵੱਖਰਾ ਸੀ। ਸ਼ੁਰੂ ਵਿਚ ਇਨ੍ਹਾਂ ਯਤਨਾਂ ਦਾ ਰੂਪ ਧਾਰਮਿਕ ਆਧਾਰ 'ਤੇ ਕੀਤੀ ਜਾਣ ਵਾਲੀ ਕਤਾਰਬੰਦੀ ਵਰਗਾ ਸੀ। 21 ਜੂਨ, 1931 ਨੂੰ ਮੀਰਵਾਇਜ਼ ਯੂਸਫ਼ ਸ਼ਾਹ, ਸ਼ੇਖ ਮੁਹੰਮਦ ਅਬਦੁੱਲਾ ਅਤੇ ਚੌਧਰੀ ਗੁਲਾਮ ਅੱਬਾਸ ਵਗੈਰਾ ਨੇ ਡੋਗਰਾ ਰਾਜਸ਼ਾਹੀ ਖਿਲਾਫ਼ ਸੰਘਰਸ਼ ਕਰਨ ਲਈ ਮੁਸਲਿਮ ਕਾਨਫ਼ਰੰਸ ਦੀ ਸਥਾਪਨਾ ਕੀਤੀ।

ਇਸੇ ਵਰ੍ਹੇ 13 ਜੁਲਾਈ ਨੂੰ ਸ਼ੇਖ ਅਬਦੁੱਲਾ ਦੀ ਅਗਵਾਈ ਹੇਠਲੇ ਕਾਨਫ਼ਰੰਸ ਦੇ ਅੰਦੋਲਨ 'ਤੇ ਰਾਜਾ ਦੀ ਪੁਲਿਸ ਨੇ ਗੋਲੀ ਚਲਾਈ ਜਿਸ ਵਿਚ 20 ਪ੍ਰਦਰਸ਼ਨਕਾਰੀ ਮਾਰੇ ਗਏ। ਇਸ ਦਿਨ ਨੂੰ ਅੱਜ ਤੱਕ ਕਸ਼ਮੀਰ ਵਿਚ ਸ਼ਹੀਦ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅਗਲੇ ਸਾਲ ਤੋਂ ਕਾਨਫ਼ਰੰਸ ਨੇ 'ਨਾਗਰਿਕ ਅਵੱਗਿਆ ਅੰਦੋਲਨ' ਦੀ ਸ਼ੁਰੂਆਤ ਕਰ ਦਿੱਤੀ। ਕਸ਼ਮੀਰੀ ਕੌਮਪ੍ਰਸਤੀ ਦਾ ਇਹ ਦੌਰ ਆਪਣੇ ਫ਼ਿਰਕੂ ਸੁਭਾਅ ਕਾਰਨ ਮਸਜਿਦਾਂ ਵਿਚ ਹੋਣ ਵਾਲੀਆਂ ਸਭਾਵਾਂ ਅਤੇ ਜ਼ੋਰਦਾਰ ਤਕਰੀਰਾਂ ਦਾ ਸੀ ਜਿਨ੍ਹਾਂ ਰਾਹੀਂ ਇਸ ਰਿਆਸਤ ਦੀ ਗ਼ਰੀਬ ਮੁਸਲਮਾਨ ਰਿਆਇਆ ਦਾ ਤੇਜ਼ੀ ਨਾਲ ਸਿਆਸੀਕਰਨ ਹੋਇਆ। ਆਪਣੀਆਂ ਸੰਬੋਧਨੀ ਸਮਰਥਾਵਾਂ ਅਤੇ ਜੁਝਾਰੂ ਲੀਡਰਸ਼ਿਪ ਦੀਆਂ ਖ਼ੂਬੀਆਂ ਕਾਰਨ ਸ਼ੇਖ ਅਬਦੁੱਲਾ ਇਸ ਦੌਰ ਦੇ ਬੇਹੱਦ ਹਰਮਨਪਿਆਰੇ ਅਤੇ ਪ੍ਰਭਾਵਸ਼ਾਲੀ ਨੇਤਾ ਬਣ ਕੇ ਉਭਰੇ; ਪਰ 5-6 ਸਾਲ ਦੇ ਅੰਦੋਲਨ ਵਿਚ ਹੀ ਸ਼ੇਖ ਅਬਦੁੱਲਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਮਝ ਆ ਗਈ ਕਿ ਉਹ ਕਸ਼ਮੀਰੀ ਸਮਾਜ ਨੂੰ ਸਾਮੰਤਵਾਦ ਦੇ ਦੌਰ 'ਚੋਂ ਕੱਢ ਕੇ ਆਧੁਨਿਕ ਕੌਮੀਅਤ ਵਿਚ ਫਿਰ ਹੀ ਬਦਲ ਸਕਣਗੇ, ਜੇ ਉਨ੍ਹਾਂ ਦਾ ਸੰਗਠਨ ਧਾਰਮਿਕ ਸੰਕੀਰਨਤਾ ਛੱਡ ਕੇ ਧਰਮ ਨਿਰਪੱਖ ਰੂਪ ਧਾਰਨ ਕਰੇਗਾ।

ਇਸੇ ਖ਼ਿਆਲ ਨਾਲ 1938 ਵਿਚ ਮੁਸਲਿਮ ਕਾਨਫ਼ਰੰਸ ਦੇ ਦਰਵਾਜ਼ੇ ਜਾਤ ਧਰਮ ਦੀਆਂ ਹੱਦਾਂ ਤੋਂ ਉਪਰ ਉਠਦਿਆਂ ਸਾਰੇ ਕਸ਼ਮੀਰੀਆਂ ਲਈ ਖੋਲ੍ਹ ਦਿੱਤੇ ਗਏ ਅਤੇ 1939 ਵਿਚ ਇਸ ਦਾ ਨਾਂ ਬਦਲ ਕੇ 'ਆਲ ਜੇ.ਕੇ. ਨੈਸ਼ਨਲ ਕਾਨਫ਼ਰੰਸ' ਹੋ ਗਿਆ। ਇਸ ਸੰਗਠਨ ਦਾ ਸਿਆਸੀ ਪ੍ਰੋਗਰਾਮ ਐਲਾਨੀਆ ਤੌਰ 'ਤੇ ਧਰਮ ਨਿਰਪੱਖ, ਜਮਹੂਰੀ ਅਤੇ ਸਮਾਜਵਾਦੀ ਸੀ। ਇਉਂ ਕਸ਼ਮੀਰੀਅਤ ਮਸਜਿਦਾਂ ਵਿਚੋਂ ਨਿਕਲ ਕੇ ਧਰਮ ਨਿਰਪੱਖਤਾ ਦੇ ਘੇਰੇ ਵਿਚ ਆ ਗਈ। ਤਿੰਨ ਅਗਸਤ 1945 ਨੂੰ ਨੈਸ਼ਨਲ ਕਾਨਫ਼ਰੰਸ ਨੇ ਆਪਣੇ ਸਾਲਾਨਾ ਇਜਲਾਸ ਵਿਚ ਸੂਬੇ ਦੇ ਚਹੁੰ ਪੱਖੀ ਆਰਥਿਕ ਵਿਕਾਸ ਲਈ 'ਨਵਾਂ ਕਸ਼ਮੀਰ' ਪ੍ਰੋਗਰਾਮ ਅਪਨਾਇਆ ਜਿਸ ਪਿੱਛੇ ਆਧੁਨਿਕ ਅਤੇ ਧਰਮ ਨਿਰਪੱਖ ਕਸ਼ਮੀਰ ਦੀ ਧਾਰਨਾ ਸੀ; ਪਰ ਮੁਸਲਿਮ ਕਾਨਫ਼ਰੰਸ ਵੱਲੋਂ ਧਰਮ ਨਿਰਪੱਖ ਰੂਪ ਧਾਰਨ ਕਰ ਲੈਣ ਦਾ ਮਤਲਬ ਇਹ ਨਹੀਂ ਸੀ ਕਿ ਉਸ ਦਾ ਫ਼ਿਰਕੂ ਰੂਪ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਸੀ। ਦਰਅਸਲ ਪੁਣਛ, ਜੰਮੂ ਅਤੇ ਅੱਜ ਦੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਇਹ ਰੂਪ ਜੀਵਤ ਹੀ ਨਹੀਂ ਰਿਹਾ, ਸਗੋਂ ਇਨ੍ਹਾਂ ਖੇਤਰਾਂ ਵਿਚ ਸ਼ੇਖ ਦਾ ਨਹੀਂ, ਬਲਕਿ ਮੁਸਲਿਮ ਕਾਨਫ਼ਰੰਸ ਦੇ ਆਗੂ ਚੌਧਰੀ ਗੁਲਾਮ ਅੱਬਾਸ ਦਾ ਦਬਦਬਾ ਬਣਿਆ ਰਿਹਾ। ਘਾਟੀ ਦੇ ਅੰਦਰ ਵੀ ਸ਼ੇਖ ਅਤੇ ਮੌਲਾਨਾ ਯੂਸਫ਼ ਸ਼ਾਹ ਦੇ ਸਮਰਥਕਾਂ ਵਿਚਕਾਰ ਹੋਣ ਵਾਲੀਆਂ ਸ਼ੇਰ-ਬੱਕਰਾ ਲੜਾਈਆਂ ਵਿਚ ਜੰਮ ਕੇ ਇਕ-ਦੂਜੇ ਖ਼ਿਲਾਫ਼ ਪੱਥਰਬਾਜ਼ੀ ਹੁੰਦੀ ਸੀ ਜੋ ਅੱਗੇ ਚੱਲ ਕੇ ਕਸ਼ਮੀਰ ਵਿਚ ਗ਼ੈਰ-ਬਾਰੂਦੀ ਹਿੰਸਕ ਰਾਜਨੀਤਕ ਵਿਰੋਧ ਦਾ ਸਥਾਪਤ ਰੂਪ ਬਣ ਗਈ। ਕੁੱਲ ਮਿਲਾ ਕੇ ਫ਼ਿਰਕੂ ਸੰਗਠਨ ਦੇ ਧਰਮ ਨਿਰਪੱਖ ਹੋਣ ਦਾ ਇਹ ਅਮਲ ਘਾਟੀ ਵਿਚ ਹੀ ਚੱਲਿਆ। ਘਾਟੀ ਦੇ ਬਾਹਰ ਰਾਜਨੀਤਕ ਤਾਕਤਾਂ ਦਾ ਸੰਤੁਲਨ ਵੱਖਰੀ ਕਿਸਮ ਦਾ ਸੀ।

ਮੁਸਲਮਾਨ ਫ਼ਿਰਕੂ ਤੱਤਾਂ ਦੀਆਂ ਤਾਰਾਂ ਮੁਸਲਿਮ ਲੀਗ ਵੱਲੋਂ ਬਣਾਈ ਅਤੇ ਲਾਹੌਰ ਤੋਂ ਚੱਲਣ ਵਾਲੀ ਕਸ਼ਮੀਰ ਕਮੇਟੀ (ਜਿਸ ਦੀ ਅਗਵਾਈ ਅਹਿਮਦੀ ਨੇਤਾ ਮਿਰਜ਼ਾ ਬਸ਼ੀਰੁੱਦੀਨ ਦੇ ਹੱਥਾਂ ਵਿਚ ਸੀ) ਨਾਲ ਜੁੜੀਆਂ ਹੋਈਆਂ ਸਨ। ਸਮਝਿਆ ਜਾਂਦਾ ਹੈ ਕਿ ਮੁਸਲਿਮ ਕਾਨਫ਼ਰੰਸ ਦੇ ਮਤੇ ਪਾਸ ਕਰਨ ਤੋਂ ਪਹਿਲਾਂ ਇਸ ਕਮੇਟੀ ਦੀ ਗ਼ੈਰ-ਰਸਮੀ ਸਹਿਮਤੀ ਲਈ ਜਾਂਦੀ ਸੀ।



ਅੱਜ ਦਾ ਕਸ਼ਮੀਰ: ਹਕੀਕਤਾਂ ਦੇ ਰੂਬ-ਰੂ

ਅਗਲੇ ਸਾਲ ਰਾਜਸ਼ਾਹੀ ਦੇ ਖ਼ਿਲਾਫ਼ ਅਤੇ ਹਰਮਨਪਿਆਰੀ ਸਰਕਾਰ ਦੀ ਸਥਾਪਨਾ ਲਈ 9 ਮਈ, 1946 ਨੂੰ 'ਕਸ਼ਮੀਰ ਛੱਡੋ' ਅੰਦੋਲਨ ਛੇੜਿਆ ਗਿਆ। ਇਹ ਅੰਦੋਲਨ ਭਾਵੇਂ ਹਿੰਦੂ ਰਾਜੇ ਖ਼ਿਲਾਫ਼ ਸੀ ਅਤੇ ਇਸ ਵਿਚ ਜ਼ਿਆਦਾਤਰ ਮੁਸਲਮਾਨ ਹਿੱਸਾ ਲੈ ਰਹੇ ਸਨ ਪਰ ਮੁਸਲਿਮ ਲੀਗ ਨੇ ਇਸ ਦੀ ਹਮਾਇਤ ਨਾ ਕੀਤੀ। ਕਾਂਗਰਸ ਦੇਸੀ ਰਿਆਸਤਾਂ ਵਿਚ 'ਜਵਾਬਦੇਹੀਪੂਰਨ ਸ਼ਾਸਨ' ਦੇ ਹੱਕ ਵਿਚ ਸੀ ਅਤੇ ਰਾਜਸ਼ਾਹੀ ਖ਼ਤਮ ਕਰਨ ਦੀ ਮੰਗ ਦੇ ਨਾਲ ਜਾਣ ਲਈ ਰਸਮੀ ਰੂਪ ਵਿਚ ਤਿਆਰ ਨਹੀਂ ਸੀ, ਪਰ ਕਾਂਗਰਸ ਦੇ ਅੰਦਰ ਇਸ ਪ੍ਰਤੀ ਹਮਦਰਦੀ ਦੇ ਰੁਝਾਨ ਜ਼ਰੂਰ ਮੌਜੂਦ ਸਨ। ਇਸ ਦਾ ਸਬੂਤ ਉਦੋਂ ਮਿਲਿਆ, ਜਦੋਂ ਜਵਾਹਰ ਲਾਲ ਨਹਿਰੂ ਨੇ ਕਸ਼ਮੀਰ ਵਿਚ ਆਪਣੀ ਗ੍ਰਿਫ਼ਤਾਰੀ ਦਿੱਤੀ। ਕਾਂਗਰਸ ਦੇ ਝਿਜਕ ਭਰੇ ਰਵੱਈਏ ਦੇ ਉਲਟ 1942 ਦੇ 'ਭਾਰਤ ਛੱਡੋ' ਅੰਦੋਲਨ ਦੇ ਨਾਇਕ ਜੈਪ੍ਰਕਾਸ਼ ਨਾਰਾਇਣ ਨੇ 'ਕਸ਼ਮੀਰ ਛੱਡੋ' ਅੰਦੋਲਨ ਨੂੰ ਖੁੱਲ੍ਹੀ ਹਮਾਇਤ ਦਿੱਤੀ। 30 ਦਸੰਬਰ 1946 ਨੂੰ ਜੇ.ਪੀ. ਨੇ ਜੰਮੂ ਦੇ ਰਣਬੀਰਸਿੰਘਪੁਰਾ ਵਿਚ 'ਕਸ਼ਮੀਰ ਛੱਡੋ' ਦੀ ਮੰਗ ਬੁਲੰਦ ਕਰਦਿਆਂ ਜ਼ਬਰਦਸਤ ਸਭਾ ਨੂੰ ਸੰਬੋਧਨ ਕੀਤਾ, ਹਾਲਾਂ ਕਿ ਉਨ੍ਹਾਂ ਨੂੰ ਹਿੰਦੂ ਫ਼ਿਰਕਾਪ੍ਰਸਤਾਂ ਅਤੇ ਰਾਜੇ ਦੇ ਵਫ਼ਾਦਾਰਾਂ ਨੇ ਮੀਟਿੰਗ ਨਾ ਕਰਨ ਲਈ ਧਮਕੀਆਂ ਦਿੱਤੀਆਂ ਸਨ। ਧਿਆਨ ਰਹੇ ਕਿ ਇਸ ਅੰਦੋਲਨ ਦਾ ਕੇਂਦਰ ਮੁੱਖ ਤੌਰ 'ਤੇ ਘਾਟੀ ਵਿਚ ਸੀ ਅਤੇ ਜੰਮੂ ਦੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਰੁਝਾਨ ਰਾਜੇ ਵੱਲ ਸੀ। ਇਸ ਲਿਹਾਜ਼ ਨਾਲ ਇਹ ਸਭਾ ਬਹੁਤ ਮਹੱਤਵਪੂਰਨ ਸੀ। ਇਸ ਤੋਂ ਬਾਅਦ ਜੈਪ੍ਰਕਾਸ਼ ਨਾਰਾਇਣ ਸਾਰੀ ਜ਼ਿੰਦਗੀ ਕਸ਼ਮੀਰ ਦੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ ਦੇ ਹੱਕ ਵਿਚ ਲੜਦੇ ਰਹੇ।

ਜਿਵੇਂ ਕੌਮੀਅਤ ਦੀ ਕਲਪਨਾ ਦੇ ਹਰ ਅਮਲ ਵਿਚ ਹੁੰਦਾ ਹੈ, ਸ਼ੇਖ ਨੇ ਵੀ ਮੁਸਲਮਾਨਾਂ ਤੇ ਹਿੰਦੂਆਂ ਨੂੰ ਇਕੋ ਰੂਪ ਵਿਚ ਪੇਸ਼ ਕੀਤਾ ਸੀ; ਜਦੋਂ ਕਿ ਅਸਲੀਅਤ ਇਹ ਸੀ ਕਿ ਜੰਮੂ ਕਸ਼ਮੀਰ ਦੇ ਤਕਰੀਬਨ 65 ਫ਼ੀਸਦੀ ਮੁਸਲਮਾਨਾਂ ਵਿਚੋਂ ਘਾਟੀ ਦੇ 45 ਫ਼ੀਸਦੀ ਮੁਸਲਮਾਨ ਹੀ ਉਸ ਜ਼ਬਾਨ ਅਤੇ ਸਭਿਆਚਾਰ ਦੀ ਨੁਮਾਇੰਦਗੀ ਕਰਦੇ ਸਨ ਜਿਸ ਨੂੰ ਸ਼ੇਖ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਸ਼ਮੀਰੀਅਤ ਦਾ ਨਾਂ ਦਿੱਤਾ ਸੀ। ਬਾਕੀ 20 ਫ਼ੀਸਦੀ ਜੰਮੂ ਅਤੇ ਕਾਰਗਿਲ ਦੇ ਮੁਸਲਮਾਨ ਸਨ ਜੋ ਨਾ ਤਾਂ ਘਾਟੀ ਵਿਚ ਬੋਲੀ ਜਾਣ ਵਾਲੀ ਜ਼ਬਾਨ ਬੋਲਦੇ ਸਨ ਅਤੇ ਨਾ ਹੀ ਉਹ ਖ਼ੁਦ ਨੂੰ ਕਸ਼ਮੀਰੀ ਕੌਮੀਅਤ ਦਾ ਸੁਭਾਵਿਕ ਹਿੱਸਾ ਮੰਨਦੇ ਸਨ। ਉਨ੍ਹਾਂ ਦੀਆਂ ਜ਼ਬਾਨਾਂ ਗੋਜਰੀ, ਦਰਦੀ ਅਤੇ ਪਹਾੜੀ ਵਗੈਰਾ ਸਨ। ਉਨ੍ਹਾਂ ਦਾ ਰਹਿਣ-ਸਹਿਣ ਅਤੇ ਖਾਣ-ਪੀਣ ਵੀ ਘਾਟੀ ਦੇ ਮੁਸਲਮਾਨਾਂ ਤੋਂ ਵੱਖਰਾ ਸੀ। ਘਾਟੀ ਵਿਚ ਸੁੰਨੀਆਂ ਦਾ ਬੋਲਬਾਲਾ ਸੀ ਪਰ ਕਾਰਗਿਲ ਦੇ ਮੁਸਲਮਾਨ ਸ਼ੀਆ ਸਨ। ਬਾਕੀ 35 ਫ਼ੀਸਦੀ ਆਬਾਦੀ ਘਾਟੀ ਅਤੇ ਜੰਮੂ ਦੇ ਹਿੰਦੂਆਂ, ਸਿੱਖਾਂ ਅਤੇ ਲੇਹ ਦੇ ਬੋਧੀਆਂ ਦੀ ਸੀ। ਇਹ ਪੰਜ ਪਹਿਲੂ ਦੱਸਦੇ ਹਨ ਕਿ ਸ਼ੇਖ ਨੇ ਜਿਸ ਕਸ਼ਮੀਰੀਅਤ ਜਾਂ ਆਧੁਨਿਕ ਕਸ਼ਮੀਰੀ ਕੌਮੀਅਤ ਦੀ ਕਲਪਨਾ ਕੀਤੀ ਸੀ, ਉਹ ਵਖਰੇਵਿਆਂ ਦੇ ਖ਼ਦਸ਼ਿਆਂ ਨਾਲ ਭਰੀ ਹੋਈ ਸੀ।

ਖ਼ੁਦ ਸ਼ੇਖ ਦੇ ਸਰਕਾਰ ਚਲਾਉਣ ਦੇ ਗ਼ੈਰ-ਜਮਹੂਰੀ ਰਵੱਈਏ ਨੇ ਵੀ ਇਨ੍ਹਾਂ ਖ਼ਦਸ਼ਿਆਂ ਨੂੰ ਮਜ਼ਬੂਤੀ ਦਿੱਤੀ। ਉਹ ਕਸ਼ਮੀਰ ਵਿਚ ਸਰਕਾਰ ਚਲਾਉਣ ਦੇ ਮਾਮਲੇ ਵਿਚ ਆਪਣੀ ਪੂਰੀ ਪਾਰਟੀ ਨੂੰ ਆਪਣੇ ਨਾਲ ਰੱਖਣ ਤੋਂ ਅਸਮਰਥ ਰਹੇ। ਹਾਲਤ ਇਹ ਸੀ ਕਿ ਸ਼ੇਖ ਅਤੇ ਉਨ੍ਹਾਂ ਦਾ ਸੱਜਾ ਹੱਥ ਮਿਰਜ਼ਾ ਅਫ਼ਜ਼ਲ ਬੇਗ ਹੀ ਵਿਹਾਰਕ ਤੌਰ 'ਤੇ ਆਪਣੇ-ਆਪ ਵਿਚ ਸਰਕਾਰ ਸਨ। ਇਸ ਨਿਰੰਕੁਸ਼ ਰਵੱਈਏ ਕਾਰਨ ਹੋਇਆ ਇਹ ਕਿ ਨੈਸ਼ਨਲ ਕਾਨਫ਼ਰੰਸ ਵਿਚ ਅੰਦਰੂਨੀ ਅਸੰਤੁਸ਼ਟੀ ਉਪਜਣ ਲੱਗੀ। ਇਸ ਦਾ ਪਾਕਿਸਤਾਨ ਪੱਖੀ ਹਿੱਸਾ ਗੁਲਾਮ ਮੁਹੀਉਦੀਨ ਕਾਰਾ ਦੀ ਅਗਵਾਈ ਹੇਠ ਟੁੱਟ ਕੇ ਵੱਖਰਾ ਹੋ ਗਿਆ ਅਤੇ ਉਸ ਨੇ 'ਕਸ਼ਮੀਰ ਪੋਲਿਟੀਕਲ ਕਾਨਫ਼ਰੰਸ' ਬਣਾ ਲਈ (ਇਹ ਜਥੇਬੰਦੀ ਘਾਟੀ ਵਿਚ ਪਾਕਿਸਤਾਨ ਦੇ ਹੱਕ ਵਿਚ ਅਤੇ ਭਾਰਤ ਖ਼ਿਲਾਫ਼ ਨਾਅਰੇਬਾਜ਼ੀ, ਜਲਸੇ, ਜਲੂਸ ਕਰਨ ਲੱਗੀ)। ਸ਼ੇਖ ਨੇ ਕਸ਼ਮੀਰ ਵਿਚ ਆਪਣੇ ਖ਼ਿਲਾਫ਼ ਸਿਆਸੀ ਵਿਰੋਧੀ ਧਿਰ ਨੂੰ ਉੱਗਣ ਨਾ ਦਿੱਤਾ। ਉਨ੍ਹਾਂ ਨੇ ਪਰਜਾ ਪ੍ਰੀਸ਼ਦ ਅਤੇ ਜਮਾਇਤ-ਏ-ਇਸਲਾਮੀ ਨੂੰ ਪ੍ਰਭਾਵਹੀਣ ਕਰਨ ਲਈ ਸਭ ਕੁਝ ਕੀਤਾ। ਵਿਰੋਧੀ ਪਾਰਟੀਆਂ ਦੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਰੱਦ ਕਰਵਾ ਕੇ ਉਨ੍ਹਾਂ ਦਾ ਵਿਧਾਨ ਸਭਾ ਵਿਚੋਂ ਸਫ਼ਾਇਆ ਕਰਵਾ ਦਿੱਤਾ। ਇਸ ਲਈ ਜਦੋਂ 1953 ਵਿਚ ਨਹਿਰੂ ਨੇ ਸ਼ੇਖ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਨ੍ਹਾਂ ਦੀ ਪੂਰੀ ਪਾਰਟੀ ਵੀ ਉਨ੍ਹਾਂ ਦੇ ਹੱਕ ਵਿਚ ਖੜ੍ਹੀ ਨਾ ਹੋ ਸਕੀ। ਇਸ ਹਾਲਤ ਦਾ ਦਿੱਲੀ ਨੇ ਲਾਭ ਉਠਾਇਆ ਅਤੇ ਕਸ਼ਮੀਰ ਵਿਚ ਪਹਿਲਾਂ ਨੈਸ਼ਨਲ ਕਾਨਫ਼ਰੰਸ ਦੇ ਨਾਂ 'ਤੇ ਅਤੇ ਫਿਰ ਕਾਂਗਰਸ ਦੇ ਨਾਂ 'ਤੇ ਕਠਪੁਤਲੀ ਸਰਕਾਰਾਂ ਦਾ ਪੂਰਾ ਸਿਲਸਿਲਾ ਸ਼ੁਰੂ ਹੋ ਗਿਆ। ਦਿੱਲੀ ਨੇ ਸਮਝਿਆ ਕਿ ਉਹ ਕਸ਼ਮੀਰ ਨੂੰ ਜਿੱਤ ਰਹੀ ਹੈ, ਪਰ ਇਸ ਸਿਲਸਿਲੇ ਦਾ ਨਾਂਹ ਪੱਖੀ ਅਸਰ ਪਿਆ ਅਤੇ ਕਸ਼ਮੀਰ ਦੇ ਭਾਰਤ ਤੋਂ ਦੂਰ ਹੁੰਦੇ ਜਾਣ ਦੀ ਸ਼ੁਰੂਆਤ ਹੋ ਗਈ।

# ਦਲਿਤਾਂ ਦੀ ਬੇਵਸੀ ਦਾ ਸਵਾਲ

ਆਜ਼ਾਦੀ ਤੋਂ ਸੱਤਰ ਸਾਲ ਬਾਅਦ ਵੀ ਦਲਿਤ ਭਾਈਚਾਰੇ ਦੇ ਹਾਲਾਤ ਵਿਚ ਸੁਧਾਰ ਨਾ ਹੋਣਾ ਭਾਰਤ ਦੀ 'ਮਹਾਨਤਾ' ਉਤੇ ਪ੍ਰਸ਼ਨਚਿੰਨ੍ਹ ਲਾਉਂਦਾ ਹੈ। ਹੁਣ ਜਦੋਂ ਤੋਂ ਭਾਜਪਾ ਸਰਕਾਰ ਬਣੀ ਹੈ, ਦਲਿਤਾਂ 'ਤੇ ਤਸ਼ੱਦਦ, ਜਬਰ-ਜ਼ੁਲਮ ਵਧਿਆ ਹੈ। ਦਲਿਤਾਂ ਨੂੰ ਬਰਾਬਰ ਨਾ ਸਮਝਣਾ, ਉਨ੍ਹਾਂ ਨੂੰ ਘੋਰ ਨਫ਼ਰਤ ਕਰਨੀ ਅਤੇ ਹਰ ਥਾਂ ਅਪਮਾਨਿਤ ਕਰਨਾ ਆਦਿ ਰੁਝਾਨ ਵੱਖਰੀ ਕਿਸਮ ਦੀ ਫ਼ਿਰਕਾਪ੍ਰਸਤੀ ਹੈ। ਸਰਕਾਰ ਸਵਰਨ ਅਤੇ ਉਚ ਜਾਤਾਂ ਦੇ ਲੋਕਾਂ ਦੇ ਧਰੁਵੀਕਰਨ ਲਈ ਯਤਨਸ਼ੀਲ ਹੈ। ਅਖੌਤੀ

**ਸੁਰਜੀਤ ਬਰਾੜ**

ਉਚ ਜਾਤਾਂ ਦੇ ਲੋਕ ਅਕਸਰ ਹੀ ਦਲਿਤ ਮੁੰਡੇ-ਕੁੜੀਆਂ ਨੂੰ ਕਿਸੇ ਵੀ ਖੇਤਰ ਵਿਚ ਨਾ ਮਾਨਤਾ ਦਿੰਦੇ ਹਨ ਅਤੇ ਨਾ ਹੀ ਬਰਦਾਸ਼ਤ ਕਰਦੇ ਹਨ। ਇਸ ਦੀ ਪੁਸ਼ਟੀ ਪਿੱਛੇ ਜਿਹੇ ਹੈਦਰਾਬਾਦ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀ ਰੋਹਿਤ ਵੇਮੂਲਾ ਨਾਲ ਕੀਤਾ ਅਮਾਨਵੀ ਸਲੂਕ ਹੈ। ਰੋਹਿਤ ਦੀ ਖ਼ੁਦਕੁਸ਼ੀ, ਦਾਦਰੀ ਵਿਚ ਮੁਹੰਮਦ ਅਖ਼ਲਾਕ ਦੀ ਮੌਤ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਘਨੱਈਆ ਕੁਮਾਰ ਨਾਲ ਦੁਰ-ਵਿਹਾਰ ਆਦਿ ਦੁਖਦਾਈ ਘਟਨਾਵਾਂ ਹਨ। ਥੋੜ੍ਹੇ ਦਿਨ ਪਹਿਲਾਂ ਗੁਜਰਾਤ ਵਿਚ ਅਖੌਤੀ ਗਊ ਰੱਖਿਅਕਾਂ ਨੇ ਦਲਿਤ ਮੁੰਡਿਆਂ ਨੂੰ ਰੱਸਿਆਂ ਨਾਲ ਨੂੜ ਕੇ ਅੱਤਿਆਚਾਰ ਕੀਤਾ ਸੀ। ਇਹ ਜਬਰ-ਜ਼ੁਲਮ ਦੇਖ ਕੇ ਮੱਧਯੁਗ ਵਿਚ ਦਲਿਤਾਂ 'ਤੇ ਹੁੰਦੇ ਅੱਤਿਆਚਾਰਾਂ ਦੀ ਯਾਦ ਤਾਜ਼ਾ ਹੋ ਗਈ ਹੈ। ਇਹ ਘਿਨਾਉਣਾ ਵਰਤਾਰਾ ਤਕਰੀਬਨ ਹਰ ਰਾਜ (ਖ਼ਾਸ ਕਰ ਕੇ ਹਰਿਆਣਾ, ਰਾਜਸਥਾਨ, ਝਾਰਖੰਡ, ਛਤੀਸਗੜ੍ਹ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਕੇਰਲ ਤੇ ਮਹਾਂਰਾਸ਼ਟਰ) ਵਿਚ ਘੱਟ ਜਾਂ ਵੱਧ ਰੂਪ ਵਿਚ ਵਾਪਰ ਰਿਹਾ ਹੈ।

ਪੰਜਾਬ ਵਿਚ ਮਾਨਸਾ ਦੇ ਬੰਤ ਸਿੰਘ ਝੱਬਰ ਨੂੰ ਤਸੀਹੇ ਦੇਣ ਤੋਂ ਇਲਾਵਾ ਅਬੋਹਰ ਵਿਚ ਭੀਮ ਸੈਨ ਟਾਂਕ ਅਤੇ ਹਾਲ ਹੀ ਵਿਚ ਮੁਕਤਸਰ ਤੇ ਮਾਨਸਾ ਵਿਚ ਦਲਿਤ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਨ ਦੀਆਂ ਘਟਨਾਵਾਂ ਦਿਲ ਕੰਬਾਊ ਹਨ। ਇਕ ਰਿਪੋਰਟ ਅਨੁਸਾਰ, 2000 ਤੋਂ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅੱਤਿਆਚਾਰਾਂ, ਅਪਰਾਧਾਂ ਦੀ ਗਿਣਤੀ ਵਿਚ ਘੋਰ ਵਾਧਾ ਹੋਇਆ ਹੈ। 1995 ਤੋਂ 1999 ਤਕ ਲੋਕਾਂ ਵਿਰੁੱਧ ਹੋਏ ਅੱਤਿਆਚਾਰਾਂ ਦੀ ਗਿਣਤੀ 1,66,400 ਸੀ। ਇਨ੍ਹਾਂ ਵਿਚ ਦਲਿਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 1,42,500 ਸੀ। ਸੰਸਦ ਦੀ ਇਕ ਹੋਰ ਰਿਪੋਰਟ ਅਨੁਸਾਰ 1999 ਦੀ ਤੁਲਨਾ ਵਿਚ 2000 ਵਿਚ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅਪਰਾਧਾਂ ਦੀ ਗਿਣਤੀ ਵਧ ਕੇ 30,315 ਹੋ ਗਈ ਸੀ। ਇਹ ਗਿਣਤੀ ਹਰ ਸਾਲ ਇਸੇ ਰਫ਼ਤਾਰ ਨਾਲ ਵਧ ਰਹੀ ਹੈ। ਇਸ ਸਮੇਂ ਪ੍ਰਤੀ ਸਾਲ ਇਹ ਗਿਣਤੀ ਪੰਜਾਹ ਹਜ਼ਾਰ ਤੋਂ ਵਧ ਚੁੱਕੀ ਹੈ।

ਸਮਾਜਿਕ ਤਬਦੀਲੀ ਅਤੇ ਵਿਕਾਸ ਦੇ ਦਾਅਵੇ ਕਰਨ ਵਾਲਿਆਂ ਨੂੰ ਇਹ ਚਿੰਤਨ ਕਰਨ ਦੀ ਲੋੜ ਹੈ ਕਿ ਆਧੁਨਿਕਤਾ ਦੇ ਦੌਰ ਵਿਚ ਵੀ ਦਲਿਤਾਂ ਦੀ ਜੂਨ ਕਿਉਂ ਨਹੀਂ ਸੁਧਰੀ? ਪੁਲੀਸ ਵਿਭਾਗ ਦੇ ਅੰਕੜਿਆਂ ਅਨੁਸਾਰ, ਭਾਰਤ ਵਿਚ ਹਰ ਹਫ਼ਤੇ 13 ਦਲਿਤਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪੰਜ ਦਲਿਤਾਂ ਦੇ ਘਰ ਜਲਾ ਦਿੱਤੇ ਜਾਂਦੇ ਹਨ ਅਤੇ ਹਰ ਰੋਜ਼ ਛੇ ਦਲਿਤਾਂ ਨੂੰ ਅਗਵਾ ਕਰ ਲਿਆ ਜਾਂਦਾ ਹੈ। ਪ੍ਰਤੀ ਦਿਨ ਤਿੰਨ ਦਲਿਤ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਲਗਪਗ ਗਿਆਰਾਂ ਦਲਿਤਾਂ ਨਾਲ ਕੁੱਟਣ-ਮਾਰਨ ਦੀ ਘਟਨਾ ਵਾਪਰਦੀ ਹੈ।

ਮੁਲਕ ਵਿਚ ਸਮੇਂ-ਸਮੇਂ ਦਲਿਤ ਅੰਦੋਲਨ ਪੈਦਾ ਹੁੰਦੇ ਰਹੇ ਹਨ। ਪਿਛਲੇ ਦਿਨੀਂ ਦਲਿਤਾਂ 'ਤੇ ਹੋਏ ਜਬਰ-ਜ਼ੁਲਮ ਵਿਰੁੱਧ ਗੁਜਰਾਤ ਵਿਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿਚ ਦਲਿਤ ਲਹਿਰ ਪੈਦਾ ਹੋਈ। ਇਸ ਲਹਿਰ ਕਾਰਨ ਸਰਕਾਰ ਨੂੰ ਝੁਕਣਾ ਪਿਆ ਅਤੇ ਅਖੌਤੀ ਗਊ ਰੱਖਿਅਕਾਂ ਵਿਰੁੱਧ ਸਖ਼ਤ ਬਿਆਨ ਵੀ ਦੇਣੇ ਪਏ। ਇਹ ਬੇਸ਼ੱਕ ਦਲਿਤ ਲਹਿਰ ਦੀ ਪ੍ਰਾਪਤੀ ਹੈ, ਪਰ ਭਾਜਪਾ ਸਰਕਾਰ ਦੀ ਨੀਅਤ ਸਾਫ਼ ਨਹੀਂ। ਭਾਜਪਾ ਸਵਰਨ ਜਾਤਾਂ ਅਤੇ ਵਪਾਰੀਆਂ ਦੀ ਜਮਾਤ ਹੈ, ਇਹ ਦਲਿਤ ਵਿਰੋਧੀ ਹੀ ਨਹੀਂ, ਬਲਕਿ ਘੱਟ-ਗਿਣਤੀਆਂ ਦੀ ਵਿਰੋਧੀ ਵੀ ਹੈ।

*ਪੰਜਾਬ ਵਿਚ ਸਿੱਖ ਗੁਰੂਆਂ ਕਾਰਨ ਦਲਿਤਾਂ ਵਿਚ ਬੇਸ਼ੱਕ ਚੇਤਨਾ ਆਈ, ਪਰ ਅੱਜ ਸਿੱਖ ਧਰਮ ਵਿਚ ਜਾਤਾਂ ਮੁਲਕ ਦੇ ਹੋਰ ਸੂਬਿਆਂ ਵਾਂਗ ਹੀ ਹਨ। ਇਥੇ ਵੀ ਦਲਿਤਾਂ ਨਾਲ ਨਫ਼ਰਤ ਕੀਤੀ ਜਾਂਦੀ ਹੈ। ਉਨ੍ਹਾਂ ਨਾਲ ਵਰਤ-ਵਰਤਾਰੇ ਦੀ ਸਾਂਝ ਨਹੀਂ ਹੈ। ਪੰਜਾਬ ਵਿਚ ਵੀ ਜੇ ਕੋਈ ਅਖੌਤੀ ਉਚ ਜਾਤੀ (ਜੱਟਾਂ) ਦੀ ਕੁੜੀ ਕਿਸੇ ਦਲਿਤ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਫਿਰ ਅਣਖ ਖ਼ਾਤਿਰ ਕਤਲ ਤਕ ਕਰ ਦਿੱਤੇ ਜਾਂਦੇ ਹਨ।*

ਪੰਜਾਬ ਵਿਚ ਸਿੱਖ ਗੁਰੂਆਂ ਕਾਰਨ ਦਲਿਤਾਂ ਵਿਚ ਬੇਸ਼ੱਕ ਚੇਤਨਾ ਆਈ, ਪਰ ਅੱਜ ਸਿੱਖ ਧਰਮ ਵਿਚ ਜਾਤਾਂ ਮੁਲਕ ਦੇ ਹੋਰ ਸੂਬਿਆਂ ਵਾਂਗ ਹੀ ਹਨ। ਇਥੇ ਵੀ ਦਲਿਤਾਂ ਨਾਲ ਨਫ਼ਰਤ ਕੀਤੀ ਜਾਂਦੀ ਹੈ। ਉਨ੍ਹਾਂ ਨਾਲ ਵਰਤ-ਵਰਤਾਰੇ ਦੀ ਸਾਂਝ ਨਹੀਂ ਹੈ। ਪੰਜਾਬ ਵਿਚ ਵੀ ਜੇ ਕੋਈ ਅਖੌਤੀ ਉਚ ਜਾਤੀ (ਜੱਟਾਂ) ਦੀ ਕੁੜੀ ਕਿਸੇ ਦਲਿਤ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਫਿਰ ਅਣਖ ਖ਼ਾਤਿਰ ਕਤਲ ਤਕ ਕਰ ਦਿੱਤੇ ਜਾਂਦੇ ਹਨ।

ਦਲਿਤ ਚੇਤਨਾ ਤੇ ਸੰਘਰਸ਼ ਕਾਰਨ ਹੀ ਸਰਕਾਰ ਨੂੰ 1989 ਵਿਚ ਕਾਨੂੰਨ ਬਣਾਉਣਾ ਪਿਆ ਸੀ। ਇਸ ਅਧੀਨ ਅਜਿਹੀਆਂ ਵਧੀਕੀਆਂ ਦੀ ਸੁਣਵਾਈ ਵਿਸ਼ੇਸ਼ ਅਦਾਲਤਾਂ ਕਰਨ ਲੱਗ ਪਈਆਂ ਸਨ। ਇਸ ਕਾਨੂੰਨ ਦੇ ਸੈਕਸ਼ਨ ਤਿੰਨ ਵਿਚ ਵਧੀਕੀਆਂ ਦੇ 22 ਵਰਗ ਦਿੱਤੇ ਗਏ ਹਨ ਜਿਹੜੇ ਸਜ਼ਾਯੋਗ ਹਨ, ਪਰ ਇਸ ਕਾਨੂੰਨ ਦਾ ਦਲਿਤਾਂ ਨੂੰ ਕੋਈ ਲਾਭ ਨਹੀਂ ਹੋਇਆ। ਦਲਿਤ ਭਾਈਚਾਰਾ ਵਧੇਰੇ ਅਨਪੜ੍ਹ ਤੇ ਗ਼ਰੀਬ ਹੋਣ ਕਰ ਕੇ ਵਕੀਲਾਂ ਤਕ ਪਹੁੰਚ ਨਹੀਂ ਕਰ ਸਕਦਾ। ਪੁਲੀਸ ਵੀ ਦਲਿਤਾਂ ਦੀ ਮਦਦ ਨਹੀਂ ਕਰਦੀ। ਪੁਲੀਸ ਤਾਂ ਅਖੌਤੀ ਉਚ ਜਾਤੀਆਂ ਦੀ ਰਖਵਾਲੀ ਲਈ ਹੈ। ਦਲਿਤਾਂ 'ਤੇ ਹੋਏ ਅੱਤਿਆਚਾਰਾਂ ਦੇ ਕੇਸ ਅਦਾਲਤਾਂ ਵਿਚ ਬਹੁਤ ਘੱਟ ਜਾਂਦੇ ਹਨ; ਜਿਹੜੇ ਜਾਂਦੇ ਹਨ, ਉਨ੍ਹਾਂ ਵਿਚੋਂ 80 ਫ਼ੀਸਦੀ ਦਲਿਤਾਂ 'ਤੇ ਜ਼ੁਲਮ ਕਰਨ ਵਾਲੇ ਅਪਰਾਧੀ ਧਨ-ਬਲ, ਬਾਹੂ-ਬਲ ਅਤੇ ਰਾਜਨੀਤਕ-ਬਲ ਨਾਲ ਬਰੀ ਹੋ ਜਾਂਦੇ ਹਨ।

ਅਫ਼ਰੀਕੀ-ਅਮਰੀਕੀ ਲੇਖਕ ਜੇਮਜ਼ ਬਾਲਡਵਿਨ ਨੇ ਆਪਣੇ ਲੇਖ 'ਰਿਹਾਈ ਦੀ ਦਸਵੀਂ ਵਰ੍ਹੇਗੰਢ ਮੌਕੇ ਆਪਣੇ ਭਤੀਜੇ ਨੂੰ ਪੱਤਰ' ਵਿਚ ਕਾਲੇ ਲੋਕਾਂ ਦੀ ਬਦਤਰ ਹਾਲਤ ਦਾ ਵਰਣਨ ਕੀਤਾ ਹੈ ਜੋ ਭਾਰਤੀ ਦਲਿਤਾਂ ਅਤੇ ਅਛੂਤਾਂ ਦੀ ਹਾਲਤ ਤੋਂ ਵੱਖ ਨਹੀਂ। ਜੇਮਜ਼ ਅਨੁਸਾਰ- "ਤੂੰ ਪੈਦਾ ਹੋਇਆ, ਪੈਦਾ ਹੋ ਕੇ ਜਿਹੋ ਜਿਹੇ ਭਵਿੱਖ ਦਾ ਤੂੰ ਸਾਹਮਣਾ ਕੀਤਾ, ਉਹ ਕੇਵਲ ਇਸ ਲਈ ਕਿ ਤੂੰ ਕਾਲਾ ਸੀ। ਇਸ ਦਾ ਹੋਰ ਕੋਈ ਕਾਰਨ ਨਹੀਂ ਸੀ। ਇਸੇ ਲਈ ਤੇਰੇ ਉਦੇਸ਼ ਦੀਆਂ ਸੀਮਾਵਾਂ ਪਹਿਲਾਂ ਤੋਂ ਹੀ ਹਮੇਸ਼ਾ ਵਾਸਤੇ ਨਿਸ਼ਚਿਤ ਹੋਈਆਂ ਮੰਨ ਲਈਆਂ ਗਈਆਂ। ਤੂੰ ਬੇਰਹਿਮ ਸਮਾਜ ਵਿਚ ਪੈਦਾ ਹੋਇਆ। ਇਸ ਸਮਾਜ ਨੇ ਤੈਨੂੰ ਨਿਕੰਮਾ ਸਮਝਿਆ। ਤੇਰੇ ਕੋਲੋਂ ਇਹ ਉਮੀਦ ਰੱਖੀ ਗਈ ਕਿ ਤੂੰ ਕਦੇ ਉਚਾ ਉਠਣ ਦੀ ਖ਼ਾਹਿਸ਼ ਨਾ ਰੱਖੇਂ ਅਤੇ ਸਾਧਾਰਨ ਸੂਝ-ਬੂਝ ਵਾਲਾ ਬੰਦਾ ਬਣ ਕੇ ਸ਼ਾਂਤੀ ਨਾਲ ਬੈਠਾ ਰਹੇਂ।" ਇਸ ਕਿਸਮ ਦਾ ਹੁੰਦਾ ਹੈ ਨਸਲੀ-ਜਾਤਪਾਤ ਦਾ ਢਾਂਚਾ ਜੋ ਅਖੌਤੀ ਨੀਵੀਆਂ ਜਾਤਾਂ ਨੂੰ ਦਲਿਤ ਅਤੇ ਅਛੂਤ ਬਣਾਉਂਦਾ ਹੈ। ਅਮਰੀਕਾ ਵਿਚ ਗ਼ੁਲਾਮਾਂ ਤੇ ਕਾਲਿਆਂ ਨੂੰ ਕਦੇ ਮਾਨਵੀ ਹੱਕ ਨਹੀਂ ਦਿੱਤੇ ਗਏ। ਜਮਹੂਰੀਅਤ ਉਨ੍ਹਾਂ ਲਈ ਛਲਾਵਾ ਰਹੀ। ਭਾਰਤੀ ਸੰਵਿਧਾਨ ਨੂੰ ਕੀ ਕਰੀਏ, ਅਸਲ ਵਿਚ ਹਰ ਬੰਦੇ ਦੀ ਸ਼ਨਾਖਤ ਲਈ ਉਸ ਦਾ ਜਨਮ, ਵਿਰਸਾ ਹੀ ਮੁੱਖ ਮਾਪਦੰਡ ਸਮਝਿਆ ਜਾਂਦਾ ਹੈ। ਮੁਲਕ ਵਿਚ 27-28 ਕਰੋੜ ਦਲਿਤਾਂ ਦੀ ਸ਼ਨਾਖਤ ਕਰਨੀ ਔਖੀ ਨਹੀਂ। ਕਿਸੇ ਬੰਦੇ ਦੀ, ਮਨੁੱਖ ਦੀ ਥਾਂ ਜਾਤ ਨਾਲ ਸ਼ਨਾਖਤ ਕਰਨੀ ਨਿਰਾ-ਪੂਰਾ ਅਨ੍ਹਿਆਂ ਹੈ।

ਜ਼ਿੰਦਗੀ ਦਾ ਨਾਦ

# ਨੱਕ ਦਾ ਨਗਮਾ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਉਹ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ; ਹੱਥਾਂ ਦੀ ਦਾਸਤਾਨ ਦੱਸ ਚੁਕੇ ਹਨ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮ॥" ਦਾ ਹਵਾਲਾ ਦਿੱਤਾ ਸੀ। ਬੰਦੇ ਦੇ ਪੈਰਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਉਨ੍ਹਾਂ ਮੁੱਖੜੇ ਦੇ ਬਹੁਤ ਸਾਰੇ ਰੂਪ ਕਿਆਸੇ ਹਨ-ਮੁੱਖੜਾ ਹੱਸਮੁੱਖ, ਮੁੱਖੜਾ ਚਿੜਚਿੜਾ। ਮੁੱਖੜਾ ਖੁਸ਼-ਮਿਜ਼ਾਜ, ਮੁੱਖੜਾ ਰੋਂਦੂ। ਮੁੱਖੜਾ ਟਹਿਕਦਾ, ਮੁੱਖੜਾ ਬੁਸਕਦਾ। ਮਨ ਦੀ ਬਾਤ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਮਨ ਅਸੀਮ, ਮਨ ਅਮੋੜ, ਮਨ ਅਜਿੱਤ, ਮਨ ਅਮੋਲਕ, ਮਨ ਦੀਆਂ ਮਨ ਹੀ ਜਾਣੇ। ਹਿੱਕ ਬਾਰੇ ਉਨ੍ਹਾਂ ਕਿਹਾ ਸੀ ਕਿ ਹਿੱਕ ਵਿਚ ਜਦ ਰੋਹ ਦਾ ਉਬਾਲ ਫੁੱਟਦਾ ਤਾਂ ਇਸ ਵਿਚੋਂ ਹੀ ਦੁੱਲਾ ਭੱਟੀ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਇਕ ਸ਼ਖਸ ਊਧਮ ਸਿੰਘ ਦਾ ਰੂਪ ਧਾਰ ਲੰਡਨ ਵੱਲ ਨੂੰ ਚਾਲੇ ਪਾਉਂਦਾ। ਗਰਦਨ ਬਾਰੇ ਉਨ੍ਹਾਂ ਦੱਸਿਆ ਸੀ ਕਿ ਗਰਦਨ ਸਿੱਧੀ ਰਹੇ ਤਾਂ ਸਿਰਾਂ 'ਤੇ ਦਸਤਾਰਾਂ ਸੋਂਹਦੀਆਂ, ਸਰਦਾਰੀਆਂ ਕਾਇਮ ਰਹਿੰਦੀਆਂ ਅਤੇ ਸਿਰਤਾਜਾਂ ਨੂੰ ਸਲਾਮਾਂ ਹੁੰਦੀਆਂ। ਬੁੱਲੀਆਂ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਬੁੱਲੀਆਂ 'ਚੋਂ ਰਸ ਵੀ ਚੋਂਦਾ ਅਤੇ ਕੁੜੱਤਣ ਵੀ, ਸੋਗੀ ਸੁਰਾਂ ਵੀ ਨਿਕਲਦੀਆਂ ਤੇ ਦੀਪਕ ਰਾਗ ਵੀ, ਸੁੱਚੇ ਬੋਲ ਵੀ ਅਤੇ ਕੁਬੋਲ ਵੀ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਨਸੀਹਤ ਕੀਤੀ ਸੀ ਕਿ ਸਾਹ ਆਉਂਦੇ ਜਾਂਦੇ ਰਹਿਣ, ਇਸ ਲਈ ਜਰੂਰੀ ਹੈ ਕਿ ਅਸੀਂ ਵਾਤਾਵਰਣੀ, ਕੁਦਰਤੀ, ਸਮਾਜਿਕ ਅਤੇ ਪਰਿਵਾਰਕ ਸਰੋਕਾਰਾਂ ਵਿਚੋਂ ਹੀ ਖੁਦ ਨੂੰ ਵਿਸਥਾਰਈਏ। ਇਨ੍ਹਾਂ ਦੀ ਅਵੱਗਿਆ ਤੇ ਅਣਗਹਿਲੀ, ਸਾਡੀ ਤਲੀ 'ਤੇ ਮੌਤ ਦਾ ਪੈਗਾਮ ਖੁਣਨ ਲਈ ਕਾਹਲੀ ਹੈ। ਹਥਲੇ ਲੇਖ ਵਿਚ ਉਨ੍ਹਾਂ ਨੱਕ ਦੀ ਵਾਰਤਾ ਸੁਣਾਉਂਦਿਆਂ ਦੱਸਿਆ ਹੈ ਕਿ ਕਈ ਵਾਰ ਮਨੁੱਖ ਨੱਕ ਨੂੰ ਉਚਾ ਕਰਨ ਖਾਤਰ ਕਰਜ਼ੇ ਵਿਚ ਡੁੱਬ, ਖੁਦਕੁਸ਼ੀਆਂ ਦੇ ਰਾਹ ਵੀ ਤੁਰ ਪੈਂਦਾ। ਨੱਕ-ਨਮੂਜ਼ ਰੱਖਣ ਲਈ ਲੋਕਾਂ ਵਲੋਂ ਰੱਖੇ ਜਾਂਦੇ ਓਹਲੇ, ਮਨੁੱਖ ਨੂੰ ਅੰਦਰੋਂ ਖੋਖਲੇ ਕਰ, ਹੋਂਦ ਦਾ ਆਖਰੀ ਵਰਕਾ ਬਣ ਜਾਂਦੇ। ਅਣਖ ਖਾਤਰ ਪੁੱਤਾਂ-ਧੀਆਂ ਦਾ ਸਿਵਾ ਬਾਲਣ ਤੀਕ ਪਹੁੰਚ ਚੁੱਕੀ ਮਨੁੱਖੀ ਸੋਚ ਨੇ ਪਤਾ ਨਹੀਂ ਕਿੰਨੀਆਂ ਜਾਨਾਂ ਲਈਆਂ ਨੇ? -ਸੰਪਾਦਕ*

ਨੱਕ ਨਰਾਇਣ-ਨਜ਼ਰਾਨਾ, ਮੁੱਖ-ਮੁਹਾਂਦਰਾ, ਸੁਹਜ-ਸੁਹੱਪਣ, ਬੰਦਗੀ-ਬਿੰਬ, ਜੀਵਨ-ਜ਼ੁਬਾਨ, ਮਾਨਵ-ਮੁਖਾਰਬਿੰਦ।

ਨੱਕ, ਚਿਹਰੇ 'ਤੇ ਮਾਸ ਦਾ ਲੋਥੜਾ। ਕਈ ਰੂਪ, ਆਕਾਰ ਤੇ ਸ਼ਕਲ। ਨੱਕ ਤਿੱਖੇ, ਕੁਝ ਫੀਨੇ। ਕੁਝ ਉਭਰੇ, ਕੁਝ ਨਾ-ਮਾਲੂਮ। ਕੁਝ ਤਿੱਖੀ ਤਲਵਾਰ, ਕੁਝ ਕੋਝਾ ਆਕਾਰ। ਕੁਝ ਨਿੱਕੇ, ਕੁਝ ਵੱਡੇ। ਦੁਨੀਆਂ ਵਿਚ ਸਭ ਤੋਂ ਵੱਡੇ ਨੱਕ ਦੀ ਚਿਹਰੇ ਤੋਂ ਉਚਾਈ 3.46 ਇੰਚ।

ਨੱਕ ਬਹੁ-ਪ੍ਰਤੀ ਕਾਰਜਾਂ 'ਚ ਕਾਰਜਸ਼ੀਲ। ਸਾਫ-ਸੁਥਰੇ ਸਾਹ ਦਾ ਸਰੋਤ। ਬਿਮਾਰੀਆਂ ਦੇ ਕੀਟਾਣੂਆਂ ਲਈ ਰੁਕਾਵਟ। ਸੁਗੰਧ-ਦੁਰਗੰਧ ਦਾ ਪਾਰਖੀ। ਆਵਾਜ਼ ਦੀ ਸ਼ੁਧਤਾ ਤੇ ਤਿੱਖੇਪਣ ਨੂੰ ਨਿਰਧਾਰਤ ਕਰਨ-ਹਾਰਾ। ਨੱਕ ਵਿਚ ਬੋਲਣ ਵਾਲੇ ਲੋਕ ਜਲਦੀ ਪਛਾਣੇ ਜਾਂਦੇ। ਸਵਾਦ ਨੂੰ ਪਰਖਣ ਦਾ ਸਭ ਤੋਂ ਉਤਮ ਤੇ ਕਾਰਗਰ ਸਾਧਨ। ਘਰ ਵਿਚ ਫੈਲੀ ਖਾਣੇ ਦੀ ਸੁਗੰਧ, ਸਭ ਤੋਂ ਪਹਿਲਾਂ ਨੱਕ ਰਾਹੀਂ ਮਨੁੱਖੀ ਸੋਚ ਵਿਚ ਉਤਰਦੀ, ਭੁੱਖ ਵਧਾਉਂਦੀ ਅਤੇ ਖਾਣ ਲਈ ਉਤੇਜਿਤ ਕਰਦੀ। ਵੱਖ ਵੱਖ ਕਿਸਮ ਦੇ ਲੱਖਾਂ ਹੀ ਇਤਰਾਂ ਦੀ ਪਛਾਣ ਨੱਕ ਰਾਹੀਂ ਹੀ ਹੁੰਦੀ।



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਨੱਕ, ਮਨੁੱਖ ਦੀ ਸਾਹ ਰਗ। ਇਸੇ ਲਈ ਜ਼ਿੰਦਗੀ ਦੇ ਆਖਰੀ ਪਲ 'ਚ, ਮਨੁੱਖ ਨੂੰ ਜਿਉਂਦਾ ਰੱਖਣ ਲਈ ਨੱਕ ਵਿਚ ਨਾਲੀਆਂ ਪਾ ਕੇ, ਧੜਕਣ ਨੂੰ ਬਰਕਰਾਰ ਰੱਖਣ ਲਈ ਹਰ ਹੀਲਾ ਵਰਤਿਆ ਜਾਂਦਾ।

ਨੱਕ, ਮੌਸਮ ਦਾ ਸਭ ਤੋਂ ਵੱਡਾ ਥਰਮਾਮੀਟਰ। ਸਰਦੀ-ਗਰਮੀ ਦਾ ਸਭ ਤੋਂ ਪਹਿਲਾ ਅਸਰ ਨੱਕ 'ਤੇ ਹੁੰਦਾ। ਮੌਸਮ ਨਾਲ ਜੁੜੇ ਰੋਗ ਨੱਕ ਰਾਹੀਂ ਹੀ ਸਰੀਰ ਵਿਚ ਦਾਖਲ ਹੋ, ਮਨੁੱਖ ਨੂੰ ਆਪਣੀ ਲਪੇਟ 'ਚ ਲੈਂਦੇ।

ਨੱਕ ਸਿਰਫ ਮਨੁੱਖੀ ਅੰਗ ਹੀ ਨਹੀਂ ਸਗੋਂ ਮਨੁੱਖੀ ਸਰੋਕਾਰ। ਮਨੁੱਖੀ ਸੋਚ ਦਾ ਵਿਸਥਾਰ ਤੇ ਆਕਾਰ। ਮਨੁੱਖੀ ਵਿਹਾਰ ਤੇ ਕਾਰਜ ਦਾ ਪਸਾਰ। ਮਨੁੱਖ ਵਿਚੋਂ ਅਦ੍ਰਿਸ਼ਟ ਮਨੁੱਖ ਨੂੰ ਦੇਖਣ, ਪਰਖਣ, ਸਮਝਣ ਅਤੇ ਸਮਝਾਉਣ ਦਾ ਆਧਾਰ।

ਨੱਕ, ਸਮਾਜਿਕ ਆਧਾਰ। ਉਚੇ ਨੱਕ ਵਾਲੇ ਲੋਕਾਂ ਲਈ, ਆਮ ਲੋਕ ਕੀੜੇ-ਮਕੌੜੇ, ਉਨ੍ਹਾਂ ਨੂੰ ਮਸਲ ਕੇ ਉਚੇ ਦਿਸਹੱਦਿਆਂ 'ਤੇ ਪਹੁੰਚਣ ਜਾਂ ਉਚਤਾ ਪ੍ਰਗਟਾਉਣ ਲਈ ਹਰ ਹਰਬਾ ਵਰਤਦੇ। ਕਈ ਵਾਰ ਮਨੁੱਖ ਨੱਕ ਨੂੰ ਉਚਾ ਕਰਨ ਖਾਤਰ ਕਰਜ਼ੇ ਵਿਚ ਡੁੱਬ, ਖੁਦਕੁਸ਼ੀਆਂ ਦੇ ਰਾਹ ਵੀ ਤੁਰ ਪੈਂਦਾ। ਨੱਕ-ਨਮੂਜ਼ ਰੱਖਣ ਲਈ ਲੋਕਾਂ ਵਲੋਂ ਰੱਖੇ ਜਾਂਦੇ ਓਹਲੇ, ਮਨੁੱਖ ਨੂੰ ਅੰਦਰੋਂ ਖੋਖਲੇ ਕਰ, ਹੋਂਦ ਦਾ ਆਖਰੀ ਵਰਕਾ ਬਣ ਜਾਂਦੇ। ਅਣਖ ਖਾਤਰ ਪੁੱਤਾਂ-ਧੀਆਂ ਦਾ ਸਿਵਾ ਬਾਲਣ ਤੀਕ ਪਹੁੰਚ ਚੁੱਕੀ ਮਨੁੱਖੀ ਸੋਚ ਨੇ ਪਤਾ ਨਹੀਂ ਕਿੰਨੀਆਂ ਜਾਨਾਂ ਲਈਆਂ ਨੇ? ਫੋਕੀ ਸ਼ਾਨ ਖਾਤਰ ਮਨੁੱਖੀ ਹਉਮੈ ਨੂੰ ਪੱਠੇ ਪਾ ਕੇ ਮਨੁੱਖ ਬਾਹਰੀ ਰੂਪ ਵਿਚ ਤਾਂ ਸਾਬਤ ਨਜ਼ਰ ਆ ਸਕਦਾ ਏ ਪਰ ਅਜਿਹੇ ਮਨੁੱਖ ਅੰਦਰੋਂ ਤਿੜਕੇ ਘੜੇ ਵਰਗੇ ਹੁੰਦੇ ਜੋ ਤਿੱਪ-ਤਿੱਪ ਚੋਂਦਾ, ਮੌਤ-ਮਾਰਗ ਵੰਨੀਂ ਤੁਰਦਾ ਏ।

ਨੱਕ ਵਿਚੋਂ ਜਦ ਨੂਹੇਂ ਡਿੱਗਣ ਲੱਗ ਪੈਣ, ਨੱਕ ਨੂੰ ਹੋਰ ਉਚੇਰਾ ਤੇ ਤਿਖੇਰਾ ਕਰਨ ਲਈ ਹਰ ਹਰਬਾ ਵਰਤਣ ਦੇ ਲਾਲਚ 'ਚ ਮਨੁੱਖੀ ਕਮੀਨਗੀ ਕੋਹਜ ਬਣ ਜਾਵੇ ਤਾਂ ਨੱਕ ਆਪਣੀ ਹੋਣੀ 'ਤੇ, ਨਮੋਸ਼ੀ ਵਿਚ ਜਿਉਂਦਿਆਂ ਹੀ ਮਰ ਜਾਂਦਾ।

ਨੱਕ ਵਿਚ ਪਾਈ ਨੱਥ ਜਦ ਨਕੇਲ ਬਣ ਜਾਵੇ ਤਾਂ ਜਵਾਨ-ਮਨ ਵਿਚ ਉਪਜਦੀਆਂ ਮੋਹ-ਤਰੰਗਾਂ ਦਮ ਤੋੜ ਜਾਂਦੀਆਂ, ਮੁਹੱਬਤ ਦੇ ਚਸ਼ਮੇ 'ਚ ਬਰੇਤਾ ਉਗਦਾ ਅਤੇ ਚਾਵਾਂ ਦੇ ਵਿਹੜੇ 'ਚ ਸੋਗ, ਸੰਤਾਪ ਤੇ ਸੁੰਨ ਹਾਵੀ ਹੋ ਜਾਂਦੇ। ਅਫਸੋਸ ਇਸ ਗੱਲ ਦਾ ਹੈ ਕਿ ਅਜੋਕੀ ਮਨੁੱਖੀ ਸੋਚ 'ਚੋਂ ਮਨੁੱਖੀ ਭਾਵਨਾਵਾਂ ਮਨਫੀ। ਕੋਕੇ ਦੇ ਲਿਸ਼ਕਾਰੇ 'ਤੇ ਅੰਧੇਰ ਛਿੜਕ ਭਾਵਨਾਵਾਂ ਦਾ ਕਾਤਲ ਹੋਣ 'ਤੇ ਮਨੁੱਖ ਮਾਣ ਕਰਦਾ।

ਜਦ ਕੋਈ ਜੋਰਾਵਰ ਧੀ-ਭੈਣ ਦੀ ਇੱਜਤ ਸ਼ਰ੍ਹੇਆਮ ਨਿਲਾਮ ਕਰੇ, ਸੱਤਾਂ ਪਰਦਿਆਂ ਵਿਚ ਲਪੇਟੀ ਪੱਤ ਚੌਗਿਰਦੇ 'ਚ ਬੇ-ਪਰਦ ਹੋ ਜਾਵੇ ਜਾਂ ਆਪਣੇ ਹੀ ਹਿੱਕ ਵਿਚ ਖੁੱਭਿਆ ਕਬਰੀ-ਕਿੱਲ ਬਣ ਜਾਣ ਤਾਂ ਨੱਕ ਆਪਣੀ ਸਮਾਜਿਕ ਹੋਂਦ ਤੇ ਪਛਾਣ ਨੂੰ ਕੋਸਦਾ ਆਪਣੀ ਮੌਤ ਖੁਦ ਮਰ ਜਾਂਦਾ।

ਨੱਕ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਸਰੋਕਾਰਾਂ ਵਿਚਲੀ ਅਹਿਮੀਅਤ ਸਦਕਾ ਅਹਿਮ। ਅਸੀਂ ਹਰ ਦਾਇਰੇ, ਕਾਰਜ, ਸੰਦੇਵਨਾ ਅਤੇ ਸੋਚ ਵਿਚ ਇਸ ਦੀ ਵਰਤੋਂ-ਕੁਵਰਤੋਂ ਕਰਦੇ, ਕਦੇ ਆਪਣੇ ਆਪ 'ਚ ਖੁਦੀ ਉਪਜਾਉਂਦੇ ਤੇ ਕਦੇ ਇਸ ਨੂੰ ਭਸਮ ਕਰਦਿਆਂ ਆਪਣਾ ਕਰਮ-ਸਫਰ ਜਾਰੀ ਰੱਖਦੇ।

ਸਮਾਜਿਕ ਨੱਕ ਦਾ ਹਰ ਕੋਸ਼ਿਸ਼ ਵਿਚੋਂ ਕੁਝ ਪਾਉਣ ਦੀ ਦੌੜ ਵਿਚ ਉਲਝਣਾ, ਬੇਲੋੜਾ। ਜੇਕਰ ਮਨੁੱਖ ਖੋਹਣ ਨਾਲੋਂ ਵੰਡਣ ਦੇ ਰਾਹ ਤੁਰ ਪਵੇ ਤਾਂ ਜ਼ਿੰਦਗੀ ਦੇ ਅਰਥ ਹੀ ਬਦਲ ਜਾਂਦੇ।

ਗੁਰਬਾਣੀ ਦਾ ਫੁਰਮਾਨ, "ਨਕ ਨ ਰਜਾ ਵਾਸਨਾ ਦੁਰਗੰਧ ਸਵਾਸੇ" ਬਹੁਤ ਕੁਝ ਅਜਿਹਾ ਫਰਮਾ ਰਿਹਾ ਏ ਜਿਸ ਦੀ ਸਮਝ ਵਿਚੋਂ ਅਸੀਂ ਜ਼ਿੰਦਗੀ ਨੂੰ ਸੂਖਮ, ਸਾਰਥਕ, ਸਮਰਪਿਤ ਅਤੇ ਸੰਪੂਰਨ ਪਰਿਭਾਸ਼ਤ ਕਰ ਸਕਦੇ ਹਾਂ। ਪਰ ਅਸੀਂ ਤਾਂ ਗੁਰਬਾਣੀ ਨੂੰ ਸਮਝਣ ਅਤੇ ਇਸ ਅਨੁਸਾਰ ਜ਼ਿੰਦਗੀ ਨੂੰ ਢਾਲਣ ਤੋਂ ਬੇਮੁੱਖ। ਧਰਮ ਸਿਰਫ ਇਕ ਮੁਖੌਟਾ ਅਤੇ ਅਸੀਂ ਮੁਖੌਟਾਧਾਰੀ।

ਨਤਸਮਤਕ ਹੁੰਦਿਆਂ ਨੱਕ ਹੀ ਸਭ ਤੋਂ ਪਹਿਲਾਂ ਚਰਨ-ਬੰਧਨਾ ਵਿਚ ਝੁਕਦਾ, ਮਿੱਟੀ ਨਾਲ ਮੋਹ ਜਤਾਉਂਦਾ, ਆਪੇ ਨੂੰ ਅਕੀਦਤ ਵਿਚ ਅਰਪਿਤ ਕਰ ਜੋਦੜੀ ਬਣਦਾ। ਉਸ ਵਕਤ ਇਬਾਦਤ ਵਿਚ ਜੁੜੇ ਹੱਥਾਂ ਨਾਲ ਮਨ-ਇੱਛਤ ਪੂਰਤੀ, ਮਨੁੱਖ ਦਾ ਹਾਸਲ। ਅਰਪਿਤਾ ਵਿਚੋਂ ਹੀ ਮੰਜ਼ਿਲ-ਪ੍ਰਾਪਤੀਆਂ ਦੇ ਸਿਰਲੇਖ ਜਾਂ ਨਵੇਂ ਦਿਸਹੱਦਿਆਂ ਦੇ ਸਿਰਨਾਵੇਂ ਦੀ ਸਿਰਜਣਾ ਉਘੜਦੀ।

ਨੱਕ ਦੀ ਸੇਧ ਵਿਚ ਤੁਰੇ ਜਾਂਦੇ ਲੋਕ ਕਈ ਵਾਰ ਖਾਈਆਂ, ਟੋਇਆਂ ਅਤੇ ਔਝੜ ਰਾਹਾਂ ਵਿਚ ਉਲਝ ਕੇ ਰਹਿ ਜਾਂਦੇ। ਆਪਣੇ ਆਪ ਨੂੰ ਸਮੇਂ, ਸਥਿਤੀ ਸਮਕਾਲਤਾ ਅਤੇ ਸਮ-ਸੋਚ ਦੇ ਹਾਣੀ ਬਣਾ ਲਈਏ ਤਾਂ ਕਦਮਾਂ ਵਿਚ ਪੈੜਾਂ ਉਗਦੀਆਂ।

ਜਦ ਕੋਈ ਗਰੀਬੀ ਦਾ ਸਤਾਇਆ, ਜੁਲਮਾਂ ਦੀ ਚੱਕੀ 'ਚ ਪੀਸਦਾ, ਕਿਸੇ ਜਾਲਮ ਸਾਹਵੇਂ ਨੱਕ ਨਾਲ ਲਕੀਰਾਂ ਕੱਢਣ ਲਈ ਮਜਬੂਰ ਕੀਤਾ ਜਾਵੇ ਤਾਂ ਨੱਕ-ਲੀਕਾਂ ਦੀ ਗਿਣਤੀ, ਜਾਲਮ ਦੇ ਸਾਹਾਂ ਦੀ ਗਿਣਤੀ ਵੀ ਨਿਸਚਿਤ ਕਰ ਦਿੰਦੀ ਏ।



ਨੱਕ ਵਿਚ ਤੀਲੀ, ਲੌਂਗ, ਕੋਕਾ ਜਾਂ ਨੱਥ ਔਰਤ ਦੀ ਸੁੰਦਰਤਾ ਵਿਚ ਵਾਧਾ। ਇਨ੍ਹਾਂ ਦੇ ਲਿਸ਼ਕਾਰੇ 'ਚ ਅੱਖਾਂ ਚੁੰਧਿਆ ਜਾਂਦੀਆਂ। ਕਈ ਵਾਰ ਇਹ ਮਾਣ-ਮਰਤਬਾ ਤੇ ਸਿਆਣਪ ਰਾਹੀਂ ਸੁੱਘੜ-ਸੁਆਣੀ ਦਾ ਸਮਰੂਪ ਬਣ, ਸਮਾਜ ਦਾ ਸਿਆਣਪੀ ਵਰਤਾਰਾ ਵੀ ਬਣ ਜਾਂਦੇ। ਪਰ ਕੁਝ ਲੋਕਾਂ ਲਈ ਇਹ ਗਹਿਣੇ, ਅਚੇਤ ਰੂਪ ਵਿਚ ਜਗੀਰੂ ਰੁਚੀਆਂ ਪ੍ਰਗਟ ਕਰਦੇ, ਔਰਤ ਨੂੰ ਇਕ ਗੁਲਾਮ ਸਮਝ, ਵਰਤੋਂ ਦੀ ਵਸਤ ਵੀ ਬਣਾ ਦਿੰਦੇ।

ਦਰਗਾਹਾਂ, ਦਰਬਾਰਾਂ ਤੇ ਧਾਰਮਿਕ-ਅਸਥਾਨਾਂ ਦੀਆਂ ਸਰਦਲਾਂ 'ਤੇ ਨੱਕ ਰਗੜ ਕੇ ਪੁੱਤਰਾਂ ਦੀ ਦਾਤ ਮੰਗਣ ਵਾਲੀਆਂ ਮਾਂਵਾਂ ਜਦ ਪੁੱਤਰਾਂ ਦੀ ਬੇਰੁਖੀ ਦਾ ਸ਼ਿਕਾਰ ਹੋ, ਘਰ ਦੀ ਕਾਲ ਕੋਠੜੀ ਵਿਚ ਕੈਦ ਹੋ, ਬੁਢਾਪੇ ਦਾ ਬਨਵਾਸ ਹੰਢਾਉਣ ਲਈ ਮਜਬੂਰ ਹੋ ਜਾਣ ਤਾਂ ਉਨ੍ਹਾਂ ਲਈ ਮੌਤ ਮੰਗਣ ਵਾਸਤੇ ਨੱਕ ਰਗੜਨ ਦੀ ਨੌਬਤ ਵੀ ਆ ਜਾਂਦੀ ਏ। ਕਿੰਨੀ ਦੁਖਦਾਈ ਹੁੰਦੀ ਏ ਮੰਨਤ ਤੋਂ ਮੌਤ ਤੀਕ ਦੀ ਅਰਦਾਸ।

ਜਦ ਕਿਸੇ ਜਾਲਮ ਨੂੰ ਨੱਕ ਵਿਚ ਨਕੇਲ ਪਾ ਕੇ ਬਾਜ਼ਾਰਾਂ ਵਿਚ ਘਸੀਟਿਆ ਜਾਂਦਾ ਤਾਂ ਉਸ ਦੇ ਪਾਪ ਸਾਖਸ਼ਾਤ ਪ੍ਰਗਟ ਹੋ, ਕੀਤੇ ਦਾ ਫਲ ਭੁਗਤਣ ਦਾ ਸਬਕ ਬਣਦੇ। ਭਵਿੱਖੀ ਨਸਲਾਂ ਸਮਝ ਸਕਦੀਆਂ ਕਿ ਪਾਪੀ ਦਾ ਅੰਤ ਉਸ ਦੇ ਪਾਪਾਂ ਤੋਂ ਵੀ ਜ਼ਿਆਦਾ ਦੁਖਦਾਈ ਹੁੰਦਾ।

ਨੱਕ ਨਮੋਸ਼ੀ ਦੀ ਬਜਾਏ ਨਗੀਨਾ ਬਣੇ, ਦੁਰਗੰਧ ਦੀ ਬਜਾਏ ਸੁਗੰਧ ਨੂੰ ਸਾਹਾਂ ਦੀ ਸੌਗਾਤ ਬਣਾਵੇ, ਸੁਹੱਪਣ ਦੀ ਬਜਾਏ ਸੁਹਜ ਨੂੰ ਸਮਰਪਿਤ ਹੋਵੇ ਅਤੇ ਨੱਕ ਨਾਲ ਕੀਤੀ ਇਬਾਦਤ ਵਿਚੋਂ ਖੁਦੀ ਨੂੰ ਮਿਟਾਵੇ ਤਾਂ ਨੱਕ ਦੀ ਨੇਕ-ਨੀਤੀ ਵਿਚੋਂ ਮਨੁੱਖੀ-ਮਾਣ ਅਤੇ ਮਾਨਵੀ-ਬੰਦਿਆਈ ਦੇ ਦੀਦਾਰੇ ਹੁੰਦੇ। ਇਹ ਦੀਦਾਰੇ ਹੀ ਚਾਨਣ-ਭਿੱਜੇ ਰਾਹਾਂ ਦਾ ਮਾਰਗ ਦਰਸ਼ਨ।

ਜਦ ਕੋਈ ਨੱਕ 'ਤੇ ਮੱਖੀ ਨਾ ਬਹਿਣ ਦੇਣ ਵਾਲਾ ਮੱਖੀ ਉਡਾਉਣ ਤੋਂ ਆਤੁਰ ਹੋ ਜਾਵੇ, ਹੁਸਨ ਦੀ ਆਬ ਵਿਚ ਖੁਦੀ ਨੂੰ ਭੁੱਲ ਚੁੱਕੀ ਨੱਢੀ, ਖੁਦ ਦੀ ਭਾਲ ਲਈ ਤਰਲੋਮੱਛੀ ਹੋਵੇ, ਲੌਂਗ ਦੇ ਲਿਸ਼ਕਾਰੇ ਨਾਲ ਅੱਖਾਂ ਚੁੰਧਿਆਉਣ ਵਾਲਾ ਹਨੇਰੇ ਵਿਚ ਅੱਕੀਂ ਪਲਾਹੀਂ ਹੱਥ ਮਾਰੇ ਜਾਂ ਤਲਵਾਰ ਰੂਪੀ ਨੱਕ ਰਾਹੀਂ ਕਤਲਾਂ ਦੀ ਗਿਣਤੀ ਵਿਚ ਉਲਝੀ ਜਵਾਨੀ ਮੁਆਫੀਨਾਮਾ ਬਣ ਜਾਵੇ ਤਾਂ ਬੀਤੇ ਦਾ ਪਲ-ਪਲ ਤੁਹਾਡੇ ਸਨਮੁੱਖ ਹੋ, ਕੀਤੇ ਕਰਮਾਂ ਦਾ ਵਹੀ-ਖਾਤਾ ਖੋਲ੍ਹ, ਤੁਹਾਡੇ ਅੰਦਰਲੇ ਨੂੰ ਚਾਨਣ ਨਾਲ ਭਰ ਦਿੰਦਾ। ਅਜਿਹੇ ਵਕਤ ਖੁਦ ਦੇ ਰੂਬਰੂ ਹੋਣਾ ਹੀ ਅਸਲ ਵਿਚ ਸਵੈ-ਸਫਰ ਦਾ ਸਿਰਨਾਵਾਂ ਬਣਦਾ।

ਕਦੇ ਨੱਕ 'ਤੇ ਐਨਕਾਂ ਟਿਕਾਈ ਘਰ ਦੇ ਸੁੰਨੇ ਦਰ 'ਚ ਬੈਠੇ ਬਾਪ ਨੂੰ ਕਿਆਸਣਾ ਜੋ ਪਰਦੇਸੀ ਪੁੱਤ ਦੀ ਉਡੀਕ 'ਚ ਆਖਰੀ ਸਾਹ ਨੂੰ ਦੁਰਕਾਰਦਾ, ਹਰ ਪ੍ਰਛਾਵੇਂ ਵਿਚੋਂ ਹੀ ਪੁੱਤ ਦੇ ਨਕਸ਼ ਪਛਾਣਦਾ ਏ। ਪਰ ਭਰਮ ਟੁੱਟਣ 'ਤੇ ਜਾਰੋ-ਜਾਰ ਰੋਂਦਾ, ਹੰਝੂਆਂ ਨੂੰ ਅੰਦਰੋਂ ਅੰਦਰ ਹੀ ਪੀਂਦਾ। ਘਰ 'ਚ ਪਸਰੀ ਚੁੱਪ, ਕਮਰਿਆਂ 'ਚ ਫੈਲੀ ਉਦਾਸੀ ਅਤੇ ਕੰਧਾਂ 'ਤੇ ਲਟਕਦੀਆਂ ਪਰਿਵਾਰਕ-ਤਸਵੀਰਾਂ ਜਦ ਆਪਣਿਆਂ ਦੀ ਛੋਹ ਨੂੰ ਲੋਚਦੀਆਂ ਮੂਕ ਚੀਖ ਬਣ ਕੇ ਘਰ ਵਿਚ ਦਫਨ ਹੋ ਜਾਣ ਤਾਂ ਬਹੁਤ ਕੁਝ ਅਣਕਿਆਸਿਆ ਵਾਪਰਦਾ ਏ ਜੋ ਸਿਰਫ ਇਕ ਬਾਪ ਹੀ ਸਮਝ ਸਕਦਾ ਏ। ਜਦ ਕੋਈ ਮਾਂ ਅਲਾਣੇ ਮੰਜੇ 'ਤੇ ਬਰਾਂਡੇ ਵਿਚ ਬੈਠੀ ਮੱਥੇ 'ਤੇ ਹੱਥ ਦੀ ਓਟ ਕਰ ਮੋਟੀਆਂ ਐਨਕਾਂ ਵਿਚੋਂ ਝਾਕਦੀ ਆਪਣਿਆਂ ਦੀ ਸੂਰਤ ਜਾਂ ਪੈੜਚਾਲ ਦਾ ਭੁਲੇਖਾ ਵੀ ਨਾ ਸਿਰਜ ਸਕੇ ਤਾਂ ਉਸ ਦੇ ਸਾਹਾਂ ਦਾ ਰੈਣ ਬਸੇਰਾ ਇਕ ਮਨਾਹੀ ਤੇ ਕੋਤਾਹੀ ਬਣ ਜਾਂਦਾ। ਅਜਿਹੀ ਸੰਵੇਦਨਾ ਵਿਚੋਂ ਹੀ ਉਪਜਦੀ ਏ ਮਾਂ ਦੀ ਆਪਣੇ ਜਾਇਆਂ ਨੂੰ ਗਲ ਲਾਉਣ ਦੀ ਵੇਦਨਾ, ਮਨ ਫਰੋਲਣ ਦੀ ਚਾਹਨਾ ਅਤੇ ਆਪਣਿਆਂ ਦੀ ਸੰਗਤ ਵਿਚ ਆਖਰੀ ਸਾਹਾਂ ਨੂੰ ਸਦੀਵੀ ਅਲਵਿਦਾ ਕਹਿਣ ਦੀ ਅਰਜ਼ੋਈ। ਕਦੇ ਕਦਾਈਂ ਮਨ ਵਿਚ ਮਾਪਿਆਂ ਵਰਗੇ ਬਣ, ਉਨ੍ਹਾਂ ਦੀ ਸੋਚ ਤੇ ਸੰਵੇਦਨਾ ਨੂੰ ਅੰਤਰੀਵ ਵਿਚ ਉਤਾਰਨਾ ਤੁਹਾਨੂੰ ਮਾਂ ਦੀ ਮਮਤਾ ਤੇ ਬਾਪ ਦੀ ਦਿਲਗੀਰੀ ਦਾ ਅਹਿਸਾਸ ਜਰੂਰ ਹੋਵੇਗਾ।

ਨੱਕ ਨਗਮਾ ਹੈ ਜੀਵਨ ਤੇ ਫਲਸਫੇ ਦਾ, ਮਨੁੱਖੀ ਸੁੰਦਰਤਾ ਤੇ ਸੀਰਤ ਦਾ, ਮਨ ਤੇ ਤਨ ਦਾ, ਹਉਮੈ ਤੇ ਨਿਮਰਤਾ ਦਾ, ਅਦਬ ਤੇ ਅਧੀਨਗੀ ਦਾ, ਕਰਮ ਤੇ ਧਰਮ ਦਾ, ਕਰਮਯੋਗਤਾ ਤੇ ਨਿਰਮਾਣਤਾ ਦਾ, ਜ਼ਿੰਦ ਤੇ ਜ਼ਿੰਦਾਦਿਲੀ ਦਾ ਅਤੇ ਸੋਚ ਤੇ ਸੁਹਿਦਰਤਾ ਦਾ।

ਬੇ-ਨੱਕਾ ਸ਼ਖਸ ਜਦ ਮਾਨਵੀ ਕਦਰਾਂ ਕੀਮਤੀ ਦਾ ਬਿੰਬ ਬਣ ਕੇ ਨੱਕ ਵਾਲੇ ਲੋਕਾਂ ਦੀਆਂ ਅੱਖਾਂ ਨੀਵੀਆਂ ਕਰ ਜਾਂਦਾ ਤਾਂ ਉਹ ਸਿਰਫ ਨੱਕ ਦੇ ਨਾਮ 'ਤੇ ਕਲੰਕ ਦਾ ਹਰਫ ਹੀ ਹੁੰਦੇ।

ਨੱਕ ਨਿਮਾਣਾ ਤੇ ਨਿਤਾਣਾ, ਨੱਕ ਦੇ ਰਾਹੀਂ ਸੱਚ-ਮਾਰਗ ਜਾਣਾ। ਨੱਕ ਸਾਹਾਂ ਦਾ ਵਣਜਾਰਾ, ਨੱਕ ਸਵਾਦਾਂ ਦਾ ਭੰਡਾਰਾ। ਨੱਕ ਸੁਗੰਧ ਨੂੰ ਗਲ ਨਾਲ ਲਾਵੇ, ਪਰ ਦੁਰਗੰਧ ਤੋਂ ਦੂਰ ਹੀ ਜਾਵੇ। ਨੱਕ ਦੀ ਪੂਜਾ ਜਦ ਹਉਮੈ ਬਣਦੀ ਤਾਂ ਜੀਵਨ-ਅੰਬਰ 'ਤੇ ਬੱਦਲੀ ਤਣਦੀ। ਨੱਕ ਨੂੰ ਸਮਾਜ ਦਾ ਨੱਕ ਬਣਾਓ, ਨੱਕ ਵਿਚੋਂ ਖੁਦਾ ਦਾ ਦਰਸ਼ ਉਪਜਾਓ ਤੇ ਨੱਕ ਨੂੰ ਖੁਦ ਦਾ ਨਗਮਾ ਬਣਾਓ।

ਨੱਕ ਨਮਾਜ਼ੀ, ਅਦਬ-ਅਦੀਬੀ। ਉਸ ਦੇ ਭੇਤਾਂ-ਰਹਿਮਤਾਂ ਦਾ ਗਿਆਤਾ, ਅਸੀਸਾਂ ਦਾ ਰਿਣੀ, ਇਨਾਇਤਾਂ ਦਾ ਸ਼ੁਕਰਗੁਜ਼ਾਰ। ਰਹਿਮਤ ਵਿਚ ਬੀਤਦੇ ਸਾਹਾਂ ਦੀ ਸ਼ੁਕਰਗੁਜਾਰੀ ਵਿਚ ਹੀ ਜ਼ਿੰਦਗੀ ਦਾ ਸੂਹਾ ਰੰਗ। ਅਜਿਹੇ ਨਮਾਜ਼ੀ, ਨਮਾਜ਼ ਦਾ ਸੁੱਚਾ ਫਲਸਫਾ।

ਆਮੀਨ।

## ਕਾਵਿ-ਕਿਆਰੀ

### ਜੜ੍ਹਾਂ

ਗੱਲ ਜੋ ਯਾਰੋ ਕਹਿਣ ਲੱਗਾਂ
ਸੁਣਿਓ ਜ਼ਰਾ ਕੰਨ ਲਾ ਕੇ।
ਆ ਪਰਦੇਸੀਂ ਸੋਹਣਾ ਵਿਰਸਾ
ਬਹਿ ਨਾ ਜਾਇਓ ਭੁਲਾ ਕੇ।
ਮੱਕੀ ਸਾਗ ਵਿਸਾਰਿਓ ਨਾ
ਇਥੇ ਪੀਜ਼ੇ, ਬਰਗਰ ਖਾ ਕੇ।
ਭੁੱਲਿਓ ਨਾ ਪਹਿਰਾਵਾ ਆਪਣਾ
ਰੰਗ-ਵਰੰਗੀਆਂ ਪੁਸ਼ਾਕਾਂ ਪਾ ਕੇ।
ਮਾਂ ਬੋਲੀ ਦੇ ਅੱਥਰੂ ਪੂੰਝਿਓ
ਊੜੇ ਐੜੇ ਨੂੰ ਗਲ ਲਾ ਕੇ।
ਪੰਜਾਬੀ ਦਾ ਤੁਸੀਂ ਮਾਣ ਵਧਾਇਓ
ਬੱਚਿਆਂ ਨੂੰ ਬੋਲਣੀ ਸਿਖਾ ਕੇ।
ਹਾਕਾਂ ਪਿਆ ਪੰਜਾਬ ਮਾਰਦਾ
ਉਹਦੀ ਵੀ ਸੁਣਿਓ ਜਾ ਕੇ।
ਪਰਦੇਸਾਂ ਦੇ ਹੋ ਰਹਿ ਨਾ ਜਾਇਓ
ਆਪਣੀਆਂ ਜੜ੍ਹਾਂ ਭੁਲਾ ਕੇ।

### ਹਿਰਖ

ਕਦੇ ਮੌਤ ਮਾਰ ਲਏ, ਗੱਲ ਵੱਖਰੀ
ਪਰ ਵਕਤ ਕਦੇ ਨਾ ਮਾਰੇ।
ਵਕਤ ਦੇ ਕੋੜੇ ਨੰਗੇ ਪਿੰਡੇ
ਬੜੇ ਔਖੇ ਜਾਣ ਸਹਾਰੇ।
ਇਕੋ ਘੁੱਟ ਦਾ ਜ਼ਹਿਰ ਹੀ ਚੰਗਾ
ਪੀਤੇ ਜਾਣ ਨਾ ਨਿੱਤ ਪਾਣੀ ਖਾਰੇ।
ਅਸੀਂ ਦਰਦ ਮਨਾਈਏ ਸੂਈਆਂ ਦਾ
ਕਈ ਸਹਿ ਗਏ ਸਿਰਾਂ 'ਤੇ ਆਰੇ।
ਨੈਣਾਂ 'ਚੋਂ ਉਦੋਂ ਛਲਕਣ ਅੱਥਰੂ
ਜਦੋਂ ਹੋਵਣ ਦੁੱਖੜੇ ਭਾਰੇ।
ਐਵੇਂ ਰੱਬ 'ਤੇ ਹਿਰਖ ਕਰੇਂ ਨਿੰਮਿਆ
ਤੇਰੇ ਵਰਗੇ ਕਈ ਨੇ ਵਿਚਾਰੇ।

*-ਨਿੰਮਾ ਡੱਲੇਵਾਲਾ*
*ਫੋਨ: 513-432-9754*


### ਇਨਸਾਨ

ਕਈ ਇਨਸਾਨ ਵੇਖੇ ਮੈਂ ਮਾਂਵਾਂ ਦੇ ਵਰਗੇ
ਦਿਲ ਦੀਆਂ ਸੱਧਰਾਂ ਤੇ ਚਾਵਾਂ ਦੇ ਵਰਗੇ।
ਕਈ ਬਾਬੁਲ ਵਰਗੇ ਕਈ ਵੀਰਾਂ ਵਰਗੇ
ਰੱਬ ਕੋਲੋਂ ਮੰਗੀਆਂ ਦੁਆਵਾਂ ਦੇ ਵਰਗੇ।
ਕਈ ਇਨਸਾਂ ਵੇਖੇ ਮੈਂ ਹਵਸਾਂ ਦੇ ਮਾਰੇ
ਅਜ਼ਲਾਂ ਤੋਂ ਕੀਤੇ ਗੁਨਾਹਾਂ ਦੇ ਵਰਗੇ।
ਕਈ ਇਨਸਾਂ ਵੇਖੇ ਨੇ ਕਪਟੀ ਫਰੇਬੀ
ਜਨਮਾਂ ਤੋਂ ਮਿਲੀਆਂ ਸਜ਼ਾਵਾਂ ਦੇ ਵਰਗੇ।
ਕਈ ਦੋ ਪਲ ਮਿਲ ਕੇ ਕਦੀ ਵੀ ਨਾ ਭੁੱਲਦੇ
ਠੰਢੀਆਂ ਤੇ ਮਿੱਠੀਆਂ ਹਵਾਵਾਂ ਦੇ ਵਰਗੇ।
ਕਈ ਅੰਦਰੋਂ ਬਾਹਰੋਂ ਨੇ ਜਲ ਵਾਂਗ ਨਿਰਮਲ
ਮੁਕੱਦਸ ਪਵਿੱਤਰ ਨਿਗਾਹਾਂ ਦੇ ਵਰਗੇ।
ਕਈ ਧਰਮੀ ਵੇਖੇ ਮੈਂ ਵਖਿਆਨ ਕਰਦੇ
ਦਿਲ ਅੰਦਰੋਂ ਕਾਲੇ ਨੇ ਕਾਂਵਾਂ ਦੇ ਵਰਗੇ।
ਕਈ ਮੋਮਨ ਬਣ ਕੇ ਨੇ ਦੁਨੀਆਂ ਨੂੰ ਠਗਦੇ
ਦੋਜਖ ਨੂੰ ਜਾਂਦੇ ਹੋਏ ਰਾਹਵਾਂ ਦੇ ਵਰਗੇ।
ਕਈ ਮੁਰਦਾ ਰੂਹਾਂ ਨੂੰ 'ਸੁਰਜੀਤ' ਕਰਦੇ
ਅਰਸ਼ਾਂ ਤੋਂ ਆਈਆਂ ਸਦਾਵਾਂ ਦੇ ਵਰਗੇ।
ਭਵਜਲ ਤੋਂ ਪਾਰ ਲੰਘਾਉਂਦੇ ਪਏ ਨੇ
ਗੁਰਬਾਣੀ 'ਚ ਬੈਠੇ ਮਲਾਹਾਂ ਦੇ ਵਰਗੇ

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਚੋਣ ਸਰਵੇਖਣਾਂ ਨਾਲ ਤਸਵੀਰ ਨਹੀਂ ਨਿੱਖਰਦੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਿਸ ਤਰ੍ਹਾਂ ਦੇ ਅੰਦਾਜ਼ੇ ਲੱਗ ਰਹੇ ਹਨ, ਉਨ੍ਹਾਂ ਅਤੇ ਚੋਣ ਕਮਿਸ਼ਨ ਦੀਆਂ ਸਰਗਰਮੀਆਂ ਤੋਂ ਜਾਪਦਾ ਹੈ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਜਨਵਰੀ ਦੇ ਅੱਧ ਤੱਕ ਹੋ ਸਕਦੀਆਂ ਹਨ। ਪੰਜਾਬ ਵਿਚ ਜਦੋਂ ਚੋਣਾਂ ਹੋਣੀਆਂ ਹਨ, ਉਦੋਂ ਹੀ ਦੇਸ਼ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼, ਉਤਰਾ ਖੰਡ, ਉਤਰ ਪੂਰਬੀ ਖਿੱਤੇ ਵਿਚਲੇ ਮਨੀਪੁਰ ਤੇ ਸਾਢੇ ਚਾਰ ਸਦੀਆਂ ਪੁਰਤਗਾਲ ਦੀ ਬਸਤੀ ਰਹਿ ਚੁੱਕੇ ਰਾਜ ਗੋਆ 'ਚ ਵੀ ਵਿਧਾਨ ਸਭਾਵਾਂ ਚੁਣੀਆਂ ਜਾਣੀਆਂ ਹਨ। ਉਤਰ ਪ੍ਰਦੇਸ਼ ਸਭ ਤੋਂ ਵੱਧ ਸੁਰੱਖਿਆ ਫੋਰਸ ਦੀ ਲੋੜ ਵਾਲਾ ਵੀ। ਇਸ ਲਈ ਪੰਜਾਬ ਅਤੇ ਉਤਰਾ ਖੰਡ ਵਿਚ ਪਹਿਲਾਂ ਵੋਟਾਂ ਪਵਾ ਕੇ ਇਥੋਂ ਦੀ ਫੋਰਸ ਉਥੇ ਭੇਜਣ ਲਈ ਵਿਹਲੀ ਕਰਨੀ ਪੈਣੀ ਹੈ। ਪੰਜਾਬ ਵਿਚ ਇਸੇ ਕਾਰਨ ਪਹਿਲੇ ਗੇੜ ਦੌਰਾਨ ਵੋਟਾਂ ਪੈਣਗੀਆਂ। ਇੰਜ ਪੰਜਾਬ ਵਿਚ ਵੋਟਾਂ ਦਾ ਮਹੂਰਤ ਜਨਵਰੀ ਦੇ ਅੱਧ ਨੇੜੇ ਨਿਕਲਦਾ ਹੈ। ਨਤੀਜੇ ਪੰਜਾਂ ਰਾਜਾਂ ਵਿਚ ਚੋਣ ਅਮਲ ਪੂਰਾ ਹੋਣ ਤੋਂ ਬਾਅਦ ਮਾਰਚ ਵਿਚ ਇਕੱਠੇ ਨਿਕਲਣ ਦੀ ਉਮੀਦ ਹੈ ਤੇ ਇਸ ਸਮੁੱਚੇ ਅੰਦਾਜ਼ੇ ਨੂੰ ਵੇਖਦੇ ਹੋਏ ਰਾਜਨੀਤੀ ਦਾ ਘੋੜਾ ਹੁਣ ਪੰਜਾਬ ਵਿਚ ਸਰਪੱਟ ਦੌੜਦਾ ਹਰ ਕਿਸੇ ਨੂੰ ਦਿੱਸ ਸਕਦਾ ਹੈ।

ਭਾਰਤ ਦੀ ਇੱਕ ਪ੍ਰਮੁੱਖ ਸਰਵੇਖਣ ਏਜੰਸੀ ਅਤੇ ਕੁਝ ਮੀਡੀਆ ਚੈਨਲਾਂ ਵੱਲੋਂ ਮਿਲ ਕੇ ਪੇਸ਼ ਕੀਤੇ ਗਏ ਇੱਕ ਸਰਵੇਖਣ ਨੇ ਆਮ ਲੋਕਾਂ ਦੀ ਦਿਲਚਸਪੀ ਇਸ ਪੱਖੋਂ ਕਾਫੀ ਵਧਾ ਦਿੱਤੀ ਹੈ। ਅਸੀਂ ਚੋਣ ਸਰਵੇਖਣ ਉਤੇ ਯਕੀਨ ਕਰ ਕੇ ਚੱਲਣ ਵਾਲੇ ਲੋਕਾਂ ਵਿਚੋਂ ਨਹੀਂ, ਪਰ ਜਿਹੜੇ ਅੰਕੜੇ ਪੇਸ਼ ਕੀਤੇ ਗਏ ਹਨ, ਉਨ੍ਹਾਂ ਵਿਚੋਂ ਪੰਜਾਬ ਦੀ ਤਸਵੀਰ ਦਾ ਕੁਝ-ਕੁਝ ਅੰਦਾਜ਼ਾ ਹੋ ਜਾਂਦਾ ਹੈ। ਇਸ ਸਰਵੇਖਣ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਪੰਜਾਬ ਦੀ ਸਭ ਤੋਂ ਵੱਡੀ ਪਾਰਟੀ ਬਣ ਸਕਦੀ ਹੈ, ਪਰ ਰਾਜ ਦਾ ਹੱਕ ਲੈਣ ਤੋਂ ਕੁਝ ਪਿੱਛੇ ਰਹਿੰਦੀ ਜਾਪਦੀ ਹੈ। ਆਮ ਆਦਮੀ ਪਾਰਟੀ ਇਸ ਸਰਵੇਖਣ ਮੁਤਾਬਕ ਦੂਸਰੇ ਨੰਬਰ ਦੀ ਪਾਰਟੀ ਬਣ ਕੇ ਕਾਂਗਰਸ ਦੇ ਠੇਡੀਂ ਚੜ੍ਹੀ ਨਜ਼ਰ ਆਉਂਦੀ ਹੈ ਤੇ ਅਕਾਲੀ-ਭਾਜਪਾ ਗੱਠਜੋੜ ਬਹੁਤ ਪੱਛੜ ਜਾਣ ਦੀ ਝਲਕ ਮਿਲੀ ਹੈ। ਦਿੱਲੀ ਵਿਚ ਪਹਿਲੀ ਵਾਰੀ ਜਦੋਂ ਕਾਂਗਰਸ ਦੀ ਮਦਦ ਨਾਲ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਦੀ ਕੁਰਸੀ ਸੰਭਾਲੀ ਸੀ, ਇਹ ਸਾਰੀ ਤਸਵੀਰ ਉਸ ਚੋਣ ਦਾ ਚੇਤਾ ਕਰਵਾਉਂਦੀ ਹੈ। ਉਦੋਂ ਦਿੱਲੀ ਵਿਚ ਤਿੰਨ ਵਾਰੀਆਂ ਤੋਂ ਲਗਾਤਾਰ ਰਾਜ ਕਰਦੀ ਕਾਂਗਰਸ ਤੀਸਰੇ ਨੰਬਰ ਉਤੇ ਬਹੁਤ ਹੇਠਾਂ ਜਾ ਡਿੱਗੀ ਸੀ, ਇਥੇ ਪੰਜਾਬ ਵਿਚ ਦੋ ਵਾਰੀਆਂ ਤੋਂ ਲਗਾਤਾਰ ਰਾਜ ਕਰਦਾ ਅਕਾਲੀ-ਭਾਜਪਾ ਗਠਜੋੜ ਉਸੇ ਤਰ੍ਹਾਂ ਸਭ ਤੋਂ ਹੇਠਾਂ ਬੁਰੇ ਹਾਲ ਵਿਚ ਦਿੱਸ ਰਿਹਾ ਹੈ। ਦਿੱਲੀ ਵਿਚ ਪੰਦਰਾਂ ਸਾਲਾਂ ਤੋਂ ਰਾਜ ਨੂੰ ਤਰਸਦੀ ਜਿਹੜੀ ਭਾਰਤੀ ਜਨਤਾ ਪਾਰਟੀ ਉਸ ਚੋਣ ਵਿਚ ਰਾਜ ਕਰਨ ਦੇ ਹੱਕ ਤੋਂ ਸਿਰਫ ਤਿੰਨ ਸੀਟਾਂ ਪਿੱਛੇ ਰਹਿ ਗਈ ਸੀ, ਉਹੋ ਤਜਰਬਾ ਦੁਹਰਾਉਂਦੀ ਕਾਂਗਰਸ ਪਾਰਟੀ ਦਸ ਸਾਲ ਪੰਜਾਬ ਦੇ ਰਾਜ ਲਈ ਤਰਸਣ ਪਿੱਛੋਂ ਇਸ ਵਾਰੀ ਰਾਜ ਕਰਨ ਦੇ ਹੱਕ ਤੋਂ ਮਾਮੂਲੀ ਜਿਹੀ ਪੱਛੜ ਜਾਣ ਦਾ ਅੰਦਾਜ਼ਾ ਹੈ। ਆਮ ਆਦਮੀ ਪਾਰਟੀ ਦਿੱਲੀ 'ਚ ਪਹਿਲੀ ਵਾਰੀ ਜਿਵੇਂ ਭਾਜਪਾ ਤੋਂ 4 ਕੁ ਸੀਟਾਂ ਪਿੱਛੇ ਰਹਿ ਗਈ ਸੀ, ਇਸ ਵਾਰ ਪੰਜਾਬ ਵਿਚ ਵੀ ਕਾਂਗਰਸ ਤੋਂ ਓਨਾ ਕੁ ਪਛੜਦੀ ਦਿਸਦੀ ਹੈ। ਇਥੇ ਦਿੱਲੀ ਦੁਹਰਾਈ ਜਾ ਰਹੀ ਜਾਪਦੀ ਹੈ।

ਸਰਵੇਖਣਾਂ ਦੇ ਅੰਤਲੇ ਸਿੱਟੇ ਕਈ ਵਾਰੀ ਭਰਮਾਊ ਹੁੰਦੇ ਹਨ। ਦਿੱਲੀ ਦੇ ਜਿਸ ਚੈਨਲ ਨੇ ਵੋਟਾਂ ਪੈਣ ਤੋਂ ਬਾਰਾਂ ਘੰਟੇ ਪਹਿਲਾਂ ਆਮ ਆਦਮੀ ਪਾਰਟੀ ਨੂੰ ਸਿਰਫ 22 ਸੀਟਾਂ ਦਿੱਤੀਆਂ ਸਨ, ਵੋਟਾਂ ਪੈਣ ਤੋਂ ਘੰਟਾ ਬਾਅਦ ਉਸੇ ਚੈਨਲ ਨੇ ਉਸੇ ਆਮ ਆਦਮੀ ਪਾਰਟੀ ਨੂੰ 50 ਦੇ ਕਰੀਬ ਸੀਟਾਂ ਆਉਂਦੀਆਂ ਦੱਸੀਆਂ ਸਨ। ਅਰਥ ਇਹ ਹੈ ਕਿ ਇਹ ਗੱਲ ਚੈਨਲ ਵਾਲਿਆਂ ਨੂੰ ਪਹਿਲਾਂ ਵੀ ਪਤਾ ਸੀ, ਪਰ ਵੋਟਾਂ ਤੋਂ ਪਹਿਲੀ ਰਾਤ ਉਨ੍ਹਾਂ ਸਰਵੇਖਣ ਪੇਸ਼ ਨਹੀਂ ਸੀ ਕੀਤਾ, ਸਰਵੇਖਣ ਦੇ ਓਹਲੇ ਹੇਠ ਕਿਸੇ ਇਕ ਧਿਰ ਲਈ ਪ੍ਰਚਾਰ ਕੀਤਾ ਸੀ। ਇਹ ਇਥੇ ਵੀ ਹੋ ਸਕਦਾ ਹੈ। ਇਸੇ ਕਾਰਨ ਅਸੀਂ ਸਰਵੇਖਣ ਦੇ ਸੀਟਾਂ ਦੇ ਨਤੀਜੇ ਨੂੰ ਪਾਸੇ ਰੱਖ ਕੇ ਦੂਸਰੇ ਪੱਖਾਂ ਨੂੰ ਵੇਖਣਾ ਠੀਕ ਸਮਝਦੇ ਹਾਂ।




ਇਨ੍ਹਾਂ ਦੂਸਰੇ ਪੱਖਾਂ ਵਿਚ ਪੰਜਾਬ ਦੀਆਂ ਚੋਣਾਂ ਲਈ ਮੁੱਖ ਮੁੱਦੇ ਦਾ ਸਵਾਲ ਉਠਿਆ ਹੈ। ਸਰਵੇਖਣ ਮੁਤਾਬਕ ਪੰਜਾਬ ਦੇ 76 ਫੀਸਦੀ ਲੋਕ ਨਸ਼ਿਆਂ ਨੂੰ ਮੁੱਖ ਮੁੱਦਾ ਮੰਨਦੇ ਹਨ। ਇਹ ਠੀਕ ਜਾਪਦਾ ਹੈ। ਅਗਲਾ ਸਵਾਲ ਇਸ ਸਥਿਤੀ ਲਈ ਜ਼ਿਮੇਵਾਰੀ ਸੁੱਟਣ ਦਾ ਸੀ ਤੇ ਉਸ ਦੇ ਜਵਾਬ ਵਿਚ ਪੰਜਾਬ ਦੇ 80 ਫੀਸਦੀ ਲੋਕਾਂ ਦੀ ਰਾਏ ਪੰਜਾਬ ਦੀ ਮੌਜੂਦਾ ਸਰਕਾਰ ਦੇ ਖਿਲਾਫ ਆਈ ਹੈ। ਇਹ ਜਵਾਬ ਵੀ ਗਲਤ ਕਹਿਣਾ ਔਖਾ ਹੈ। ਕੋਈ ਵੀ ਹੋਰ ਗੱਲ ਵਿਚਾਰਨ ਵਿਚ ਸਮਾਂ ਲਾਉਣ ਦੀ ਥਾਂ ਜ਼ਿਆਦਾ ਠੀਕ ਇਹ ਹੋਵੇਗਾ ਕਿ ਪੰਜਾਬ ਦੇ ਜ਼ਮੀਨੀ ਪੱਧਰ ਉਤੇ ਵਾਪਰਦੇ ਉਸ ਹਾਲਾਤ ਦੇ ਵਹਿਣ ਵੱਲ ਵੇਖਿਆ ਜਾਵੇ, ਜਿਸ ਨੇ ਚੋਣਾਂ ਉਤੇ ਬਹੁਤ ਵੱਡਾ ਅਸਰ ਪਾਉਣਾ ਹੈ।

ਸਰਕਾਰ ਚਲਾ ਰਹੀ ਧਿਰ ਕਹਿ ਸਕਦੀ ਹੈ ਕਿ ਪਿਛਲੇ ਸਾਲ ਵਾਪਰੇ ਬੇਅਦਬੀ ਕਾਂਡਾਂ ਦਾ ਜਿੰਨਾ ਅਸਰ ਉਨ੍ਹਾਂ ਦਿਨਾਂ ਵਿਚ ਪਿਆ ਸੀ, ਹੁਣ ਓਨਾ ਨਹੀਂ ਰਿਹਾ, ਕਿਉਂਕਿ ਲੋਕ ਹੌਲੀ-ਹੌਲੀ ਚੇਤਾ ਭੁਲਾ ਦਿੰਦੇ ਹਨ। ਅਕਾਲੀ-ਭਾਜਪਾ ਆਗੂ ਏਨੀ ਗੱਲ ਠੀਕ ਕਹਿੰਦੇ ਹੋ ਸਕਦੇ ਹਨ, ਪਰ ਪਿਛਲੇ ਸਾਲ ਬੇਅਦਬੀ ਕਾਂਡਾਂ ਮੌਕੇ ਜਿਹੜਾ ਗੁੱਸੇ ਦਾ ਉਬਾਲਾ ਆਇਆ ਸੀ, ਉਹ ਸਿਰਫ ਉਨ੍ਹਾਂ ਕਾਂਡਾਂ ਨਾਲ ਨਹੀਂ, ਪਿਛਲੀਆਂ ਕਈ ਘਟਨਾਵਾਂ ਨਾਲ ਜਮ੍ਹਾਂ ਹੋਇਆ ਸਾੜ ਸੀ। ਮੁੱਖ ਮੰਤਰੀ ਦੇ ਪਰਿਵਾਰ ਦੀਆਂ ਬੱਸਾਂ ਦੇ ਮੁਲਾਜ਼ਮਾਂ ਦੇ ਵਿਹਾਰ ਨੇ ਇਸ ਅੱਗ ਉਤੇ ਤੇਲ ਪਾਉਣ ਦਾ ਕੰਮ ਕੀਤਾ ਅਤੇ ਮੰਤਰੀਆਂ ਦਾ ਪਿੰਡਾਂ ਵਿਚ ਵੜਨਾ ਬੰਦ ਹੋ ਗਿਆ। ਇਸ ਵਕਤ ਤੱਕ ਉਦੋਂ ਵਾਲੀਆਂ ਗੱਲਾਂ ਭੁੱਲ ਵੀ ਗਈਆਂ ਹੋਣ ਤਾਂ ਜੋ ਕਾਂਡ ਹੁਣ ਵਾਪਰ ਰਹੇ ਹਨ, ਇਹ ਭੁੱਲ ਗਏ ਕਾਂਡਾਂ ਦਾ ਚੇਤਾ ਵੀ ਕਰਵਾਈ ਜਾਂਦੇ ਹਨ। ਮਾਨਸਾ ਜ਼ਿਲ੍ਹੇ ਦੇ ਇੱਕ ਪਿੰਡ 'ਚ ਇਸ ਹਫਤੇ ਹੋਏ ਕਤਲ ਨੇ ਪਿਛਲੇ ਸਾਲ ਦਾ ਅਬੋਹਰ ਦਾ ਭੀਮ ਟਾਂਕ ਕੇਸ ਫਿਰ ਚੇਤੇ ਕਰਾ ਦਿੱਤਾ ਹੈ। ਇਦਾਂ ਦੇ ਕਾਂਡ ਹਾਲੇ ਵੀ ਰੁਕ ਨਹੀਂ ਰਹੇ। ਜਦੋਂ ਅਜਿਹੇ ਹਰ ਕਾਂਡ ਵਿਚ ਰਾਜ ਕਰਦੀ ਪਾਰਟੀ ਦੇ ਬੰਦਿਆਂ ਦਾ ਨਾਂ ਆਉਂਦਾ ਹੈ ਤਾਂ ਅਕਾਲੀ ਦਲ ਦਾ ਅਕਸ ਖਰਾਬ ਹੋਣਾ ਹੀ ਹੈ।

ਦੂਸਰਾ ਪੱਖ ਇਹ ਹੈ ਕਿ ਸਰਕਾਰ ਚਲਾ ਰਹੀ ਪਾਰਟੀ ਦੇ ਸਿਆਸੀ ਪੱਖ ਤੋਂ ਵਿਰੋਧ ਦਾ ਹੱਕ ਲੋਕਤੰਤਰ ਵਿਚ ਜਦੋਂ ਤੇ ਜਿਸ ਨੇ ਵੀ ਰੋਕਿਆ ਹੈ, ਉਸ ਦੇ ਖਿਲਾਫ ਜਾਂਦਾ ਹੈ। ਇਸ ਵਾਰ ਦੁਸਹਿਰੇ ਦੇ ਦਿਨ ਕਾਂਗਰਸ ਵਾਲਿਆਂ ਨੇ ਨਸ਼ੀਲੇ ਪਦਾਰਥਾਂ ਦੇ ਵਿਰੋਧ ਲਈ ਲੁਧਿਆਣੇ ਵਿਚ 'ਚਿੱਟਾ ਰਾਵਣ' ਬਣਾ ਕੇ ਸਾੜਨ ਦਾ ਪ੍ਰੋਗਰਾਮ ਰੱਖਿਆ ਤਾਂ ਉਥੇ ਅਕਾਲੀ ਵਰਕਰਾਂ ਦੀ ਇੱਕ ਢਾਣੀ ਹੱਥੋ-ਪਾਈ ਕਰਨ ਲਈ ਪਹੁੰਚ ਗਈ। ਕਾਂਗਰਸੀ ਆਗੂਆਂ ਨੂੰ ਉਸ ਦਿਨ ਨਸ਼ੀਲੇ ਪਦਾਰਥਾਂ ਦਾ ਰਾਵਣ ਸਾੜਨ ਤੋਂ ਰੋਕਣ ਨਾਲ ਅਕਾਲੀ ਆਗੂਆਂ ਵਿਰੁੱਧ ਇਹ ਭਾਵਨਾ ਪੈਦਾ ਹੋਈ ਕਿ ਇਨ੍ਹਾਂ ਵਿਚ ਕੁਝ ਕਾਣ ਜ਼ਰੂਰ ਹੈ, ਜਿਹੜੇ 'ਚਿੱਟਾ ਰਾਵਣ' ਸੜਦਾ ਨਹੀਂ ਸਹਾਰ ਸਕੇ। ਪੁਲਿਸ ਦੇ ਕੁਝ ਅਫਸਰਾਂ ਦੇ ਇੱਕ-ਤਰਫਾ ਵਿਹਾਰ ਨੇ ਮਾਹੌਲ ਨੂੰ ਹੋਰ ਵਿਗਾੜਨ 'ਚ ਹਿੱਸਾ ਪਾਇਆ ਤੇ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਮੂਹਰੇ ਕਾਂਗਰਸੀ ਆਗੂਆਂ ਦੇ ਦਰੀਆਂ ਵਿਛਾਉਣ ਤੱਕ ਦੀ ਨੌਬਤ ਆ ਗਈ। ਗੁੱਡਾ ਤਾਂ ਅਕਾਲੀ ਦਲ ਦਾ ਹੀ ਬੱਝਾ ਹੈ।

ਨਾ ਅਸੀਂ ਕਾਂਗਰਸ ਦੀ ਹਰ ਹਰਕਤ ਨੂੰ ਜਾਇਜ਼ ਮੰਨਦੇ ਹਾਂ ਤੇ ਨਾ ਉਨ੍ਹਾਂ ਦੇ ਪੱਖ ਵਿਚ ਦਿੱਤੇ ਗਏ ਚੋਣ ਸਰਵੇਖਣ ਤੋਂ ਪ੍ਰਭਾਵਤ ਹਾਂ। ਲੋਕ ਕਹਿ ਰਹੇ ਹਨ ਕਿ ਜਿਸ ਪ੍ਰਸ਼ਾਂਤ ਕਿਸ਼ੋਰ ਨੂੰ ਪੰਜਾਬ ਵਿਚਲੀ ਚੋਣ ਸਰਗਰਮੀ ਦਾ ਉਕਾ-ਪੁੱਕਾ ਠੇਕਾ ਦਿੱਤਾ ਹੋਇਆ ਹੈ, ਉਸ ਨੇ ਬਾਕੀ ਚੋਣ ਪ੍ਰਬੰਧਾਂ ਦੇ ਨਾਲ ਚੋਣ ਸਰਵੇਖਣਾਂ ਦੇ ਪਿੱਛੇ ਵੀ ਚਾਬੀ ਘੁੰਮਾਈ ਹੋਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ। ਕਾਂਗਰਸ ਇਸ ਤੋਂ ਹੁਲਾਰੇ ਵਿਚ ਹੈ। ਇਸ ਪਾਰਟੀ ਦੇ ਆਗੂ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਮਨਮੋਹਨ ਸਿੰਘ ਵਾਲੀ ਕੇਂਦਰ ਸਰਕਾਰ ਤੇ ਪੰਜਾਬ ਦੀਆਂ ਪਿਛਲੀਆਂ ਕਾਂਗਰਸੀ ਸਰਕਾਰਾਂ ਦੇ ਕੀਤੇ ਕੰਮਾਂ ਦੀ ਚਰਚਾ ਵੀ ਘਟੀ ਤਾਂ ਹੈ, ਹਾਲੇ ਰੁਕ ਨਹੀਂ ਗਈ। ਕੈਪਟਨ ਅਮਰਿੰਦਰ ਸਿੰਘ ਤੇ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਦਾ ਵਖਰੇਵਾਂ ਵੀ ਜ਼ਾਹਰ ਹੋਣ ਤੋਂ ਨਹੀਂ ਰਹਿੰਦਾ। ਉਹ ਕਹਿ ਰਹੇ ਹਨ ਕਿ ਕਈ ਅਕਾਲੀ ਵਿਧਾਇਕ ਉਨ੍ਹਾਂ ਵੱਲ ਆਉਣ ਵਾਲੇ ਹਨ। ਇਹ ਗੱਲ ਸੱਚੀ ਹੋਵੇ ਤਾਂ ਹੋਰ ਮਾੜਾ ਅਸਰ ਪਾਵੇਗੀ। ਉਸ ਪਾਸੇ ਤੋਂ ਆਏ ਦਲ-ਬਦਲੂਆਂ ਲਈ ਸੀਟਾਂ ਦਾ ਕੋਟਾ ਕੱਢਣ ਦੀ ਚਰਚਾ ਸੁਣ ਕੇ ਕਈ ਪੁਰਾਣੇ ਲੀਡਰ ਇਹ ਕਨਸੋਆਂ ਲੈਣ ਲੱਗ ਪਏ ਹਨ ਕਿ ਇਦਾਂ ਦੀ ਸਥਿਤੀ ਵਿਚ ਛਾਲ ਮਾਰਨੀ ਪਈ ਤਾਂ ਕਿਹੜੀ ਮਾਂ ਨੂੰ ਮਾਸੀ ਆਖਣਾ ਹੈ।

ਆਮ ਆਦਮੀ ਪਾਰਟੀ ਤਿੰਨ ਮਹੀਨੇ ਪਹਿਲਾਂ ਬਾਕੀ ਸਾਰਿਆਂ ਨੂੰ ਮਧੋਲ ਕੇ ਲੰਘਦੀ ਜਾਪਦੀ ਸੀ, ਪਰ ਆਪਣੇ ਅੰਦਰ ਦੇ ਪਾਟਕ ਤੇ ਕਈ ਹੋਰ ਗੱਲਾਂ ਨਾਲ ਇਸ ਨੂੰ ਖੋਰਾ ਲੱਗਾ ਹੈ। ਇਹੋ ਕਾਰਨ ਹੈ ਕਿ ਹੁਣ ਉਹ ਪਹਿਲੀ ਚੜ੍ਹਤ ਵਾਲਾ ਪ੍ਰਭਾਵ ਨਹੀਂ ਪਾ ਰਹੀ। ਸਭ ਤੋਂ ਵੱਡਾ ਝਮੇਲਾ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਹੈ। ਅਹੁਦਾ ਸਿਰਫ ਇੱਕ ਹੈ ਅਤੇ ਅੱਧੀ ਦਰਜਨ ਦੇ ਕਰੀਬ ਆਗੂ ਇਸ ਦੇ ਸੁਫਨੇ ਲੈਂਦੇ ਸੁਣੇ ਜਾਂਦੇ ਹਨ। ਕੁਝ ਲੋਕਾਂ ਦੇ ਸਿਰ ਨੂੰ ਤਾਂ ਕੁਰਸੀ ਏਨੀ ਚੜ੍ਹੀ ਪਈ ਹੈ ਕਿ ਹੁਣੇ ਹੀ ਆਪ ਫੋਨ ਸੁਣਨ ਦੀ ਥਾਂ ਆਪਣੇ ਨਾਲ ਉਦਾਂ ਦੇ ਓ ਐਸ ਡੀ (ਸਪੈਸ਼ਲ ਡਿਊਟੀ ਅਫਸਰ) ਰੱਖੀ ਫਿਰਦੇ ਹਨ, ਜਿੱਦਾਂ ਦੇ ਮੁੱਖ ਮੰਤਰੀ ਨਾਲ ਲੱਗੇ ਹੁੰਦੇ ਹਨ। ਜਿਸ ਚੋਣ ਸਰਵੇਖਣ ਦੀ ਚਰਚਾ ਹੋ ਰਹੀ ਹੈ, ਉਸ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਬਾਰੇ ਆਮ ਲੋਕਾਂ ਤੋਂ ਰਾਏ ਮੰਗੀ ਗਈ ਤਾਂ 16 ਫੀਸਦੀ ਕੇਜਰੀਵਾਲ ਅਤੇ 8 ਫੀਸਦੀ ਲੋਕ ਭਗਵੰਤ ਦੇ ਪੱਖ ਵਿਚ ਖੜੋਤੇ ਹਨ। ਇਹ ਸੋਚ ਠੀਕ ਨਹੀਂ ਕਿ ਕੇਜਰੀਵਾਲ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਯਤਨ ਕਰੇਗਾ। ਉਸ ਦੇ ਮਨ ਵਿਚ ਇਹੋ ਜਿਹਾ ਸੁਫਨਾ ਵੀ ਆਵੇ ਤਾਂ ਇਸ ਪਾਰਟੀ ਦੀ ਸਿਰਫ ਪੰਜਾਬ ਵਿਚ ਨਹੀਂ, ਸਾਰੇ ਦੇਸ਼ ਵਿਚੋਂ ਸਫ ਵਲ੍ਹੇਟੀ ਜਾ ਸਕਦੀ ਹੈ। ਗਿਣਤੀਆਂ-ਮਿਣਤੀਆਂ ਕਰ ਕੇ ਚੱਲਣ ਵਾਲਾ ਕੇਜਰੀਵਾਲ ਇਹ ਜੋਖਮ ਸ਼ਾਇਦ ਨਹੀਂ ਲਵੇਗਾ। ਫਿਰ ਵੀ ਉਸ ਦੀ ਇਸ ਖਾਹਿਸ਼ ਦੇ ਪ੍ਰਚਾਰ ਨੂੰ ਪਾਰਟੀ ਵੱਲੋਂ ਹੁਣ ਤੱਕ ਰੱਦ ਨਾ ਕਰਨਾ, ਉਨ੍ਹਾਂ ਦੇ ਖਿਲਾਫ ਜਾ ਰਿਹਾ ਹੈ।

ਇਨਾ ਕੁਝ ਹੋਣ ਪਿੱਛੋਂ ਵੀ ਜਿਹੜੀ ਗੱਲ ਅੱਖੋਂ ਪਰੋਖੇ ਕੀਤੀ ਜਾ ਰਹੀ ਹੈ, ਉਹ ਹੈ, ਉਮੀਦਵਾਰਾਂ ਦੀ ਸੂਚੀ ਆਉਣ ਤੋਂ ਬਾਅਦ ਜਦੋਂ ਇਹ ਪਤਾ ਲੱਗੇ ਕਿ ਫਲਾਣਾ ਬੰਦਾ ਮੈਦਾਨ ਵਿਚ ਹੈ, ਕਈ ਵਾਰ ਲੋਕ ਕਿਸੇ ਪਾਰਟੀ ਦੇ ਬੜੇ ਚੰਗੇ ਉਮੀਦਵਾਰ ਨੂੰ ਉਸ ਦੀ ਪਾਰਟੀ ਨਾਲ ਨਫਰਤ ਕਾਰਨ ਰੱਦ ਕਰ ਦਿੰਦੇ ਹਨ। ਇਸੇ ਤਰ੍ਹਾਂ ਕਈ ਵਾਰੀ ਪਾਰਟੀ ਦੇ ਚੰਗੀ ਲੱਗਣ ਦੇ ਬਾਵਜੂਦ ਜੇ ਕੋਈ ਬਦਨਾਮੀ ਦੀ ਪੰਡ ਲਿਆ ਕੇ ਉਮੀਦਵਾਰ ਵਜੋਂ ਪੇਸ਼ ਕੀਤੀ ਜਾਵੇ ਤਾਂ ਲੋਕ ਉਸ ਤੋਂ ਪਾਸਾ ਵੱਟ ਜਾਂਦੇ ਹਨ। ਹਾਲੇ ਉਮੀਦਵਾਰਾਂ ਦੇ ਚਿਹਰੇ ਸਾਹਮਣੇ ਨਹੀਂ ਆਏ। ਇਸ ਲਈ ਚੋਣਾਂ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਦੇ ਇਸ ਸਰਵੇਖਣ ਤੋਂ ਕਿਸੇ ਧਿਰ ਦੇ ਜਿੱਤਣ ਜਾਂ ਕਿਸੇ ਹੋਰ ਦੀ ਮੰਜੀ ਮੂਧੀ ਹੋ ਜਾਣ ਵਾਲਾ ਅੰਦਾਜ਼ਾ ਲਾਉਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਇਹ ਸਿਰਫ ਸ਼ੁਰੂਆਤ ਹੈ। ਹੁਣ ਲੱਗਭੱਗ ਹਰ ਹਫਤੇ ਇਹੋ ਜਿਹੇ ਸਰਵੇਖਣ ਸਾਡੇ ਲੋਕਾਂ ਦੀ ਦਿਲਚਸਪੀ ਜਗਾਉਣ ਲਈ ਆਉਂਦੇ ਰਹਿਣਗੇ ਤੇ ਇਸ ਦਾ ਲਾਭ ਸਿਰਫ ਇਨਾ ਹੋਵੇਗਾ ਕਿ ਜਦੋਂ ਕਦੇ ਕਿਸੇ ਖੇਡ ਦਾ ਮੈਚ ਨਾ ਚੱਲਦਾ ਹੋਵੇ, ਉਦੋਂ ਆਹਰ ਲੱਗੇ ਰਹਿਣ ਦਾ ਇੱਕ ਸ਼ੁਗਲ ਮਿਲ ਜਾਵੇਗਾ। ਵੋਟਾਂ ਕਿਸ ਨੇ ਕਿਸ ਨੂੰ ਪਾਉਣੀਆਂ ਹਨ, ਇਦਾਂ ਦੀ ਗੱਲ ਤਾਂ ਹੁਣ ਆਮ ਲੋਕ ਵੋਟਾਂ ਵਾਲੇ ਦਿਨ ਤੱਕ ਨਹੀਂ ਦੱਸਦੇ ਹੁੰਦੇ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਗਦਰ ਮੈਮੋਰੀਅਲ ਹਾਲ ਦੀ ਇਮਾਰਤ ਤਿੰਨ ਮੰਜ਼ਿਲਾ ਹੋਵੇਗੀ: ਕੌਂਸਲ ਜਨਰਲ

**ਸੈਨ ਫਰਾਂਸਿਸਕੋ (ਬਿਊਰੋ):** ਗਦਰ ਮੈਮੋਰੀਅਲ ਹਾਲ ਦੀ ਇਮਾਰਤ ਤਿੰਨ ਮੰਜ਼ਿਲਾ ਹੋਵੇਗੀ। ਇਸ ਲਈ ਭਾਰਤ ਸਰਕਾਰ ਤੋਂ ਮਨਜ਼ੂਰੀ ਮਿਲ ਚੁਕੀ ਹੈ ਅਤੇ ਸੈਨ ਫਰਾਂਸਿਸਕੋ ਸਿਟੀ ਪ੍ਰਸ਼ਾਸਨ ਤੋਂ ਇਸ ਬਾਰੇ ਮਨਜ਼ੂਰੀ ਮਿਲਦਿਆਂ ਹੀ ਉਸਾਰੀ ਦਾ ਕੰਮ ਅਰੰਭ ਹੋ ਜਾਵੇਗਾ। ਇਹ ਜਾਣਕਾਰੀ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਵੈਂਕਟੇਸ਼ਨ ਅਸ਼ੋਕ ਨੇ ਗਦਰੀ ਬਾਬਿਆਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ; ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ, ਬੇਏਰੀਆ ਅਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ ਦੇ ਇਕ ਵਫਦ ਨਾਲ ਗੱਲਬਾਤ ਕਰਦਿਆਂ ਦਿੱਤੀ। ਵਫਦ ਵਿਚ ਗੁਰਦੀਪ ਸਿੰਘ ਅਣਖੀ, ਸੁਰਿੰਦਰ ਸਿੰਘ ਮੰਡਾਲੀ, ਬਲਵੀਰ ਸਿੰਘ ਜੌਹਲ, ਮਹਿੰਦਰ ਸਿੰਘ ਢਾਅ, ਪੰਕਜ ਆਂਸਲ, ਸੁਰਜੀਤ ਸਿੰਘ ਅਟਵਾਲ, ਕੁਲਦੀਪ ਸਿੰਘ ਅਟਵਾਲ, ਗੁਰਮੀਤ ਸਿੰਘ ਗਿੱਲ ਅਤੇ ਨਵਦੀਪ ਧਾਲੀਵਾਲ ਸ਼ਾਮਲ ਸਨ।



ਵਫਦ ਨੇ ਗਦਰੀ ਬਾਬਿਆਂ ਨਾਲ ਸਬੰਧਤ ਇਤਿਹਾਸਕ ਵਸਤਾਂ, ਲਿਖਤਾਂ ਅਤੇ ਕਿਤਾਬਾਂ ਨੂੰ ਦੇਸ਼ ਭਗਤ ਯਾਦਗਾਰ ਮੈਮੋਰੀਅਲ ਹਾਲ ਵਿਚ ਆਦਰ ਮਾਣ ਨਾਲ ਆਮ ਲੋਕਾਂ ਲਈ ਸਹੀ ਤਰੀਕੇ ਨਾਲ ਰੱਖਣ ਦੀ ਤਜਵੀਜ਼ ਰੱਖੀ ਅਤੇ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿੱਤਾ।

ਮੀਟਿੰਗ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ 12 ਨਵੰਬਰ, ਸਨਿਚਰਵਾਰ ਨੂੰ ਗਦਰ ਮੈਮੋਰੀਅਲ ਹਾਲ ਵਿਚ ਮਨਾਉਣ ਦਾ ਫੈਸਲਾ ਵੀ ਲਿਆ ਗਿਆ। ਇਹ ਪ੍ਰੋਗਰਾਮ ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ; ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇਏਰੀਆ; ਗਦਰ ਮੈਮੋਰੀਅਲ ਫਾਊਂਡੇਸ਼ਨ, ਸੈਕਰਾਮੈਂਟੋ ਅਤੇ ਭਾਰਤੀ ਕੌਂਸਲ ਰਲ ਕੇ ਕਰਨਗੇ। ਵਫਦ ਨੇ ਗਦਰ ਲਹਿਰ ਨੂੰ ਸਲਾਮ ਕਰਨ ਵਾਲੇ ਸਭ ਸਾਥੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ 12 ਨਵੰਬਰ ਨੂੰ ਦੁਪਹਿਰ 12 ਵਜੇ ਹੁੰਮ ਹੁਮਾ ਕੇ ਗਦਰ ਮੈਮੋਰੀਅਲ ਹਾਲ ਵਿਚ ਪਹੁੰਚਣ।

## ਫਰਿਜ਼ਨੋ ਦੇ ਮੇਅਰ ਲਈ ਉਮੀਦਵਾਰ ਲੀ ਬਰਾਨ ਲਈ ਫੰਡ ਰੇਜਰ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਸਿਟੀ ਦੇ ਮੇਅਰ ਦੇ ਅਹੁਦੇ ਲਈ ਉਮੀਦਵਾਰ ਲੀ ਬਰਾਨ ਲਈ ਫੰਡ ਰੇਜਰ ਵਾਸਤੇ ਉਘੇ ਬਿਜਨਸਮੈਨ ਤੇ ਫਾਇਨਾਂਸਰ ਪਰਦੀਪ ਕੁਮਾਰ ਬਾਲੀ ਨੇ ਇੱਕ ਪਾਰਟੀ ਕੀਤੀ ਜਿਸ ਵਿਚ ਇਲਾਕੇ ਦੀਆਂ ਕੋਈ ਤਿੰਨ ਦਰਜਨ ਦੇ ਕਰੀਬ ਹਸਤੀਆਂ ਪੁੱਜੀਆਂ। ਇਨ੍ਹਾਂ ਵਿਚ ਬਿਜਨਸਮੈਨ ਨਵਜੀਤ ਸਿੰਘ ਚਾਹਲ, ਡੀ ਐਸ ਐਕਸਪ੍ਰੈਸ ਦੇ ਧਨਜੀਤ ਸਿੰਘ ਬੀਸਲਾ, ਹਾਰਵੀ ਨਿੱਝਰ, ਬਿਲਡਰ ਅਰਪਿੰਦਰ ਧਾਲੀਵਾਲ, ਰੌਕੀ ਧਾਲੀਵਾਲ, ਮਿਸਿਜ਼ ਸੰਧੂ, ਹਰਪ੍ਰੀਤ ਬਾਲੀ, ਮੇ ਬਲੌਂਗ ਤੇ ਦਲਜੀਤ ਸਿੰਘ ਸ਼ਾਮਲ ਸਨ।

ਇਸ ਮੌਕੇ ਲੀ ਬਰਾਨ ਨੇ ਪੰਜਾਬੀ ਭਾਈਚਾਰੇ ਨੂੰ ਮਿਹਨਤੀ ਤੇ ਇਮਾਨਦਾਰ ਦੱਸਦਿਆਂ ਕਿਹਾ ਕਿ ਦੇਸ਼ ਦੀ ਤੱਰਕੀ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਲਾਅ ਐਂਡ ਆਰਡਰ, ਹੈਲਥ ਅਤੇ ਐਜੂਕੇਸ਼ਨ ਬਾਰੇ ਵੀ ਉਨ੍ਹਾਂ ਆਪਣੇ ਵਿਚਾਰ ਰੱਖੇ। ਯਾਦ ਰਹੇ, ਲੀ ਬਰਾਨ ਨੇ ਸਿੱਖ ਨਸਲਕੁਸ਼ੀ ਮਤੇ ਦੇ ਹੱਕ ਵਿਚ ਵੋਟ ਪਾਈ ਸੀ।

## ਪਾਕਿਸਤਾਨ ਨੂੰ ਅਤਿਵਾਦੀ ਦੇਸ਼ ਕਹਿਣ 'ਤੇ ਚਿੜਿਆ ਚੀਨ

**ਬੀਜਿੰਗ:** ਪ੍ਰਧਾਨ ਮੰਤਰੀ ਨਰੇਂਦਰ ਵੱਲੋਂ ਪਾਕਿਸਤਾਨ ਨੂੰ ਅਤਿਵਾਦ ਦੀ ਜਨਮ ਭੂਮੀ ਕਹਿਣ ਪਿੱਛੋਂ ਚੀਨ ਨੇ ਆਪਣੇ ਪੱਕੇ ਦੋਸਤ ਪਾਕਿਸਤਾਨ ਦਾ ਜ਼ੋਰਦਾਰ ਬਚਾਅ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਦੇਸ਼ ਜਾਂ ਖੇਤਰ ਨੂੰ ਅਤਿਵਾਦ ਨਾਲ ਜੋੜਨ ਦੇ ਵਿਰੁੱਧ ਹੈ ਅਤੇ ਇਸ ਨੇ ਵਿਸ਼ਵ ਭਾਈਚਾਰੇ ਨੂੰ ਕਿਹਾ ਕਿ ਉਹ ਪਾਕਿਸਤਾਨ ਦੀਆਂ ਮਹਾਨ ਕੁਰਬਾਨੀਆਂ ਨੂੰ ਪ੍ਰਵਾਨ ਕਰੇ।

# ਇਕ ਸ਼ਾਮ ਗੀਤਕਾਰ ਜਸਵੀਰ ਗੁਣਾਚੌਰੀਆ ਦੇ ਨਾਮ

**ਫਰਿਜ਼ਨੋ (ਬਿਊਰੋ):** ਪੰਜਾਬੀ ਗੀਤਕਾਰੀ ਨੂੰ ਸਮਰਪਿਤ ਇੱਕ ਸ਼ਾਮ ਗਾਇਕ ਤੇ ਗੀਤਕਾਰ ਧਰਮਵੀਰ ਥਾਂਦੀ, ਪਿੰਦਾ ਚੀਮਾ ਅਤੇ ਗੁੱਲੂ ਸਿੱਧੂ ਬਰਾੜ ਨੇ ਕਲੋਵਿਸ ਸ਼ਹਿਰ ਦੇ ਰੈਸਟੋਰੈਂਟ 'ਐਲੀਫੈਂਟ ਲੌਗ' ਵਿਚ ਮਨਾਈ ਗਈ ਜਿਸ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਜਾਣੇ-ਪਛਾਣੇ ਪੰਜਾਬੀ ਗੀਤਕਾਰ ਜਸਵੀਰ ਗੁਣਾਚੌਰੀਆ ਪਹੁੰਚੇ।

ਇਸ ਮੌਕੇ ਗੀਤਕਾਰ ਸੁੱਖੀ ਧਾਲੀਵਾਲ, ਕਵੀ ਹਰਜਿੰਦਰ ਕੰਗ, ਲੇਖਕ ਅਵਤਾਰ ਗੋਂਦਾਰਾ, ਸੰਤੋਖ ਮਿਨਹਾਸ, ਗੈਰੀ ਢੇਸੀ, ਵਿੱਕੀ ਹੀਰ, ਬਲਵੀਰ ਢਿੱਲੋਂ, ਜਸਵੰਤ ਮਹਿੰਮੀ, ਦਿਲਬਾਗ ਬੰਗੜ, ਕੁਲਵੰਤ ਉਭੀ, ਪਿੰਦਾ ਚੀਮਾ, ਗੁੱਲੂ ਸਿੱਧੂ ਬਰਾੜ, ਅਵਤਾਰ ਲਾਖਾ, ਕੁਲਵੰਤ ਸੇਖੋਂ, ਪਾਲ ਧਾਲੀਵਾਲ, ਪ੍ਰਦੀਪ ਮਿਨਹਾਸ, ਬਹਾਦਰ ਸਿੰਘ



*ਪ੍ਰੋਗਰਾਮ ਦੌਰਾਨ ਜਸਵੀਰ ਗੁਣਾਚਾਰੀਆ (ਨੀਲੀ ਪੱਗ) ਮੁੱਖ ਪ੍ਰਬੰਧਕਾਂ ਨਾਲ*

ਇਸ ਪ੍ਰੋਗਰਾਮ ਦੌਰਾਨ ਸਾਫ-ਸੁਥਰੀ ਸੱਭਿਆਚਾਰਕ ਗੀਤਕਾਰੀ ਅਤੇ ਗਾਇਕੀ 'ਤੇ ਵਿਚਾਰ ਚਰਚਾ ਹੋਈ। ਇਕ ਸ਼ਾਨਦਾਰ ਮਹਿਫਿਲ ਵੀ ਜਮੀ। ਇਸ ਸਮੇਂ ਜਸਵੀਰ ਗੁਣਾਚੌਰੀਆ ਨੇ ਪੰਜਾਬੀ ਬੋਲੀ ਦੇ ਵਿਕਾਸ ਦੀ ਗੱਲ ਕਰਦਿਆਂ ਰਵਾਇਤੀ ਗੀਤਕਾਰੀ ਅਤੇ ਅੱਜ ਦੇ ਸਮੇਂ ਅੰਦਰ ਪ੍ਰਚਲਿਤ ਗੀਤਾਂ ਦੀ ਗੱਲ ਕੀਤੀ। ਉਨ੍ਹਾਂ ਆਪਣੇ ਬਹੁਤ ਸਾਰੇ ਮਕਬੂਲ ਗੀਤ ਸੁਣਾ ਕੇ ਹਾਜ਼ਰੀਨ ਦੀ ਵਾਹ-ਵਾਹ ਖੱਟੀ। ਚੀਮਾ ਅਤੇ ਭਜਨ ਸਿੰਘ ਲੰਬੜਦਾਰ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਅਜੋਕੇ ਸਮੇਂ ਦੌਰਾਨ ਵੀਡੀਓ ਦੇ ਯੁੱਗ ਵਿਚ ਪੱਛਮੀ ਪ੍ਰਭਾਵ ਅਧੀਨ ਗਿਰਾਵਟ ਵੱਲ ਜਾ ਰਹੀ ਗਾਇਕੀ 'ਤੇ ਚਿੰਤਾ ਪ੍ਰਗਟ ਕੀਤੀ।

ਮਹਿਫਿਲ ਵਿਚ ਹਾਜ਼ਰ ਕਵੀਆਂ ਨੇ ਆਪਣੀ ਸ਼ਾਇਰੀ ਪੇਸ਼ ਕੀਤੀ। ਪੰਜਾਬੀ ਪਰਿਵਾਰਕ ਗਾਇਕੀ ਰਾਹੀਂ ਧਰਮਵੀਰ ਥਾਂਦੀ ਨੇ ਹਾਜ਼ਰੀਨ ਨੂੰ ਕੀਲੀ ਰੱਖਿਆ। ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਕੀਤਾ।

# ਸਰਗਰਮੀਆਂ ਦਾ ਕੇਂਦਰ ਬਣ ਰਿਹਾ ਹੈ ਗੁਰਦੁਆਰਾ ਸੈਨ ਹੋਜ਼ੇ

**ਸੈਨ ਹੋਜ਼ੇ (ਬਿਊਰੋ):** ਇਕ ਸੁੰਦਰ ਪਹਾੜੀ ਉਤੇ ਸੁਸ਼ੋਭਿਤ 43 ਏਕੜ ਵਿਚ ਫੈਲਿਆ ਗੁਰਦੁਆਰਾ ਸੈਨ ਹੋਜ਼ੇ ਵਿਸ਼ਵ ਦੇ ਸਭ ਤੋਂ ਵਡੇ ਗੁਰਦੁਆਰਿਆਂ ਵਿਚੋਂ ਇਕ ਹੈ ਅਤੇ ਅਜਕੱਲ੍ਹ ਵਿਭਿੰਨ ਸਰਗਰਮੀਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਦੇਸ਼-ਵਿਦੇਸ਼ ਤੋਂ ਆਏ ਮਹਿਮਾਨ ਉਚੇਚੇ ਤੌਰ 'ਤੇ ਇੱਥੇ ਦਰਸ਼ਨ ਕਰਨ ਆਉਂਦੇ ਹਨ। ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਉਚੇਚਾ ਇਥੇ ਪਹੁੰਚਦੇ ਹਨ। ਗੁਰਦੁਆਰੇ ਦੇ ਗੁਰਮਤਿ ਸਕੂਲ ਵਿਚ ਛੇ ਸੌ ਤੋਂ ਵੱਧ ਬੱਚੇ ਪੜ੍ਹਦੇ ਹਨ। ਵਖ ਵਖ ਸਮਾਜਕ, ਸਿਆਸੀ ਅਤੇ ਧਾਰਮਕ ਆਗੂ ਇਥੇ ਅਕਸਰ ਆਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਵਿਆਹ-ਸ਼ਾਦੀਆਂ ਦਾ ਵੀ ਬਹੁਤ ਜ਼ੋਰ ਰਹਿੰਦਾ ਹੈ।



*ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਹੋਰ ਪਤਵੰਤਿਆਂ ਨਾਲ ਸਿਲਵੀਆ ਅਰੀਨਾ*

ਸੈਨ ਹੋਜ਼ੇ ਸਿਟੀ ਕੌਂਸਲ ਲਈ ਉਮੀਦਵਾਰ ਸਿਲਵੀਆ ਅਰੀਨਾ ਜੋ ਐਵਰਗਰੀਨ ਸਕੂਲ ਬੋਰਡ ਦੀ ਮੈਂਬਰ ਵੀ ਹੈ, ਨੇ ਸੰਗਤਾਂ ਨੂੰ ਸੰਬੋਧਨ ਕੀਤਾ ਤੇ ਆਪਣੀ ਕਾਮਯਾਬੀ ਲਈ ਗੁਰੂ ਘਰ ਦੀ ਅਸੀਸ ਲਈ। ਪੰਜਾਬ 'ਚੋਂ ਪਟਿਆਲਾ ਸਿਟੀ ਤੋਂ ਆਏ ਖੋਜਕਾਰ ਤੇ ਇਤਿਹਾਸਕਾਰ ਸ਼ਾਹਿਦ ਸ਼ਬੀਰ ਨੇ ਗੁਰੂਘਰ ਮੱਥਾ ਟੇਕ ਕੇ ਆਪਣੀ ਸ਼ਰਧਾ ਦਾ ਇਜ਼ਹਾਰ ਕੀਤਾ। ਉਸ ਨੇ ਪਾਕਿਸਤਾਨ ਵਿਚ ਛੱਡੇ ਅਣਗੌਲੇ ਗੁਰਦੁਆਰਿਆਂ ਦੀ ਪ੍ਰੈਜ਼ੈਂਟੇਸ਼ਨ ਬਣਾਈ ਹੈ ਜੋ ਉਹ ਅਮਰੀਕੀ ਸਿੱਖਾਂ ਨਾਲ ਸਾਂਝਾ ਕਰਦੇ ਹਨ।

ਗੁਰੂ ਘਰ ਵਿਚ ਵੀਅਤਨਾਮ ਮੂਲ ਦੇ (ਹਾਲ) ਸਾਊਥ ਕੈਰੋਲਾਈਨਾ ਦੀ ਔਰੈਂਜ ਕਾਊਂਟੀ ਦੀ ਸੁਪੀਰੀਅਰ ਕੋਰਟ ਦੇ ਜੱਜ ਵੀ ਗੁਰੂ ਦਰਬਾਰ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਦੀ ਜਗਿਆਸਾ ਤੇ ਡਾ. ਪੰਨੂ ਨੇ ਸਿੱਖ ਧਰਮ ਤੇ ਮੁਸਲਿਮ ਧਰਮ ਵਿਚਾਲੇ ਸਾਂਝ ਅਤੇ ਵਖਰੇਵੇਂ ਬਾਰੇ ਜਾਣਕਾਰੀ ਦੇ ਕੇ ਭਰਮ-ਭੁਲੇਖੇ ਦੂਰ ਕੀਤੇ।



*ਅਮਰਿੰਦਰ ਸਿੰਘ ਬਜਾਜ ਪ੍ਰੀਤਮ ਸਿੰਘ ਗਰੇਵਾਲ ਅਤੇ ਹੋਰਨਾਂ ਨਾਲ*



*ਸ਼ਾਹਿਦ ਸ਼ਬੀਰ ਅਤੇ ਜੱਜ*




ਨਵੰਬਰ ਚੋਣਾਂ ਨੇੜੇ ਹੋਣ ਕਾਰਨ ਵੱਖ ਵੱਖ ਪਾਰਟੀਆਂ ਦੇ ਸਿਆਸੀ ਉਮੀਦਵਾਰ ਵੀ ਆਪਣੇ ਵੋਟਰਾਂ ਨੂੰ ਮਿਲਣ ਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਗੇੜੇ ਮਾਰਦੇ ਰਹਿੰਦੇ ਹਨ। ਪਿਛਲੇ ਦਿਨੀਂ ਕਾਰਪੋਰੇਸ਼ਨ ਦੇ ਮੇਅਰ ਅਮਰਿੰਦਰ ਸਿੰਘ ਬਜਾਜ ਵੀ ਉਚੇਚੇ ਤੌਰ 'ਤੇ ਆਏ ਅਤੇ ਸੰਗਤਾਂ ਦੇ ਸਨਮੁੱਖ ਹੋਏ।

ਡਾ. ਦਲਵੀਰ ਪੰਨੂ ਦੇ ਸੱਦੇ 'ਤੇ ਪਾਕਿਸਤਾਨ

ਇੱਥੇ ਗੁਰਪੁਰਬ ਤੇ ਦਿਨ ਦਿਹਾਰ ਵੇਲੇ ਸ਼ਰਧਾਲੂਆਂ ਦੀ ਗਿਣਤੀ ਕਈ ਵਾਰ ਦਸ ਹਜ਼ਾਰ ਤੋਂ ਵੀ ਟੱਪ ਜਾਂਦੀ ਹੈ। ਸੰਗਤ ਦੇ ਲੰਗਰ ਵਾਸਤੇ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਮੰਗਵਾਈ ਰੋਟੀਆਂ ਪਕਾਉਣ ਵਾਲੀ ਮਸ਼ੀਨ 'ਚਪਾਤੀ ਕੁਈਨ' ਲੰਗਰ ਹਾਲ ਵਿਚ ਲੱਗ ਗਈ ਹੈ ਜਿਸ ਦੀ ਸਮਰੱਥਾ ਚਾਰ ਹਜ਼ਾਰ ਰੋਟੀਆਂ ਪ੍ਰਤੀ ਘੰਟਾ ਹੈ।

ਗੁਰਦੁਆਰਾ ਸਾਹਿਬ ਦੇ ਸਕੱਤਰ ਬਾਬ ਢਿੱਲੋਂ, ਪ੍ਰੀਤਮ ਸਿੰਘ ਗਰੇਵਾਲ ਤੇ ਪ੍ਰਧਾਨ ਹਰਦੇਵ ਸਿੰਘ ਤੱਖਰ ਨੇ ਇਸ ਮਸ਼ੀਨ ਬਾਰੇ ਗੱਲ ਕਰਦਿਆਂ ਦੱਸਿਆ ਕਿ ਸਾਡਾ ਮਿਸ਼ਨ ਇਸ ਗੁਰਧਾਮ ਨੂੰ ਵੱਧ ਤੋਂ ਵੱਧ ਸੁੰਦਰ ਤੇ ਨਿਆਰਾ ਬਣਾਉਣ ਦਾ ਹੈ।

# ਭਾਈ ਰਣਜੀਤ ਸਿੰਘ ਢੱਡਰੀਆਂ ਵਿਰੁਧ ਗਲਤ ਪ੍ਰਚਾਰ ਦੀ ਨਿਖੇਧੀ

**ਸੈਕਰਾਮੈਂਟੋ (ਬਿਊਰੋ):** ਭਾਈ ਰਣਜੀਤ ਸਿੰਘ ਢੱਡਰੀਆਂ ਵਲੋਂ ਆਪਣੇ ਪ੍ਰਚਾਰ ਦੌਰਾਨ ਇਕ ਵੀ ਸ਼ਬਦ ਗੁਰਮਤਿ ਵਿਰੋਧੀ ਨਹੀਂ ਬੋਲਿਆ। ਇਹ ਦਾਅਵਾ ਕਰਦਿਆਂ ਗੁਰਦੁਆਰਾ ਸ੍ਰੀ ਦਸ਼ਮੇਸ਼ ਦਰਬਾਰ, ਸੈਕਰਾਮੈਂਟੋ ਦੀ ਸਮੁੱਚੀ



ਪ੍ਰਬੰਧਕ ਕਮੇਟੀ ਨੇ ਕਿਹਾ ਹੈ ਕਿ ਭਾਈ ਢੱਡਰੀਆਂ ਵਲੋਂ ਬੋਲੇ ਗਏ ਜਿਨ੍ਹਾਂ ਕੁਝ ਸ਼ਬਦਾਂ ਉਤੇ ਕਿੰਤੂ-ਪ੍ਰੰਤੂ ਕੀਤਾ ਜਾ ਰਿਹਾ ਹੈ, ਉਹ ਗਲਤ ਪ੍ਰਚਾਰ ਹੈ।

ਕਮੇਟੀ ਨੇ ਪਿਛਲੇ ਕੁਝ ਹਫਤਿਆਂ ਤੋਂ ਇਸ ਸਬੰਧੀ ਚੱਲ ਰਹੀ ਚੁੰਝ-ਚਰਚਾ ਨੂੰ ਬੰਦ ਕਰਨ ਹਿੱਤ ਇਕ ਵੀਡੀਓ ਜਾਰੀ ਕੀਤੀ ਹੈ। ਸੋਸ਼ਲ ਸਾਈਟਾਂ 'ਤੇ ਪਾਈ ਗਈ ਇਸ ਕਲਿਪ ਵਿਚ ਬੁਲਾਰੇ ਸਪਸ਼ਟ ਕਹਿ ਰਹੇ ਹਨ ਕਿ ਅਸੀਂ ਸਾਰੇ ਸਮਾਗਮ ਦੀ ਰਿਕਾਰਡਿੰਗ ਨੂੰ ਬੜੇ ਗਹੁ ਨਾਲ ਦੋ ਵਾਰ ਸੁਣਿਆ ਹੈ। ਇਸ ਵਿਚ ਕੋਈ ਇਕ ਸ਼ਬਦ ਵੀ ਗੁਰਮਤਿ ਦੇ ਉਲਟ ਨਹੀਂ ਬੋਲਿਆ ਗਿਆ।

ਯਾਦ ਰਹੇ, ਇਸੇ ਗੁਰਦੁਆਰੇ ਦੀ ਨਵੀਂ ਬਣੀ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪਹਿਲੀ ਵਾਰ ਅਸਥਾਪਨ ਕਰਨ ਮੌਕੇ 25 ਤੇ 26 ਸਤੰਬਰ 2016 ਨੂੰ ਸਜਾਏ ਗਏ ਦੀਵਾਨਾਂ ਵਿਚ ਵਿਸ਼ੇਸ਼ ਸੱਦੇ 'ਤੇ ਪਹੁੰਚੇ ਭਾਈ ਰਣਜੀਤ ਸਿੰਘ ਦੇ ਜਥੇ ਨੇ ਧਰਮ ਪ੍ਰਚਾਰ ਕੀਤਾ ਸੀ।

ਵੀਡੀਓ ਵਿਚ ਲਗਭਗ ਦੋ ਦਰਜਨ ਖੜ੍ਹੇ ਵਿਅਕਤੀਆਂ ਵਿਚਕਾਰ ਗੁਰਦੁਆਰੇ ਦੇ ਮੁੱਖ ਗ੍ਰੰਥੀ ਭਾਈ ਹਰਮੇਸ਼ ਸਿੰਘ ਉਪਰੋਕਤ ਦੋ ਦਿਨਾਂ ਦੇ ਗੁਰਮਤਿ ਸਮਾਗਮਾਂ ਬਾਰੇ ਸਪਸ਼ਟੀਕਰਨ ਦੇ ਰਹੇ ਹਨ। ਉਨ੍ਹਾਂ ਦੇ ਨਾਲ ਸਥਾਨਕ ਸਿੰਘਾਂ ਤੋਂ ਇਲਾਵਾ ਇਸ ਗੁਰਦੁਆਰੇ ਦੇ ਪ੍ਰਬੰਧਕਾਂ ਵਿਚੋਂ ਗਿਆਨੀ ਕੁਲਦੀਪ ਸਿੰਘ ਸੰਘੇੜਾ, ਮਾਸਟਰ ਅਵਤਾਰ ਸਿੰਘ ਸਕੱਤਰ, ਗਿਆਨੀ ਬਿਕਰਮ ਸਿੰਘ, ਅਵਤਾਰ ਸਿੰਘ ਅਠਵਾਲ, ਚਰਨ ਸਿੰਘ, ਜੱਸੀ ਸਿੰਘ ਅਤੇ ਪਰਮਜੀਤ ਸਿੰਘ ਪੰਮੀ ਆਦਿ ਵੀ ਖੜ੍ਹੇ ਹਨ।

ਮੁੱਖ ਗ੍ਰੰਥੀ ਭਾਈ ਹਰਮੇਸ਼ ਸਿੰਘ ਨੇ ਪ੍ਰਬੰਧਕ ਕਮੇਟੀ ਤਰਫੋਂ ਬੋਲਦਿਆਂ ਕਿਹਾ ਕਿ ਅਸੀਂ ਇਕੱਲਿਆਂ ਨੇ ਬਹਿ ਕੇ ਭਾਈ ਢੱਡਰੀਆਂ ਦੀ ਕਥਾ ਵਿਚਾਰ ਸੁਣੀ ਹੈ। ਉਸ ਵਿਚ ਕੁਝ ਵੀ ਇਤਰਾਜ਼ਯੋਗ ਨਹੀਂ ਹੈ। ਪੰਥ ਦੀ ਅਜੋਕੀ ਹਾਲਤ ਉਤੇ ਢੁਕਦੀਆਂ ਇਤਿਹਾਸਕ ਮਿਸਾਲਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਜਿਵੇਂ ਸੱਚੇ ਗੁਰੂ ਨਾਲ ਈਰਖਾ-ਸਾੜਾ ਕਰਨ ਵਾਲੇ ਦੇਹਧਾਰੀਆਂ ਨੇ ਨੌਂਵੇਂ ਗੁਰੂ ਜੀ ਵੇਲੇ ਬਾਈ ਮੰਜੀਆਂ ਬਣਾ ਲਈਆਂ ਸਨ ਅਤੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ 'ਤੇ ਸੀਂਹੇਂ ਮਸੰਦ ਰਾਹੀਂ ਉਨ੍ਹਾਂ ਉਤੇ ਗੋਲੀਆਂ ਵੀ ਚਲਾਈਆਂ ਗਈਆਂ ਸਨ। ਇਵੇਂ ਹੀ ਵਰਤਮਾਨ ਸਮੇਂ ਸਿੱਖ ਜਗਤ ਵਿਚ ਨਿਜ-ਪੂਜਾ ਜਾਂ ਡੇਰਾਵਾਦ ਦੇ ਕੁਝ ਹਾਮੀ, ਤੱਤ ਗੁਰਮਤਿ ਦੇ ਪ੍ਰਚਾਰਕ ਉਤੇ ਬਹਾਨੇ ਘੜ ਘੜ ਊਜਾਂ ਲਾ ਰਹੇ ਹਨ।

ਵੀਡੀਓ ਵਿਚ ਸਾਫ ਕਿਹਾ ਗਿਆ ਹੈ ਕਿ ਇਸ ਵੇਲੇ ਖਾਲਸਾ ਪੰਥ ਨੂੰ ਦੋਫਾੜ ਕਰਨ ਲਈ ਸਿਆਸੀ ਲੋਕ ਸ਼ਤਰੰਜੀ ਚਾਲਾਂ ਚੱਲ ਰਹੇ ਹਨ ਪਰ ਅਫਸੋਸ ਹੈ ਕਿ ਸਾਡੇ ਹੀ ਕੁਝ ਭਰਾ ਆਪਣੇ ਹਲਵੇ ਮੰਡੇ ਚਲਦੇ ਰੱਖਣ ਲਈ ਗੁਰੂ ਕੇ ਨਿਰਮਲ ਪੰਥ ਨੂੰ ਗੰਧਲਾ ਕਰਨ ਲੱਗੇ ਹੋਏ ਹਨ। ਗੁਰਦੁਆਰਾ ਕਮੇਟੀ ਨੇ ਇਸ ਵੀਡੀਓ ਰਾਹੀਂ ਸਿੱਖ ਜਗਤ ਨੂੰ ਸਨਿਮਰ ਅਪੀਲ ਕੀਤੀ ਹੈ ਕਿ ਅਸੀਂ ਸਰੀਰਾਂ ਜਾਂ ਡੇਰਿਆਂ ਦੇ ਸਿੱਖ ਬਣਨ ਨਾਲੋਂ ਸ਼ਬਦ ਗੁਰੂ ਦੇ ਸਿੱਖ ਬਣੀਏ ਅਤੇ ਪੁਜਾਰੀਵਾਦ ਜਾਂ ਗੁਰੂਡਮ ਹਾਮੀਆਂ ਦੇ ਬਹਿਕਾਵੇ ਵਿਚ ਆ ਕੇ ਕੌਮੀ ਪ੍ਰਚਾਰਕਾਂ ਦੇ ਪ੍ਰਚਾਰ ਵਿਚ ਰੋੜੇ ਨਾ ਅਟਕਾਈਏ।

# ਲਾਹੌਰ ਵਿਚ ਵੀ ਪੰਜਾਬੀ ਲਿਪੀ 'ਚ ਕਿਤਾਬਾਂ ਛਪਣੀਆਂ ਸ਼ੁਰੂ: ਡਾ. ਲਾਂਬੜਾ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਸਭਿਆਚਾਰ ਦੇ ਬਹੁਪੱਖੀ ਪ੍ਰਚਾਰ-ਪਸਾਰ ਵਿਚ ਸਰਗਰਮੀ ਨਾਲ ਜੁਟੀ ਹੋਈ ਸੰਸਥਾ 'ਪੰਜਾਬੀ ਸੱਥ, ਲਾਂਬੜਾ' ਦੇ ਰੂਹੇ-ਰਵਾਂ ਡਾ. ਨਿਰਮਲ ਸਿੰਘ ਲਾਂਬੜਾ ਬੀਤੇ ਦਿਨੀਂ ਇਥੇ ਪਰਵਾਸੀ ਪੰਜਾਬੀਆਂ ਦੇ ਰੂਬਰੂ ਹੋਏ। ਆਪਣੀ ਸੰਖੇਪ ਜਿਹੀ ਪਰਿਵਾਰਕ ਫੇਰੀ 'ਤੇ ਆਏ ਡਾ. ਲਾਂਬੜਾ ਡਾ. ਗੁਰਮੀਤ ਸਿੰਘ ਬਰਸਾਲ ਦੇ ਘਰ ਪਹੁੰਚੇ ਜਿੱਥੇ ਸਥਾਨਕ ਸਾਹਿਤ ਪ੍ਰੇਮੀਆਂ ਨਾਲ ਉਨ੍ਹਾਂ ਖੁੱਲ੍ਹੀਆਂ ਗੱਲਾਂ ਕੀਤੀਆਂ।

ਪੰਜਾਬੀ ਸੱਥ ਦੀ ਸਥਾਪਨਾ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਡਾ. ਲਾਂਬੜਾ ਨੇ ਬੜੇ ਫਖਰ ਨਾਲ ਦੱਸਿਆ ਕਿ ਸੱਥ ਦੇ ਯਤਨਾਂ ਸਦਕਾ ਹੁਣ ਲਾਹੌਰ ਵਿਚ ਵੀ ਗੁਰਮੁਖੀ ਲਿਪੀ ਵਿਚ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ ਹਨ। ਦੁਨੀਆਂ ਦੇ ਤਕਰੀਬਨ ਹਰ ਕੋਨੇ ਵਿਚ ਸਥਾਪਤ ਹੋ ਚੁਕੀਆਂ ਸੱਥਾਂ ਦੇ ਸੰਚਾਲਕਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਇੰਗਲੈਂਡ ਨਿਵਾਸੀ ਮੋਤਾ ਸਿੰਘ ਸਰਾਏ ਦਾ ਉਚੇਚਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਭਾਰਤ ਦੇ ਨਾਲ ਨਾਲ ਵਿਦੇਸ਼ਾਂ ਵਿਚ ਸੱਥਾਂ ਦੀ ਕਾਰਗੁਜ਼ਾਰੀ ਵਿਚ ਉਸ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸੇ ਤਰ੍ਹਾਂ ਉਨ੍ਹਾਂ ਆਸਟਰੇਲੀਆ ਅਤੇ ਅਮਰੀਕਨ ਸੱਥਾਂ ਦਾ ਵੀ ਬੜੇ ਮਾਣ ਨਾਲ ਵੇਰਵਾ ਦਿੱਤਾ।

ਸਹਿਜ ਸਾਦਗੀ ਅਤੇ ਸੁਹਜ ਭਰਪੂਰ ਜੀਵਨ ਜਿਉਣ ਦੇ ਮੁੱਦਈ ਡਾ. ਲਾਂਬੜਾ ਨੇ ਆਪਣੀ ਜ਼ਿੰਦਗੀ ਦੇ ਖੱਟੇ-ਮਿੱਠੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਦੀ ਅਜੋਕੀ ਦਰਦਨਾਕ ਦਸ਼ਾ ਕਦੇ ਅਜਿਹੀ ਨਾ ਹੁੰਦੀ ਜੇ ਇਥੇ ਸੌੜੀਆਂ ਸਿਆਸਤਾਂ ਨਾ ਖੇਡੀਆਂ ਗਈਆਂ ਹੁੰਦੀਆਂ। ਪੰਜਾਬ 'ਚੋਂ ਲਗਾਤਾਰ ਵਿਦੇਸ਼ਾਂ ਨੂੰ ਹੋ ਰਹੇ ਪਲਾਇਨ ਬਾਰੇ ਉਨ੍ਹਾਂ ਬੜੇ ਕਰੁਣਾਮਈ ਸ਼ਬਦਾਂ ਵਿਚ ਆਖਿਆ ਕਿ ਵਰਤਮਾਨ ਦੌਰ ਵਾਂਗ ਪੰਜਾਬੀ ਕਦੇ ਭਾਂਜਵਾਦੀ ਨਹੀਂ ਬਣੇ ਸਗੋਂ ਸਿਰੜ ਤੇ ਸਿਦਕ ਨਾਲ ਪੰਜਾਬ ਲਈ ਮਰ ਮਿਟਣਾ ਸਾਡਾ ਇਤਿਹਾਸ ਰਿਹਾ ਹੈ ਪਰ ਹੁਣ ਅਸੀਂ ਜੰਮਣ ਭੋਇੰ ਤੋਂ ਨਿਰਮੋਹੇ ਹੋ ਕੇ ਵਿਦੇਸ਼ਾਂ ਨੂੰ ਦੌੜੇ ਜਾ ਰਹੇ ਹਾਂ।



ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੀ ਸਦਕੇ ਵਿਦੇਸ਼ਾਂ ਵਿਚ ਕਾਰੋਬਾਰ ਵਧਾਓ, ਕਮਾਈ ਕਰੋ ਪਰ ਤ੍ਰਾਸਦੀਆਂ ਮਾਰੇ ਪੰਜਾਬ ਦੇ ਉਜੜ ਰਹੇ ਬਾਗਾਂ ਦੇ ਮਾਲੀ ਬਣਨਾ ਵੀ ਨਾ ਭੁੱਲਾ ਦਿਓ। ਉਨ੍ਹਾਂ ਸੁਲਤਾਨਪੁਰ ਲੋਧੀ ਵਾਲੀ ਇਤਿਹਾਸਕ ਵੇਈਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜੇ ਬਦਬੂ ਮਾਰਦੀ ਵੇਈਂ ਨੂੰ ਹਿੰਮਤ ਅਤੇ ਲਗਨ ਨਾਲ ਸਾਫ ਕਰ ਕੇ ਉਸ ਨੂੰ ਮੁੜ ਸਵੱਛ ਅਤੇ ਨਿਰਮਲ ਬਣਾਇਆ ਜਾ ਸਕਦਾ ਹੈ ਤਾਂ ਹੁਣ ਗੰਧਲੇ ਪੰਜਾਬ ਦੇ ਵਾਤਾਵਰਣ ਨੂੰ ਵੀ ਸੁਧਾਰਿਆ ਜਾ ਸਕਦਾ ਹੈ।

ਡਾ. ਲਾਂਬੜਾ ਨੇ ਕਈ ਹੱਡ ਬੀਤੀਆਂ ਸੁਣਾਉਂਦਿਆਂ ਕਿਹਾ ਕਿ ਸਰਕਾਰਾਂ ਦੀ ਨੀਂਦ ਵੀ ਉਦੋਂ ਹੀ ਖੁੱਲ੍ਹਦੀ ਹੈ ਜਦੋਂ ਆਮ ਲੋਕ ਕਾਫਲੇ ਬੰਨ੍ਹ ਕੇ ਕਿਸੇ ਨੇਕ ਕਾਰਜ ਲਈ ਤੁਰ ਪੈਂਦੇ ਹਨ।

ਇਸ ਮੌਕੇ ਡਾ. ਲਾਂਬੜਾ ਨੇ ਚੋਣਵੇਂ ਲੇਖਕਾਂ ਨੂੰ ਸੱਥ ਵਲੋਂ ਪ੍ਰਕਾਸ਼ਿਤ ਕਿਤਾਬਾਂ ਵੀ ਭੇਟ ਕੀਤੀਆਂ। ਇਕ ਦੋ ਸ਼ਾਇਰਾਂ ਨੇ ਆਪਣੇ ਕਲਾਮ ਸੁਣਾ ਕੇ ਮਹਿਫਿਲ ਵਿਚ ਕਾਵਿਕ ਮਾਹੌਲ ਸਿਰਜਿਆ। ਮਹਿਫਿਲ ਵਿਚ ਹੋਰਨਾਂ ਤੋਂ ਇਲਾਵਾ ਲੇਖਕ ਆਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਮਝੈਲ ਸਿੰਘ ਸਰਾਂ, ਚਰਨਜੀਤ ਸਿੰਘ ਪੰਨੂ, ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ, ਗੁਰਦਿਆਲ ਸਿੰਘ ਨੂਰਪੁਰੀ, ਰੁਪਿੰਦਰ ਕੌਰ, ਸੁਖਦੀਪ ਕੌਰ ਬਰਸਾਲ, ਰਾਜਵੀਰ ਕੌਰ ਢੀਂਡਸਾ, ਰੇਡੀਓ ਹੋਸਟ ਜਸਪਾਲ ਸਿੰਘ, ਤਰਨਜੀਤ ਸਿੰਘ ਟਿਵਾਣਾ ਅਤੇ ਨਗਿੰਦਰ ਸਿੰਘ ਬਰਸਾਲ ਹਾਜ਼ਰ ਸਨ।


**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiance Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:
ਪਾਲ ਫੋਨ 1-800-705-3863



**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc. Minneapolis, MN 55426**

# ਪੀ ਐਚ ਓ ਵਲੋਂ ਪਿੰਗਲਵਾੜੇ ਲਈ ਮਦਦ ਇਕੱਠੀ ਕਰਨ ਦਾ ਉਪਰਾਲਾ

**ਸ਼ਿਕਾਗੋ (ਬਿਊਰੋ):** ਸਵਰਗੀ ਭਗਤ ਪੂਰਨ ਸਿੰਘ ਵਲੋਂ ਸਥਾਪਤ ਕੀਤਾ ਗਿਆ ਪਿੰਗਲਵਾੜਾ, ਅੰਮ੍ਰਿਤਸਰ ਮਨੁੱਖਤਾ ਦੀ ਸੇਵਾ ਦਾ ਇਕ ਮਹਾਨ ਉਪਰਾਲਾ ਹੈ ਅਤੇ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਇਸ ਉਪਰਾਲੇ ਲਈ ਮਾਲੀ ਇਮਦਾਦ ਇਕੱਤਰ ਕਰਨ ਤੇ ਪਿੰਗਲਵਾੜਾ ਸੰਸਥਾ ਪ੍ਰਤੀ ਸੰਗਤ ਨੂੰ ਜਾਗਰੂਕ ਕਰਨ ਦੀ ਆਪਣੀ ਮੁਹਿੰਮ ਨੂੰ ਨਿਰੰਤਰ ਜਾਰੀ ਰਖੇਗੀ। ਭਗਤ ਪੂਰਨ ਸਿੰਘ ਜੀ ਅਤੇ ਪਿੰਗਲਵਾੜਾ ਪ੍ਰਤੀ ਹਰ ਸਾਲ ਵੱਧ ਰਹੀ ਸੰਗਤ ਦੀ ਸ਼ਰਧਾ ਲਈ ਇਸ ਕਾਰਜ ਵਿਚ ਜੁਟੇ ਸੇਵਾਦਾਰ ਸੰਗਤ ਦੇ ਧੰਨਵਾਦੀ ਹਨ। ਇਹ ਵਿਚਾਰ ਪੀ ਐਚ ਓ ਦੇ ਬੁਲਾਰਿਆਂ ਜੈਰਾਮ ਸਿੰਘ (ਨੀਟੂ) ਕਾਹਲੋਂ ਅਤੇ ਲਖਬੀਰ ਸਿੰਘ ਸੰਧੂ ਨੇ ਭਗਤ ਪੂਰਨ ਸਿੰਘ ਦੀ ਬਰਸੀ ਮੌਕੇ ਪਿੰਗਲਵਾੜੇ ਲਈ ਮਾਇਆ ਇਕੱਤਰ ਕਰਨ ਲਈ ਸੰਸਥਾ ਵਲੋਂ ਪਿਛਲੇ ਕਰੀਬ ਇਕ ਮਹੀਨੇ ਤੋਂ ਚਲਾਈ ਗਈ ਮੁਹਿੰਮ ਬਾਰੇ ਪ੍ਰਗਟਾਏ।

ਜ਼ਿਕਰਯੋਗ ਹੈ ਕਿ ਪਿੰਗਲਵਾੜੇ ਬਾਰੇ ਚੇਤਨਾ ਪੈਦਾ ਕਰਨ ਲਈ ਪਿਛਲੇ ਸਾਲ ਪੀ ਐਚ ਓ ਵਲੋਂ ਸ. ਸਤਨਾਮ ਸਿੰਘ ਔਲਖ ਦੇ ਸੁਝਾਅ 'ਤੇ ਸ਼ੁਰੂ ਕੀਤੀ ਗਈ ਪਿੰਗਲਵਾੜਾ ਬਾਲ ਗੋਲਕ ਮੁਹਿੰਮ ਨੂੰ ਸੰਗਤ ਨੇ ਭਰਵਾਂ ਹੁੰਗਾਰਾ ਦਿੱਤਾ। ਬੱਚਿਆਂ ਨੇ ਇਨ੍ਹਾਂ ਗੋਲਕਾਂ ਰਾਹੀਂ ਇਕੱਤਰ ਕੀਤੀ ਮਾਇਆ ਪਿੰਗਲਵਾੜੇ ਲਈ ਲਿਆ ਕੇ ਜਮਾ ਕਰਵਾਈ। ਗੋਲਕਾਂ ਇਸ ਵਾਰ ਵੀ ਵੰਡੀਆਂ ਗਈਆਂ।

ਪੀ ਐਚ ਓ ਦੇ ਯਤਨਾਂ ਸਦਕਾ ਸੰਗਤ ਦੀ ਭਗਤ ਪੂਰਨ ਸਿੰਘ ਜੀ ਅਤੇ ਪਿੰਗਲਵਾੜੇ ਪ੍ਰਤੀ ਸ਼ਰਧਾ ਭਾਵਨਾ 'ਚ ਹਰ ਸਾਲ ਵਾਧਾ ਹੋ ਰਿਹਾ ਹੈ। ਜਿਥੇ ਸੰਗਤ ਮਾਲੀ ਰੂਪ 'ਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਂਦੀ ਹੈ, ਉਥੇ ਹੀ ਇਸ ਵਾਰ ਗੁਰਦੁਆਰਾ ਪੈਲਾਟਾਈਨ ਵਿਖੇ ਸੰਗਤਾਂ ਅਤੇ ਗ੍ਰੰਥੀ ਸਿੰਘਾਂ ਨੇ ਸੰਗਤੀ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੀ ਸੇਵਾ ਨਿਭਾਈ। ਗੁਰਦੁਆਰਾ ਵ੍ਹੀਟਨ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੀ ਸੇਵਾ ਹਰ ਸਾਲ ਵਾਂਗ ਨਰਿੰਦਰਪਾਲ ਸਿੰਘ ਮਰਵਾਹਾ ਵਲੋਂ ਕੀਤੀ ਗਈ।

ਸ. ਕਾਹਲੋਂ ਅਤੇ ਸ. ਸੰਧੂ ਨੇ ਦੱਸਿਆ ਕਿ ਇਹ ਮੁਹਿੰਮ ਇਸ ਸਾਲ 25 ਸਤੰਬਰ ਨੂੰ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਅਤੇ ਗੁਰਦੁਆਰਾ ਬਰੁਕਫੀਲਡ ਤੋਂ ਸ਼ੁਰੂ ਹੋਈ ਸੀ। ਉਪਰੰਤ 2 ਅਕਤੂਬਰ ਨੂੰ ਗੁਰਦੁਆਰਾ ਦੀਵਾਨ ਐਵਨਿਊ, 9 ਅਕਤੂਬਰ ਨੂੰ ਗੁਰਦੁਆਰਾ ਵ੍ਹੀਟਨ ਅਤੇ 16 ਅਕਤੂਬਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਇਸ ਮੁਹਿੰਮ ਦੌਰਾਨ ਪੀ ਐਚ ਓ ਵਲੋਂ ਵਿਸ਼ੇਸ਼ ਸਟਾਲ ਲਗਾਏ ਗਏ, ਜਿਨ੍ਹਾਂ ਰਾਹੀਂ ਪਿੰਗਲਵਾੜੇ ਬਾਰੇ ਪੈਂਫਲਿਟ ਅਤੇ ਕਿਤਾਬਾਂ ਵੰਡੀਆਂ ਗਈਆਂ। ਭਗਤ ਜੀ ਦੇ ਜੀਵਨ 'ਤੇ ਆਧਾਰਤ ਪਿੰਗਲਵਾੜਾ ਸੰਸਥਾ ਵਲੋਂ ਬਣਾਈ ਗਈ ਫਿਲਮ 'ਏਹੋ ਹਮਾਰਾ ਜੀਵਣਾ' ਅਤੇ ਪਿੰਗਲਵਾੜੇ ਦੇ ਬੱਚਿਆਂ ਵਲੋਂ ਰਾਗਾਂ 'ਤੇ ਆਧਾਰਤ ਕੀਤੇ ਕੀਰਤਨ ਦੀ ਡੀ.ਵੀ.ਡੀ. ਦੀਆਂ ਕਾਪੀਆਂ ਵੀ ਵੰਡੀਆਂ ਗਈਆਂ। ਗੁਰੂ ਘਰਾਂ ਦੇ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਪੂਰੇ ਉਤਸ਼ਾਹ ਨਾਲ ਪਿੰਗਲਵਾੜੇ ਲਈ ਮਾਇਆ ਇਕੱਤਰ ਕਰਨ ਦੇ ਉਦਮ ਵਿਚ ਹਿੱਸਾ ਪਾਇਆ। ਸੰਗਤ ਨੇ ਵੀ ਦਿਲ ਖੋਲ੍ਹ ਕੇ ਦਸਵੰਧ ਕੱਢਿਆ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਅਤੇ ਪਿੰਗਲਵਾੜੇ ਬਾਰੇ ਤਸਵੀਰਾਂ ਦੀ ਨਵੇਂ ਤਰੀਕੇ ਨਾਲ ਲਗਾਈ ਗਈ ਜਾਣਕਾਰੀ ਭਰਪੂਰ ਨੁਮਾਇਸ਼ ਲਾਈ ਗਈ।

ਪੀ ਐਚ ਓ ਦੇ ਬਾਨੀ ਪ੍ਰਧਾਨ ਸਤਨਾਮ ਸਿੰਘ ਔਲਖ ਨੇ ਭਗਤ ਜੀ ਬਾਰੇ ਦੱਸਿਆ ਕਿ ਉਹ ਇਕ ਹਿੰਦੂ ਪਰਿਵਾਰ ਵਿਚ ਪੈਦਾ ਹੋਏ। ਸਿੱਖ ਫਲਸਫੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਖੰਡੇ ਬਾਟੇ ਦੀ ਪਹੁਲ ਲਈ। 1934 ਵਿਚ ਕੋਈ ਅਪਾਹਜ 'ਪਿਆਰੇ' ਨੂੰ ਗੁਰਦੁਆਰਾ ਡੇਰਾ ਸਾਹਿਬ ਦੇ ਬਾਹਰ ਛੱਡ ਗਿਆ। ਗੁਰਦੁਆਰੇ ਦੇ ਪ੍ਰਬੰਧਕਾਂ ਨੇ ਭਗਤ ਜੀ ਨੂੰ ਉਸ ਦੀ ਦੇਖ-ਰੇਖ ਸੌਂਪ ਦਿੱਤੀ। 1947 ਦੀ ਭਾਰਤ-ਪਾਕਿਸਤਾਨ ਵੰਡ ਸਮੇਂ ਭਗਤ ਜੀ ਅਪਾਹਜ ਪਿਆਰੇ ਨੂੰ ਆਪਣੇ ਮੋਢਿਆਂ 'ਤੇ ਚੁਕ ਕੇ ਅੰਮ੍ਰਿਤਸਰ ਪਹੁੰਚੇ ਅਤੇ ਖਾਲਸਾ ਕਾਲਜ ਦੇ ਰਿਫਿਊਜੀ ਕੈਂਪ ਵਿਚ ਠਹਿਰੇ ਜਿਥੇ ਉਨ੍ਹਾਂ ਜਖ਼ਮੀ ਅਤੇ ਲਾਵਾਰਸ ਲੋਕਾਂ ਲਈ ਫਸਟ ਏਡ ਅਤੇ ਰੋਟੀ-ਪਾਣੀ ਦਾ ਬੰਦੋਬਸਤ ਕੀਤਾ।

ਸ. ਔਲਖ ਨੇ ਦਸਿਆ ਕਿ ਸੰਗਰੂਰ ਵਾਲਾ ਪਿੰਗਲਵਾੜਾ ਇਸ ਸਮੇਂ ਮਨਜੀਤ ਚੀਜ਼ੀ ਉਰਫ ਸ਼ੀਰੋ ਵਲੋਂ ਚਲਾਇਆ ਜਾ ਰਿਹਾ ਹੈ। ਸ਼ੀਰੋ ਅਪਾਹਜ ਸੀ ਅਤੇ ਅਜੇ ਚਾਰ-ਪੰਜ ਸਾਲ ਦੀ ਸੀ, ਜਦੋਂ ਉਸ ਦੀ ਨਾਨੀ ਅਤੇ ਉਸ ਦਾ ਬਾਪ ਉਸ ਨੂੰ ਪਿੰਗਲਵਾੜਾ, ਅੰਮ੍ਰਿਤਸਰ ਦੇ ਦਰਾਂ ਉਤੇ ਰਾਤ ਦੇ ਹਨੇਰੇ ਵਿਚ ਛਡ ਗਏ। ਜਦੋਂ ਭਗਤ ਜੀ ਤੜਕੇ ਉਠੇ ਤਾਂ ਉਨ੍ਹਾਂ ਸ਼ੀਰੋ ਦੇ ਰੋਣ ਦੀ ਆਵਾਜ਼ ਸੁਣੀ। ਉਹ ਦਰਵਾਜ਼ੇ 'ਤੇ ਗਏ ਅਤੇ ਉਸ ਨੂੰ ਕੁਛੜ ਚੁਕ ਕੇ ਕਹਿਣ ਲਗੇ, ਰੱਬ ਨੇ ਸਾਡੇ ਪਰਿਵਾਰ ਲਈ ਇਕ ਹੋਰ ਜੀਅ ਭੇਜਿਆ ਹੈ। ਇਸੇ ਸ਼ੀਰੋ ਨੇ ਬਾਅਦ ਵਿਚ ਸੰਗੀਤ ਦੀ ਐਮ ਏ ਕੀਤੀ। ਸ. ਔਲਖ ਨੇ ਦੱਸਿਆ ਕਿ ਅਸੀਂ ਪਿਛਲੇ ਸਾਲ ਤੋਂ ਬਾਲ ਗੋਲਕ ਮੁਹਿੰਮ ਸ਼ੁਰੂ ਕੀਤੀ ਹੈ, ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਵੀ ਆਪਣੇ ਘਰ ਗੋਲਕ ਰੱਖਣ ਅਤੇ ਇਸ ਵਿਚ ਹਰ ਰੋਜ਼ ਤਿਲ-ਫੁਲ ਪਾਇਆ ਕਰਨ। ਸਾਲ ਬਾਅਦ ਗੋਲਕ ਵਿਚ ਇਕੱਠੀ ਹੋਈ ਮਾਇਆ ਭਗਤ ਜੀ ਦੀ ਬਰਸੀ ਮੌਕੇ ਲਿਆ ਕੇ ਜਸਵੰਤ ਸਾਹਨੀ ਟਰੱਸਟ ਵਿਚ ਜਮਾ ਕਰਵਾਉਣ। ਸਾਹਨੀ ਟਰੱਸਟ ਵਿਚ ਜਮਾਂ ਕਰਵਾਇਆ ਗਿਆ ਪੈਸਾ ਪਿੰਗਲਵਾੜੇ ਭੇਜਿਆ ਜਾਂਦਾ ਹੈ। ਭਗਤ ਜੀ ਬਾਰੇ ਉਨ੍ਹਾਂ ਕਿਹਾ ਕਿ 1984 ਵਿਚ ਉਨ੍ਹਾਂ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਪਿਛੋਂ ਰੋਸ ਵਜੋਂ 'ਪਦਮ ਸ੍ਰੀ' ਪੁਰਸਕਾਰ ਭਾਰਤ ਸਰਕਾਰ ਨੂੰ ਮੋੜ ਦਿਤਾ ਸੀ।

ਪਿੰਗਲਵਾੜੇ ਲਈ ਮਦਦ ਇਕੱਠੀ ਕਰਨ ਦੇ ਕਾਰਜ ਨੂੰ ਕਾਮਯਾਬ ਕਰਨ ਵਿਚ ਹੋਰਨਾਂ ਤੋਂ ਇਲਾਵਾ ਡਾ. ਗੁਰਚਰਨ ਸਿੰਘ ਗਰੇਵਾਲ, ਲਾਲੀ ਸਿੱਧੂ, ਜੋਗਿੰਦਰ ਸਿੰਘ ਸੰਧਾਵਾਲੀਆ, ਬੇਅੰਤ ਸਿੰਘ ਬੋਪਾਰਾਏ, ਬਿਕਰਮ ਸਿੰਘ ਸੇਖੋਂ, ਬਲਵਿੰਦਰ ਸਿੰਘ (ਏਵਨ ਕਾਰਪੈਟ), ਲਖਵੰਤ ਸਿੰਘ ਕੋਮਲ, ਨਰਿੰਦਰਪਾਲ ਸਿੰਘ ਮਰਵਾਹਾ, ਸ਼ਰਨਾਗਤ ਸਿੰਘ ਛਾਬੜਾ, ਭਾਈ ਮੁਹਿੰਦਰ ਸਿੰਘ, ਮਹਾਂਬੀਰ ਸਿੰਘ ਬਰਾੜ, ਡਾ. ਜਸਬੀਰ ਕੌਰ ਸਲੂਜਾ, ਹਰਦਿਆਲ ਸਿੰਘ ਦਿਉਲ, ਹਰਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਘਾ, ਗੁਰਿੰਦਰ ਸਿੰਘ ਸੰਧੂ, ਤਰਲੋਚਨ ਸਿੰਘ ਗਿੱਲ, ਜਸਬੀਰ ਕੌਰ ਮਾਨ, ਮੁਹਿੰਦਰਜੀਤ ਸਿੰਘ ਰਕਾਲਾ, ਇੰਦਰਮੋਹਨ ਸਿੰਘ ਛਾਬੜਾ, ਵਿਜੇ ਕੁਮਾਰ ਅਤੇ ਸੁਰਿੰਦਰ ਸਿੰਘ ਭਾਟੀਆ ਨੇ ਭਰਵਾਂ ਹਿੱਸਾ ਪਾਇਆ।

ਸਿੱਖ ਵਿਦਵਾਨ ਡਾ. ਬਲਵੰਤ ਸਿੰਘ ਹੰਸਰਾ ਨੇ ਭਗਤ ਪੂਰਨ ਸਿੰਘ ਦੇ ਜੀਵਨ ਬਾਰੇ ਗੱਲ ਕਰਦਿਆਂ ਕਿਹਾ ਕਿ ਸਿੱਖ ਸਿਧਾਂਤ ਅਤੇ ਗੁਰੂਆਂ ਦੇ ਜੀਵਨ ਤੋਂ ਪ੍ਰਭਾਵਿਤ ਭਗਤ ਜੀ ਨੇ ਆਪਣਾ ਸਾਰਾ ਜੀਵਨ ਮਨੁੱਖਤਾ ਦੀ ਸੇਵਾ ਵਿਚ ਲਾ ਦਿੱਤਾ। ਅੰਮ੍ਰਿਤਸਰ ਨਜ਼ਦੀਕ ਮਾਨਾਂਵਾਲੇ ਵਿਚ ਇਕ ਵੱਡਾ ਕੰਪਲੈਕਸ ਬਣਾਇਆ ਗਿਆ ਹੈ ਜਿਥੇ ਹਸਪਤਾਲ, ਸਕੂਲ, ਬਨਾਵਟੀ ਅੰਗ ਬਣਾਉਣ ਅਤੇ ਲਾਉਣ, ਫਿਜੀਉਥੈਰਪੀ ਕੇਂਦਰ ਆਦਿ ਸਹੂਲਤਾਂ ਮੌਜੂਦ ਹਨ; ਗੂੰਗੇ, ਬੋਲੇ, ਅੰਨੇ, ਅਪਾਹਜ ਅਤੇ ਬਜ਼ੁਰਗਾਂ ਦੀ ਸੇਵਾ ਸੰਭਾਲ ਕੀਤੀ ਜਾਂਦੀ ਹੈ। ਅੰਨਿਆਂ ਲਈ ਬਰੇਲ ਸਿੱਖਿਆ ਦਾ ਵੀ ਪ੍ਰਬੰਧ ਹੈ।

ਡਾ. ਹੰਸਰਾ ਨੇ ਆਪਣਾ ਜ਼ਾਤੀ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਮਾਨਾਂਵਾਲਾ ਕੰਪਲੈਕਸ ਕਿਸੇ ਯੂਨੀਵਰਸਿਟੀ ਕੰਪਲੈਕਸ ਨਾਲੋਂ ਘੱਟ ਨਹੀਂ ਹੈ। ਡਾ. ਹੰਸਰਾ ਨੇ ਸੰਗਤ ਨੂੰ ਦਸਵੰਧ ਦੇਣ ਲਈ ਪ੍ਰੇਰਨਾ ਦਿੰਦਿਆਂ ਕਿਹਾ ਕਿ ਭਗਤ ਜੀ ਦੇ ਹੱਥ ਹਮੇਸ਼ਾ ਬਾਟਾ ਹੁੰਦਾ ਸੀ ਜਿਸ 'ਚ ਉਹ ਪਿੰਗਲਵਾੜੇ ਲਈ ਮੰਗ ਕੇ ਲਿਆਉਂਦੇ ਸਨ। ਉਹ ਹੀ ਬਾਟਾ ਅੱਜ ਡਾ. ਇੰਦਰਜੀਤ ਕੌਰ ਲੈ ਕੇ ਪਿੰਗਲਵਾੜੇ ਦਾ ਪ੍ਰਬੰਧ ਚਲਾ ਰਹੇ ਹਨ। ਭਗਤ ਜੀ ਵਲੋਂ ਵਾਤਾਵਰਣ ਦੀ ਸੇਵਾ ਸੰਭਾਲ ਲਈ ਅੱਜ ਤੋਂ 40 ਸਾਲ ਪਹਿਲਾਂ ਸ਼ੁਰੂ ਕੀਤੇ ਗਏ ਉਪਰਾਲਿਆਂ ਲਈ ਉਨ੍ਹਾਂ ਨੂੰ ਨੋਬਲ ਪ੍ਰਾਈਜ਼ ਮਿਲਣਾ ਚਾਹੀਦਾ ਹੈ। 1992 ਵਿਚ ਭਗਤ ਪੂਰਨ ਸਿੰਘ ਦੇ ਚਲਾਣੇ ਪਿਛੋਂ ਸੰਸਥਾ ਦਾ ਪ੍ਰਬੰਧ ਡਾ. ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਚਲ ਰਿਹਾ ਹੈ। ਅੱਜ ਅੰਮ੍ਰਿਤਸਰ ਤੋਂ ਇਲਾਵਾ ਸੰਗਰੂਰ, ਜਲੰਧਰ, ਗੋਇੰਦਵਾਲ ਅਤੇ ਪਲਸੌਰਾ (ਚੰਡੀਗੜ੍ਹ) ਪਿੰਗਲਵਾੜੇ ਦੀਆਂ ਸ਼ਾਖਾਵਾਂ ਖੁਲ੍ਹ ਚੁਕੀਆਂ ਹਨ।




*ਗੁਰਦੁਆਰਾ ਬਰੁੱਕਫੀਲਡ ਵਿਚ ਲਾਏ ਗਏ ਸਟਾਲ ਦਾ ਉਦਮ ਕਰਨ ਵਾਲੇ ਕੁਝ ਸੱਜਣ*










# ਇੰਡੀਅਨਐਪੋਲਿਸ ਵਿਚ ਸਜਿਆ ਦੂਜਾ ਨਗਰ ਕੀਰਤਨ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਸਿੱਖ ਸੁਸਾਇਟੀ ਆਫ ਇੰਡੀਆਨਾ ਦੇ ਉਦਮ ਅਤੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਗਰੀਨਵੁੱਡ ਤੇ ਇਥੋਂ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦੂਸਰਾ ਸਾਲਾਨਾ ਵਿਸ਼ਾਲ ਨਗਰ ਕੀਰਤਨ (ਸਿੱਖ ਪਰੇਡ) ਇਥੇ ਡਾਊਨ ਟਾਊਨ ਦੇ ਵੈਟਰਨ ਮੈਮੋਰੀਅਲ ਪਾਰਕ ਵਿਖੇ ਸਜਾਇਆ ਗਿਆ। ਨਗਰ ਕੀਤਰਨ ਵਿਚ ਮਿੱਡਵੈਸਟ, ਓਹਾਈਓ, ਮਿਸ਼ੀਗਨ, ਇਲੀਨਾਏ, ਕੈਨਟਕੀ, ਨਿਊ ਯਾਰਕ ਅਤੇ ਨਿਊ ਜਰਸੀ ਦੀ ਸੰਗਤ ਨੇ ਹਿੱਸਾ ਲਿਆ।

ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਗਰੀਨਵੁੱਡ ਤੋਂ ਅਖੰਡ ਪਾਠ ਦੇ ਭੋਗ ਉਪਰੰਤ ਇਕ ਸੁੰਦਰ ਪਾਲਕੀ ਵਿਚ ਸਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਵਿਚ ਅਰੰਭ ਹੋਇਆ। ਪੰਜਾਂ ਪਿਆਰਿਆਂ ਦੇ ਨਾਲ ਨਿਸ਼ਾਨਚੀਆਂ ਨੇ ਅਮਰੀਕੀ ਝੰਡੇ ਵੀ ਚੁੱਕੇ ਹੋਏ ਸਨ। ਇਸ ਮੌਕੇ ਸੰਗਤ ਦਾ ਉਤਸ਼ਾਹ ਠਾਠਾਂ ਮਾਰ ਰਿਹਾ ਸੀ। ਗੁਰੂ ਗ੍ਰੰਥ ਸਾਹਿਬ ਵਾਲੇ ਫਲੋਟ ਤੋਂ ਬਾਅਦ, ਦੂਸਰੇ ਫਲੋਟ ਦੇ ਤਿੰਨੇ ਪਾਸੇ 10 ਫੁੱਟ ਟੀ.ਵੀ. ਸਕਰੀਨ ਲੱਗੀ ਹੋਈ ਸੀ ਜਿਸ 'ਤੇ ਗੁਰਬਾਣੀ ਦੀਆਂ ਤੁਕਾਂ, ਅੰਗਰੇਜ਼ੀ 'ਚ ਅਰਥਾਂ ਸਮੇਤ ਦਿਖਾਈਆਂ ਜਾ ਰਹੀਆਂ ਸਨ। ਕੁਝ ਦ੍ਰਿਸ਼ ਸੰਸਾਰ ਜੰਗ ਨਾਲ ਸਬੰਧਤ ਸਿੱਖ ਇਤਿਹਾਸ ਬਾਰੇ ਵੀ ਸਨ ਤਾਂ ਜੋ ਦੂਜੇ ਭਾਈਚਾਰਿਆਂ ਨੂੰ ਸਿੱਖਾਂ ਦੇ ਸੰਸਾਰ ਪੱਧਰੀ ਇਤਿਹਾਸ ਬਾਰੇ ਪਤਾ ਲੱਗ ਸਕੇ।

ਗੁਰੂ ਮਹਾਰਾਜ ਦੇ ਫਲੋਟ ਤੋਂ ਬਾਅਦ ਸਿੱਖਾਂ ਦੇ ਮਾਰਸ਼ਲ ਆਰਟ ਗਤਕੇ ਦਾ ਫਲੋਟ ਸੀ। ਗਤਕਾ ਖਿਡਾਰੀ ਗਤਕੇ ਦੇ ਜੌਹਰ ਵਿਖਾ ਕੇ ਸਭ ਨੂੰ ਅਚੰਭਿਤ ਕਰ ਰਹੇ ਸਨ। ਢਾਡੀ ਸਿੰਘ ਵਾਰਾਂ ਗਾ ਕੇ ਸੰਗਤਾਂ ਵਿਚ ਇਲਾਹੀ ਜੋਸ਼ ਭਰ ਰਹੇ ਸਨ। ਸਿੱਖ ਮੋਟਰਸਾਈਕਲ ਸਵਾਰਾਂ ਦਾ ਇਕ ਜਥਾ ਵੀ ਨਗਰ ਕੀਰਤਨ ਦੀ ਸ਼ੋਭਾ ਵਧਾ ਰਿਹਾ ਸੀ। ਨਗਰ ਕੀਰਤਨ ਪੈਨਸਿਲਵੇਨੀਆ ਸਟਰੀਟ ਤੋਂ ਹੁੰਦਾ ਹੋਇਆ ਓਹਾਇਓ ਤੇ ਮੈਰੇਡੀਅਨ ਸਟਰੀਟ ਤੋਂ ਵਾਪਸ ਨਿਊ ਯਾਰਕ ਸਟਰੀਟ 'ਤੇ ਆ ਗਿਆ ਤੇ ਵੈਟਰਨ ਮੈਮੋਰੀਅਲ ਪਾਰਕ 'ਚ ਉਤਾਰਾ ਕੀਤਾ।

ਨਗਰ ਕੀਰਤਨ ਦੇ ਰਾਸਤੇ ਦੌਰਾਨ ਸੰਗਤਾਂ ਵੱਲੋਂ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ। ਨਾ ਸਿਰਫ ਸਿੱਖ ਸੰਗਤਾਂ ਸਗੋਂ ਅਮਰੀਕੀ ਭਾਈਚਾਰੇ ਦੇ ਲੋਕ ਵੀ ਲੰਗਰ ਦਾ ਅਨੰਦ ਲੈ ਰਹੇ ਸਨ। ਨੌਜਵਾਨ ਵਾਲੰਟੀਅਰ ਸੇਵਾ ਲਈ ਡਟੇ ਹੋਏ ਸਨ। ਵੈਟਰਨ ਪਾਰਕ ਵਿਚ ਵੀ ਲੰਗਰ ਲਈ ਟੈਂਟ ਲਾਏ ਗਏ ਸਨ। ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ (ਨਾਨਕਸਰ) ਵੱਲੋਂ ਛੋਲੇ ਪੂਰੀਆਂ ਦਾ ਲੰਗਰ ਲਾਇਆ ਗਿਆ। ਭਾਈ ਸੁਖਦੇਵ ਸਿੰਘ ਸਮਰਾ ਨੇ ਚਾਹ ਤੇ ਪਕੌੜਿਆਂ ਦੀ ਸੇਵਾ ਕੀਤੀ। ਲੰਗਰ ਦੌਰਾਨ ਬਜ਼ੁਰਗਾਂ ਲਈ ਕੁਰਸੀਆਂ ਲਾਈਆਂ ਗਈਆਂ ਸਨ।

ਸਿੱਖ ਸੁਸਾਇਟੀ ਵੱਲੋਂ ਬਣਾਈਆਂ ਗਈਆਂ ਟੀ-ਸ਼ਰਟਾਂ ਅਤੇ ਸ਼ਰਟਾਂ ਵਾਲੰਟੀਅਰਾਂ ਨੇ ਸੰਗਤ ਨੂੰ ਵੰਡੀਆਂ। ਵਾਲੰਟੀਅਰਾਂ ਨੇ ਟੈਂਟ ਲਾ ਕੇ ਦਸਤਾਰਾਂ ਸਜਾਉਣ ਦੀ ਸੇਵਾ ਵੀ ਕੀਤੀ। ਹਰ ਪਾਸੇ ਨੀਲੀਆਂ-ਕੇਸਰੀ ਦਸਤਾਰਾਂ, ਪਟਕੇ ਅਤੇ ਦੁਪੱਟੇ ਦਿਸ ਰਹੇ ਸਨ। ਨਗਰ ਕੀਰਤਨ ਦੌਰਾਨ ਸਿੱਖ ਸੁਸਾਇਟੀ ਵੱਲੋਂ ਸਿੱਖੀ ਬਾਰੇ ਬਹੁਤ ਸਾਰਾ ਲਿਟਰੇਚਰ ਵੀ ਵੰਡਿਆ ਗਿਆ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਦੀ ਪਛਾਣ ਸਬੰਧੀ ਸੀ।

ਇਸ ਮੌਕੇ ਭਾਈ ਮਨਿੰਦਰ ਸਿੰਘ ਨੇ ਸੰਗਤ ਨੂੰ ਜੀ ਆਇਆਂ ਕਹਿੰਦਿਆਂ ਦੱਸਿਆ ਕਿ ਸਿੱਖ ਸੁਸਾਇਟੀ ਜੋ ਮਿਡਵੈਸਟ ਦੀ ਮਜ਼ਬੂਤ ਸੰਸਥਾ ਹੈ ਅਤੇ ਸਾਰੇ ਗੁਰੂ ਘਰਾਂ ਨੂੰ ਇੱਕਠੇ ਕਰ ਕੇ ਸਿੱਖੀ ਦੀ ਪਛਾਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿੱਖ ਸੁਸਾਇਟੀ ਨਿਰੋਲ ਧਾਰਮਿਕ ਸੰਸਥਾ ਹੈ ਜੋ ਬਿਨਾ ਕਿਸੇ ਪੱਖਪਾਤ ਤੋਂ ਪਿਛਲੇ ਸਾਲ ਤੋਂ ਕੰਮ ਕਰ ਰਹੀ ਹੈ। ਉਨ੍ਹਾਂ ਸਭ ਨੂੰ ਸੰਸਥਾ ਨੂੰ ਸਾਥ ਦੇਣ ਦਾ ਸੱਦਾ ਦਿੱਤਾ।


ਡਾ. ਪ੍ਰਭਜੋਤ ਸਿੰਘ ਪੰਨੂ ਨੇ ਸੰਗਤ ਦਾ ਧੰਨਵਾਦ ਕੀਤਾ ਅਤੇ ਸਿੱਖ ਸੁਸਾਇਟੀ ਦੇ ਕਾਰਜਾਂ ਵਿਚ ਸੰਗਤ ਨੂੰ ਸਹਿਯੋਗ ਦੇਣ ਦੀ ਬੇਨਤੀ ਕੀਤੀ। ਡਾ. ਪੰਨੂ ਨੇ ਸਿੱਖ ਸੁਸਾਇਟੀ ਵੱਲੋਂ ਬਰਾਜ਼ੀਲ, ਇੰਡੀਆਨਾ ਵਿਖੇ ਯੂਥ ਕੈਂਪ ਵਿਚ ਵੈਲਕਮ ਸੈਂਟਰ ਦਾ ਨਾਂ ਬੰਦਾ ਸਿੰਘ ਬਹਾਦਰ ਦੇ ਨਾਂ 'ਤੇ ਰੱਖਣ ਲਈ ਸ਼ੈਰਿਫ ਡਿਪਾਰਟਮੈਂਟ ਇੰਡੀਆਨਾ ਜੋ ਇਸ ਯੂਥ ਕਲੱਬ ਨੂੰ ਬਣਾ ਰਿਹਾ ਹੈ, ਬਾਰੇ ਚਾਨਣਾ ਪਾਇਆ। ਸ਼ੈਰਿਫ ਡਿਪਾਰਟਮੈਂਟ ਦੇ ਸਕਿਉਰਿਟੀ ਅਫਸਰ ਜੇਵੀਦ ਖਾਨ ਨੇ ਸੁਸਾਇਟੀ ਦਾ ਧੰਨਵਾਦ ਕੀਤਾ ਤੇ ਅਗਾਂਹ ਤੋਂ ਵੀ ਸੇਵਾ ਕਰਨ ਦੀ ਹਾਮੀ ਭਰੀ।

ਨਗਰ ਕੀਰਤਨ ਦੀ ਸਮਾਪਤੀ ਅਨੰਦ ਸਾਹਿਬ ਦੇ ਪਾਠ ਉਪਰੰਤ ਹੋਈ। ਜੱਸ ਟੀ.ਵੀ. ਵੱਲੋਂ ਜਿੰਮੀ ਬਰਾੜ ਦੀ ਅਗਵਾਈ ਵਿਚ ਭੇਜੀ ਗਈ ਟੀਮ ਸਾਰੇ ਪ੍ਰੋਗਰਾਮ ਦੀ ਵੀਡੀਓ ਰਿਕਾਰਡਿੰਗ ਕਰ ਰਹੀ ਸੀ। ਹੋਰ ਜਾਣਕਾਰੀ ਲਈ ਸਿੱਖ ਸੁਸਾਇਟੀ ਦੇ ਨੁਮਾਇੰਦੇ ਭਾਈ ਜਗਦੀਸ਼ ਸਿੰਘ ਨਾਲ ਫੋਨ: 317-702-5541 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।








SIKH SPORTS ASSOCIATION OF U.S.A.
FINISH
UnderTheSunEvents.org
Win Cash Prizes
"Healthy body Healthy Mind"
10TH ANNIVERSARY
Guru Nanak Marathon
November 12, 2016
Quarry Lakes
2100 Isherwood Way, Fremont, CA 94536
Events
• 13 miles race • 5K race
• 2 miles walk Race will start at 9am.
Register: www.sikhsports.com
1-866-499-0032
10TH GURU NANAK MARATHON SPONSORS
Inder S. Dosanjh
Dr. Jasvir Gill
Iqbal S. Gakhal
Jaggi Kapoor
Dr. Charanjit S. Uppal
Jassi Gill
Harbans S. Ahluwalia
Navdeep S. Grewal
Billy Bath
Gursharan S. Sekhon
Harry Sidhu
Sardool S. Samra
Dr. Garry Basrai
Dee Dhaliwal
Surjit S. Tutt
Ravinder S. Giani
Makhan S Bains, Harwinder Singh, J.P. Marvaha, Akki Patel , Alok Bhatia, Avninder S Mangat, Avtar & Harry S Gill, Avtar Singh Heerey, Balwinder Singh Brar, Bergquist, Wood, Bhagdeep Dhariwal, Bhagwant S Mangat, Bhandal Bros, INC, Bhupinder Singh, Bhupinder Singh Parmar, Captain Karanjit Aulukh, Charan S Bhandal, Darsan Singh Mundy, Davinder Chana, Davinder S Bhella, Dhoot Bros Partnership, Dr J. S . Natt, Dr. Gurinder S Dhindsa, Dr. Jasbir S. Gill, Dr. JPS Marwaha, Dr. Kanwaljit S Mann, Dr. Kanwardeep Grewal, Dr. M. K. Nijjar, Dr. R.K. Janmeja Singh PH.D Dublin, Dr.Rajesh Sam Suri Fremont, Ghai Management Services Fremont, Gurcharan Singh Mann, Gurdawar Singh Maan Fremont, Hakam Singh Roneer Enterprises INC Danville, Hardeep S. Aulakh Union City, Harjeet Singh Bhangoo Banicia CA, Harmit Singh Toor Mission Peak Broker Associate, Harvinder S Dhaliwal, Inderjit Singh IJS Micro INC, Jagraj S Sahota, Jaitinder Kaur Insurance Services Inc, Jaspreet Singh Attorney At Law Fremont, Jassie Singh Dhillon Benicia, Jasvir S & Paramjit Dhaliwal Olympia WA, Joe Johal Pleasanton, Kabila Restaurant, Karan S Khalon Monty's Liquor, Kuldip Singh Sidhu, Lachman Singh Mangat, Lakhbir Singh Hayward, Lakhwinder Singh Brar Madera, Lucky Natt Fresno Highway Fuels INC, Monu Singh, Moon Restaurant Inc Hayward, Narinder S Sahota Sahota Petroleum LLC, Nijjar Brothers Transcorp Freightways, INC Madera, Pal S Dhariwal, Paul Singh Sihota Smartway Express Inc Fresno, PC MICRO Kulwant S. & Sukhwant S . Nijjar, Pritam Singh Grewal Gilroy, Pritam Singh Grewal San Jose, Raghbir S Mangat Gold River, Raj Bhanot San Jose, Raj Singh Chahal, Rajinder S Dhillon Livermore, Rana Singh Kahlon Fremont, Robin Singh Fremont, Romey Randhawa, Sakoon Restaurant INC, Sanjay Ahuja, Sanjay Ahuja Attonney at Law Pleasanton, Sanjiv Kumar Garg Pump It Up Union City, Shamsher Singh Braich Pleasanton, Vanco Truck & Auto Plaza
Food Sewa by
Upkar Kaur Mangat and Lachman Singh Mangat
Food Service by
Moon Indian Cuisine

# ਸਾਹਿਤ ਦੀ ਥਾਂ ਗੀਤ-ਸੰਗੀਤ




ਕਲਾ ਪਰਿਕਰਮਾ



*ਪੂਰੇ ਜਲੌਅ ਵਿਚ ਬੌਬ ਡਾਇਲਨ।*

ਐਤਕੀਂ ਸਾਹਿਤ ਦੇ ਖੇਤਰ ਵਿਚ ਦਿੱਤੇ ਨੋਬੇਲ ਪੁਸਰਕਾਰ ਨੇ ਸਭ ਨੂੰ ਹੈਰਾਨ ਕੀਤਾ ਹੈ। ਸਾਲ 2016 ਲਈ ਇਹ ਪੁਸਰਕਾਰ ਕਿਸੇ ਸਾਹਿਤਕ ਹਸਤੀ ਦੀ ਥਾਂ, ਗਾਇਕ-ਗੀਤਕਾਰ ਨੂੰ ਮਿਲਿਆ ਹੈ। ਇਹ ਮਾਣ ਅਮਰੀਕੀ ਗਾਇਕ ਬੌਬ ਡਾਇਲਾਨ ਨੂੰ ਬਖਸ਼ਿਆ ਗਿਆ ਹੈ। ਨੋਬੇਲ

**ਮਨੂ ਸ਼ਰਮਾ**

ਕਮੇਟੀ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਇਹ ਇਨਾਮ ਬੌਬ ਦੀ ਗੀਤਕਾਰੀ ਲਈ ਦਿੱਤਾ ਗਿਆ ਹੈ ਜਿਸ ਨੇ ਸ਼ਾਇਰੀ ਦੇ ਖੇਤਰ ਵਿਚ ਨਵੀਆਂ ਪਿਰਤਾਂ ਪਾਈਆਂ ਹਨ। ਕਿਹਾ ਜਾ ਰਿਹਾ ਹੈ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਵੀ ਗੀਤਕਾਰ ਨੂੰ ਇਹ ਮਾਣ ਮਿਲਿਆ ਹੈ। ਉਂਜ, ਕੁਝ ਬੰਗਲਾ ਸਾਹਿਤ ਅਲੋਚਕਾਂ ਨੇ ਇਨ੍ਹਾਂ ਦਾਅਵਿਆਂ ਦੀ ਖੰਡਨ ਕਰਦਿਆਂ ਕਿਹਾ ਕਿ ਹੈ ਕਿ 1913 ਵਿਚ ਰਾਬਿੰਦਰ ਨਾਥ ਟੈਗੋਰ ਨੂੰ ਜਿਸ 'ਗੀਤਾਂਜਲੀ' ਲਈ ਨੋਬੇਲ ਪੁਸਰਕਾਰ ਮਿਲਿਆ ਸੀ, ਉਹ ਅਸਲ ਵਿਚ ਗੀਤਾਂ ਦਾ ਹੀ ਸੰਗ੍ਰਹਿ ਹੈ।

ਉਧਰ, ਬੌਬ ਡਾਇਲਾਨ ਨੂੰ ਨੋਬੇਲ ਮਿਲਣ ਬਾਰੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਹਸਤੀਆਂ ਦੀਆਂ ਟਿੱਪਣੀਆਂ ਆ ਰਹੀਆਂ ਹਨ, ਪਰ 13 ਅਕਤੂਬਰ ਨੂੰ ਪੁਰਸਕਾਰ ਦੇ ਐਲਾਨ ਤੋਂ ਬਾਅਦ, ਅਜੇ ਤੱਕ ਬੌਬ ਨੇ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਪੁਰਸਕਾਰ ਐਲਾਨੇ ਜਾਣ ਵਾਲੀ ਸ਼ਾਮ ਨੂੰ ਲਾਸ ਵੇਗਸ ਵਿਚ ਉਸ ਦਾ ਸਮਾਗਮ ਸੀ, ਪਰ ਇਸ ਸਮਾਗਮ ਵਿਚ ਉਸ ਨੇ ਪੁਰਸਕਾਰ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਪੁਰਸਕਾਰ ਦੇਣ ਵਾਲੀ ਕਮੇਟੀ ਨੂੰ ਕੋਈ ਜਵਾਬ ਹੀ ਭੇਜਿਆ ਹੈ। ਇਸ 'ਤੇ ਪੁਰਸਕਾਰ ਦੇਣ ਵਾਲੀ ਸਵੀਡਿਸ਼ ਅਕੈਡਮੀ ਦੀ ਸਕੱਤਰ ਸਾਰਾ ਡੇਨੀਅਸ ਨੇ ਕਿਹਾ ਹੈ ਕਿ ਫਿਲਹਾਲ ਉਨ੍ਹਾਂ ਬੌਬ ਡਾਇਲਾਨ ਨਾਲ ਸੰਪਰਕ ਬਣਾਉਣ ਦੀ ਕਵਾਇਦ ਛੱਡ ਦਿੱਤੀ ਹੈ। ਇਸ ਤਰ੍ਹਾਂ, ਅਜੇ ਤੱਕ ਇਹ ਪੱਕਾ ਨਹੀਂ ਹੋ ਸਕਿਆ ਹੈ ਕਿ ਬੌਬ ਡਾਇਲਾਨ, ਸਟਾਕਹੋਮ ਵਿਚ 10 ਦਸੰਬਰ ਨੂੰ ਹੋਣ ਵਾਲੇ ਪੁਰਸਕਾਰ ਵੰਡ ਸਮਾਗਮ ਵਿਚ ਸ਼ਿਰਕਤ ਕਰਨਗੇ ਜਾਂ ਨਹੀਂ, ਪਰ ਅਕੈਡਮੀ ਦਾ ਐਲਾਨ ਹੈ ਕਿ ਸਮਾਗਮ ਮਿਥੇ ਪ੍ਰੋਗਰਾਮ ਮੁਤਾਬਕ ਹੀ ਹੋਵੇਗਾ; ਬੌਬ ਭਾਵੇਂ ਪੁੱਜੇ, ਭਾਵੇਂ ਨਾ। ਖੈਰ! ਬੌਬ ਡਾਇਲਾਨ ਨੂੰ ਅੱਜ ਤੱਕ ਬਾਗੀ ਗਾਇਕ ਵਜੋਂ ਤਸਲੀਮ ਕੀਤਾ ਜਾਂਦਾ ਰਿਹਾ ਹੈ। 1970ਵਿਆਂ ਵਿਚ ਜਦੋਂ ਨਿਕਸਨ ਪ੍ਰਸ਼ਾਸਨ, ਬ੍ਰਿਟਿਸ਼ ਗਾਇਕ ਜੌਹਨ ਲੈਨਿਨ ਨੂੰ ਮੁਲਕ ਵਿਚੋਂ ਕੱਢਣ ਲਈ ਪੱਬਾਂ ਭਾਰ ਹੋਇਆ ਪਿਆ ਸੀ, ਤਾਂ ਬੌਬ ਡਾਇਲਨ ਧੜੱਲੇ ਨਾਲ ਉਸ ਦੇ ਹੱਕ ਵਿਚ ਡਟੇ ਸਨ। ਉਦੋਂ 23 ਮਾਰਚ 1973 ਨੂੰ ਸਰਕਾਰ ਨੇ ਜੌਹਨ ਲੈਨਿਨ ਨੂੰ 60 ਦਿਨਾਂ ਦੇ ਅੰਦਰ-ਅੰਦਰ ਮੁਲਕ ਛੱਡਣ ਦਾ ਹੁਕਮ ਚਾੜ੍ਹ ਦਿੱਤਾ ਸੀ। ਯਾਦ ਰਹੇ ਕਿ ਬੌਬ ਅਜਿਹਾ ਗੀਤਕਾਰ-ਗਾਇਕ ਹੈ ਜਿਹੜਾ ਪੰਜ ਦਹਾਕਿਆਂ ਤੋਂ ਸੰਗੀਤ ਦੇ ਖੇਤਰ ਨੂੰ ਲਗਾਤਾਰ ਪ੍ਰਭਾਵਿਤ ਕਰ ਰਿਹਾ ਹੈ। ਬਾਗੀ ਆਵਾਜ਼ਾਂ ਨੂੰ ਉਸ ਦੇ ਗੀਤਾਂ ਨੇ ਖੂਬ ਹੁਲਾਰਾ ਦਿੱਤਾ। 'ਬਲੋਇੰਗ ਇੰਨ ਦਿ ਵਿੰਡ' ਅਤੇ 'ਦਿ ਟਾਈਮਜ਼ ਦੇਅ ਆਰ ਏ-ਚੇਂਜਇੰਨ' ਵਰਗੇ ਗੀਤ, ਰੋਸ ਵਿਖਾਵਿਆਂ ਵਿਚ ਕੌਮੀ ਤਰਾਨਿਆਂ ਵਾਂਗ ਗਾਏ ਜਾਂਦੇ ਰਹੇ ਹਨ ਅਤੇ ਇਨ੍ਹਾਂ ਗੀਤਾਂ ਦੀ ਗੂੰਜ ਅੱਜ ਵੀ ਸੁਣਾਈ ਦਿੰਦੀ ਹੈ। ਉਂਜ, ਕੁਝ ਹਸਤੀਆਂ ਨੇ ਬੌਬ ਡਾਇਲਾਨ ਦੇ 'ਅੱਜ' ਉਤੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤ ਦੇ ਪ੍ਰਸਿੱਧ ਦਸਤਾਵੇਜ਼ੀ ਫਿਲਮਸਾਜ਼ ਆਨੰਦ ਪਟਵਰਧਨ ਨੇ ਕਿਹਾ ਹੈ ਕਿ ਉਹ ਬੌਬ ਡਾਇਲਾਨ ਦਾ ਸਾਰੀ ਉਮਰ ਮੁਰੀਦ ਰਿਹਾ ਹੈ, ਪਰ ਬੌਬ ਅੱਜ ਕਿਸ ਸਿਆਸੀ ਜਮਾਤ ਨਾਲ ਖੜ੍ਹਾ ਹੈ, ਕੁਝ ਵੀ ਸਮਝ ਨਹੀਂ ਪੈ ਰਿਹਾ ਹੈ; ਭਾਵ ਬੌਬ ਦੇ ਗਾਇਨ ਵਿਚੋਂ ਹੁਣ ਪਹਿਲਾਂ ਵਾਲਾ ਡੰਗ ਗਾਇਬ ਹੈ।





*ਨੌਜਵਾਨ ਬੌਬ ਡਾਇਲਨ।*

## ਬੌਬ, ਨੋਬੇਲ ਤੇ ਪੰਜਾਬੀ ਗੀਤ

*ਜਿਸ ਦਿਨ ਦਾ ਸਾਹਿਤ ਲਈ ਨੋਬੇਲ ਪੁਰਸਕਾਰ ਅਮਰੀਕੀ ਗਾਇਕ ਬੌਬ ਡਾਇਲਾਨ ਨੂੰ ਮਿਲਿਆ ਹੈ, ਉਸ ਦਿਨ ਤੋਂ ਹੀ ਪੰਜਾਬੀ ਗੀਤ-ਸੰਗੀਤ ਬਾਰੇ ਵੀ ਚੋਖੀ ਚਰਚਾ ਚੱਲੀ ਹੋਈ ਹੈ। ਚਰਚਾ ਦੌਰਾਨ ਇਹ ਗੱਲ ਉਭਰੀ ਹੈ ਕਿ ਇਕ ਪਾਸੇ ਤਾਂ ਗੀਤਕਾਰੀ ਵਿਚ ਵਿਰੋਧੀ ਸੁਰਾਂ ਬੁਲੰਦ ਕਰਨ ਵਾਲੇ ਨੂੰ ਨੋਬੇਲ ਪੁਰਸਕਾਰ ਮਿਲ ਰਿਹਾ ਹੈ, ਦੂਜੇ ਪਾਸੇ ਪੰਜਾਬ ਦੇ ਕੁਝ ਗੀਤਕਾਰ ਪੈਸਿਆਂ ਅਤੇ ਸ਼ੋਹਰਤ ਕਾਰਨ ਪੰਜਾਬੀ ਸਭਿਆਚਾਰ ਦੀ ਮਿੱਟੀ ਪਲੀਤ ਕਰ ਰਹੇ ਹਨ। ਇਹ ਲੋਕ ਅਜਿਹੇ ਗੀਤ ਲਿਖ ਰਹੇ ਹਨ ਜਿਹੜੇ ਪਰਿਵਾਰ ਵਿਚ ਇਕੱਠਿਆਂ ਬੈਠ ਕੇ ਸੁਣੇ ਵੀ ਨਹੀਂ ਜਾ ਸਕਦੇ!*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਕਤੂਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-244



*ਪਤੀ ਦਾ ਹੋਵੇ ਵਾਲ ਨਾ ਵਿੰਗਾ, ਇਸ ਫੋਟੋ ਦਾ ਤੱਥ।*
*ਤਾਹੀਂਓਂ ਪਤਨੀ ਰੱਖ ਕੇ ਬੈਠੀ, ਘਰ ਵਾਲੇ ਸਿਰ ਹੱਥ।*

## ਕੈਪਸ਼ਨ ਮੁਕਾਬਲਾ-242



ਲੋੜ ਵੇਲੇ ਤਾਂ ਕਰਦੇ ਸੇਵਾ
ਪਿੱਛੋਂ ਗੁਣ ਨਾ ਪਾਵਣ।
ਫੰਡਰ ਹੋਈ ਤੋਂ ਮਾਰ ਕੇ ਡੰਡਾ
ਘਰ ਤੋਂ ਬਾਹਰ ਭਜਾਵਣ।
ਸਾਡੇ ਨਾਂ 'ਤੇ ਕਰਨ ਸਿਆਸਤ
ਪੂਜਣ, ਢੋਂਗ ਰਚਾਵਣ।
ਅਸਾਂ ਵੀ ਪੱਕਾ ਲਾ ਲਿਆ ਧਰਨਾ
ਆਪੇ ਬਚ ਲੰਘ ਜਾਵਣ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਗਊ ਮਾਤਾ ਭਾਵੇਂ ਸਾਰੇ ਕਹਿੰਦੇ
ਜਦੋਂ ਤੱਕ ਦੁੱਧ ਹੈ ਦਿੰਦੀ।
ਅਕ੍ਰਿਤਘਣ ਬਣ ਘਰੋਂ ਕੱਢ ਛੱਡਦੇ
ਜਦੋਂ ਬੁੱਢੀ ਜਾਂ ਫੰਡਰ ਹੁੰਦੀ।
ਵਿਚਾਰੀ ਬੇਘਰ ਹੁਣ ਕਿੱਧਰ ਜਾਊ
ਇਸ ਦੀ ਨਾ ਕਿਸੇ ਨੂੰ ਪ੍ਰਵਾਹ।
ਮਜਬੂਰੀਵੱਸ ਚੌਕ ਆ ਮੱਲਿਆ
ਟਰੈਫਿਕ ਦੀ ਨਾ ਹੁਣ ਇਸ ਨੂੰ ਪ੍ਰਵਾਹ।
'ਗਊ ਰੱਖਿਆ' ਦੇ ਨਾਮ ਥੱਲੇ
ਨਿੱਤ ਨਵੇਂ ਨੇਤਾ ਨੇ ਉਗਦੇ।
ਜ਼ੁਲਮ ਢਾਹੁੰਦੇ ਮਜ਼ਲੂਮਾਂ ਉਤੇ
ਸਰਕਾਰੇ-ਦਰਬਾਰੇ ਨੇ ਪੁੱਗਦੇ।
ਮੇਰੇ ਵਤਨ ਦੇ ਲੋਕੋ ਜਾਗੋ
ਕਿਉਂ ਘਾਣ ਧਰਮਾਂ ਦੇ ਕਰਦੇ ਹੋ।
ਦੀਨ ਦੁਖੀ ਦਾ ਦਰਦ ਵੰਡਾਵੋ
ਕਿਉਂ ਪਸ਼ੂਆਂ ਪਿਛੇ ਲੜਦੇ ਹੋ!

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਮਾਂਵਾਂ ਨਾਲੋਂ ਗਾਂਵਾਂ ਚੰਗੀਆਂ,
ਦੇਖੋ ਅਜਬ ਤਮਾਸ਼ਾ।
ਭਗਤਾਂ ਦੀ ਹੈ ਨਜ਼ਰ ਸਵੱਲੀ,
ਫਿਕਰ ਨਾ ਭੋਰਾ-ਮਾਸਾ।
ਰੱਬਾ ਭੇਜ ਮਾਂਵਾਂ ਲਈ ਵੀ,
ਠੰਢੀਆਂ ਮਿੱਠੀਆਂ ਹਵਾਵਾਂ ਨੂੰ।
ਸਖੀਆਂ ਦੇ ਸੰਗ ਰਲ ਬੈਠ ਕੇ
ਮਾਣਨ ਆਪਣੇ ਚਾਵਾਂ ਨੂੰ।

***-ਦਵਿੰਦਰ ਕੌਰ***

---

ਫਿਰਕਾਪ੍ਰਸਤੀ ਦਾ ਵਧਿਆ ਬੋਲਬਾਲਾ
ਪੇੜਾ ਦੇ ਕੇ ਗਾਂ ਨੂੰ ਟੇਕੋ ਮੱਥਾ
ਇਹ ਕ੍ਰਿਸ਼ਨ ਭਗਵਾਨ ਦੀਆਂ ਗਾਈਆਂ
ਬਾਲਟੀ ਦੁੱਧ ਦੀ ਭਰਦੀ ਸੀ ਜਦੋਂ
ਸਤਿਕਾਰ ਵੀ ਬੜਾ ਸੀ ਘਰ 'ਚ।
ਦੁੱਧ ਦੇਣੋਂ ਹਟ, ਹੋ ਜਾਂਦੀਆਂ ਤੋਕੜਾਂ ਜਦੋਂ
ਮਾਰ ਡੰਡਾ ਕੱਢ ਦਿੰਦੇ ਵਸੀਵੇਂ ਤੋਂ ਬਾਹਰ।
ਖਾ ਛਿਲਕੇ ਕੇਲਿਆਂ ਦੇ
ਮੂੰਹ ਮਾਰ ਕੂੜਾ-ਕਰਕਟਾਂ 'ਚ
ਬਣ ਗਿਆ ਹੋਣਾ ਵੱਗ ਇਨ੍ਹਾਂ ਦਾ।
ਜਿਥੇ ਜੀਅ ਕੀਤਾ ਰੋਕ ਦਿੱਤਾ ਟਰੈਫਿਕ
ਮਾਰੋ ਭਾਵੇਂ ਕਿੰਨੇ ਹਾਰਨ
ਕਦੇ ਨਾ ਉਠਣ, ਬਹਿ ਜਾਣ ਜਿੱਥੇ।
ਗਾਈਆਂ ਦਾ ਵੱਗ ਹੋਰ ਅੱਥਰਾ ਹੋਇਆ
ਹਿੰਦੂਤਵ ਸੱਤਾ 'ਚ ਜਦੋਂ ਦਾ ਭਾਰੂ ਹੋਇਆ।
ਭਗਵਾਂ ਬ੍ਰਿਗੇਡ ਜਿਸ ਕਦਰ ਲਾਮਬੰਦ ਹੋ ਰਿਹਾ
ਨਿੱਕਰਾਂ ਦੀ ਜਗ੍ਹਾ ਪਾ ਪੈਂਟ
ਫੜ ਹੱਥ 'ਚ ਸੋਟਾ ਮਾਰਚ ਕਰਦਾ।
ਵਰਤਣਗੇ ਇਸੇ ਗਾਂ ਨੂੰ ਜਹਾਦ ਲਈ
ਭੂਸਰੀਆਂ ਗਾਈਆਂ ਸੜਕਾਂ 'ਤੇ ਫਿਰਦੀਆਂ
ਪਿਉ ਉਨ੍ਹਾਂ ਦਾ ਰਾਜ ਹੈ ਦੇਸ਼ 'ਤੇ।

***-ਦਰਸ਼ਨਪਾਲ ਦੋਸਾਂਝ***

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting any model homes to save big time.**

## Just Sold

1. 43775 Greenhills Way, Fremont, CA 94539
2. 29145 Eden Shores Drive, Hayward, CA 94545
3. 2955 Fairmont Ave, Clovis, CA 93611
4. 3907 Crestmore Ct., Stockton, CA 95206
5. 4415 Viejo Way, Union City, CA 94587
6. 1765 Ettle Dr., Manteca, CA 95337
7. 3427 Bathgate Ln., San Jose, CA 95121
8. 6098 Birch Pl, Newark, CA 94560
9. 27714 Treat Ln., Hayward, CA 94545
10. 847 Bishop Ave., Hayward, CA 94544
11. 208 Herlong Ave., San Jose, CA 95123
12. 1951 Pagola Ave, Manteca, CA 95337
13. 7778 Kelly Canyon Dr., Dublin, CA 94568
14. 39034 Gaurdino Ter#108, Fremont, CA 94538
15. 6337 Benner Ct., Pleasanton CA 94588
16. 3550 Walton Ave., San Jose, CA 95117
17. 325 Johnson Ferry Rd., Lathrop, CA 95330
18. 1725 Gloria Cir., Tracy, CA 95377

# Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

**Call Sukhi Gill** **Ph: 510-207-9067**
DHMS, Loan Broker

CA BRE Lic.#01180969
NMLS# 352095

Selling new and old Homes from San Jose to Sacramento



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਚੋਣ ਸਰਵੇਖਣਾਂ ਨੇ ਚਾੜ੍ਹਿਆ ਪੰਜਾਬ ਦਾ ਸਿਆਸੀ ਪਾਰਾ




**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋਣ ਵਾਲੀਆਂ ਚੋਣਾਂ ਸਬੰਧੀ ਇਕ ਟੀ.ਵੀ. ਚੈਨਲ ਵੱਲੋਂ ਪੇਸ਼ ਕੀਤੇ ਗਏ ਚੋਣ ਸਰਵੇਖਣ ਨੇ ਸੂਬੇ ਦਾ ਸਿਆਸੀ ਪਾਰਾ ਇਕਦਮ ਸਤਵੇਂ ਅਸਮਾਨ 'ਤੇ ਪਹੁੰਚਾ ਦਿੱਤਾ ਹੈ, ਹਾਲਾਂਕਿ ਇਸ ਚੋਣ ਸਰਵੇਖਣ ਵਿਚ ਕਿੰਨੀ ਕੁ ਸੱਚਾਈ ਹੈ, ਇਹ ਇਕ ਵੱਖਰਾ ਵਿਸ਼ਾ ਹੈ, ਪਰ ਜਿਸ ਤਰ੍ਹਾਂ ਇਸ ਸਰਵੇਖਣ ਨੂੰ ਲੈ ਕੇ ਸਿਆਸੀ ਪਾਰਟੀਆਂ 'ਚ ਘਮਸਾਣ ਮੱਚ ਗਿਆ ਹੈ, ਉਸ ਨਾਲ ਸੂਬੇ ਦੀ ਸਿਆਸਤ ਦਾ ਗਰਮਾਉਣਾ ਲਾਜ਼ਮੀ ਹੈ। ਇਸ ਚੋਣ ਸਰਵੇਖਣ ਨੂੰ ਲੈ ਕੇ ਜਿਥੇ ਕਾਂਗਰਸੀ ਆਗੂ ਤੇ ਵਰਕਰ ਬਾਗੋ-ਬਾਗ ਹਨ, ਉਥੇ ਇਹ ਸਰਵੇਖਣ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਲਈ ਨਿਰਾਸ਼ਾ ਵਾਲਾ ਹੈ ਤੇ ਆਮ ਆਦਮੀ ਪਾਰਟੀ ਦੇ ਆਗੂ ਵੀ ਇਸ ਸਰਵੇਖਣ ਤੋਂ ਸੰਤੁਸ਼ਟ ਨਹੀਂ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਸਰਵੇਖਣ ਉਤੇ ਸਵਾਲ ਉਠਾਉਂਦੇ ਹੋਏ ਇਸ ਨੂੰ ਪੂਰਨ ਤੌਰ 'ਤੇ ਪੱਖਪਾਤੀ ਦੱਸਦਿਆਂ ਕਿਹਾ ਹੈ ਕਿ ਉਕਤ ਚੈਨਲ ਵੱਲੋਂ ਪੰਜਾਬ ਸਬੰਧੀ ਪਹਿਲਾਂ ਵੀ ਸਰਵੇਖਣ ਹੁੰਦੇ ਰਹੇ ਹਨ, ਜੋ ਕਿ ਪੂਰੀ ਤਰ੍ਹਾਂ ਗਲਤ ਸਾਬਤ ਹੋਏ ਸਨ।

ਨਿਊਜ਼ ਚੈਨਲ ਵੱਲੋਂ ਪੇਸ਼ ਕੀਤੇ ਗਏ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ 33 ਫੀਸਦੀ ਵੋਟ ਮਿਲਣਗੇ, ਜਿਸ ਨਾਲ ਉਹ 49 ਤੋਂ 55 ਸੀਟਾਂ ਜਿੱਤਣ 'ਚ ਕਾਮਯਾਬ ਰਹੇਗੀ। ਜਦਕਿ ਆਮ ਆਦਮੀ ਪਾਰਟੀ 30 ਫੀਸਦੀ ਵੋਟਾਂ ਹਾਸਲ ਕਰ ਕੇ 42 ਤੋਂ 46 ਸੀਟਾਂ 'ਤੇ ਜਿੱਤ ਹਾਸਲ ਕਰ ਸਕੇਗੀ।

ਸਰਵੇਖਣ ਵਿਚ ਅਕਾਲੀ-ਭਾਜਪਾ ਗਠਜੋੜ ਦੀ ਹਾਲਤ ਕਾਫੀ ਪਤਲੀ ਪੇਸ਼ ਕੀਤੀ ਗਈ ਹੈ ਤੇ ਉਸ ਨੂੰ ਸਿਰਫ 22 ਫੀਸਦੀ ਵੋਟ ਮਿਲਣ ਦੀ ਸੰਭਾਵਨਾ ਪ੍ਰਗਟਾਉਂਦੇ ਹੋਏ 17 ਤੋਂ 21 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ। ਉਧਰ, ਇਸ ਚੋਣ ਸਰਵੇਖਣ 'ਤੇ ਟਿੱਪਣੀ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਕਤ ਟੀ.ਵੀ. ਚੈਨਲ ਵੱਲੋਂ ਜੋ ਸਰਵੇਖਣ ਪੇਸ਼ ਕੀਤੇ ਗਏ ਸਨ, ਉਹ ਸਾਰੇ ਝੂਠੇ ਸਾਬਤ ਹੋਏ ਸਨ। ਇਸ ਚੈਨਲ ਵੱਲੋਂ 2002 'ਚ ਚੋਣਾਂ ਵਾਲੇ ਦਿਨ ਇਹ ਕਿਹਾ ਗਿਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਨੇ ਹਾਰ ਮੰਨ ਲਈ ਹੈ ਅਤੇ ਅਕਾਲੀ ਦਲ ਦਾ ਪੰਜਾਬ 'ਚੋਂ ਸਫਾਇਆ ਹੋਣ ਜਾ ਰਿਹਾ ਹੈ, ਜਿਸ ਦਾ ਅਕਾਲੀ ਦਲ ਦੇ ਵਰਕਰਾਂ 'ਤੇ ਨਾਂਹ ਪੱਖੀ ਅਸਰ ਪਿਆ ਸੀ। ਇਸ ਦੇ ਬਾਵਜੂਦ ਅਕਾਲੀ ਦਲ ਨੇ 2002 ਵਿਚ 44 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਇਸ ਸਰਵੇਖਣ ਬਾਰੇ ਉਕਤ ਚੈਨਲ ਨੂੰ ਚੋਣ ਕਮਿਸ਼ਨ ਤੋਂ ਮੁਆਫੀ ਤੱਕ ਮੰਗਣੀ ਪਈ ਸੀ।

## ਨਵਜੋਤ ਸਿੱਧੂ ਨੇ ਉਲਝਾਈ ਸਿਆਸੀ ਧਿਰਾਂ ਦੀ ਤਾਣੀ

**ਚੰਡੀਗੜ੍ਹ:** ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਫਰੰਟ ਦਾ ਕਾਂਗਰਸ ਨਾਲ ਜਾਣ ਨੂੰ ਲੈ ਕੇ ਪੇਚ ਅਜੇ ਵੀ ਫਸਿਆ ਹੋਇਆ ਹੈ। ਅਸਲ ਵਿਚ ਕਾਂਗਰਸ ਸਿੱਧੂ ਅਤੇ ਉਨ੍ਹਾਂ ਦੇ ਫਰੰਟ ਨੂੰ ਪਾਰਟੀ ਵਿਚ ਸ਼ਾਮਲ ਕਰਨਾ ਚਾਹੁੰਦੀ ਹੈ ਜਦੋਂਕਿ ਸਿੱਧੂ ਸਿਰਫ ਕਾਂਗਰਸ ਨੂੰ ਹਿਮਾਇਤ ਦੇ ਹੱਕ ਵਿਚ ਹਨ। ਇਸ ਗੱਲ ਨੂੰ ਲੈ ਕੇ ਦੋਵਾਂ ਧਿਰਾਂ ਵਿਚ ਪੇਚ ਫਸਿਆ ਹੋਇਆ ਹੈ। ਕਾਂਗਰਸ ਦੀ ਦਲੀਲ ਇਹ ਵੀ ਹੈ ਕਿ ਜੇਕਰ ਚੋਣਾਂ ਤੋਂ ਬਾਅਦ ਸਿੱਧੂ ਖੇਮਾ ਕੁਝ ਸੀਟਾਂ ਜਿੱਤ ਜਾਂਦਾ ਹੈ ਤਾਂ ਉਨ੍ਹਾਂ ਦਾ ਕਾਂਗਰਸ ਤੋਂ ਵੱਖਰਾ ਹੋਣ ਦਾ ਰਸਤਾ ਖੁੱਲ੍ਹਾ ਹੋਵੇਗਾ। ਇਸ ਗੱਲ ਦੀ ਚਿੰਤਾ ਕਰਦਿਆਂ ਕਾਂਗਰਸ ਸਿੱਧੂ ਨੂੰ ਪਾਰਟੀ ਵਿਚ ਸ਼ਾਮਲ ਕਰਨਾ ਚਾਹੁੰਦੀ ਹੈ। ਦੂਜੇ ਪਾਸੇ ਸਿੱਧੂ ਦਾ ਫਰੰਟ ਕਾਂਗਰਸ ਨੂੰ ਹਿਮਾਇਤ ਦੇਣਾ ਚਾਹੁੰਦਾ ਹੈ। ਸੂਤਰਾਂ ਅਨੁਸਾਰ ਸਿੱਧੂ ਨਾਲ ਤਾਲਮੇਲ ਨੂੰ ਕਾਂਗਰਸ ਰਾਜ਼ੀ ਹੋ ਗਈ ਹੈ ਅਤੇ ਇਸ ਲਈ ਫਾਰਮੂਲਾ ਵੀ ਤਿਆਰ ਹੋ ਗਿਆ ਹੈ, ਪਰ ਪੰਜਾਬ ਨੂੰ ਲੈ ਕੇ ਜੋ ਚੋਣ ਸਰਵੇਖਣ ਸਾਹਮਣੇ ਆਇਆ ਹੈ ਉਸ ਤੋਂ ਲੱਗ ਰਿਹਾ ਕਿ ਡੀਲ ਦੇ ਪਿੱਛੇ ਦੋਵਾਂ ਦਾ ਆਪਣਾ ਆਪਣਾ ਡਰ ਹੈ। ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਕਿ ਨਵਜੋਤ ਸਿੱਧੂ ਬਿਨਾਂ ਸ਼ਰਤ ਕਾਂਗਰਸ ਵਿਚ ਆਉਂਦੇ ਹਨ ਤਾਂ ਉਨ੍ਹਾਂ ਸਵਾਗਤ ਕੀਤਾ ਜਾਵੇਗਾ, ਪਰ ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਸ਼ਰਤਾਂ ਨਾਲ ਕਾਂਗਰਸ ਵਿਚ ਕੋਈ ਵੀ ਵਿਅਕਤੀ ਸ਼ਾਮਲ ਨਹੀਂ ਹੋ ਸਕਦਾ। ਕੈਪਟਨ ਦੇ ਇਸ ਬਿਆਨ ਤੋਂ ਸਪਸ਼ਟ ਹੈ ਕਿ ਪਾਰਟੀ ਹਾਈ ਕਮਾਨ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਸਿੱਧੂ ਬਾਰੇ ਕੋਈ ਫੈਸਲਾ ਲੈਣ ਦੇ ਮੂਡ ਵਿਚ ਨਹੀਂ ਹੈ। ਸਿੱਧੂ ਨਾਲ ਤਾਲਮੇਲ ਦਾ ਜੋ ਫਾਰਮੂਲਾ ਤਿਆਰ ਹੋ ਰਿਹਾ, ਉਸ ਅਨੁਸਾਰ ਕਾਂਗਰਸ ਛੇ ਸੀਟਾਂ ਉਨ੍ਹਾਂ ਲਈ ਛੱਡ ਸਕਦੀ ਹੈ। ਸਰਕਾਰ ਬਣਨ ਦੀ ਸਥਿਤੀ ਵਿਚ ਅੰਮ੍ਰਿਤਸਰ ਤੋਂ ਨਵਜੋਤ ਸਿੰਘ ਸਿੱਧੂ ਨੂੰ ਲੋਕ ਸਭਾ ਸੀਟ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਪੰਜਾਬ ਵਿਚ ਮੰਤਰੀ ਦਾ ਅਹੁਦਾ ਵੀ ਮਿਲ ਸਕਦਾ ਹੈ। ਭਾਜਪਾ ਤੋਂ ਨਾਤਾ ਤੋੜਨ ਤੋਂ ਬਾਅਦ ਸਿੱਧੂ ਨੇ ਅਸਲ ਵਿਚ ਆਮ ਆਦਮੀ ਨਾਲ ਹੱਥ ਮਿਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੁੱਖ ਮੰਤਰੀ ਦੇ ਅਹੁਦੇ ਉਤੇ ਕੇਜਰੀਵਾਲ ਨਾਲ ਸਹਿਮਤੀ ਨਾ ਬਣਨ ਕਾਰਨ ਇਹ ਗੱਲਬਾਤ ਅੱਧ ਵਿਚਾਲੇ ਟੁੱਟ ਗਈ।

# ਆਸਟਰੇਲੀਆ ਦੇ ਲੋਕਾਂ ਦਾ ਗੁਰਬਤ ਨਾਲ ਘੋਲ



**ਸਿਡਨੀ:** ਆਸਟਰੇਲੀਆ ਵਿਚ 7 ਲੱਖ 30 ਹਜ਼ਾਰ ਬੱਚੇ, ਜੋ ਕੁੱਲ ਆਬਾਦੀ ਦਾ 17.4 ਫੀਸਦੀ ਹਨ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਤਕਰੀਬਨ ਤੀਹ ਲੱਖ ਲੋਕ ਮੁਲਕ ਅੰਦਰ ਗੁਰਬਤ ਦੀ ਹਾਲਤ ਵਿਚ ਜੀਵਨ ਜੀਅ ਰਹੇ ਹਨ। ਆਸਟਰੇਲੀਅਨ ਕੌਂਸਲ ਆਫ ਸੋਸ਼ਲ ਸਰਵਿਸਿਜ਼ ਨੇ ਮੁਲਕ ਬਾਰੇ ਹੈਰਾਨੀਜਨਕ ਅੰਕੜੇ ਜਾਰੀ ਕੀਤੇ ਹਨ, ਜੋ ਪਰਵਾਸ ਵਿਚ ਜੁਟੇ ਲੋਕਾਂ ਲਈ ਵਿਚਾਰਨਯੋਗ ਹੈ। ਇਹ ਕੌਂਸਲ ਕੌਮੀ ਆਵਾਜ਼ ਵਜੋਂ ਸਾਲ 1956 ਵਿਚ ਗਰੀਬੀ ਤੇ ਨਾਬਰਾਬਰੀ ਨੂੰ ਘੱਟ ਕਰਨ ਦੇ ਉਦੇਸ਼ ਨਾਲ ਸਥਾਪਤ ਕੀਤੀ ਗਈ ਸੀ।

ਕੌਂਸਲ ਨੇ ਇਹ ਰਿਪੋਰਟ ਨਿਊ ਸਾਊਥ ਵੇਲਜ਼ ਯੂਨੀਵਰਸਿਟੀ ਦੇ ਸੋਸ਼ਲ ਨੀਤੀ ਖੋਜ ਕੇਂਦਰ ਦੀ ਭਾਈਵਾਲੀ ਨਾਲ ਪੇਸ਼ ਕੀਤੀ ਹੈ। ਇਸ ਨੂੰ ਆਸਟਰੇਲੀਆ ਦੇ ਕਮਿਊਨਿਟੀ ਫਾਊਂਡੇਸ਼ਨ ਸੋਸ਼ਲ ਜਸਟਿਸ ਫੰਡ, ਸਮਾਜ ਸੇਵੀ ਸੰਸਥਾ ਸਟਰੀਟ ਵਿਨਸਟ ਡੀ ਪੌਲਸ ਸੁਸਾਇਟੀ, ਮਿਸ਼ਨ ਆਸਟਰੇਲੀਆ ਅਤੇ ਸਾਲਵੇਸ਼ਨ ਆਰਮੀ ਦੇ ਸਹਿਯੋਗ ਨਾਲ ਜਾਰੀ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਦਸ ਸਾਲਾਂ (2004-2014) ਵਿਚ ਗਰੀਬੀ ਰੇਖਾ ਵਿਚ 2 ਫੀਸਦੀ ਵਾਧਾ ਹੋਇਆ ਹੈ। ਆਰਥਿਕ ਵਿਕਾਸ ਦਰ ਦੇ ਪਿਛਲੇ 25 ਸਾਲ ਦੇ ਸਭ ਤੋਂ ਉਚੇ ਪੱਧਰ 'ਤੇ ਹੋਣ ਦੇ ਬਾਵਜੂਦ ਆਬਾਦੀ ਦਾ 13.3 ਫੀਸਦੀ ਹਿੱਸਾ ਗਰੀਬੀ ਵਿਚ ਰਹਿ ਰਿਹਾ ਹੈ। ਜ਼ਿਕਰਯੋਗ ਹੈ ਕਿ ਮੁਲਕ ਦੀ ਆਬਾਦੀ ਤਕਰੀਬਨ ਸਵਾ ਦੋ ਕਰੋੜ ਹੈ।

ਕੌਂਸਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਕਸੈਂਡਰਾ ਗੋਲਡੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਗਰੀਬੀ ਵਿਚ 40 ਫੀਸਦੀ ਵਾਧਾ ਹੋਇਆ ਹੈ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਗਰੀਬੀ ਰੇਖਾ ਔਸਤ ਆਮਦਨ ਇਕ ਬਾਲਗ ਲਈ 426 ਡਾਲਰ ਅਤੇ ਦੋ ਬੱਚਿਆਂ ਨਾਲ ਇਕ ਜੋੜੇ ਨੂੰ ਤਕਰੀਬਨ 895 ਡਾਲਰ ਇਕ ਹਫਤੇ ਦੀ ਤਨਖਾਹ ਨੂੰ ਮੰਨਿਆ ਗਿਆ ਹੈ। ਕੌਂਸਲ ਨੇ ਇਸ ਨੂੰ ਸ਼ਰਮਨਾਕ ਰਿਪੋਰਟ ਦੱਸਿਆ ਹੈ। ਸੰਘੀ ਸਰਕਾਰ ਨੂੰ ਤੁਰਤ ਵਿਚਾਰਨ ਅਤੇ ਸਥਿਤੀ ਹੋਰ ਬਦਤਰ ਹੋਣ ਬਾਰੇ ਆਗਾਹ ਕੀਤਾ ਹੈ।

# ਕੈਨੇਡਾ 'ਚ ਸਿੱਖ ਪਰਿਵਾਰ ਦਾ ਮੋਟਲ ਸੜ ਕੇ ਸੁਆਹ

**ਟੋਰਾਂਟੋ:** ਕੈਨੇਡਾ ਵਿਚ ਇਕ ਸਿੱਖ ਪਰਿਵਾਰ ਦਾ ਮੋਟਲ ਸੜ ਕੇ ਸੁਆਹ ਹੋ ਗਿਆ। ਇਸ ਮੰਦਭਾਗੀ ਘਟਨਾ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂ ਕਿ ਤਿੰਨ ਜਣੇ ਝੁਲਸ ਗਏ ਹਨ। ਪੁਲਿਸ ਨੂੰ ਇਸ ਮੋਟਲ ਉਤੇ ਕੁਝ ਨਸਲੀ ਟਿੱਪਣੀਆਂ ਲਿਖੀਆਂ ਹੋਣ ਬਾਰੇ ਪਤਾ ਲੱਗਾ ਹੈ, ਜਿਸ ਕਾਰਨ ਇਹ ਪੂਰੀ ਘਟਨਾ ਪਿੱਛੇ ਸਾਜ਼ਿਸ਼ ਹੋਣ ਦਾ ਸ਼ੱਕ ਪੈਦਾ ਹੋ ਗਿਆ ਹੈ।

ਅਲਬਰਟਾ ਸੂਬੇ ਵਿਚ ਟਿਵਾਣਾ ਪਰਿਵਾਰ ਦੇ 'ਬਾਸ਼ਾ ਮੋਟਰ ਇਨ' ਵਿਚ ਇਕ ਧਮਾਕੇ ਦੀ ਆਵਾਜ਼ ਗੁਆਂਢੀਆਂ ਨੂੰ ਸੁਣਾਈ ਦਿੱਤੀ ਅਤੇ ਉਨ੍ਹਾਂ ਉਸ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਦੇਖੀਆਂ। ਗੁਰਪ੍ਰੀਤ ਟਿਵਾਣਾ ਤੇ ਬਰਿੰਦਰ ਟਿਵਾਣਾ ਦੇ ਨਾਂ ਰਜਿਸਟਰਡ ਇਸ ਮੋਟਲ ਨੇੜੇ ਰਹਿਣ ਵਾਲੇ ਲੋਕ ਇਸ ਪਰਿਵਾਰ ਦੀ ਮਦਦ ਲਈ ਅੱਗੇ ਆਏ। ਉਨ੍ਹਾਂ ਨੇ ਦੋ ਦਿਨਾਂ ਵਿਚ ਇਸ ਪਰਿਵਾਰ ਦੀ ਮਦਦ ਲਈ ਅੱਠ ਹਜ਼ਾਰ ਡਾਲਰ ਤੋਂ ਵੱਧ ਧਨ ਇਕੱਤਰ ਕੀਤਾ ਹੈ। ਇਕ ਗੁਆਂਢੀ ਦੀ ਫੈਜ਼ਲ ਮਦੀ ਨੇ ਦੱਸਿਆ ਕਿ ਉਹ ਬਾਸ਼ਾ ਮੋਟਲ ਵਿਚ ਹੋਏ ਜ਼ੋਰਦਾਰ ਧਮਾਕੇ ਅਤੇ ਉਸ ਬਾਅਦ ਰੋਣ-ਕਰਲਾਉਣ ਦੀਆਂ ਆਵਾਜ਼ਾਂ ਨੂੰ ਕਦੇ ਵੀ ਨਹੀਂ ਭੁੱਲ ਸਕੇਗਾ।

ਉਸ ਨੇ ਟਿਵਾਣਾ ਪਰਿਵਾਰ ਦੀ ਇਕ ਔਰਤ ਤੇ ਦੋ ਬੱਚਿਆਂ ਦੀ ਜਾਨ ਬਚਾਈ ਹੈ। ਮਦੀ ਅਨੁਸਾਰ ਤਿੰਨੇ ਬੁਰੀ ਤਰ੍ਹਾਂ ਝੁਲਸ ਗਏ ਹਨ। ਇਹ ਦੋਵੇਂ ਮੁੰਡੇ ਆਪਣੇ ਪਿਉ ਲਈ ਰੋ-ਕੁਰਲਾ ਰਹੇ ਸਨ, ਜੋ ਅੰਦਰ ਸੀ। ਪੁਲਿਸ ਅਨੁਸਾਰ ਮੋਟਲ ਉਤੇ ਨਸਲੀ ਟਿੱਪਣੀ ਲਿਖੀ ਹੋਈ ਹੈ, ਪਰ ਜਾਂਚਕਾਰਾਂ ਨੂੰ ਫਿਲਹਾਲ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ, ਜਿਸ ਨਾਲ ਅੱਗ ਲੱਗਣ ਤੇ ਟਿੱਪਣੀ ਵਿਚਾਲੇ ਕੋਈ ਸਬੰਧ ਸਥਾਪਤ ਹੁੰਦਾ ਹੋਵੇ।

# ਕੋਟਾ ਪੂਰਾ ਕਰਨ ਲਈ ਪੰਜਾਬ ਵਿਚ ਨਾਜਾਇਜ਼ ਸ਼ਰਾਬ ਦਾ ਆਇਆ ਹੜ੍ਹ




**ਬਠਿੰਡਾ:** ਪੰਜਾਬ ਵਿਚ ਗੈਰਕਾਨੂੰਨੀ ਸ਼ਰਾਬ ਦਾ ਹੜ੍ਹ ਆਇਆ ਹੋਇਆ ਹੈ। ਇਸ ਵਾਰ ਸ਼ਰਾਬ ਦਾ ਕੋਟਾ ਜ਼ਿਆਦਾ ਹੈ, ਜਿਸ ਨੂੰ ਖਪਾਉਣ ਲਈ ਦੋ ਨੰਬਰ ਦੀ ਵਿਕਰੀ ਜ਼ੋਰਾਂ ਉਤੇ ਹੈ। ਇਹੋ ਨਾਜਾਇਜ਼ ਵਿਕਰੀ ਹੁਣ ਮਾਰ-ਧਾੜ ਦਾ ਕਾਰਨ ਬਣ ਗਈ ਹੈ, ਜਿਸ ਦੇ ਨਤੀਜੇ ਵਜੋਂ ਘਰਾਂਗਣਾ ਕਾਂਡ ਵਾਪਰਿਆ ਹੈ।

ਮਾਲਵੇ ਵਿਚ ਤਕਰੀਬਨ 100 ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ, ਪਰ ਇਥੇ ਨਾਜਾਇਜ਼ ਸ਼ਰਾਬ ਵਿਕ ਰਹੀ ਹੈ। ਸੂਤਰਾਂ ਮੁਤਾਬਕ ਹਾਕਮ ਧਿਰ ਦੇ ਕੁਝ ਆਗੂ ਕਥਿਤ ਤੌਰ 'ਤੇ ਇਨ੍ਹਾਂ ਪਿੰਡਾਂ ਵਿਚ ਸ਼ਰਾਬ ਵੇਚ ਰਹੇ ਹਨ। ਮਾਲਵੇ ਵਿਚ ਸ਼ਰਾਬ ਦੇ ਠੇਕੇਦਾਰ ਕਰੀਬ 40 ਕਰੋੜ ਰੁਪਏ ਦੇ ਡਿਫਾਲਟਰ ਹਨ। ਇਹ ਠੇਕੇਦਾਰ ਹੁਣ ਸ਼ਰਾਬ ਦਾ ਕੋਟਾ ਕੱਢਣ ਲਈ ਮੁਕਾਬਲੇਬਾਜ਼ੀ ਵਿਚ ਪਿੰਡਾਂ ਵਿਚ ਗੈਰਕਾਨੂੰਨੀ ਸ਼ਰਾਬ ਸਪਲਾਈ ਕਰ ਰਹੇ ਹਨ। ਇਕ ਠੇਕੇਦਾਰ ਨੇ ਦੱਸਿਆ ਕਿ ਸਿਆਸੀ ਲੋਕਾਂ ਨੇ ਪਿੰਡਾਂ ਵਿਚ ਕੁਝ ਲੋਕਾਂ ਨੂੰ ਨਾਜਾਇਜ਼ ਸ਼ਰਾਬ ਵੇਚਣ ਦੀ ਖੁੱਲ੍ਹ ਦਿੱਤੀ ਹੋਈ ਹੈ। ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਵਿਚ ਛੇ ਮਹੀਨਿਆਂ ਦੌਰਾਨ ਐਕਸਾਈਜ਼ ਐਕਟ ਤਹਿਤ 520 ਕੇਸ ਦਰਜ ਹੋਣੇ ਨਾਜਾਇਜ਼ ਸ਼ਰਾਬ ਦੀ ਵਿਕਰੀ ਦੀ ਗਵਾਹੀ ਭਰਦੇ ਹਨ।

ਬਠਿੰਡਾ ਜ਼ਿਲ੍ਹੇ ਵਿਚ ਠੇਕੇਦਾਰ ਕਰੀਬ 25 ਕਰੋੜ ਦੇ ਡਿਫਾਲਟਰ ਹਨ। ਇਥੋਂ ਦੇ ਈ.ਟੀ.ਓ (ਵਿਕਰੀ) ਨੇ ਕਿਹਾ ਕਿ ਡਿਫਾਲਟਰਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਵਿਆਜ ਸਮੇਤ ਰਕਮ ਭਰਾਈ ਜਾ ਰਹੀ ਹੈ। ਬਰਨਾਲਾ ਜ਼ਿਲ੍ਹੇ ਵਿਚ ਦੋ ਗਰੁੱਪ ਕਰੀਬ ਦੋ ਕਰੋੜ ਦੇ ਡਿਫਾਲਟਰ ਹਨ ਜਿਨ੍ਹਾਂ ਦੇ ਕਰੀਬ 60 ਠੇਕੇ ਬੰਦ ਕਰ ਦਿੱਤੇ ਗਏ ਹਨ। ਈ.ਟੀ.ਓ. ਬਰਨਾਲਾ ਬਲਵਿੰਦਰ ਸਿੰਘ ਦਾ ਕਹਿਣਾ ਸੀ ਕਿ ਇਹ ਠੇਕੇ 14 ਅਕਤੂਬਰ ਨੂੰ ਮੁੜ ਅਲਾਟ ਕੀਤੇ ਜਾਣੇ ਹਨ। ਉਨ੍ਹਾਂ ਨੇ ਨਾਜਾਇਜ਼ ਵਿਕਰੀ ਦੀ ਗੱਲ ਤੋਂ ਇਨਕਾਰ ਕੀਤਾ ਹੈ। ਫਿਰੋਜ਼ਪੁਰ ਦੇ ਇਕ ਗਰੁੱਪ ਦੇ 20 ਪਿੰਡਾਂ ਵਿਚ ਸ਼ਰਾਬ ਦੇ ਠੇਕੇ ਐਤਕੀਂ ਚੜ੍ਹੇ ਹੀ ਨਹੀਂ। ਸੂਤਰ ਦੱਸਦੇ ਹਨ ਕਿ ਹਾਕਮ ਧਿਰ ਦਾ ਇਕ ਆਗੂ ਉਤੇ ਇਨ੍ਹਾਂ 20 ਪਿੰਡਾਂ ਵਿਚ ਨਾਜਾਇਜ਼ ਸ਼ਰਾਬ ਵੇਚ ਰਿਹਾ ਹੈ। ਮੁਕਤਸਰ ਦੇ ਇਕ ਗਰੁੱਪ ਦੇ 8 ਪਿੰਡਾਂ ਦੇ ਠੇਕੇ ਹੁਣ ਮੁੜ ਅਲਾਟ ਕੀਤੇ ਗਏ ਹਨ। ਪਿਛਲੇ ਮਹੀਨਿਆਂ ਦੌਰਾਨ ਇਨ੍ਹਾਂ ਪਿੰਡਾਂ ਵਿਚ ਸ਼ਰਾਬ ਦੀ ਨਾਜਾਇਜ਼ ਵਿਕਰੀ ਹੁੰਦੀ ਰਹੀ ਹੈ। ਤਰਨਤਾਰਨ ਦੇ 10 ਪਿੰਡਾਂ ਵਿਚ ਕਰੀਬ ਡੇਢ ਮਹੀਨਾ ਠੇਕੇ ਬੰਦ ਰਹੇ ਹਨ। ਫਾਜ਼ਿਲਕਾ ਦੇ ਤਿੰਨ ਗਰੁੱਪਾਂ ਦੇ ਠੇਕੇਦਾਰ 3.51 ਕਰੋੜ ਦੇ ਡਿਫਾਲਟਰ ਹਨ ਜਦਕਿ ਸੰਗਰੂਰ ਤੇ ਸੁਨਾਮ ਦੇ ਠੇਕੇਦਾਰ 6 ਕਰੋੜ ਦੇ ਡਿਫਾਲਟਰ ਹਨ। ਮਾਨਸਾ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਾਕਮ ਧਿਰ ਦੇ ਆਗੂਆਂ ਦੀ ਸਰਪ੍ਰਸਤੀ ਹੇਠ ਪਿੰਡਾਂ ਵਿਚ ਨਾਜਾਇਜ਼ ਸ਼ਰਾਬ ਦੀ ਵਿਕਰੀ ਜ਼ੋਰਾਂ ਉਤੇ ਹੈ। ਨਾਜਾਇਜ਼ ਸ਼ਰਾਬ ਦੀ ਵਿਕਰੀ ਸਬੰਧੀ ਖਹਿਬਾਜ਼ੀ ਖੂਨ ਡੁੱਲ੍ਹਣ ਦਾ ਕਾਰਨ ਬਣ ਰਹੀ ਹੈ। ਸ਼ਰਾਬ ਦੇ ਇਕ ਠੇਕੇਦਾਰ ਨੇ ਦੱਸਿਆ ਕਿ ਦਰਜਨਾਂ ਲੋਕ ਅਜਿਹੇ ਹਨ ਜਿਨ੍ਹਾਂ ਖਿਲਾਫ ਨਾਜਾਇਜ਼ ਸ਼ਰਾਬ ਵੇਚਣ ਦੇ ਕਈ ਦਰਜਨ ਕੇਸ ਦਰਜ ਹਨ। ਵਿਧਾਇਕ ਸਰੂਪ ਸਿੰਗਲਾ ਨੇ ਕਿਹਾ ਕਿ ਐਤਕੀਂ ਮੰਦੇ ਦਾ ਅਸਰ ਤਾਂ ਹੈ, ਪਰ ਠੇਕੇਦਾਰਾਂ ਨੇ ਪਹਿਲਾਂ ਕਮਾਈ ਵੀ ਕੀਤੀ ਹੈ ਅਤੇ ਹੁਣ ਮੰਦਾ ਵੀ ਝੱਲਣਾ ਚਾਹੀਦਾ ਹੈ।

## ਸ਼ਰਾਬ ਮਾਫੀਆ ਨੇ ਪੰਜਾਬ ਤਬਾਹ ਕੀਤਾ: ਜਾਖੜ

**ਜਲੰਧਰ:** ਸੀਨੀਅਰ ਕਾਂਗਰਸੀ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਅਕਾਲੀਆਂ ਦੀ ਸ਼ਹਿ ਨਾਲ ਸ਼ਰਾਬ ਮਾਫੀਆ ਵੱਲੋਂ ਕੀਤੇ ਜਾ ਰਹੇ ਕਤਲਾਂ ਕਰ ਕੇ ਪੰਜਾਬ 'ਬੁੱਚੜਖਾਨਾ' ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਤਲਾਂ ਦੇ ਮਾਮਲਿਆਂ ਸਬੰਧੀ ਢਿੱਲੀ ਕਾਰਵਾਈ ਲਈ ਸਬੰਧਤ ਥਾਣੇਦਾਰਾਂ ਵਿਰੁੱਧ ਕੇਸ ਦਰਜ ਕੀਤੇ ਜਾਣੇ ਚਾਹੀਦੇ ਹਨ ਤੇ ਕਤਲਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜਲੰਧਰ, ਮਾਨਸਾ, ਮੁਕਤਸਰ ਤੇ ਅਬੋਹਰ ਵਿਚ ਸ਼ਰਾਬ ਮਾਫੀਆ ਵੱਲੋਂ ਕੀਤੇ ਗਏ ਕਤਲਾਂ ਸਬੰਧੀ ਕਾਰਵਾਈ ਲਈ ਪੁਲਿਸ ਦੇਰ ਨਾਲ ਪੁੱਜੀ ਜਾਂ ਫਿਰ ਐਫ.ਆਈ.ਆਰ ਨਾਲ ਛੇੜਛਾੜ ਕੀਤੀ ਗਈ।

## ਬਾਦਲ ਸਰਕਾਰ ਮੁੜ ਪੁਰਾਣੀ ਸ਼ਰਾਬ ਨੀਤੀ ਸਹਾਰੇ

**ਚੰਡੀਗੜ੍ਹ:** ਸੂਬੇ ਵਿਚ ਥੋਕ ਵਿਚ ਸ਼ਰਾਬ ਸਪਲਾਈ ਕਰਨ ਵਾਲੀ ਨਵੀਂ ਸੁਪਰ ਹੋਲਸੇਲਰਜ਼ (ਐਲ 1 ਏ ਲਾਇਸੈਂਸਧਾਰਕ) ਨੀਤੀ ਸੁਪਰੀਮ ਕੋਰਟ ਵੱਲੋਂ ਰੱਦ ਕੀਤੇ ਜਾਣ ਬਾਅਦ ਅਖੀਰ ਪੰਜਾਬ ਸਰਕਾਰ ਐਲ 1 ਲਾਇਸੈਂਸਧਾਰਕਾਂ ਵਾਲੀ ਪੁਰਾਣੀ ਨੀਤੀ 'ਤੇ ਆ ਗਈ ਹੈ।

ਆਬਕਾਰੀ ਮਾਲੀਆ ਘਟਣ, ਲਾਇਸੈਂਸ ਫੀਸ ਦੀ ਮੱਠੀ ਵਸੂਲੀ ਕਾਰਨ, ਸ਼ਰਾਬ ਦੀ ਸਪਲਾਈ ਤੇ ਵੰਡ ਦੀ ਨਵੀਂ ਨੀਤੀ ਸਫਲ ਨਾ ਹੋਣ ਅਤੇ ਸੁਪਰੀਮ ਕੋਰਟ ਵੱਲੋਂ ਸੂਬੇ ਦੀ ਨਵੀਂ ਵਿਵਾਦਗ੍ਰਸਤ ਨੀਤੀ ਰੱਦ ਕੀਤੇ ਜਾਣ ਪਿੱਛੋਂ ਪੰਜਾਬ ਆਬਕਾਰੀ ਤੇ ਕਰ ਵਿਭਾਗ ਨੇ ਪੁਰਾਣੇ ਸਿਸਟਮ ਨੂੰ ਆਰਜ਼ੀ ਤੌਰ 'ਤੇ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਸਾਰੇ 57 ਐਲ 1 ਲਾਇਸੈਂਸਧਾਰਕਾਂ ਨੂੰ ਹੁਣ ਸ਼ਰਾਬ ਉਤਪਾਦਕ ਸਿੱਧੀ ਸਪਲਾਈ ਕਰ ਸਕਦੇ ਹਨ। ਆਬਕਾਰੀ ਤੇ ਕਰ ਕਮਿਸ਼ਨਰ ਰਜਤ ਅਗਰਵਾਲ ਨੇ ਪੁਸ਼ਟੀ ਕੀਤੀ ਹੈ ਕਿ ਉਹ ਰਿਟੇਲਰਾਂ ਨੂੰ ਸ਼ਰਾਬ ਸਪਲਾਈ ਕਰਨ ਲਈ ਪੁਰਾਣੇ ਸਿਸਟਮ (ਐਲ 1 ਲਾਇਸੈਂਸ) ਵੱਲ ਮੁੜ ਆਏ ਹਨ। ਉਨ੍ਹਾਂ ਦੱਸਿਆ ਕਿ ਸ਼ਰਾਬ ਦੀ ਸਪਲਾਈ ਪ੍ਰਭਾਵਿਤ ਨਾ ਹੋਵੇ ਇਸ ਲਈ ਆਰਜ਼ੀ ਤੌਰ 'ਤੇ ਪੁਰਾਣਾ ਸਿਸਟਮ ਲਾਗੂ ਕੀਤਾ ਗਿਆ ਹੈ। ਹਾਲਾਂਕਿ ਇਸ ਦੌਰਾਨ ਕੁਝ ਲਾਇਸੈਂਸਧਾਰਕਾਂ ਨੇ ਅਰਜ਼ੀਆਂ ਦੇ ਦਿੱਤੀਆਂ ਹਨ ਅਤੇ ਸਿੱਧੀ ਸਪਲਾਈ ਲਈ ਪਰਮਿਟ ਹਾਸਲ ਕਰ ਲਏ ਹਨ। ਦੱਸਣਯੋਗ ਹੈ ਕਿ ਸ਼ਰਾਬ ਬਣਾਉਣ ਵਾਲੀਆਂ ਫਰਮਾਂ ਵੱਲੋਂ 29 ਸਤੰਬਰ ਤੋਂ ਸਟਾਕ ਜਾਰੀ ਨਹੀਂ ਕੀਤਾ ਗਿਆ। ਸ਼ਰਾਬ ਦੀ ਸਪਲਾਈ ਪ੍ਰਭਾਵਿਤ ਹੋਣ ਬਾਅਦ ਵਿਭਾਗ ਨੂੰ ਹੁਣ ਆਰਜ਼ੀ ਇੰਤਜ਼ਾਮ ਕਰਨੇ ਪਏ ਹਨ। ਸਟਾਕ ਜਾਰੀ ਨਾ ਕੀਤੇ ਜਾਣ ਦੇ ਸਮੇਂ ਨਰਾਤੇ ਚੱਲ ਰਹੇ ਸਨ, ਜਿਸ ਦੌਰਾਨ ਸ਼ਰਾਬ ਦੀ ਖਪਤ ਤਕਰੀਬਨ 35 ਫੀਸਦੀ ਘੱਟ ਸੀ, ਜਿਸ ਕਾਰਨ ਬਹੁਤਾ ਫਰਕ ਨਹੀਂ ਪਿਆ।

# ਬੇਅਦਬੀ ਕਾਂਡ: ਇਕ ਸਾਲ ਬੀਤਣ 'ਤੇ ਵੀ ਸਰਕਾਰ ਦੇ ਹੱਥ ਖਾਲੀ



**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਅਤੇ ਬਰਗਾੜੀ ਕਾਂਡ ਦੇ ਇਕ ਸਾਲ ਮਗਰੋਂ ਵੀ ਪੰਜਾਬ ਪੁਲਿਸ, ਸਰਕਾਰ ਤੇ ਸੀ.ਬੀ.ਆਈ. ਦੇ ਹੱਥ ਖਾਲੀ ਹਨ। ਇਸ ਮਾਮਲੇ 'ਚ ਪੰਜਾਬ ਸਰਕਾਰ ਅਜੇ ਤੱਕ ਕਿਸੇ ਪੁਲਿਸ ਅਧਿਕਾਰੀ ਦੀ ਸ਼ਨਾਖਤ ਨਹੀਂ ਕਰ ਸਕੀ ਹੈ। ਸੂਤਰਾਂ ਅਨੁਸਾਰ ਕੋਤਾਹੀ ਵਰਤਣ ਵਾਲੇ ਅਫਸਰਾਂ ਨੂੰ ਕੁਝ ਸਮਾਂ ਪਹਿਲਾਂ ਚੁੱਪ-ਚੁਪੀਤੇ ਵਿਦੇਸ਼ ਭੇਜ ਦਿੱਤਾ ਸੀ ਤੇ ਸਖਤ ਵਿਰੋਧ ਮਗਰੋਂ ਇਨ੍ਹਾਂ ਅਧਿਕਾਰੀਆਂ ਨੂੰ ਵਾਪਸ ਆਉਣਾ ਪਿਆ ਸੀ। ਪੰਜਾਬ ਸਰਕਾਰ ਇਨ੍ਹਾਂ ਅਧਿਕਾਰੀਆਂ ਨੂੰ ਚੁੱਪ ਚੁਪੀਤੇ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਦੇਣ ਬਾਰੇ ਵਿਚਾਰ ਕਰ ਰਹੀ ਹੈ।

ਦੱਸਣਯੋਗ ਹੈ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ ਪਹਿਲੀ ਜੂਨ 2015 ਨੂੰ ਪਿੰਡ ਦੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋ ਗਿਆ ਸੀ ਅਤੇ ਇਸੇ ਦੇ ਪੱਤਰੇ ਪਿੰਡ ਬਰਗਾੜੀ 'ਚੋਂ ਮਿਲੇ ਸਨ। ਇਸ ਮਗਰੋਂ ਸੰਗਤ ਨੇ ਬੇਅਦਬੀ ਕਰਨ ਵਾਲਿਆਂ ਦੀ ਗ੍ਰਿਫਤਾਰੀ ਲਈ ਕੋਟਕਪੂਰਾ ਚੌਕ 'ਚ ਧਰਨਾ ਲਾ ਦਿੱਤਾ ਸੀ। ਪੁਲਿਸ ਨੇ ਇਹ ਧਰਨਾ ਚੁਕਵਾਉਣ ਲਈ 14 ਅਕਤੂਬਰ 2015 ਦੀ ਰਾਤ ਨੂੰ ਸਿੱਖਾਂ 'ਤੇ ਲਾਠੀਚਾਰਜ ਕਰ ਦਿੱਤਾ। ਲਾਠੀਚਾਰਜ ਤੋਂ ਭੜਕੇ ਸਿੱਖਾਂ ਨੇ ਪਿੰਡ ਬਹਿਬਲ ਕਲਾਂ ਕੋਲ ਸ਼ਾਂਤਮਈ ਤਰੀਕੇ ਨਾਲ ਸੜਕ ਉਤੇ ਚੱਕਾ ਜਾਮ ਕੀਤਾ ਸੀ ਤੇ ਪੁਲਿਸ ਵੱਲੋਂ ਜਾਮ ਖੁਲ੍ਹਵਾਉਣ ਲਈ ਸਿੱਖ ਸੰਗਤ ਉਪਰ ਗੋਲੀਆਂ ਚਲਾਉਣ ਨਾਲ ਗੁਰਜੀਤ ਸਿੰਘ ਸਰਾਵਾਂ ਅਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਹੋ ਗਈ ਸੀ।

ਉਧਰ, ਪਿੰਡ ਬਹਿਬਲ ਖੁਰਦ ਵਿਚ ਬਹਿਬਲ ਕਾਂਡ ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਸ਼ਰਧਾਂਜਲੀ ਸਮਾਗਮ 'ਚ ਵੱਖ-ਵੱਖ ਬੁਲਾਰਿਆਂ ਨੇ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਦਾ ਸ਼ਾਂਤਮਈ ਵਿਰੋਧ ਕਰਨ ਵਾਲੀ ਨਿਹੱਥੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਵਾਲਿਆਂ ਵਿਰੁੱਧ ਅਜੇ ਤੱਕ ਕਾਰਵਾਈ ਨਾ ਹੋਣਾ ਪੰਜਾਬ ਸਰਕਾਰ ਦੀ ਨਾਕਾਮੀ ਨੂੰ ਦਰਸਾਉਂਦਾ ਹੈ। ਬੁਲਾਰਿਆਂ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਪੜਤਾਲ 'ਤੇ ਕਿੰਤੂ-ਪ੍ਰੰਤੂ ਕਰਦਿਆਂ ਰਿਪੋਰਟ ਨੂੰ ਪੱਖਪਾਤੀ ਤੇ ਅਧੂਰੀ ਕਹਿ ਕੇ ਰੱਦ ਕਰ ਦਿੱਤਾ। ਉਨ੍ਹਾਂ ਜਸਟਿਸ (ਸੇਵਾ ਮੁਕਤ) ਮਾਰਕੰਡੇ ਕਾਟਜੂ ਕਮਿਸ਼ਨ ਵੱਲੋਂ ਘਟਨਾ ਦੀ ਕੀਤੀ ਪੜਤਾਲ ਨੂੰ ਦਰੁਸਤ ਕਹਿੰਦਿਆਂ ਸਰਕਾਰ ਨੂੰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀ ਅਪੀਲ ਕੀਤੀ।

### ਫਾਜ਼ਿਲਕਾ ਨੇੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਫਾਜ਼ਿਲਕਾ:** ਫਾਜ਼ਿਲਕਾ ਦੇ ਸਰਹੱਦੀ ਪਿੰਡ ਹਸਤਾ ਕਲਾਂ ਵਿਚ ਇਕ ਨੌਜਵਾਨ ਨੇ ਗੁਰਦੁਆਰਾ ਸਾਹਿਬ ਦੇ ਤਾਲੇ ਤੋੜ ਕੇ ਅੰਦਰ ਦਾਖਲ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਅੰਗਾਂ ਨੂੰ ਪਾੜ ਦਿੱਤਾ। ਪੁਲਿਸ ਨੇ ਇਸ ਮਾਮਲੇ ਵਿਚ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਮੱਖਣ ਸਿੰਘ ਨੇ ਦੱਸਿਆ ਕਿ ਉਹ ਕਰੀਬ 20 ਸਾਲ ਤੋਂ ਪਿੰਡ ਹਸਤਾ ਕਲਾਂ ਦੇ ਗੁਰੂ ਘਰ ਵਿਚ ਬਤੌਰ ਮੁੱਖ ਗ੍ਰੰਥੀ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਉਸ ਨੇ ਕਿਹਾ ਕਿ ਉਹ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਸੁੱਖ ਆਸਣ ਕਰ ਕੇ ਗੁਰੂ ਘਰ ਨੇੜੇ ਹੀ ਰਹਿੰਦੇ ਇਕ ਦੋਧੀ ਦੇ ਘਰੋਂ ਦੁੱਧ ਲੈਣ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਕਿਸੇ ਨੇ ਫੋਨ ਕੀਤਾ ਕਿ ਪਿੰਡ ਦੇ ਹੀ ਇਕ ਨੌਜਵਾਨ ਮਨੋਹਰ ਸਿੰਘ ਨੇ ਗੁਰੂ ਘਰ ਦੇ ਤਾਲੇ ਤੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚੋਂ ਕੁਝ ਅੰਗ ਪਾੜ ਦਿੱਤੇ ਹਨ। ਇਸ ਘਟਨਾ ਦੀ ਸੂਚਨਾ ਥਾਣਾ ਸਦਰ ਪੁਲਿਸ ਫਾਜ਼ਿਲਕਾ ਨੂੰ ਦਿੱਤੀ ਗਈ। ਪੁਲਿਸ ਨੇ ਮਨੋਹਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

# ਕੇਜਰੀਵਾਲ ਨੇ ਗੁਜਰਾਤ ਵਿਚ ਜਾ ਕੇ ਮਾਰੀ ਬੜ੍ਹਕ



**ਸੂਰਤ:** ਗੁਜਰਾਤ ਵਿਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ 'ਆਪ' ਨੇ ਪ੍ਰਚਾਰ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਆਮ ਆਦਮੀ ਪਾਰਟੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਇਸ ਦੀ ਸ਼ੁਰੂਆਤ 'ਚ ਹੀ ਭਾਜਪਾ ਪ੍ਰਧਾਨ ਅਮਿਤ ਸ਼ਾਹ 'ਤੇ ਵੱਡਾ ਹਮਲਾ ਬੋਲਿਆ ਹੈ। ਕੇਜਰੀਵਾਲ ਨੇ ਅਮਿਤ ਸ਼ਾਹ ਦੀ ਤੁਲਨਾ ਜਨਰਲ ਡਾਇਰ ਨਾਲ ਕੀਤੀ ਹੈ। ਜਦਕਿ ਪਟੇਲ ਅੰਦੋਲਨ ਕਰਨ ਵਾਲੇ ਹਾਰਦਿਕ ਪਟੇਲ ਨੂੰ ਦੇਸ਼ ਭਗਤ ਦੱਸਿਆ ਹੈ। ਉਹ ਇਸ ਬਿਆਨ ਨਾਲ ਪਟੇਲ ਭਾਈਚਾਰੇ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦੇ ਨਜ਼ਰ ਆਏ ਹਨ। ਗੁਜਰਾਤ ਵਿਚ ਆਮ ਆਦਮੀ ਪਾਰਟੀ ਦੀ ਪਹਿਲੀ ਰੈਲੀ 'ਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਤੇ ਕਾਂਗਰਸ ਪਤੀ ਤੇ ਪਤਨੀ ਵਾਂਗ ਹਨ।

ਉਨ੍ਹਾਂ ਇਲਜ਼ਾਮ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਤੇ ਕਾਂਗਰਸ ਲੀਡਰ ਅਹਿਮਦ ਪਟੇਲ ਮਿਲ ਕੇ ਕੰਮ ਕਰਦੇ ਹਨ। ਕੇਜਰੀਵਾਲ ਨੇ ਕਿਹਾ ਕਿ ਚੋਣਾਂ ਤੋਂ ਬਾਅਦ ਆਮ ਆਦਮੀ ਵਿਧਾਨ ਸਭਾ 'ਚ ਬੈਠਣਗੇ, ਨਾ ਕਿ ਕਾਂਗਰਸ ਤੇ ਭਾਜਪਾ ਦੇ ਮੈਂਬਰ। ਪਿਛਲੇ ਸਾਲ ਪਟੇਲ ਭਾਈਚਾਰੇ ਦੇ ਲੋਕਾਂ ਤੇ ਪੁਲਿਸ ਵਿਚ ਹੋਈਆਂ ਹਿੰਸਕ ਝੜਪਾਂ ਦਾ ਜਿਕਰ ਕਰਦਿਆਂ ਉਨ੍ਹਾਂ ਕਿਹਾ, 26 ਅਗਸਤ 2015 ਨੂੰ ਕਿਸ ਨੇ ਪਾਟੀਦਾਰ ਰਾਖਵਾਂਕਰਨ ਅੰਦੋਲਨਕਾਰੀਆਂ ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਉਹ ਭਾਰਤ ਦੇ ਨਾਗਰਿਕ ਸਨ, ਨਾ ਕੇ ਅੱਤਵਾਦੀ। ਪੁਲਿਸ ਵੱਲੋਂ ਕੀਤੀ ਗੋਲੀਬਾਰੀ 'ਚ 14 ਲੋਕ ਮਾਰੇ ਗਏ। ਹਰ ਕੋਈ ਜਾਣਦਾ ਹੈ ਕਿ ਇਹ ਹੁਕਮ ਕਿਸ ਨੇ ਦਿੱਤਾ ਸੀ, ਇਹ ਅਮਿਤ ਸ਼ਾਹ ਸੀ।

### 'ਆਪ' ਦਾ ਇਕ ਹੋਰ ਵਿਧਾਇਕ ਗ੍ਰਿਫਤਾਰ

**ਸੂਰਤ:** ਜਬਰਦਸਤੀ ਪੈਸਾ ਵਸੂਲਣ ਦੇ ਇਕ ਮਾਮਲੇ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਲਾਬ ਸਿੰਘ ਨੂੰ ਦਿੱਲੀ ਪੁਲਿਸ ਨੇ ਸੂਰਤ ਤੋਂ ਗ੍ਰਿਫਤਾਰ ਕਰ ਲਿਆ ਹੈ। ਅਦਾਲਤ ਨੇ ਮਟਿਆਲਾ ਤੋਂ 'ਆਪ' ਵਿਧਾਇਕ ਗੁਲਾਬ ਸਿੰਘ ਦੇ ਖਿਲਾਫ ਗੈਰ ਜ਼ਮਾਨਤੀ ਵਰੰਟ ਜਾਰੀ ਕੀਤਾ ਹੈ। ਗੁਲਾਬ ਦੇ ਡਰਾਈਵਰ ਤੇ ਸਹਿਯੋਗੀ 'ਤੇ ਜ਼ਬਰਨ ਪੈਸੇ ਵਸੂਲਣ ਦਾ ਇਲਜ਼ਾਮ ਹੈ। ਦੱਸਣਯੋਗ ਹੈ ਕਿ ਗੁਲਾਬ ਸਿੰਘ ਪਾਰਟੀ ਦੇ ਗੁਜਰਾਤ ਮਾਮਲਿਆਂ ਦੇ ਸਹਿ-ਪ੍ਰਭਾਰੀ ਹਨ।




# ਅਨੰਦਪੁਰ ਸਾਹਿਬ ਵਿਚ 81 ਫੁੱਟ ਉਚਾ ਖੰਡਾ ਮੁੜ ਸਥਾਪਤ



**ਸ੍ਰੀ ਅਨੰਦਪੁਰ ਸਾਹਿਬ:** ਤਿੰਨ ਹਫਤਿਆਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਵਾਲਿਆਂ ਦੇ ਸਹਿਯੋਗ ਨਾਲ ਸਥਾਨਕ ਪੰਜ ਪਿਆਰਾ ਪਾਰਕ ਵਿਖੇ ਸਿੱਖੀ ਦੀ ਸ਼ਾਨ ਦਾ ਪ੍ਰਤੀਕ 81 ਫੁੱਟ ਉਚੇ ਖੰਡੇ ਨੂੰ ਮੁੜ ਸਥਾਪਤ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ 17 ਜੂਨ 2015 ਨੂੰ ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਸ਼ਵ ਭਰ ਦੀ ਸੰਗਤ ਨੂੰ ਸਮਰਪਤ ਕੀਤਾ ਗਿਆ 81 ਫੁੱਟ ਉਚਾ ਖੰਡਾ ਮਹਿਜ਼ ਇਕ ਸਾਲ ਵਿਚ ਹੀ ਟੇਢਾ ਹੋਣ ਤੋਂ ਬਾਅਦ ਝੱਖੜ ਕਾਰਨ ਡਿੱਗ ਗਿਆ ਸੀ। ਇਸ ਕਰ ਕੇ ਸੰਗਤ ਵਿਚ ਨਿਰਾਸ਼ਾ ਪਾਈ ਜਾ ਰਹੀ ਸੀ।17 ਜੂਨ 2015 ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਪੰਜ ਪਿਆਰਾ ਪਾਰਕ ਵਿਖੇ ਕਾਰ ਸੇਵਾ ਵਾਲੇ ਸੰਤਾਂ ਦੀ ਮਦਦ ਨਾਲ ਸਥਾਪਤ ਕੀਤਾ ਗਿਆ 81 ਫੁੱਟ ਉਚਾ ਖੰਡਾ ਮਹਿਜ਼ ਇਕ ਸਾਲ ਵਿਚ ਹੀ ਆਪਣੀ ਥਾਂ ਤੋਂ ਹਿੱਲਦਾ ਨਜ਼ਰ ਆਉਣ ਲੱਗ ਪਿਆ ਸੀ ਕਿਉਂਕਿ ਇਸ ਖੰਡੇ ਦਾ ਸਟੀਲ ਦਾ ਢਾਂਚਾ ਟੇਢਾ ਹੋ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦੀ ਅਗਵਾਈ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮੁਖਤਿਆਰ ਸਿੰਘ ਅਤੇ ਇਲਾਕਾ ਨਿਵਾਸੀਆਂ ਨੇ ਕਾਰ ਸੇਵਾ ਵਾਲੇ ਸੰਤਾਂ ਦੇ ਸਹਿਯੋਗ ਨਾਲ ਖੰਡੇ ਨੂੰ ਮੁੜ ਸਥਾਪਤ ਕੀਤਾ।

# ਕ੍ਰਾਂਤੀਕਾਰੀਆਂ ਦਾ ਇੰਨਾ ਜ਼ਿਆਦਾ ਫਿਕਰ ਕਰਦਾ ਸੀ ਬ੍ਰਿਟਿਸ਼ ਸਾਮਰਾਜ...

**ਚੰਡੀਗੜ੍ਹ:** ਬ੍ਰਿਟਿਸ਼ ਰਾਜ ਵਿਚ ਪੁਲਿਸ ਲਈ ਕ੍ਰਾਂਤੀਕਾਰੀਆਂ ਦੀ ਜ਼ਿੰਦਗੀ ਦਾ ਤਕਰੀਬਨ ਹਰ ਪੱਖ ਮਹੱਤਤਾ ਰੱਖਦਾ ਸੀ, ਜਿਵੇਂ ਕਿ ਉਹ ਕੀ ਖਾਂਦੇ ਹਨ? ਉਹ ਕਿਵੇਂ ਸਫਰ ਕਰਦੇ ਹਨ? ਉਹ ਕਿਥੇ ਰਹਿੰਦੇ ਤੇ ਪੜ੍ਹਦੇ ਹਨ? ਉਨ੍ਹਾਂ ਦੀ ਸ਼ਹੀਦੀ ਤੋਂ ਤਕਰੀਬਨ ਅੱਠ ਤੋਂ ਵੱਧ ਦਹਾਕਿਆਂ ਬਾਅਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਮੁਕੱਦਮੇ ਨਾਲ ਸਬੰਧਤ 160 ਫਾਈਲਾਂ ਨੂੰ ਅਖੀਰ ਰੌਸ਼ਨੀ ਨਸੀਬ ਹੋ ਸਕਦੀ ਹੈ। ਆਜ਼ਾਦੀ ਦੇ ਘੋਲ ਦੌਰਾਨ ਉਠੀ ਇਨਕਲਾਬੀ ਲਹਿਰ ਉਤੇ ਕੰਮ ਕਰ ਰਹੀ ਇਕ ਇਤਿਹਾਸਕਾਰ ਨੇ ਲਾਹੌਰ ਵਿਚ ਪਈਆਂ ਇਨ੍ਹਾਂ ਫਾਈਲਾਂ ਤੱਕ ਪਹਿਲੀ ਵਾਰ ਪਹੁੰਚ ਕੀਤੀ ਹੈ।

ਜ਼ਿਆਦਾਤਰ ਫਾਈਲਾਂ ਦਾ ਸਿਰਲੇਖ 'ਲਾਹੌਰ ਸਾਜ਼ਿਸ਼ ਕੇਸ 1929' ਹੈ। ਵਿਸ਼ੇਸ਼ ਟ੍ਰਿਬਿਊਨਲ ਦੀ ਕਾਰਵਾਈ, ਅਦਾਲਤ ਵਿਚ ਪੇਸ਼ ਕੀਤੀਆਂ ਵਸਤਾਂ ਅਤੇ ਫੈਸਲਾ ਪਹਿਲਾਂ ਹੀ ਜਨਤਕ ਹੋ ਚੁੱਕਾ ਹੈ। ਇਨ੍ਹਾਂ ਨਵੀਆਂ ਫਾਈਲਾਂ ਦੇ ਜਨਤਕ ਹੋਣ ਬਾਅਦ ਇਨਕਲਾਬੀ ਸੰਘਰਸ਼ ਦੇ ਕਈ ਅਣਗੌਲੇ ਪੱਖਾਂ ਅਤੇ ਸ਼ਹੀਦਾਂ ਦੀ ਜ਼ਿੰਦਗੀ ਉਤੇ ਚਾਨਣ ਪਵੇਗਾ। ਹਰਿਆਣਾ ਵਿਚ ਇਕ ਪ੍ਰਾਈਵੇਟ ਯੂਨੀਵਰਸਿਟੀ ਵਿਚ ਇਤਿਹਾਸ ਦੀ ਐਸੋਸੀਏਟ ਪ੍ਰੋਫੈਸਰ ਡਾ. ਅਪਰਨਾ ਵੈਦਿਕ ਨੇ ਕੁਝ ਸਮਾਂ ਪਹਿਲਾਂ ਆਪਣੀਆਂ ਲਾਹੌਰ ਦੀਆਂ ਦੋ ਫੇਰੀਆਂ ਸਮੇਂ ਜ਼ਿਆਦਾਤਰ ਫਾਈਲਾਂ ਤੱਕ ਪਹੁੰਚ ਕਰ ਲਈ ਸੀ ਅਤੇ ਉਹ ਇਸ ਸਬੰਧੀ ਇਕ ਕਿਤਾਬ ਉਤੇ ਕੰਮ ਕਰ ਰਹੀ ਹੈ।

ਡਾ. ਅਪਰਨਾ ਨੇ ਦੱਸਿਆ ਕਿ ਇਨ੍ਹਾਂ ਫਾਈਲਾਂ ਦਾ ਇਕ ਵੀ ਸਫ਼ਾ ਗਾਇਬ ਨਹੀਂ ਹੈ ਅਤੇ ਫਾਈਲਾਂ ਦਾ ਜ਼ਿਆਦਾਤਰ ਹਿੱਸਾ ਲੈਮੀਨੇਟ ਕੀਤਾ ਗਿਆ ਹੈ। ਲਗਦੈ ਕਿ ਹਾਲ ਹੀ ਵਿਚ ਇਨ੍ਹਾਂ ਨੂੰ ਸੁਰੱਖਿਅਤ ਕਰਨ ਲਈ ਇਹ ਯਤਨ ਕੀਤਾ ਗਿਆ ਹੈ। ਇਨ੍ਹਾਂ 'ਚੋਂ ਕੁਝ ਫਾਈਲਾਂ ਵਿਚ ਕਿਸੇ ਵੀ ਵਿਅਕਤੀ ਵਿਸ਼ੇਸ਼ ਜਾਂ ਜਥੇਬੰਦੀ ਦੇ ਰੋਜ਼ਾਨਾ ਦੇ ਕੰਮ-ਕਾਜ ਦੇ ਵੇਰਵੇ ਹਨ, ਜਿਵੇਂ ਸਕੂਲ, ਕਾਲਜ, ਹੋਸਟਲ, ਲਾਇਬ੍ਰੇਰੀ ਅਤੇ ਇਥੋਂ ਤੱਕ ਕਿ ਧੋਬੀ, ਢਾਬਾ, ਦੋਧੀ, ਮਕਾਨ ਮਾਲਕ, ਰੇਲਵੇ, ਡਾਕਖਾਨਿਆਂ ਤੇ ਟਰਾਂਸਪੋਰਟ ਕੰਪਨੀਆਂ ਦਾ ਰਿਕਾਰਡ ਵੀ ਰੱਖਿਆ ਗਿਆ ਹੈ। ਇਹ ਸਭ ਪੰਜਾਬ, ਦਿੱਲੀ, ਯੂਪੀ, ਬਿਹਾਰ, ਬੰਗਾਲ ਅਤੇ ਮਹਾਰਾਸ਼ਟਰ ਵਿਚੋਂ ਜ਼ਬਤ ਕੀਤਾ ਗਿਆ ਸੀ ਅਤੇ ਇਨਕਲਾਬੀਆਂ ਖਿਲਾਫ਼ ਅਦਾਲਤ ਵਿਚ ਸਬੂਤ ਵਜੋਂ ਇਹ ਵੇਰਵੇ ਵਰਤੇ ਗਏ ਸਨ।

ਉਨ੍ਹਾਂ ਕਿਹਾ ਕਿ ਦੇਖਣ ਨੂੰ ਇਹ ਵੇਰਵੇ ਤੁੱਛ ਲੱਗ ਸਕਦੇ ਹਨ ਜਿਸ ਵਿਚ ਇਨਕਲਾਬੀਆਂ ਦੀ ਸੰਜਮੀ ਨਿੱਜੀ ਜ਼ਿੰਦਗੀ, ਉਨ੍ਹਾਂ ਦੇ ਸਫਰ ਤੇ ਰਹਿਣ ਸਹਿਣ ਬਾਰੇ ਵੇਰਵੇ ਹਨ, ਪਰ ਇਹ ਫਾਈਲਾਂ ਸ਼ਹੀਦਾਂ ਦੀ ਜ਼ਿੰਦਗੀ ਤੇ ਉਸ ਸਮੇਂ ਨੂੰ ਤਾਜ਼ਾ ਕਰਨ ਵਿਚ ਮਦਦ ਕਰ ਸਕਦੀਆਂ ਹਨ।

ਇਨ੍ਹਾਂ ਫਾਈਲਾਂ ਵਿਚ ਡੀ.ਏ.ਵੀ. ਕਾਲਜ, ਲਾਹੌਰ ਦੇ ਦਾਖਲਾ ਰਜਿਸਟਰ ਤੋਂ ਲੈ ਕੇ ਕੈਸ਼ ਬੁੱਕ ਅਤੇ ਦਵਾਰਕਾ ਦਾਸ ਲਾਇਬ੍ਰੇਰੀ ਦੇ ਕਿਤਾਬਾਂ ਜਾਰੀ ਕਰਨ ਵਾਲੇ ਰਜਿਸਟਰ ਬਾਰੇ ਵੇਰਵੇ ਸ਼ਾਮਲ ਹਨ। ਹੁਣ ਚੰਡੀਗੜ੍ਹ ਦੇ ਸੈਕਟਰ-15 ਵਿਚ ਸਥਿਤ ਦਵਾਰਕਾ ਦਾਸ ਲਾਇਬ੍ਰੇਰੀ, ਜੋ ਬਟਵਾਰੇ ਤੋਂ ਪਹਿਲਾਂ ਲਾਹੌਰ ਵਿਚ ਸੀ, ਵਿਚੋਂ ਭਗਤ ਸਿੰਘ ਤੇ ਉਸ ਦੇ ਸਾਥੀ ਅਕਸਰ ਕਿਤਾਬਾਂ ਲੈਂਦੇ ਰਹਿੰਦੇ ਸਨ। ਪੁਲਿਸ ਨੂੰ ਜਦੋਂ ਪਤਾ ਲੱਗਾ ਕਿ ਕਿਸ਼ੋਰੀ ਲਾਲ ਤੇ ਪ੍ਰੇਮ ਦੱਤ ਡੀ.ਏ.ਵੀ. ਕਾਲਜ ਦੇ ਵਿਦਿਆਰਥੀ ਹਨ ਤਾਂ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਕਾਲਜ ਦਾ ਰਿਕਾਰਡ ਵੀ ਜ਼ਬਤ ਕਰ ਲਿਆ, ਜੋ 14 ਤੇ 39 ਨੰਬਰ ਫਾਈਲਾਂ ਦੇ ਹਿੱਸੇ ਹਨ। ਬਟਵਾਰੇ ਬਾਅਦ ਡੀ.ਏ.ਵੀ. ਕਾਲਜ ਵੀ ਚੰਡੀਗੜ੍ਹ ਆ ਗਿਆ। ਫਾਈਲ ਨੰਬਰ-52 ਵਿਚ ਬੰਬੇ ਸਾਈਕਲ ਐਂਡ ਮੋਟਰ ਏਜੰਸੀ ਲਿਮਟਡ ਲਾਹੌਰ ਦਾ ਹਾਜ਼ਰੀ ਰਜਿਸਟਰ ਹੈ, ਜਿਥੇ ਉਹ ਡਰਾਈਵਿੰਗ ਸਿੱਖਦੇ ਸਨ। ਇਨ੍ਹਾਂ ਵਿਚ ਸੁਖਦੇਵ ਤੇ ਰਾਜਗੁਰੂ ਵੀ ਸ਼ਾਮਲ ਸਨ।

ਪੁਲਿਸ ਵੱਲੋਂ ਇਨਕਲਾਬੀਆਂ ਦੇ ਰਿਹਾਇਸ਼ੀ ਸਥਾਨਾਂ ਬਾਰੇ ਵੀ ਪੜਤਾਲ ਕੀਤੀ ਜਾਂਦੀ ਸੀ। ਫਾਈਲ ਨੰਬਰ-111 ਤੋਂ 115 ਵਿਚ ਹਿੰਦੂ ਹੋਟਲ, ਲਾਹੌਰ ਤੇ ਸ਼ਰਮਾ ਹਿੰਦ ਹੋਟਲ ਫਿਰੋਜ਼ਪੁਰ ਦਾ ਰਿਕਾਰਡ ਵੀ ਹੈ। ਪੁਲਿਸ ਨੂੰ ਜਦੋਂ ਪਤਾ ਲੱਗਾ ਕਿ ਇਨਕਲਾਬੀ ਆਮ ਤੌਰ 'ਤੇ ਰੇਲ ਵਿਚ ਸਫ਼ਰ ਕਰਦੇ ਹਨ ਤਾਂ ਉਨ੍ਹਾਂ ਨੇ ਈਸਟਰਨ ਇੰਡੀਅਨ ਰੇਲਵੇ, ਕਾਨਪੁਰ ਨਾਲ ਸਬੰਧਤ ਸਟੇਸ਼ਨਾਂ ਦੇ ਰਜਿਸਟਰ ਜ਼ਬਤ ਕਰ ਲਏ, ਜੋ ਹੁਣ 53 ਨੰਬਰ ਫਾਈਲ ਦਾ ਹਿੱਸਾ ਹਨ। ਇਨ੍ਹਾਂ ਫਾਈਲਾਂ ਤੋਂ ਇਨਕਲਾਬੀਆਂ ਦੀ ਸੰਜਮੀ ਤੇ ਤੋਟ ਵਾਲੀ ਜ਼ਿੰਦਗੀ ਦੀ ਝਲਕ ਮਿਲਦੀ ਹੈ। ਉਨ੍ਹਾਂ ਕੋਲ ਕਈ ਵਾਰ ਚੌਲ ਖਰੀਦਣ ਜੋਗੇ ਵੀ ਪੈਸੇ ਨਹੀਂ ਹੁੰਦੇ ਸਨ। ਉਹ ਉਧਾਰ ਚੀਜ਼ਾਂ ਖਰੀਦਦੇ ਸਨ। ਲਾਹੌਰ ਦੇ ਦੁਕਾਨਦਾਰ ਅਬਦੁਲ ਜੱਬਾਰ ਦੀ ਵਹੀ ਇਸ ਗੱਲ ਦੀ ਗਵਾਹੀ ਭਰਦੀ ਹੈ, ਜਿਸ ਨੂੰ ਅਦਾਲਤ ਵਿਚ ਸਬੂਤ ਵਜੋਂ ਪੇਸ਼ ਕੀਤਾ ਗਿਆ ਸੀ, ਜੋ 146 ਨੰਬਰ ਫਾਈਲ ਵਿੱਚ ਦਰਜ ਹੈ। ਇਨ੍ਹਾਂ 160 ਫਾਈਲਾਂ ਦਾ ਸਭ ਤੋਂ ਅਹਿਮ ਹਿੱਸਾ ਭਗਤ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਲਿਖੇ ਗਏ ਪੱਤਰ ਹਨ। ਇਹ ਪੱਤਰ ਅਦਾਲਤ ਅਤੇ ਵਿਸ਼ੇਸ਼ ਟ੍ਰਿਬਿਊਨਲ, ਪੁਲਿਸ ਆਦਿ ਨੂੰ ਲਿਖੇ ਗਏ ਸਨ। ਇਹ ਵੇਰਵੇ ਭਾਵੇਂ ਸਰਕਾਰੀ ਹਨ, ਪਰ ਇਨ੍ਹਾਂ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਇਹ ਕ੍ਰਾਂਤੀਕਾਰੀ ਕਿਨ੍ਹਾਂ ਹਾਲਾਤ ਵਿਚੋਂ ਲੰਘ ਰਹੇ ਸਨ।

### ਲਾਹੌਰ ਸਾਜ਼ਿਸ਼ ਕੇਸ ਦੇ ਵੇਰਵੇ

ਲਾਹੌਰ ਸਾਜ਼ਿਸ਼ ਕੇਸ 10 ਜੁਲਾਈ, 1929 ਨੂੰ ਸ਼ੁਰੂ ਹੋਇਆ ਸੀ, ਜਿਸ ਵਿਚ ਭਗਤ ਸਿੰਘ ਤੇ 27 ਹੋਰ ਕ੍ਰਾਂਤੀਕਾਰੀ ਸ਼ਾਮਲ ਸਨ। ਉਨ੍ਹਾਂ ਉਤੇ ਗੋਰੇ ਪੁਲਿਸ ਅਫ਼ਸਰ ਜੋਹਨ ਪੀ ਸਾਂਡਰਸ ਦੇ ਕਤਲ ਦੀ ਕੋਸ਼ਿਸ਼, ਸਕਾਟ ਦੀ ਹੱਤਿਆ ਦੀ ਸਾਜ਼ਿਸ਼ ਅਤੇ ਬ੍ਰਿਟਿਸ਼ ਸਾਮਰਾਜ ਖਿਲਾਫ਼ ਜੰਗ ਛੇੜਨ ਦੇ ਦੋਸ਼ ਸਨ। 18 ਮੁਲਜ਼ਮਾਂ ਖਿਲਾਫ਼ ਵਿਸ਼ੇਸ਼ ਟ੍ਰਿਬਿਊਨਲ ਕਾਇਮ ਕੀਤਾ ਗਿਆ ਸੀ, ਜਿਸ ਨੇ 5 ਮਈ, 1930 ਨੂੰ ਮੁਕੱਦਮੇ ਦੀ ਸੁਣਵਾਈ ਤੇਜ਼ ਕੀਤੀ ਸੀ। ਇਸ ਟ੍ਰਿਬਿਊਨਲ ਨੇ 7 ਅਕਤੂਬਰ, 1930 ਨੂੰ ਸਾਂਡਰਸ ਦੀ ਹੱਤਿਆ ਵਿਚ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀ ਸ਼ਮੂਲੀਅਤ ਸਿੱਧ ਕੀਤੀ ਸੀ। ਅਜੈ ਘੋਸ਼, ਜਤਿੰਦਰ ਨਾਥ ਸਾਨਿਆਲ ਅਤੇ ਦੇਸ ਰਾਜ ਨੂੰ ਬਰੀ ਕਰ ਦਿੱਤਾ ਗਿਆ ਸੀ। ਕੁੰਦਨ ਲਾਲ ਤੇ ਪ੍ਰੇਮ ਦੱਤ ਨੂੰ ਸੱਤ ਤੇ ਪੰਜ ਸਾਲ ਦੀ ਸਖਤ ਸਜ਼ਾ ਦਿੱਤੀ ਗਈ ਸੀ। ਬਾਕੀ ਸੱਤ ਇਨਕਲਾਬੀਆਂ ਕਿਸ਼ੋਰੀ ਲਾਲ, ਮਹਾਬੀਰ ਸਿੰਘ, ਬਿਜੋਏ ਕੁਮਾਰ ਸਿਨਹਾ, ਸ਼ਿਵ ਵਰਮਾ, ਗਯਾ ਪ੍ਰਸ਼ਾਦ, ਜੈ ਦੇਵ ਅਤੇ ਕਮਲਨਾਥ ਤਿਵਾੜੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਕੀ ਟੁੱਟ ਰਿਹਾ ਹੈ ਉਦਾਰਵਾਦੀਆਂ ਦਾ ਦਮ?

ਪਾਕਿਸਤਾਨ ਖ਼ਿਲਾਫ਼ ਭਾਰਤ ਦੀ ਸਭ ਤੋਂ ਵੱਡੀ ਕੌਮੀ ਤ੍ਰਿਪਤੀ ਵਾਲੇ ਇਨ੍ਹਾਂ ਸਮਿਆਂ ਵਿਚ ਅਸੀਂ ਡੋਲ ਰਹੇ ਆਪਣੇ ਗੁਆਂਢੀ ਮੁਲਕ ਲਈ ਸਿਫ਼ਤਾਂ ਨਾਲ ਭਰਪੂਰ ਟਿੱਪਣੀ ਕੀਤੀ ਹੈ: ਅਸੀਂ ਵੀ ਹੁਣ ਪਾਕਿਸਤਾਨ ਵਰਗੇ ਹੋ ਗਏ ਹਾਂ। ਅਸੀਂ ਅਸਹਿਣਸ਼ੀਲਤਾ ਅਤੇ ਡਰ ਤੇ ਧਮਕੀਆਂ ਵਰਗੇ ਖ਼ਿਆਲਾਂ ਦੇ ਵਹਿਣ ਵਿਚ ਵਹਿ ਗਏ ਹਾਂ। ਉਦਾਰਵਾਦੀਆਂ ਨੇ ਆਪਣੇ ਵਿਸ਼ਵਾਸ ਅਤੇ ਵਿਹਾਰ ਛੱਡ ਦਿੱਤੇ ਹਨ; ਇਸ ਦੀ ਥਾਂ ਅਸੀਂ ਬਿਮਾਰ-ਉਦਾਰਵਾਦ ਅਤੇ ਹਾਂ ਵਿਚ ਹਾਂ ਮਿਲਾਉਣ ਵਾਲੀ ਮਾੜੀ ਗੱਲ ਗਲੇ ਨਾਲ ਲਾ ਲਈ ਹੈ।


ਜ਼ਰਾ ਸੋਚੋ। ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਨੂੰ ਇੱਕ ਅਜਿਹੇ ਅੰਗਰੇਜ਼ੀ ਚੈਨਲ ਨੇ ਤਕੜਾ

**ਹਰੀਸ਼ ਖਰੇ**

ਹਲੂਣਾ ਮਾਰਿਆ ਹੈ ਜਿਹੜਾ ਪਿਛਲੇ ਕਈ ਵਰ੍ਹਿਆਂ ਤੋਂ ਉਦਾਰਵਾਦ, ਨਫ਼ਾਸਤ, ਬਹਿਸ-ਮੁਬਾਹਿਸੇ ਅਤੇ ਵਿਰੋਧੀ ਵਿਚਾਰਾਂ ਦੀ ਆਵਾਜ਼ ਉਠਾਉਣ ਦਾ ਦਾਅਵਾ ਕਰਦਾ ਰਿਹਾ ਹੈ। ਸੈਂਸਰ ਕੀਤੇ ਜਾਣ ਵਾਲਾ ਇਹ ਸ਼ਖ਼ਸ ਪਤੈ ਕੌਣ ਹੈ? ਇਹ ਹੋਰ ਕੋਈ ਨਹੀਂ, ਪੀ. ਚਿਦੰਬਰਮ ਹੈ। ਉਹ ਕੋਈ ਅਨਪੜ੍ਹ ਗੰਵਾਰ ਨਹੀਂ ਹੈ। ਉਹ ਕੌਮੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਦਾ ਬੜਾ ਸੁਚੱਜਾ ਜਾਣਕਾਰ ਹੈ ਅਤੇ ਨਫ਼ਾਸਤ ਦਾ ਮੁਜੱਸਮਾ ਹੈ। ਉਹ ਵਿਨਾਸ਼ਕਾਰੀ ਨਹੀਂ, ਨਾ ਹੀ ਕਦੀ ਰਿਹਾ ਹੈ। ਜੇ ਡਾ. ਮਨਮੋਹਨ ਸਿੰਘ ਅਤੇ ਪ੍ਰਣਬ ਮੁਖਰਜੀ ਤੋਂ ਬਾਅਦ ਕੋਈ ਬੰਦਾ ਹੈ ਜਿਹੜਾ ਭਾਰਤੀ ਸਟੇਟ ਦੇ ਡੂੰਘੇ ਰਹੱਸਾਂ ਬਾਰੇ ਜਾਣਕਾਰੀ ਰੱਖਦਾ ਹੈ, ਤਾਂ ਉਹ ਪੀ. ਚਿਦੰਬਰਮ ਹੀ ਹੈ। ਤਿੰਨ ਵਾਰ ਬਤੌਰ ਵਿੱਤ ਮੰਤਰੀ, ਉਹ ਕਾਰਪੋਰੇਟ ਇੰਡੀਆ ਦਾ ਕੇਂਦਰ ਬਿੰਦੂ ਰਿਹਾ। ਹਰ ਕਾਰੋਬਾਰੀ ਘਰਾਣਾ ਉਸ ਤੱਕ ਰਸਾਈ ਚਾਹੁੰਦਾ ਸੀ ਅਤੇ ਰਸਾਈ ਹੋਈ ਵੀ। ਉਸ ਮਾਹੌਲ ਵਿਚ, ਸਾਰੇ (ਉਹ ਪ੍ਰਬੰਧਕ ਵੀ ਜਿਹੜੇ ਸਵਾਲਾਂ ਦੇ ਘੇਰੇ ਵਿਚ ਆਏ ਮੀਡੀਆ ਹਾਊਸ ਨਾਲ ਸਬੰਧਤ ਹਨ) ਇਹੀ ਜਚਾਉਂਦੇ ਸਨ ਜਿਵੇਂ ਉਹ ਵੀ ਚਿਦੰਬਰਮ ਦੇ ਨੇੜੇ ਹਨ। ਇਸ ਦੀ ਇਕ ਵਜ੍ਹਾ ਹੈ, ਬਤੌਰ ਵਿੱਤ ਮੰਤਰੀ ਚਿਦੰਬਰਮ ਨੇ ਕਰਜ਼ਿਆਂ ਦੇ ਮਾਮਲਿਆਂ ਵਿਚ ਸ਼ਾਇਦ ਕਈ ਮੀਡੀਆ ਹਾਊਸਾਂ ਦੀ ਮਦਦ ਕੀਤੀ ਸੀ।

ਉਂਜ, ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਚਿਦੰਬਰਮ ਬਹੁਤਾ ਕੂਲਾ ਤੇ ਉਦਾਰ ਬੰਦਾ ਨਹੀਂ। ਉਹ ਕਦੇ ਵੀ ਨਾਮ ਉਦਾਰਵਾਦੀ ਨਹੀਂ ਰਿਹਾ। ਉਹ ਕੋਈ 'ਛੁਪਿਆ' ਨਕਸਲਵਾਦੀ ਵੀ ਨਹੀਂ ਹੈ। ਜਦੋਂ ਉਹ ਗ੍ਰਹਿ ਮੰਤਰੀ ਸੀ, ਤਾਂ ਇੱਕ ਵਾਰ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਵਿਚ ਉਸ ਦੇ ਇੱਕ ਸਾਥੀ ਨੇ ਉਸ ਉਤੇ ਦੋਸ਼ ਲਗਾਇਆ ਸੀ ਕਿ ਉਹ ਭਾਰਤ ਵਿਚ ਵੀ 'ਗੈਸਟਾਪੋ' (ਹਿਟਲਰ ਵੇਲੇ ਦੀ ਜਰਮਨ ਖੁਫ਼ੀਆ ਪੁਲੀਸ) ਬਣਾਉਣਾ ਚਾਹੁੰਦਾ ਹੈ। ਹੁਣ ਇਸੇ ਬੰਦੇ ਦੇ ਵਿਚਾਰਾਂ ਨੂੰ ਕੌਮੀ ਸੁਰੱਖਿਆ ਲਈ ਧਮਕੀਆਂ ਮੰਨਿਆ ਜਾ ਰਿਹਾ ਹੈ!

ਕੌਮੀ ਸੁਰੱਖਿਆ ਦੀ ਅਜਿਹੀ ਭੜਕਾਊ ਧਾਰਨਾ ਕਿਸ ਨੇ ਪੈਦਾ ਕੀਤੀ? ਯਕੀਨਨ, ਨਰੇਂਦਰ




***ਐਨ.ਡੀ.ਟੀ.ਵੀ.-ਚਿਦੰਬਰਮ ਸੈਂਸਰਸ਼ਿਪ ਮਾਮਲੇ ਵਿਚ ਸਰਗਰਮ ਹਸਤੀਆਂ ਅਤੇ ਗਿਣਤੀਆਂ-ਮਿਣਤੀਆਂ ਤੋਂ ਪਾਰ, ਸਾਨੂੰ ਜਿਸ ਦਾ ਮਰਸੀਆ ਪੜ੍ਹਨਾ ਚਾਹੀਦਾ ਹੈ, ਉਹ ਹੈ ਉਦਾਰਵਾਦ ਦੀ ਅਚਾਨਕ ਮੌਤ। ਕੁਝ ਕੁ ਸਰਜੀਕਲ ਸਟਰਾਈਕ ਹੋਏ ਅਤੇ ਅਚਾਨਕ ਆਪੂੰ ਬਣੇ ਸਾਰੇ ਉਦਾਰਵਾਦੀ ਖੋਲ ਵਿਚੋਂ ਬਾਹਰ ਆਉਣ ਲੱਗ ਪਏ। ਐਲਾਨ ਹੋਣ ਲੱਗ ਪਏ ਕਿ ਜਮਹੂਰੀ ਵਿਰੋਧ ਅਤੇ ਸੰਵਾਦ ਲਈ ਉਨ੍ਹਾਂ ਦੀ ਮੁਖ਼ਾਲਫ਼ਤ ਅਤੇ ਵਚਨਬੱਧਤਾ ਸਭ ਜਾਅਲੀ ਸੀ।***



ਮੋਦੀ ਸਰਕਾਰ ਨੇ ਨਹੀਂ। ਇਹ ਕਹਿਣ ਦਾ ਵੀ ਕੋਈ ਆਧਾਰ ਨਹੀਂ ਹੈ ਕਿ ਦਿੱਲੀ ਦੀ ਕਿਸੇ ਤਾਕਤ ਨੇ ਚਿਦੰਬਰਮ ਦੇ ਖ਼ਿਆਲਾਤ ਨਸ਼ਰ ਹੋਣ ਤੋਂ ਰੋਕਣ ਲਈ ਐਨ.ਡੀ.ਟੀ.ਵੀ. ਨੂੰ ਕੁਝ ਕਿਹਾ ਹੋਵੇ। ਇਹ ਹੁਣ ਮੰਨਣਾ ਹੀ ਪੈਣਾ ਹੈ ਕਿ ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਨੂੰ ਸੈਂਸਰ ਕਰਨ ਦਾ ਫ਼ੈਸਲਾ ਇਸ ਮੀਡੀਆ ਹਾਊਸ ਦਾ ਆਪਣਾ ਸੀ, ਤੇ ਸ਼ਾਇਦ ਇਹ ਫ਼ੈਸਲਾ ਦਮ-ਖ਼ਮ ਵਾਲੇ 'ਖ਼ੁਦਮੁਖ਼ਤਾਰ' ਸੰਪਾਦਕਾਂ ਵੱਲੋਂ ਕੀਤਾ ਗਿਆ।

ਸ਼ਾਇਦ, ਇਸ ਦੀ ਸਭ ਤੋਂ ਸਰਲ ਵਿਆਖਿਆ ਇਹ ਹੋ ਸਕਦੀ ਹੈ ਕਿ ਚੈਨਲ ਅਤੇ ਇਸ ਦੇ ਆਕਾ 'ਸਰਜੀਕਲ ਸਟਰਾਈਕ' ਦੇ ਮੱਦੇਨਜ਼ਰ ਬੇਹੱਦ ਚੱਕਵੀਆਂ ਫੜ੍ਹਾਂ ਦੇ ਮੁਕਾਬਲੇ ਵਿਚ ਰੁੜ੍ਹ ਗਏ। ਹੋ ਸਕਦਾ ਹੈ, ਕਿਤੇ ਸਿਧਾਂਤਕ ਸੰਜਮ ਵਾਲੇ ਪੇਸ਼ੇਵਰ ਕਾਰਜਾਂ 'ਤੇ ਪੂਰੇ ਉਤਰਨ ਲਈ ਲੋੜੀਂਦੇ ਬੌਧਿਕ ਧੀਰਜ ਅਤੇ ਸਵੈ-ਵਿਸ਼ਵਾਸ ਦੀ ਘਾਟ ਕਾਰਨ ਅਜਿਹਾ ਹੋਇਆ ਹੋਵੇ। ਇਹ ਵੀ ਸੋਚਿਆ ਜਾ ਸਕਦਾ ਹੈ ਕਿ ਕੌਮੀ ਮਿਜ਼ਾਜ ਦਰਅਸਲ ਬਹੁਤ ਕੁਢੱਬਾ ਹੋ ਗਿਆ ਹੈ ਅਤੇ ਹੁਣ ਭੀੜ ਦੇ ਜਨੂੰਨ ਮੁਤਾਬਕ ਚੱਲਿਆ ਜਾਵੇ। ਹੋਰ ਵੀ ਕਈ ਦਲੀਲਾਂ ਹੋ ਸਕਦੀਆਂ ਹਨ। ਕੁਝ ਵੀ ਹੋਵੇ, ਪਰ ਇਸ ਮਾਮਲੇ 'ਤੇ ਐਨ.ਡੀ.ਟੀ.ਵੀ. ਨੂੰ ਫਿਟਕਾਰ ਪੈਣੀ ਹੀ ਚਾਹੀਦੀ ਹੈ। ਇਸ ਦੀ ਕਾਰਵਾਈ ਸ਼ਾਇਦ ਦਰਬਾਰੀ ਪੱਤਰਕਾਰੀ ਵਰਗੀ ਹੀ ਕੋਈ ਗੱਲ ਹੈ।

ਐਨ.ਡੀ.ਟੀ.ਵੀ.-ਚਿਦੰਬਰਮ ਸੈਂਸਰਸ਼ਿਪ ਮਾਮਲੇ ਵਿਚ ਸਰਗਰਮ ਹਸਤੀਆਂ ਅਤੇ ਗਿਣਤੀਆਂ-ਮਿਣਤੀਆਂ ਤੋਂ ਪਾਰ, ਸਾਨੂੰ ਜਿਸ ਦਾ ਮਰਸੀਆ ਪੜ੍ਹਨਾ ਚਾਹੀਦਾ ਹੈ, ਉਹ ਹੈ ਉਦਾਰਵਾਦ ਦੀ ਅਚਾਨਕ ਮੌਤ। ਕੁਝ ਕੁ ਸਰਜੀਕਲ ਸਟਰਾਈਕ ਹੋਏ ਅਤੇ ਅਚਾਨਕ ਆਪੂੰ ਬਣੇ ਸਾਰੇ ਉਦਾਰਵਾਦੀ ਖੋਲ ਵਿਚੋਂ ਬਾਹਰ ਆਉਣ ਲੱਗ ਪਏ। ਐਲਾਨ ਹੋਣ ਲੱਗ ਪਏ ਕਿ ਜਮਹੂਰੀ ਵਿਰੋਧ ਅਤੇ ਸੰਵਾਦ ਲਈ ਉਨ੍ਹਾਂ ਦੀ ਮੁਖ਼ਾਲਫ਼ਤ ਅਤੇ ਵਚਨਬੱਧਤਾ ਸਭ ਜਾਅਲੀ ਸੀ। ਦੇਖਦੇ ਹੀ ਦੇਖਦੇ, ਉਹ ਸਾਰੇ ਕੌਮੀ ਸੁਰੱਖਿਆ ਅਸਥਾਨ ਦੇ ਬੀਬੇ ਭਗਤ/ਸ਼ਰਧਾਲੂ ਬਣਨ ਦੀ ਪੁਰਜੋਸ਼ ਇੱਛਾ ਦਿਖਾਉਣ ਲੱਗੇ।

ਇਹ ਬੇਹੱਦ ਅਫ਼ਸੋਸ ਅਤੇ ਦੁੱਖ ਵਾਲਾ ਮਸਲਾ ਹੈ। ਇਹ 'ਮੋਦੀ ਪ੍ਰਭਾਵ' ਹੋ ਵੀ ਸਕਦਾ ਹੈ ਅਤੇ ਨਹੀਂ ਵੀ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਉਦਾਰਵਾਦੀਆਂ (ਖ਼ਾਸ ਕਰ ਨਹਿਰੂ ਵੰਨਗੀ ਵਾਲੇ) ਨੂੰ ਆਪਣੇ ਵਿਸ਼ਵਾਸਾਂ ਅਤੇ ਵਿਹਾਰਾਂ ਦਾ ਯਕੀਨ ਨਹੀਂ ਰਹਿ ਗਿਆ। ਇਹ ਉਦਾਰਵਾਦੀ ਅਚਾਨਕ ਇਹ ਮੰਗ ਕਰਦੇ ਦਿਸਣ ਲੱਗੇ: "ਬੋਲਣਾ ਬੰਦ ਕਰੋ ਅਤੇ ਸਲਾਮ ਕਰੋ"। ਫ਼ੌਜ ਨੂੰ ਸਲਾਮ ਕਰੋ। ਜਰਨੈਲ ਨੂੰ ਸਲਾਮ, ਕਮਾਂਡੋ ਨੂੰ ਸਲਾਮ, ਸਾਬਕਾ ਕਰਨੈਲਾਂ ਨੂੰ ਸਲਾਮ ਕਰੋ। ਉਸਤਤਬਾਜ਼ ਸਿਆਸਤਦਾਨਾਂ ਨੂੰ ਸਲਾਮ ਕਰੋ ਜਿਹੜੇ ਨਿੱਤ ਦਿਨ ਜਵਾਨਾਂ ਨੂੰ ਸਲਾਮ ਕਰਨ ਦਾ ਮਕਰ ਕਰਦੇ ਹਨ। ਹਰ ਉਸ 'ਖ਼ਬਰ' ਜਾਂ ਟਿੱਪਣੀ ਨਾਲ ਸਹਿਮਤ ਹੋਵੋ ਜਿਹੜੀ 'ਬਹਾਦਰ ਜਵਾਨਾਂ' ਦੇ ਨਾਂ ਉਤੇ ਘੜੀ ਜਾ ਰਹੀ ਹੈ; ਜਾਂ ਰਾਸ਼ਟਰ ਵਿਰੋਧੀ ਵਜੋਂ ਆਪਣੀ ਮੌਤ ਦਾ ਜੋਖ਼ਮ ਉਠਾਉਣ ਲਈ ਤਿਆਰ ਰਹੋ; ਦੇਸ਼ ਭਗਤੀ ਦੀ ਘਾਟ ਦੀ ਨੁਕਤਾਚੀਨੀ ਦਾ ਜੋਖ਼ਮ ਉਠਾਉਣ ਲਈ ਤਿਆਰ ਰਹੋ।

ਇਸ ਉਦਾਰਵਾਦੀ ਭੇਖ ਦਾ ਮੁਖੌਟਾ ਲਾਹੁਣਾ ਇੰਨਾ ਹੀ ਸਹਿਜ ਹੈ ਜਿਵੇਂ ਸਰਦੀਆਂ ਦੀ ਕਿਸੇ ਸਵੇਰ ਨੂੰ ਬਾਹਰ ਨਿਕਲਦਿਆਂ ਠੰਢੀ ਸੀਤ ਮੂੰਹ 'ਤੇ ਪੈਂਦੀ ਹੈ। ਇੰਨਾ ਹੀ ਸਹਿਜ, ਜਿਵੇਂ ਐਲ. ਕੇ. ਅਡਵਾਨੀ ਨੇ ਐਮਰਜੈਂਸੀ ਦੌਰਾਨ ਭਾਰਤੀ ਮੀਡੀਆ ਬਾਰੇ ਟਿੱਪਣੀ ਕੀਤੀ ਸੀ: "ਜਦੋਂ ਲਿਫਣ ਲਈ ਕਿਹਾ ਗਿਆ, ਇਹ ਰੀਂਗਣ ਲਈ ਤਿਆਰ ਹੋ ਗਿਆ।" ਉਹ 'ਤਾਨਾਸ਼ਾਹ' ਇੰਦਰਾ ਗਾਂਧੀ ਦਾ ਜ਼ਮਾਨਾ ਸੀ। ਉਸ ਤੋਂ ਬਾਅਦ ਅਸੀਂ ਅਕਸਰ ਆਪਣੀ ਮਜ਼ਬੂਤ, ਖਰੀ ਜਮਹੂਰੀਅਤ ਅਤੇ ਇਸ ਦੇ ਸ਼ੋਰੀਲੇ, ਝਗੜਾਲੂ ਮੀਡੀਆ ਦੇ ਵਿਕਾਸ ਦੇ ਜਸ਼ਨ ਮਨਾਉਂਦੇ ਹਾਂ। ਜੀ ਹਾਂ, ਉਦੋਂ ਤੋਂ ਹੀ ਅਸੀਂ ਸੈਂਸਰਸ਼ਿਪ ਅਤੇ ਸਮਰਪਣ ਦੀ ਮਰਿਆਦਾ ਵੀ ਮੁੜ ਲਿਖ ਲਈ ਹੈ। ਡਰ ਵਾਲਾ ਕੰਮ ਆਪੂੰ ਬਣੇ ਉਦਾਰਵਾਦੀਆਂ ਨੇ ਆਪੇ ਅਗਾਂਹ ਠੇਕੇ 'ਤੇ ਲੈ ਲਿਆ ਹੈ।

ਨਿਰਪੱਖ ਹੋ ਕੇ ਗੱਲ ਕਰੀਏ ਤਾਂ ਮੋਦੀ ਸਰਕਾਰ ਨੇ ਉਦਾਰਵਾਦੀਆਂ ਨੂੰ ਲਿਫਣ ਜਾਂ ਰੀਂਗਣ ਲਈ ਨਹੀਂ ਕਿਹਾ। ਹੋ ਸਕਦਾ ਹੈ, ਆਪਣੀ ਗੱਲ ਖ਼ਾਤਰ ਸਰਕਾਰ ਨੇ ਆਪਣੀ ਸ਼ਕਤੀ ਅਤੇ ਹੋਰ ਸਾਰੇ ਢੰਗ ਤਰੀਕੇ ਵਰਤੇ ਹੋਣ (ਸਾਰੀਆਂ ਸਰਕਾਰਾਂ ਇਹੀ ਕੋਸ਼ਿਸ਼ ਕਰਦੀਆਂ ਹਨ)। ਕਿਸੇ ਨੂੰ ਵੀ ਪਤਿਆਉਣ ਦਾ, ਸਰਕਾਰ ਦਾ ਇਹੀ ਦਾਅਪੇਚ ਹੁੰਦਾ ਹੈ। ਇਸ ਨੇ ਅਜਿਹਾ (ਵਧੀਆ ਕਾਨੂੰਨੀ ਢੰਗ ਨਾਲ) ਆਪਣੇ ਵਿਸ਼ਾਲ ਸਾਧਨਾਂ ਦੀ ਵਰਤੋਂ ਰਾਹੀਂ ਕੀਤਾ ਹੋਵੇਗਾ, ਤਾਂ ਕਿ ਸਮੁੱਚਾ ਮਾਹੌਲ ਇਸ ਦੇ ਵਿਚਾਰਧਾਰਕ ਵਖਰੇਵਿਆਂ ਅਤੇ ਸਿਆਸੀ ਤਰਜੀਹਾਂ ਨਾਲ ਇਕਸੁਰ ਹੋ ਜਾਵੇ। ਉਤਮ ਤਰੀਕੇ ਨਾਲ ਅਜਿਹਾ ਕੰਮ ਕਰਨ ਲਈ ਇਸ ਦੇ ਕੀੜੇ ਨਹੀਂ ਕੱਢੇ ਜਾ ਸਕਦੇ।

ਨਾ ਹੀ ਸਰਹੱਦ ਪਾਰ 29 ਸਤੰਬਰ ਨੂੰ ਕੀਤੇ 'ਸਰਜੀਕਲ ਸਟਰਾਈਕ' ਨੂੰ ਈਵੈਂਟ ਮੈਨੇਜਮੈਂਟ ਤੱਕ ਘਟਾਉਣ ਲਈ ਮੋਦੀ ਸਰਕਾਰ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਹੁਣ ਜੇ ਇਸ ਸਰਕਾਰ ਨੇ ਜਨਤਕ ਅਤੇ ਸਿਆਸੀ ਤੌਰ 'ਤੇ ਸਰਹੱਦ ਪਾਰ ਇਹ ਕਾਰਵਾਈ ਕਰਨ ਦਾ ਜ਼ਿੰਮਾ ਲਿਆ ਹੈ ਅਤੇ ਪਿਛਲੀਆਂ ਸਰਕਾਰਾਂ ਅਜਿਹਾ ਕਰਨ ਦੀ ਦਲੇਰੀ ਨਹੀਂ ਦਿਖਾ ਸਕੀਆਂ, ਤਾਂ ਫਿਰ ਇਸ ਸਰਕਾਰ ਨੇ ਹਿੱਕ ਠੋਕਣੀ ਹੀ ਹੈ। ਸੱਚ ਜਾਣੋ, ਪਿਛਲੀਆਂ ਸਰਕਾਰਾਂ ਕੋਲ ਮਨੋਹਰ ਪਰੀਕਰ ਵਰਗਾ ਬੇਬਾਕ ਰੱਖਿਆ ਮੰਤਰੀ ਨਹੀਂ ਸੀ। 'ਸਰਜੀਕਲ ਸਟਰਾਈਕ' ਤੋਂ ਸਿਆਸੀ ਅਤੇ ਚੁਣਾਵੀ ਲਾਹਾ ਲੈਣ ਅਤੇ 'ਫ਼ੌਜ' ਨੂੰ ਵਰਤਣ ਦੇ ਮਾਮਲੇ 'ਤੇ ਮੋਦੀ ਸਰਕਾਰ ਅਤੇ ਭਾਜਪਾ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਮਈ 2014 ਤੋਂ ਬਾਅਦ ਇਹ ਨਿਜ਼ਾਮ ਇਹੀ ਮੁਹਾਰਨੀ ਹੀ ਤਾਂ ਬੋਲ ਰਿਹਾ ਹੈ।

ਹੈਰਾਨ ਕਰਨ ਵਾਲੀ ਗੱਲ ਇਹ ਨਹੀਂ ਕਿ ਨਰੇਂਦਰ ਮੋਦੀ-ਅਮਿਤ ਸ਼ਾਹ ਵਾਲਾ ਬੰਦੋਬਸਤ ਕੀ ਕੁਝ ਕਰ ਰਿਹਾ ਹੈ; ਦਿਲ-ਢਾਹੂ ਅਤੇ ਮਾਯੂਸੀ ਵਾਲਾ ਮਾਮਲਾ ਉਦਾਰਵਾਦੀਆਂ ਦੀ ਸਮੂਹਿਕ ਨਾਕਾਮਯਾਬੀ ਦਾ ਹੈ ਜਿਹੜੇ ਪਾਕਿਸਤਾਨ ਨਾਲ ਟਕਰਾਅ ਨੂੰ ਲੀਡਰੀ ਚਮਕਾਉਣ ਅਤੇ ਸਿਆਸੀ ਲਾਹੇ ਲਈ ਲੋਕਾਂ ਦੀਆਂ ਭਾਵਨਾਵਾਂ ਨੂੰ ਲਾਮਬੰਦ ਕਰਨ ਬਾਰੇ ਰਣਨੀਤੀ ਨੂੰ ਸਮਝ ਵੀ ਨਹੀਂ ਸਕੇ, ਇਸ ਦਾ ਟਾਕਰਾ ਕਰਨ ਤਾਂ ਬਾਅਦ ਦੀ ਗੱਲ ਹੈ। ਮੋਦੀ ਵਾਲੀ ਭੀੜ ਅਜਿਹਾ ਕਪਟ ਘੜਨ ਵਾਲੀ ਕੋਈ ਪਹਿਲੀ ਨਹੀਂ ਹੈ। ਦੁਨੀਆ ਭਰ ਦੇ ਲੀਡਰ (ਜਮਹੂਰੀ, ਅਰਧ-ਜਮਹੂਰੀ, ਸੱਤਾਵਾਦੀ) ਫ਼ੌਜੀਆਂ ਦੀ ਬਹਾਦਰੀ ਅਤੇ ਵਚਨਬੱਧਤਾ ਨੂੰ ਆਪਣੇ ਸਿਆਸੀ ਅਤੇ ਚੁਣਾਵੀ ਲਾਹੇ ਲਈ ਵਰਤਦੇ ਰਹੇ ਹਨ। ਨਰੇਂਦਰ ਮੋਦੀ-ਮਨੋਹਰ ਪਰੀਕਰ ਦੀ ਜੁਗਲਬੰਦੀ ਨੂੰ ਇਹ ਸ਼ਾਬਾਸ਼ੀ ਮਿਲਣੀ ਚਾਹੀਦੀ ਹੈ ਕਿ ਇਨ੍ਹਾਂ ਨੇ ਆਪਣੀ ਖੇਡ ਪੂਰੀ ਸ਼ਾਤਿਰਤਾ ਨਾਲ ਖੇਡੀ ਹੈ।

ਐਨ.ਡੀ.ਟੀ.ਵੀ.-ਚਿਦੰਬਰਮ ਮਾਮਲਾ, ਉਦਾਰ ਭਾਰਤ ਦੇ ਸੰਕਟ ਦੀ ਵਿਰਾਟ ਕਮਜ਼ੋਰੀ ਦਾ ਸੰਕੇਤ-ਮਾਤਰ ਹੈ। ਵੀਹ ਮਹੀਨਿਆਂ ਤੋਂ ਵੀ ਘੱਟ ਸਮੇਂ ਅੰਦਰ ਹੀ ਉਦਾਰ ਆਵਾਜ਼ਾਂ, ਹਸਤੀਆਂ ਅਤੇ ਸੰਸਥਾਵਾਂ ਗੋਡਣੀਆਂ ਲਾ ਗਈਆਂ ਹਨ। ਹੁਣ ਵੇਲੇ ਸਿਰ ਇਸ ਬਾਰੇ ਖ਼ਬਰ ਹੋ ਗਈ ਹੈ। ਜੇ ਸੰਜੀਦਾ ਉਦਾਰ ਤਾਕਤਾਂ ਸੱਤਾਵਾਦੀਆਂ ਦੀ ਹੇਠਾਂ ਲਾਉਣ ਵਾਲੀ, ਨਵੀਂ ਸਰਦਾਰੀ ਦਾ ਵਿਰੋਧ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀਆਂ ਰਣਨੀਤੀਆਂ ਨਵੇਂ ਸਿਰਿਓਂ ਘੜਨੀਆਂ ਪੈਣਗੀਆਂ। ਜਮਹੂਰੀ ਭਾਰਤ ਇੰਨੀ ਅਸਾਨੀ ਨਾਲ ਗੋਡੇ ਨਹੀਂ ਲਾਵੇਗਾ।

# ਭਾਰਤ-ਪਾਕਿ: ਦੁਸ਼ਮਣੀ ਕਿ ਦੋਸਤੀ

ਉੜੀ ਵਿਚ ਫ਼ੌਜੀ ਕੈਂਪ ਉਤੇ ਅਤਿਵਾਦੀਆਂ ਦੇ ਹਮਲੇ ਤੋਂ ਬਾਅਦ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ ਦੇ ਕੁਝ ਅਤਿਵਾਦੀ ਟਿਕਾਣਿਆਂ ਉਤੇ ਸਰਜੀਕਲ ਓਪਰੇਸ਼ਨ ਦੇ ਦਾਅਵੇ ਪਿਛੋਂ ਭਾਜਪਾ ਨਾਲ ਸਬੰਧਤ ਮੰਤਰੀਆਂ ਤੇ ਨੇਤਾਵਾਂ ਨੇ ਖ਼ੁਸ਼ੀ ਵਾਲੇ ਬਿਆਨ ਦਿੱਤੇ। ਵਿਰੋਧੀ ਪਾਰਟੀਆਂ ਨੇ ਵਿਰੋਧ ਵਾਲੇ ਬਿਆਨ ਦਿੱਤੇ। ਕੁਝ ਧਿਰਾਂ ਨੇ ਇਹ ਸ਼ੱਕ ਵੀ ਜ਼ਾਹਰ ਕੀਤਾ ਕਿ ਸਰਜੀਕਲ ਓਪਰੇਸ਼ਨ ਹੋਇਆ ਵੀ ਹੈ ਕਿ ਨਹੀਂ? ਸਾਬਕਾ ਰੱਖਿਆ ਮੰਤਰੀ ਸ਼ਰਦ ਪਵਾਰ ਨੇ ਹੀ ਕਿਹਾ- 'ਮੇਰੇ ਸੱਤਾ ਕਾਲ ਵਿਚ ਚਾਰ ਵਾਰ ਸਰਜੀਕਲ ਓਪਰੇਸ਼ਨ ਹੋਏ, ਪਰ ਢੰਡੋਰਾ ਨਹੀਂ ਪਿੱਟਿਆ'। ਹੁਣ ਪਿੱਛੇ ਵੱਲ

**ਪਿਆਰਾ ਸਿੰਘ ਭੋਗਲ**

ਝਾਤੀ ਮਾਰਿਆਂ ਪ੍ਰਤੀਤ ਹੁੰਦਾ ਹੈ ਕਿ ਉੜੀ ਹਮਲਾ ਅਤੇ ਪਿੱਛੋਂ ਕੀਤਾ ਗਿਆ ਸਰਜੀਕਲ ਓਪਰੇਸ਼ਨ ਇਕ-ਦੂਜੇ ਨਾਲ ਜੁੜੀਆਂ ਘਟਨਾਵਾਂ ਸਨ, ਪਰ ਬੇਸੁਆਦੀ ਪੈਦਾ ਕਰਨ ਵਾਲੀ ਗੱਲ ਭਾਰਤੀ ਜਨਤਾ ਪਾਰਟੀ ਦੀ ਲੁਕਵੀਂ ਰਾਜਨੀਤਕ ਲਾਲਸਾ ਸੀ।

ਦਰਅਸਲ, ਲਾਲਸਾ ਇਹ ਸੀ ਤੇ ਹੁਣ ਵੀ ਹੈ ਕਿ ਉਤਰ ਪ੍ਰਦੇਸ਼ ਦੀ ਚੋਣ 2019 ਵਿਚ ਹੋਣ ਵਾਲੀ ਲੋਕ ਸਭਾ ਚੋਣ ਲਈ ਰਿਹਰਸਲ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਦੀ ਚੋਣ ਜਿੱਤ ਕੇ ਅਤੇ ਭਾਰਤ ਦੇ ਇਸ ਸਭ ਤੋਂ ਵੱਡੇ ਪ੍ਰਦੇਸ਼ ਵਿਚ ਸਰਕਾਰ ਬਣਾ ਕੇ ਅਗਲੇ ਪੰਜ ਸਾਲ ਲਈ ਵੀ ਭਾਰਤ ਦੀ ਕੇਂਦਰ ਸਰਕਾਰ ਆਪਣੇ ਹੱਥਾਂ ਵਿਚ ਰੱਖਣ ਦਾ ਸੁਪਨਾ ਪਾਲ ਰਹੇ ਹਨ। ਕਿਸੇ ਰਾਜਨੀਤਕ ਪਾਰਟੀ ਦੀ ਚੋਣ ਜਿੱਤਣ ਦੀ ਇੱਛਾ ਗ਼ੈਰ-ਕੁਦਰਤੀ ਨਹੀਂ। ਗ਼ੈਰ-ਕੁਦਰਤੀ ਗੱਲ ਭਾਰਤ ਜਿਹੇ ਧਰਮ ਨਿਰਪੱਖ ਮੁਲਕ ਵਿਚ ਫ਼ਿਰਕੂ ਪੱਤਾ ਖੇਡਣ ਦੀ ਹੈ। ਇਹ ਗੱਲ ਤਾਂ ਜ਼ਾਹਰ ਹੀ ਹੈ ਕਿ ਭਾਜਪਾ ਹਿੰਦੂਤਵੀ ਪਾਰਟੀ ਹੈ। ਕਸ਼ਮੀਰ ਵਿਚ ਪਿਛਲੇ ਕਈ ਮਹੀਨਿਆਂ ਤੋਂ ਨਾ ਰੁਕ ਰਹੇ ਰੋਸ ਵਿਖਾਵਿਆਂ ਦੇ ਪਿਛੇ ਕਾਰਨ ਹੋਰ ਵੀ ਬਹੁਤ ਹਨ, ਪਰ ਇਕ ਵੱਡਾ ਕਾਰਨ ਕਸ਼ਮੀਰ ਘਾਟੀ ਦੀ ਮੁਸਲਿਮ ਘੱਟ-ਗਿਣਤੀ ਦੇ ਮਨ ਦਾ ਇਹ ਗੁੱਸਾ ਹੈ ਕਿ ਕੇਂਦਰ ਵਿਚ ਰਾਜ ਕਰ ਰਹੇ ਹਿੰਦੂਤਵੀ ਅੰਸ਼ ਉਨ੍ਹਾਂ ਉਤੇ ਜ਼ੁਲਮ ਕਰ ਰਹੇ ਹਨ।

ਦਿਲਚਸਪ ਗੱਲ ਹੈ ਕਿ ਪਾਕਿਸਤਾਨ ਦੇ ਸੱਤਾਧਾਰੀਆਂ ਨੇ ਨਾ ਇਹ ਮੰਨਿਆ ਕਿ ਉੜੀ ਉਤੇ ਮਕਬੂਜ਼ਾ ਕਸ਼ਮੀਰ ਤੋਂ ਗਏ ਅਤਿਵਾਦੀਆਂ ਨੇ ਹਮਲਾ ਕੀਤਾ, ਨਾ ਇਹ ਮੰਨਿਆ ਕਿ ਭਾਰਤ ਦੀ ਸੈਨਾ ਨੇ ਮਕਬੂਜ਼ਾ ਕਸ਼ਮੀਰ ਵਿਚ ਸਰਜੀਕਲ ਓਪਰੇਸ਼ਨ ਕੀਤਾ। ਇਕ ਪੱਖ ਤੋਂ ਪਾਕਿਸਤਾਨ ਦੇ ਸੱਤਾਧਾਰੀਆਂ ਦੀ ਇਹ ਜੁਗਤ ਪਾਕਿਸਤਾਨ ਅਤੇ ਭਾਰਤ, ਦੋਵਾਂ ਲਈ ਲਾਭਕਾਰੀ ਸੀ। ਪਾਕਿਸਤਾਨੀ ਜਨਤਾ ਨੇ ਨਮੋਸ਼ੀ ਮਹਿਸੂਸ ਨਹੀਂ ਕੀਤੀ। ਭਾਰਤ ਉਤੇ ਜਵਾਬੀ ਹਮਲਾ ਕਰਨ ਦੀਆਂ ਬਦਲਾਖੋਰ ਭਾਵਨਾਵਾਂ ਨਹੀਂ ਭੜਕੀਆਂ।

ਭਾਰਤ ਤੇ ਪਾਕਿਸਤਾਨ ਦੀ ਦੁਸ਼ਮਣੀ ਅਤੇ ਕਸ਼ਮੀਰ ਰਿਆਸਤ ਬਾਰੇ ਦੋਵਾਂ ਮੁਲਕਾਂ ਦਾ ਵਾਦ-ਵਿਵਾਦ ਗੁੰਝਲਦਾਰ ਮਸਲਾ ਹੈ। ਹਕੀਕਤ ਇਹ ਹੈ ਕਿ ਯੁੱਧ ਇਸ ਮਸਲੇ ਦਾ ਕੋਈ ਹੱਲ ਨਹੀਂ। ਯੁੱਧ ਕਰ ਕੇ ਦੋਵੇਂ ਮੁਲਕ ਇਕ ਦੂਜੇ ਨੂੰ ਨਸ਼ਟ ਨਹੀਂ ਕਰ ਸਕਦੇ, ਨਾ ਹੀ ਕਸ਼ਮੀਰ ਇਕ ਦੂਜੇ ਤੋਂ ਖੋਹ ਸਕਦੇ ਹਨ। ਦੋਵਾਂ ਮੁਲਕਾਂ ਦਾ ਲਾਭ ਇਸ ਗੱਲ ਵਿਚ ਹੈ ਕਿ ਉਹ ਦੁਸ਼ਮਣੀ ਛੱਡਣ ਤੇ ਦੋਸਤ ਗੁਆਂਢੀ ਬਣ ਕੇ ਰਹਿਣ। ਕਸ਼ਮੀਰ ਵਿਚ ਯੁੱਧਬੰਦੀ ਲਕੀਰ (ਐਲ.ਓ.ਸੀ.) ਨੂੰ ਪੱਕੀ ਸਰਹੱਦ ਮੰਨ ਲੈਣ। 1971 ਵਿਚ ਸ਼ਿਮਲਾ ਗੱਲਬਾਤ ਵਿਚ ਇੰਦਰਾ ਗਾਂਧੀ ਅਤੇ ਜ਼ੁਲਫ਼ਿਕਾਰ ਭੁੱਟੋ ਇਹ ਹਕੀਕਤ ਲਗਪਗ ਮੰਨ ਗਏ ਸਨ।

ਜਦੋਂ ਜਜ਼ਬਾਤ ਭੜਕੇ ਨਹੀਂ ਹੁੰਦੇ, ਦੋਵਾਂ ਮੁਲਕਾਂ ਦੇ ਸੱਤਾਧਾਰੀ ਨੇਤਾ ਦੋਸਤੀ ਅਤੇ ਮਿਲਵਰਤਣ ਦੇ ਹੱਥ ਵਧਾਉਂਦੇ ਵੀ ਹਨ। ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣਨ ਤੋਂ

***ਇਸ ਵੇਲੇ ਵਾਹਗਾ ਸਰਹੱਦ ਰਾਹੀਂ ਕਰੋੜਾਂ ਰੁਪਏ ਦਾ ਸਮਾਨ ਹਰ ਰੋਜ਼ ਇਧਰੋਂ-ਉਧਰ ਤੇ ਉਧਰੋਂ ਇਧਰ ਆ ਜਾ ਰਿਹਾ ਹੈ। ਭਾਰਤ ਦੇ ਗੰਢੇ ਤੇ ਆਲੂ ਲਹਿੰਦੇ ਪੰਜਾਬ ਦੇ ਘਰ-ਘਰ ਪਹੁੰਚ ਰਹੇ ਹਨ। ਪਾਕਿਸਤਾਨ ਦਾ ਸੀਮਿੰਟ ਚੜ੍ਹਦੇ ਪੰਜਾਬ ਦੀਆਂ ਬਣਾਈਆਂ ਇਮਾਰਤਾਂ ਦੀ ਵਰਤੋਂ ਵਿਚ ਆ ਰਿਹਾ ਹੈ। ਸੈਂਕੜੇ ਟਰੱਕ ਅਮਨ ਭਰਪੂਰ ਢੰਗ ਨਾਲ ਵਾਹਗਾ ਸਰਹੱਦ ਹਰ ਰੋਜ਼ ਪਾਰ ਕਰ ਰਹੇ ਹਨ। ਦੋਵਾਂ ਮੁਲਕਾਂ ਵਿਚਕਾਰ ਚੱਲ ਰਹੀ ਬੱਸ ਵਿਚ ਜਨਤਾ ਪਹਿਲਾਂ ਵਾਂਗ ਹੀ ਸਫ਼ਰ ਕਰ ਰਹੀ ਹੈ।***

ਬਾਅਦ ਬੱਸ ਵਿਚ ਸਵਾਰ ਹੋ ਕੇ ਲਾਹੌਰ ਗਏ ਸਨ ਤੇ ਪਾਕਿਸਤਾਨ ਨੂੰ ਸੁਲਹ ਦਾ ਸੰਦੇਸ਼ ਦੇ ਕੇ ਆਏ ਸਨ। ਮੋਦੀ ਨੇ ਨਵਾਜ਼ ਸ਼ਰੀਫ਼ ਨੂੰ ਆਪਣੇ ਸਹੁੰ ਚੁੱਕ ਸਮਾਗਮ ਵਿਚ ਬੁਲਾਇਆ। ਪਿਛੋਂ ਸ਼ਰੀਫ਼ ਦੇ ਪਰਿਵਾਰ ਵਿਚ ਹੋ ਰਹੇ ਵਿਆਹ ਵਿਚ ਮੋਦੀ ਪਾਕਿਸਤਾਨ ਪਹੁੰਚੇ ਸਨ। ਇਹ ਦੋਸਤਾਨਾ ਕਾਰਵਾਈਆਂ ਦੋਵਾਂ ਦੇਸ਼ਾਂ ਦੀ ਜਨਤਾ ਨੂੰ ਧਰਵਾਸ ਦਿੰਦੀਆਂ ਹਨ ਕਿ ਦੋਵੇਂ ਮੁਲਕ ਚੰਗੇ ਗੁਆਂਢੀ ਬਣ ਕੇ ਰਹਿ ਸਕਦੇ ਹਨ।


ਇਸ ਵੇਲੇ ਵਾਹਗਾ ਸਰਹੱਦ ਰਾਹੀਂ ਕਰੋੜਾਂ ਰੁਪਏ ਦਾ ਸਮਾਨ ਹਰ ਰੋਜ਼ ਇਧਰੋਂ-ਉਧਰ ਤੇ ਉਧਰੋਂ ਇਧਰ ਆ ਜਾ ਰਿਹਾ ਹੈ। ਭਾਰਤ ਦੇ ਗੰਢੇ ਤੇ ਆਲੂ ਲਹਿੰਦੇ ਪੰਜਾਬ ਦੇ ਘਰ-ਘਰ ਪਹੁੰਚ ਰਹੇ ਹਨ। ਪਾਕਿਸਤਾਨ ਦਾ ਸੀਮਿੰਟ ਚੜ੍ਹਦੇ ਪੰਜਾਬ ਦੀਆਂ ਬਣਾਈਆਂ ਇਮਾਰਤਾਂ ਦੀ ਵਰਤੋਂ ਵਿਚ ਆ ਰਿਹਾ ਹੈ। ਸੈਂਕੜੇ ਟਰੱਕ ਅਮਨ ਭਰਪੂਰ ਢੰਗ ਨਾਲ ਵਾਹਗਾ ਸਰਹੱਦ ਹਰ ਰੋਜ਼ ਪਾਰ ਕਰ ਰਹੇ ਹਨ। ਦੋਵਾਂ ਮੁਲਕਾਂ ਵਿਚਕਾਰ ਚੱਲ ਰਹੀ ਬੱਸ ਵਿਚ ਜਨਤਾ ਪਹਿਲਾਂ ਵਾਂਗ ਹੀ ਸਫ਼ਰ ਕਰ ਰਹੀ ਹੈ।

ਅਸਲ ਵਿਚ ਆਪਸੀ ਸਹਿਯੋਗ ਦੀ ਦੋਵਾਂ ਮੁਲਕਾਂ ਨੂੰ ਸਖ਼ਤ ਲੋੜ ਹੈ। ਦੋਵਾਂ ਮੁਲਕਾਂ ਵਿਚ ਗਰੀਬੀ, ਪਛੜੇਵਾਂ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਸਮੇਤ ਕਈ ਆਰਥਿਕ ਸਮੱਸਿਆਵਾਂ ਹਨ। ਇਹ ਸਮੱਸਿਆਵਾਂ ਹੱਲ ਕਰਨ ਲਈ ਅਮਨ ਵੀ ਚਾਹੀਦਾ ਹੈ, ਧਨ ਵੀ; ਪਰ ਧਨ ਹਥਿਆਰ ਖ਼ਰੀਦਣ ਉਤੇ ਬਰਬਾਦ ਕੀਤਾ ਜਾ ਰਿਹਾ ਹੈ। ਦੋਵੇਂ ਮੁਲਕ ਆਪਣੀ-ਆਪਣੀ ਸੈਨਿਕ ਤਾਕਤ ਵਧਾ ਰਹੇ ਹਨ। ਤਾਜ਼ਾ ਖ਼ਬਰ ਹੈ ਕਿ ਮੋਦੀ ਨੇ ਉਨ੍ਹਾਂ ਫੈਕਟਰੀਆਂ ਤੇ ਕੰਪਨੀਆਂ ਜੋ ਭਾਰਤੀ ਫ਼ੌਜ ਨੂੰ ਗੋਲਾ ਬਾਰੂਦ ਸਪਲਾਈ ਕਰਦੀਆਂ ਹਨ, ਨੂੰ ਤਿਆਰ ਰਹਿਣ ਦਾ ਹੁਕਮ ਦਿੱਤਾ ਹੈ। ਕਿਸੇ ਵੀ ਸਮੇਂ ਹੋਰ ਹਥਿਆਰਾਂ ਦੀ ਲੋੜ ਪੈਦਾ ਹੋ ਸਕਦੀ ਹੈ। ਹਥਿਆਰਾਂ ਦੀ ਇਹ ਦੌੜ ਦੋਵਾਂ ਮੁਲਕਾਂ ਦੀ ਜਨਤਾ ਨਾਲ ਦੁਸ਼ਮਣੀ ਹੈ। ਜਨਤਾ ਦੇ ਪੁੱਤਰਾਂ-ਧੀਆਂ ਨੂੰ ਸਕੂਲਾਂ-ਕਾਲਜਾਂ ਵਿਚ ਪੜ੍ਹਨ ਲਈ ਥਾਂ ਚਾਹੀਦੀ ਹੈ ਤੇ ਪੜ੍ਹਾਈ ਖ਼ਤਮ ਕਰ ਕੇ ਨੌਕਰੀਆਂ ਚਾਹੀਦੀਆਂ ਹਨ।

ਦੋਵਾਂ ਪੰਜਾਬਾਂ ਵਿਚ ਅੰਨ ਬਹੁਤ ਪੈਦਾ ਹੋ ਰਿਹਾ ਹੈ, ਪਰ ਰੁਜ਼ਗਾਰ ਨਹੀਂ ਵਧ ਰਹੇ। ਨੌਜਵਾਨ ਪੜ੍ਹ-ਲਿਖ ਕੇ ਪੱਛਮੀ ਮੁਲਕਾਂ ਨੂੰ ਜਾ ਰਹੇ ਹਨ। ਪੰਜਾਬ ਵਿਚ ਰੁਜ਼ਗਾਰ ਕਿਉਂ ਨਾ ਵਧਣ? ਦੋਵੇਂ ਪੰਜਾਬ ਖੇਤੀ ਪ੍ਰਧਾਨ ਪ੍ਰਦੇਸ਼ ਹੀ ਕਿਉਂ ਬਣੇ ਰਹਿਣ? ਦੋਵੇਂ ਪੰਜਾਬ ਅਨਾਜ ਪੈਦਾ ਕਰ ਕੇ ਦੂਜੇ ਪ੍ਰਦੇਸ਼ਾਂ ਨੂੰ ਅੰਨ ਭੇਜਣ ਵਾਲੀਆਂ ਬਸਤੀਆਂ ਹੀ ਕਿਉਂ ਬਣੀਆਂ ਰਹਿਣ? ਇਹ ਆਪਣੇ ਵਾਫ਼ਰ ਅੰਨ ਭੰਡਾਰ ਨੂੰ ਡੱਬਾ ਬੰਦ ਖ਼ੁਰਾਕੀ ਵਸਤਾਂ ਵਿਚ ਬਦਲਣ ਲਈ ਉਦਯੋਗ ਕਿਉਂ ਨਾ ਸਥਾਪਤ ਕਰਨ? ਦੋਵਾਂ ਪੰਜਾਬਾਂ ਵਿਚ ਉਦਯੋਗ ਬਹੁਤ ਘੱਟ ਹਨ। ਇਸੇ ਕਰ ਕੇ ਬੇਰੁਜ਼ਗਾਰੀ ਹੈ। ਇਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਮਾਜ ਵਿਰੋਧੀ ਅੰਸ਼ ਅਪਰਾਧੀ ਪ੍ਰਵਿਰਤੀਆਂ ਅਪਨਾਉਣ ਲਈ ਉਤਸ਼ਾਹਤ ਕਰਦੇ ਹਨ। ਨਸ਼ਾ ਤਸਕਰੀ ਇਹ ਬੇਰੁਜ਼ਗਾਰ ਨੌਜਵਾਨ ਹੀ ਕਰ ਰਹੇ ਹਨ। ਇਹ ਖ਼ੁਦ ਵੀ ਨਸ਼ਾ ਗ੍ਰਸਤ ਹੋ ਰਹੇ ਹਨ। ਲਹਿੰਦੇ ਪੰਜਾਬ ਵਿਚ ਅਜਿਹੇ ਬੇਰੁਜ਼ਗਾਰ ਨੌਜਵਾਨ ਦਹਿਸ਼ਤਗਰਦੀ ਵੀ ਅਪਨਾ ਰਹੇ ਹਨ। ਸੋ, ਇਸ ਵੇਲੇ ਮੁੱਢਲੀ ਲੋੜ ਅਮਨ ਅਤੇ ਆਪਸੀ ਮਿਲਵਰਤਣ ਦੀ ਹੈ।

# ਆਪੇ ਆਪਿ ਵਰੱਤਦਾ ਸੰਗਤਿ ਗੁਣ ਗੋਈ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਦੀ ਦੂਜੀ ਵਾਰ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਜ਼ਿਕਰ ਅਸੀਂ ਪਿਛਲੇ ਲੇਖ ਵਿਚ ਕਰ ਚੁਕੇ ਹਾਂ। ਅਗਲੀਆਂ ਪਉੜੀਆਂ ਵਿਚ ਵੀ ਉਨ੍ਹਾਂ ਅਕਾਲ ਪੁਰਖ ਦੀ ਸਰਵ-ਵਿਆਪਕਤਾ ਦੀ ਹੀ ਚਰਚਾ ਕੀਤੀ ਹੈ ਅਤੇ ਦੱਸਿਆ ਹੈ ਕਿ ਸਰਵ-ਵਿਆਪਕ ਹੋ ਕੇ ਵੀ ਉਹ ਨਿਰਲੇਪ ਹੈ ਅਤੇ ਰਚਨਾ ਦੀਆਂ ਵੱਖ ਵੱਖ ਵੰਨਗੀਆਂ ਅਨੁਸਾਰ ਉਹ ਭਿੰਨ ਭਿੰਨ ਨਜ਼ਰ ਆਉਂਦਾ ਹੈ ਪਰ ਉਹ ਹੈ ਇੱਕ ਹੀ। ਇਸ ਸਰਵ-ਵਿਆਪਕਤਾ, ਨਿਰਲੇਪਤਾ ਅਤੇ ਅਨੇਕਤਾ ਵਿਚ ਏਕਤਾ ਨੂੰ ਭਾਈ ਗੁਰਦਾਸ ਨੇ ਭਿੰਨ ਭਿੰਨ ਦ੍ਰਿਸ਼ਟਾਂਤਾਂ ਰਾਹੀਂ ਸਮਝਾਇਆ ਹੈ। ਸੰਗਤ ਦੇ ਅਸਰ ਕਾਰਨ ਇੱਕੋ ਧਾਤੂ ਤਾਂਬਾ ਕਿਸ ਤਰ੍ਹਾਂ ਵੱਖ ਵੱਖ ਰੂਪ ਧਾਰਨ ਕਰ ਲੈਂਦਾ ਹੈ, ਪਹਿਲਾ ਦ੍ਰਿਸ਼ਟਾਂਤ ਭਾਈ ਗੁਰਦਾਸ ਨੇ ਤਾਂਬਾ ਧਾਤੂ ਦਾ ਦਿੱਤਾ ਹੈ। ਭਾਈ ਗੁਰਦਾਸ ਦੱਸਦੇ ਹਨ ਕਿ ਤਾਂਬੇ ਨੂੰ ਜੇ ਕਲੀ ਨਾਲ ਮਿਲਾ ਦਿੱਤਾ ਜਾਵੇ ਤਾਂ ਉਹ ਤਾਂਬਾ ਕੈਂਹ (ਇੱਕ ਧਾਤ ਜਿਸ ਦੇ ਆਮ ਤੌਰ 'ਤੇ ਭਾਂਡੇ ਬਣਾਏ ਜਾਂਦੇ ਹਨ) ਅਰਥਾਤ ਕਾਂਸੀ ਬਣ ਜਾਂਦਾ ਹੈ। ਪਰ ਉਸੇ ਤਾਂਬੇ ਨੂੰ ਜੇਕਰ ਜਿਸਤ ਨਾਲ ਮਿਲਾ ਦਿੱਤਾ ਜਾਵੇ ਤਾਂ ਉਹ ਇੱਕ ਹੋਰ ਧਾਤ ਪਿੱਤਲ ਦਾ ਰੂਪ ਅਖਤਿਆਰ ਕਰ ਲੈਂਦਾ ਹੈ। ਉਸੇ ਤਾਂਬੇ ਨੂੰ ਸਿੱਕੇ ਨਾਲ ਮਿਲਾ ਦਿੱਤਾ ਜਾਵੇ ਤਾਂ ਉਸ ਨੂੰ ਭਰਤ ਕਹਿੰਦੇ ਹਨ। ਉਸੇ ਹੀ ਤਾਂਬੇ ਨੂੰ ਜਦੋਂ ਪਾਰਸ ਨਾਮ ਦਾ ਪੱਥਰ ਛੂਹ ਜਾਂਦਾ ਹੈ ਤਾਂ ਉਹ ਸੋਨੇ ਦਾ ਰੂਪ ਧਾਰਨ ਕਰ ਲੈਂਦਾ ਹੈ (ਜਿਸ ਤੋਂ ਕੀਮਤੀ ਗਹਿਣੇ ਘੜੇ ਜਾਂਦੇ ਹਨ)। ਇਸੇ ਤਾਂਬੇ ਨੂੰ ਜਦੋਂ ਸਾੜ ਕੇ ਭਸਮ ਅਰਥਾਤ ਸੁਆਹ ਬਣਾ ਦਿੱਤਾ ਜਾਂਦਾ ਹੈ ਤਾਂ ਇਸ ਭਸਮ ਤੋਂ ਦੁਆਈ ਬਣ ਜਾਂਦੀ ਹੈ (ਜੋ ਕਈ ਰੋਗਾਂ ਦੇ ਇਲਾਜ ਵਿਚ ਕੰਮ ਆਉਂਦੀ ਹੈ)। ਪੁਰਾਣੇ ਜ਼ਮਾਨੇ ਵਿਚ ਅਤੇ ਅੱਜ ਵੀ ਆਯੁਰਵੈਦਿਕ ਦਵਾਈਆਂ ਕਈ ਤਰ੍ਹਾਂ ਦੀਆਂ ਧਾਤਾਂ ਦੀ ਭਸਮ ਤੋਂ ਤਿਆਰ ਹੁੰਦੀਆਂ ਹਨ)। ਇਸੇ ਤਰ੍ਹਾਂ ਉਹ ਇੱਕ ਅਕਾਲ ਪੁਰਖ ਹਰ ਸ਼ੈ ਵਿਆਪਕ ਹੈ ਪਰ ਲੋਕਾਂ ਦੀ ਸੰਗਤਿ ਅਨੁਸਾਰ ਉਸ ਦੇ ਪ੍ਰਭਾਵ ਵੱਖਰੇ ਨਜ਼ਰ ਆਉਂਦੇ ਹਨ। ਜਦੋਂ ਮਨੁੱਖ ਇਸ ਗੱਲ ਨੂੰ ਸਮਝ ਲੈਂਦਾ ਹੈ ਤਾਂ ਉਸ ਦੀ ਨਿਰਲੇਪਤਾ ਦਾ ਪਤਾ ਲੱਗਦਾ ਹੈ,

ਸੋਈ ਤਾਂਬਾ ਰੰਗ ਸੰਗਿ ਜਿਉ ਕੈਹਾਂ ਹੋਈ।
ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ।
ਸੋਈ ਸੀਸੇ ਸੰਗਤੀ ਭੰਗਾਰ ਭੁਲੋਈ।
ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ।
ਆਪੇ ਆਪਿ ਵਰੱਤਦਾ ਸੰਗਤਿ ਗੁਣ ਗੋਈ॥੬॥

ਅਗਲੀ ਪਉੜੀ ਵਿਚ ਇਸੇ ਸਰਵ-ਵਿਆਪਕਤਾ, ਸੰਗਤ ਦੇ ਪ੍ਰਭਾਵ ਅਤੇ ਨਿਰਲੇਪਤਾ ਨੂੰ ਜਲ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ। ਭਾਈ ਸਾਹਿਬ ਬਿਆਨ ਕਰਦੇ ਹਨ ਕਿ ਪਾਣੀ ਦਾ ਆਪਣਾ ਕੋਈ ਰੰਗ ਨਹੀਂ ਹੁੰਦਾ ਅਤੇ ਉਸ ਨੂੰ ਜਿਸ ਰੰਗ ਨਾਲ ਵੀ ਮਿਲਾ ਦੇਈਏ, ਉਹ ਉਹੋ ਜਿਹਾ ਹੀ ਨਜ਼ਰ ਆਉਂਦਾ ਹੈ। ਮਸਲਨ ਪਾਣੀ ਵਿਚ ਕਾਲਾ ਰੰਗ ਘੋਲ ਦਿੱਤਾ ਜਾਵੇ ਤਾਂ ਪਾਣੀ ਕਾਲੇ ਰੰਗ ਦਾ ਨਜ਼ਰ ਆਉਂਦਾ ਹੈ ਅਤੇ ਜੇ ਉਸ ਨੂੰ ਰੱਤੇ ਭਾਵ ਲਾਲ ਰੰਗ ਨਾਲ ਮਿਲਾ ਦੇਈਏ ਤਾਂ ਲਾਲ ਹੋ ਜਾਂਦਾ ਹੈ। ਪੀਲੇ ਰੰਗ ਵਿਚ ਮਿਲਾਉਣ ਨਾਲ ਉਹ ਪੀਲੇ ਰੰਗ ਜਿਹਾ ਹੀ ਲੱਗਦਾ ਹੈ, ਹਰੇ ਰੰਗ ਵਿਚ ਮਿਲ ਕੇ ਹਰਾ ਹੋ ਜਾਂਦਾ ਹੈ ਅਤੇ ਸਭ ਨੂੰ ਖੁਸ਼ੀ ਦਿੰਦਾ ਹੈ। ਇਸੇ ਤਰ੍ਹਾਂ ਮੌਸਮ ਦੇ ਮੁਤਾਬਿਕ ਗਰਮ ਮੌਸਮ ਵਿਚ ਗਰਮ ਲੱਗਦਾ ਹੈ ਅਤੇ ਠੰਢੇ ਵਿਚ ਠੰਢਾ ਮਹਿਸੂਸ ਹੁੰਦਾ ਹੈ ਅਰਥਾਤ ਪਾਣੀ ਦਾ ਤਾਪਮਾਨ ਮੌਸਮ ਦੇ ਤਾਪਮਾਨ ਅਨੁਸਾਰ ਹੋ ਜਾਂਦਾ ਹੈ। ਸਾਰੇ ਉਹ ਆਪ ਹੀ ਆਪਣੀ ਰਚਨਾ ਦੀਆਂ ਲੋੜਾਂ ਅਨੁਸਾਰ ਵਰਤ ਰਿਹਾ ਹੈ ਪਰ ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਜੋ ਸੁੱਖ ਨਾਲ ਭਰਿਆ ਹੋਇਆ, ਉਸ ਦੀ ਰਜ਼ਾ ਦਾ ਅਨੰਦ ਮਾਣਦਾ ਹੈ, ਉਹ ਇਸ ਭੇਤ ਨੂੰ ਸਮਝਦਾ ਹੈ,

ਪਾਣੀ ਕਾਲੇ ਰੰਗਿ ਵਿਚਿ ਜਿਉ ਕਾਲਾ ਦਿਸੈ।
ਰਤਾ ਰਤੇ ਰੰਗਿ ਵਿਚਿ ਮਿਲਿ ਮੇਲਿ ਸਲਿਸੈ।
ਪੀਲੇ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ।
ਸਾਵਾ ਸਾਵੇ ਰੰਗਿ ਮਿਲਿ ਸਭਿ ਰੰਗ ਸਰਿਸੈ।
ਤਤਾ ਠੰਢਾ ਹੋਇ ਕੈ ਹਿਤ ਜਿਸੈ ਤਿਸੈ।
ਆਪੇ ਆਪਿ ਵਰੱਤਦਾ
ਗੁਰਮੁਖਿ ਸੁਖੁ ਜਿਸੈ॥੭॥

ਅੱਠਵੀਂ ਪਉੜੀ ਵਿਚ ਇਸੇ ਤਰ੍ਹਾਂ ਦੇ ਹੋਰ ਦ੍ਰਿਸ਼ਟਾਂਤ ਦਿੱਤੇ ਗਏ ਹਨ। ਮਸਲਨ ਅੱਗ ਦਾ ਅਤੇ ਦੀਵੇ ਦਾ ਦ੍ਰਿਸ਼ਟਾਂਤ ਹੈ। ਅੱਗ ਤੋਂ ਦੀਵਾ ਬਾਲਿਆ ਜਾਂਦਾ ਹੈ ਜਿਸ ਨਾਲ ਹਨੇਰਾ ਚਾਨਣ ਵਿਚ ਬਦਲ ਜਾਂਦਾ ਹੈ ਅਰਥਾਤ ਸਾਰੇ ਰੋਸ਼ਨੀ ਹੋ ਜਾਂਦੀ ਹੈ। ਫਿਰ ਉਸ ਦੀਵੇ ਵਿਚੋਂ ਸਿਆਹੀ ਲੈ ਕੇ (ਪਿਛਲੇ ਸਮਿਆਂ ਵਿਚ ਦੀਵੇ ਦੀ ਲੋਅ ਤੋਂ ਕਾਲਖ ਲੈ ਕੇ ਉਸ ਦੀ ਸਿਆਹੀ ਬਣਾਈ ਜਾਂਦੀ ਸੀ) ਲਿਖਾਰੀ ਲੇਖ ਲਿਖਣ ਦੇ ਕੰਮ ਲਿਆਉਂਦੇ ਹਨ। ਉਸੇ ਦੀਪਕ ਦੀ ਕਾਲਖ ਤੋਂ ਇਸਤਰੀ ਆਪਣੀਆਂ ਅੱਖਾਂ ਵਾਸਤੇ ਕੱਜਲ ਤਿਆਰ ਕਰਦੀ ਹੈ। ਇਸ ਤਰ੍ਹਾਂ ਭਲੇ ਨਾਲ ਮਿਲ ਕੇ ਭਲਾ ਕੰਮ ਹੁੰਦਾ ਹੈ ਅਤੇ ਬੁਰੇ ਨਾਲ ਮਿਲ ਕੇ ਬੁਰਾ ਹੁੰਦਾ ਹੈ। ਇਹ ਸਭ ਚੀਜ਼ਾਂ ਦੇ ਸੁਭਾਅ ਅਨੁਸਾਰ ਵਾਪਰਦਾ ਹੈ। ਉਸੇ ਹੀ ਸਿਆਹੀ ਨਾਲ ਅਕਾਲ ਪੁਰਖ ਦੀ ਉਸਤਤਿ ਲਿਖੀ ਜਾਂਦੀ ਹੈ ਅਤੇ ਦਫਤਰੀ ਉਸੇ ਸਿਆਹੀ ਨਾਲ ਲੇਖਾ-ਜੋਖਾ ਲਿਖਦਾ ਹੈ, ਹਿਸਾਬ ਕਿਤਾਬ ਲਿਖਦਾ ਹੈ। ਇਸ ਤੱਥ ਦਾ ਅਨੁਭਵ ਕਿ ਉਹ ਅਕਾਲ ਪੁਰਖ ਆਪ ਹੀ ਸਾਰੇ ਵਰਤ ਰਿਹਾ ਹੈ, ਸਿਰਫ ਗੁਰਮੁਖਿ, ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਨੂੰ ਹੁੰਦਾ ਹੈ,

ਦੀਵਾ ਬਲੈ ਬੈਸੰਤਰਹੁ ਚਾਨਣੁ ਅਨ੍ਹੇਰੇ।
ਦੀਪਕ ਵਿਚਹੁੰ ਮਸੁ ਹੋਇ ਕੰਮ ਆਇ ਲਿਖੇਰੇ।
ਕਜਲੁ ਹੋਵੈ ਕਾਮਣੀ ਸੰਗਿ ਭਲੇ ਭਲੇਰੇ।
ਮਸਵਾਣੀ ਹਰਿ ਜਸੁ ਲਿਖੈ ਦਫਤਰ ਅਗਲੇਰੇ।
ਆਪੇ ਆਪਿ ਵਰੱਤਦਾ ਗੁਰਮੁਖਿ ਚਉਫੇਰੇ॥੮॥

ਭਾਈ ਗੁਰਦਾਸ ਦੀਆਂ ਰਚਨਾਵਾਂ, ਖਾਸ ਕਰਕੇ ਉਨ੍ਹਾਂ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸਿਧਾਂਤਾਂ ਦੀ ਵਿਆਖਿਆ ਸਰਲ ਬੋਲੀ ਵਿਚ ਕੀਤੀ ਹੈ। ਅਕਾਲ ਪੁਰਖ ਦੀ ਸਰਵ-ਵਿਆਪਕਤਾ ਅਤੇ ਨਿਰਲੇਪਤਾ, ਜਿਸ ਦੀ ਵਿਆਖਿਆ ਉਪਰ ਭਾਈ ਸਾਹਿਬ ਨੇ ਆਮ ਜ਼ਿੰਦਗੀ ਵਿਚੋਂ ਕਈ ਕਿਸਮ ਦੇ ਦ੍ਰਿਸ਼ਟਾਂਤ ਜਿਵੇਂ ਤਾਂਬਾ, ਦੀਪਕ ਅਤੇ ਪਾਣੀ ਆਦਿ ਲੈ ਕੇ ਕੀਤੀ ਹੈ, ਉਸੇ ਦਾ ਜ਼ਿਕਰ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਹੁਤ ਥਾਂਵਾਂ 'ਤੇ ਪ੍ਰਾਪਤ ਹੁੰਦਾ ਹੈ।

ਬਾਣੀ ਦਾ ਮੁੱਖ ਵਿਸ਼ਾ ਹੀ ਅਕਾਲ ਪੁਰਖ ਦੇ ਗੁਣ, ਆਪਣੇ ਆਪ ਤੋਂ ਇਸ ਸ੍ਰਿਸ਼ਟੀ ਦੀ ਰਚਨਾ ਅਤੇ ਇਸ ਵਿਚ ਵਿਆਪਕ ਹੋ ਕੇ ਵੀ ਇਸ ਤੋਂ ਨਿਰਲੇਪ ਹੋਣਾ, ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਆਪਣੇ ਸੋਮੇ ਦਾ ਅਨੁਭਵ ਕਰਨਾ ਹੈ। ਗੁਰੂ ਨਾਨਕ ਉਸ ਅਕਾਲ ਪੁਰਖ ਵੱਲੋਂ ਆਪਣੇ ਆਪ ਤੋਂ ਇਸ ਸ੍ਰਿਸ਼ਟੀ ਦੀ ਰਚਨਾ ਅਤੇ ਉਸ ਦੀ ਸਰਵ-ਵਿਆਪਕਤਾ ਦਾ ਬਿਆਨ ਕਰਦੇ ਹਨ। ਗੁਰੂ ਸਾਹਿਬ ਨੇ ਫਰਮਾਇਆ ਹੈ ਕਿ ਉਹ ਸਭ ਦਾ ਮਾਲਕ ਅਕਾਲ ਪੁਰਖ ਪਿਆਰ ਵਿਚ ਰੰਗਿਆ ਹੋਇਆ ਹੈ ਅਤੇ ਆਪਣੀ ਰਚਨਾ ਵਿਚ ਪੂਰੀ ਤਰ੍ਹਾਂ ਵਿਆਪਕ ਹੈ। ਉਹ ਕਰਤਾ ਪੁਰਖ ਆਪ ਹੀ ਰਸ-ਭਰਿਆ ਪਦਾਰਥ ਹੈ ਅਤੇ ਆਪ ਹੀ ਉਸ ਵਿਚ ਵਿਆਪਕ ਰਸ ਹੈ ਅਤੇ ਆਪ ਹੀ ਉਸ ਰਸ ਦਾ ਅਨੰਦ ਮਾਣਨ ਵਾਲਾ ਹੈ। ਅਕਾਲ ਪੁਰਖ ਆਪ ਹੀ ਇਸਤਰੀ ਹੈ ਅਤੇ ਫਿਰ ਆਪ ਹੀ ਉਸ ਦੀ ਸੇਜ ਦਾ ਅਨੰਦ ਮਾਣਨ ਵਾਲਾ ਉਸ ਦਾ ਪਤੀ ਹੈ। ਅੱਗੇ ਦੱਸਦੇ ਹਨ ਕਿ ਅਕਾਲ ਪੁਰਖ ਆਪ ਹੀ ਮੱਛੀਆਂ ਫੜਨ ਵਾਲਾ ਹੈ, ਆਪ ਹੀ ਮੱਛੀ ਹੈ ਅਤੇ ਆਪ ਹੀ ਜਿਸ ਪਾਣੀ ਵਿਚ ਮੱਛੀ ਰਹਿੰਦੀ ਹੈ, ਪਾਣੀ ਹੈ। ਕਰਤਾਰ ਆਪ ਹੀ ਉਹ ਜਾਲ ਹੈ ਜਿਸ ਵਿਚ ਮੱਛੀ ਨੇ ਪਕੜੀ ਜਾਣਾ ਹੈ, ਆਪ ਹੀ ਉਸ ਜਾਲ ਦੇ ਮਣਕੇ ਹੈ ਅਤੇ ਆਪ ਹੀ ਲਾਲ ਹੈ (ਲਾਲ ਪੁਰਾਣੀਆਂ ਕਹਾਣੀਆਂ ਅਨੁਸਾਰ ਮੱਛੀ ਦੇ ਪੇਟ ਵਿਚੋਂ ਨਿਕਲਦਾ ਹੈ। ਇਸ ਦਾ ਇੱਕ ਅਰਥ ਜਾਲ ਵਿਚ ਰੱਖੀ ਉਹ ਮਾਸ ਦੀ ਬੋਟੀ ਵੀ ਕੀਤਾ ਮਿਲਦਾ ਹੈ ਜਿਸ ਤੋਂ ਪ੍ਰੇਰਤ ਹੋ ਕੇ ਮੱਛੀ ਜਾਲ ਵੱਲ ਆਉਂਦੀ ਹੈ)। ਉਹ ਅਕਾਲ ਪੁਰਖ ਆਪ ਹੀ ਅਨੇਕ ਤਰ੍ਹਾਂ ਨਾਲ ਚੋਜ ਤਮਾਸ਼ੇ ਕਰਦਾ ਹੈ। ਭਾਗਾਂ ਵਾਲੇ ਵਿਅਕਤੀ ਉਸ ਦਾ ਅਨੁਭਵ ਕਰ ਲੈਂਦੇ ਹਨ, ਉਸ ਦਾ ਦੀਦਾਰ ਕਰ ਲੈਂਦੇ ਹਨ ਪਰ ਕਈ ਭਾਗਹੀਣ ਵਿਅਕਤੀ ਇਸ ਅਨੁਭਵ ਤੋਂ ਵਿਰਵੇ ਰਹਿ ਜਾਂਦੇ ਹਨ। ਗੁਰੂ ਨਾਨਕ ਹਰ ਸ਼ੈ ਵਿਆਪਕ ਉਸ ਵਾਹਿਗੁਰੂ ਅੱਗੇ ਦੀਦਾਰ ਲਈ ਅਰਦਾਸ ਕਰਦੇ ਹਨ ਕਿ ਤੂੰ ਆਪ ਹੀ ਸਰੋਵਰ ਹੈਂ, ਆਪ ਹੀ ਉਸ ਵਿਚ ਰਹਿਣ ਵਾਲਾ ਹੰਸ ਹੈਂ। ਸੂਰਜ ਦੀ ਰੋਸ਼ਨੀ ਵਿਚ ਖਿੜਨ ਵਾਲਾ ਕੰਵਲ ਫੁੱਲ ਵੀ ਤੂੰ ਆਪ ਹੀ ਹੈਂ ਅਤੇ ਚੰਨ ਦੀ ਚਾਨਣੀ ਵਿਚ ਖਿੜਨ ਵਾਲਾ ਪਾਣੀ ਦਾ ਬੂਟਾ ਕਮੀਆ ਵੀ ਤੂੰ ਹੀ ਹੈਂ। ਆਪਣੇ ਇਸ ਜਮਾਲ ਅਤੇ ਜਲਾਲ ਨੂੰ ਦੇਖ ਕੇ ਖੁਸ਼ ਹੋਣ ਵਾਲਾ ਵੀ ਤੂੰ ਆਪ ਹੀ ਹੈਂ,

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥੧॥
ਰੰਗਿ ਰਤਾ ਮੇਰਾ ਸਾਹਿਬੁ
ਰਵਿ ਰਹਿਆ ਭਰਪੂਰਿ॥੧॥ਰਹਾਉ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥੨॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥੩॥
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥
ਕਉਲੁ ਤੂ ਹੈ ਕਵੀਆ ਤੂ ਹੈ
ਆਪੇ ਵੇਖਿ ਵਿਗਸੁ॥੪॥੨੫॥ (ਪੰਨਾ ੨੩)

ਅਗਲੀ ਪਉੜੀ ਵਿਚ ਭਾਈ ਗੁਰਦਾਸ ਬੀਜ ਅਤੇ ਬਿਰਛ ਦਾ ਦ੍ਰਿਸ਼ਟਾਂਤ ਦੇ ਕੇ ਕਹਿੰਦੇ ਹਨ ਕਿ ਧਰਤੀ ਵਿਚ ਬੀਜ ਬੀਜਿਆ ਜਾਂਦਾ ਹੈ ਜਿਸ ਤੋਂ ਦਰੱਖਤ ਉਗਦਾ ਹੈ ਅਤੇ ਫਿਰ ਉਹ ਫੈਲਦਾ ਹੈ। ਉਸ ਦਰੱਖਤ ਦੀ ਜੜ ਜ਼ਮੀਨ ਦੇ ਅੰਦਰ ਹੈ, ਤਣਾ ਜ਼ਮੀਨ ਤੋਂ ਬਾਹਰ ਹੈ ਅਤੇ ਟਾਹਣੀਆਂ ਚਾਰ ਚੁਫੇਰੇ ਫੈਲੀਆਂ ਹੋਈਆਂ ਹਨ। ਦਰੱਖਤ ਵਧਦਾ ਫੁੱਲਦਾ ਹੈ, ਉਸ ਨੂੰ ਪੱਤੇ ਲੱਗਦੇ ਹਨ, ਫੁੱਲ ਲਗਦੇ ਹਨ ਅਤੇ ਫਿਰ ਫਲ ਪੈਂਦੇ ਹਨ; ਉਹ ਬਹੁਤ ਸਾਰੇ ਰੰਗ ਬਖੇਰਦਾ ਅਤੇ ਕਈ ਤਰ੍ਹਾਂ ਦੀਆਂ ਸੁਗੰਧੀਆਂ ਛੱਡਦਾ ਹੈ। ਇਸ ਦੇ ਫੁੱਲਾਂ ਅਤੇ ਫਲਾਂ ਵਿਚ ਸੁਗੰਧੀ ਪੈਦਾ ਹੁੰਦੀ ਹੈ, ਕਈ ਤਰ੍ਹਾਂ ਦੇ ਰਸ ਪੈਦਾ ਹੁੰਦੇ ਹਨ ਅਤੇ ਇਹ ਇੱਕ ਬੀਜ ਤੋਂ ਵੱਡਾ ਪਰਿਵਾਰ ਬਣ ਜਾਂਦਾ ਹੈ। ਇਸੇ ਫਲ ਦੇ ਵਿਚ ਫਿਰ ਹੋਰ ਬੀਜ ਪੈਦਾ ਹੁੰਦੇ ਹਨ ਜੋ ਅੱਗੋਂ ਅਨੇਕਾਂ ਫੁੱਲਾਂ ਅਤੇ ਫਲਾਂ ਨੂੰ ਪੈਦਾ ਕਰਨ ਦਾ ਸੋਮਾ ਬਣਦੇ ਹਨ। ਅਕਾਲ ਪੁਰਖ ਦੇ ਇਸ ਵਰਤਾਰੇ ਨੂੰ ਸਮਝ ਕੇ ਕਿ ਉਹ ਆਪ ਹੀ ਸਭ ਉਤਪਤੀ ਦਾ ਸੋਮਾ ਹੈ ਅਤੇ ਆਪ ਹੀ ਸਭ ਵਿਚ ਵਿਆਪਕ ਹੈ, ਗੁਰਮੁਖ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਵਿਅਕਤੀ ਮੁਕਤੀ ਪ੍ਰਾਪਤ ਕਰਦਾ ਹੈ,

ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।
ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।
ਪਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ।
ਵਾਸੁ ਨਿਵਾਸੁ ਉਲਾਸੁ ਕਰਿ
ਹੋਇ ਵਡ ਪਰਵਾਰਾ।
ਫਲ ਵਿਚਿ ਬੀਉ ਸੰਜੀਉ
ਹੋਇ ਫਲ ਫਲੇ ਹਜਾਰਾ।
ਆਪੇ ਆਪਿ ਵਰੱਤਦਾ ਗੁਰਮੁਖਿ ਨਿਸਤਾਰਾ॥੯॥

ਦਸਵੀਂ ਪਉੜੀ ਵਿਚ ਭਾਈ ਗੁਰਦਾਸ ਕਪਾਹ, ਉਸ ਤੋਂ ਬਣੇ ਸੂਤ ਅਤੇ ਫਿਰ ਸੂਤ ਨੂੰ ਬੁਣ ਕੇ ਵੱਖ ਵੱਖ ਕੱਪੜਿਆਂ ਦਾ ਰੂਪ ਦਿੱਤੇ ਜਾਣ ਦਾ ਜ਼ਿਕਰ ਕਰਦੇ ਹਨ। ਕਪਾਹ ਤੋਂ ਸੂਤ ਕੱਤਿਆ ਜਾਂਦਾ ਹੈ ਅਤੇ ਫਿਰ ਸੂਤ ਦਾ ਤਾਣਾ-ਬਾਣਾ ਤਣ ਕੇ ਕੱਪੜਾ ਬੁਣਿਆ ਜਾਂਦਾ ਹੈ। ਇਸ ਕੱਪੜੇ ਦੇ ਅੱਗੋਂ ਕਈ ਨਾਮ ਰੱਖੇ ਜਾਂਦੇ ਹਨ ਜਿਵੇਂ ਚਾਰ ਤਾਰਾਂ ਜਾਂ ਧਾਗਿਆਂ ਤੋਂ ਬਣਨ ਵਾਲੇ ਨੂੰ (ਚਾਰ ਤਾਰਾਂ ਜਾਂ ਧਾਗੇ ਇਕੱਠੇ ਕਰਕੇ ਬੁਣਨ ਨੂੰ) ਚਉਸੀ ਤੇ ਚਉਤਾਰ ਕਹਿੰਦੇ ਹਨ ਅਤੇ ਇੱਕ ਹੋਰ ਹੈ ਜਿਸ ਨੂੰ ਗੰਗਾਜਲੀ ਕਰਕੇ ਜਾਣਿਆ ਜਾਂਦਾ ਹੈ। ਇਹ ਕੱਪੜਾ ਕਈ ਕਿਸਮ ਦਾ ਹੁੰਦਾ ਹੈ ਜਿਵੇਂ ਖਾਸਾ, ਮਲਮਲ, ਸਿਰੀਸਾਫ ਆਦਿ ਜਿਸ ਤੋਂ ਤਨ ਨੂੰ ਸੁੱਖ ਮਿਲਦਾ ਹੈ ਅਤੇ ਮਨ ਨੂੰ ਚੰਗਾ ਲੱਗਦਾ ਹੈ। ਇਸ ਤੋਂ ਕਈ ਕਿਸਮ ਦੇ ਵਸਤਰ ਬਣਾਏ ਜਾਂਦੇ ਹਨ ਜਿਵੇਂ ਪੱਗ, ਇਸਤਰੀਆਂ ਦੇ ਸਿਰ 'ਤੇ ਲੈਣ ਲਈ ਦੁਪੱਟਾ, ਕੁੜਤਾ, ਕਮਰਬੰਦ (ਲੱਕ ਦੁਆਲੇ ਪਾਉਣ ਲਈ)। ਇਸ ਤਰ੍ਹਾਂ ਕਈ ਨਾਂਵਾਂ ਦੇ ਪ੍ਰਮਾਣ ਦਿੱਤੇ ਜਾਂਦੇ ਹਨ। ਕਪਾਹ ਵੀ ਉਹੀ ਹੈ, ਸੂਤ ਵੀ ਉਹੀ ਹੈ ਪਰ ਕਿਸਮਾਂ, ਆਕਾਰ, ਵਸਤਰ ਭਿੰਨ ਭਿੰਨ ਹਨ। ਇਸੇ ਤਰ੍ਹਾਂ ਅਕਾਲ ਪੁਰਖ ਵੀ ਭਿੰਨਤਾ ਵਿਚ ਏਕਤਾ ਹੈ ਅਤੇ ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਉਸ ਦੇ ਪ੍ਰੇਮ ਦਾ ਰੰਗ ਮਾਣਦੇ ਹਨ,

ਹੋਵੈ ਸੂਤੁ ਕਪਾਹ ਦਾ ਕਰਿ ਤਾਣਾ ਵਾਣਾ।
ਸੂਤਹੁ ਕਪੜੁ ਜਾਣੀਐ ਆਖਾਣ ਵਖਾਣਾ।
ਚਉਸੀ ਤੈ ਚਉਤਾਰ ਹੋਇ ਗੰਗਾ ਜਲੁ ਜਾਣਾ।
ਖਾਸਾ ਮਲਮਲ ਸਿਰੀਸਾਫੁ
ਤਨ ਸੁਖ ਮਨਿ ਭਾਣਾ।
ਪਗ ਦੁਪਟਾ ਚੋਲਣਾ ਪਟੁਕਾ ਪਰਵਾਣਾ।
ਆਪੇ ਆਪਿ ਵਰੱਤਦਾ
ਗੁਰਮੁਖਿ ਰੰਗ ਮਾਣਾ॥੧੦॥

ਪੰਚਮ ਪਾਤਿਸ਼ਾਹ ਹਜ਼ੂਰ ਅਕਾਲ ਪੁਰਖ ਦੇ ਉਤਪਤੀ ਦਾ ਸੋਮਾ ਹੋਣ, ਅਨੇਕਤਾ ਵਿਚ ਏਕਤਾ ਅਤੇ ਨਿਰਲੇਪਤਾ ਦਾ ਬਿਆਨ ਕਰਦੇ ਹਨ ਕਿ ਉਹ ਅਕਾਲ ਪੁਰਖ ਅਨੇਕ ਤਰ੍ਹਾਂ ਦੀ ਰਚਨਾ ਵਿਚ ਨਜ਼ਰ ਆਉਂਦਾ ਹੈ ਅਤੇ ਰਚਨਾ ਦੇ ਅਨੇਕਾਂ ਰੂਪ ਨਸ਼ਟ ਹੁੰਦੇ ਰਹਿੰਦੇ ਹਨ ਪਰ ਕੋਈ ਵੀ ਇਹ ਨਹੀਂ ਦੱਸ ਸਕਦਾ ਕਿ ਜੀਵ ਕਿੱਥੋਂ ਆਇਆ ਸੀ ਅਤੇ ਕਿੱਥੇ ਚਲਾ ਗਿਆ। ਜਿਸ ਤਰ੍ਹਾਂ ਇੱਕ ਬਾਜੀਗਰ ਬਾਜੀ ਪਾਉਂਦਾ ਹੈ ਅਤੇ ਕਈ ਤਰ੍ਹਾਂ ਦੇ ਸਵਾਂਗ ਰਚਦਾ ਹੈ, ਅਨੇਕਾਂ ਰੂਪ ਦਿਖਾਉਂਦਾ ਹੈ; ਇਸੇ ਤਰ੍ਹਾਂ ਅਕਾਲ ਪੁਰਖ ਨੇ ਆਪਣੀ ਰਚਨਾ ਦਾ ਤਮਾਸ਼ਾ ਰਚਿਆ ਹੋਇਆ ਹੈ। ਜਦੋਂ ਉਹ ਆਪਣੀ ਜਗਤ ਰੂਪੀ ਖੇਡ ਦਿਖਾ ਕੇ ਇਸ ਪਸਾਰੇ ਨੂੰ ਰੋਕ ਦਿੰਦਾ ਹੈ ਤਾਂ ਉਹ ਆਪ ਹੀ ਆਪ ਰਹਿ ਜਾਂਦਾ ਹੈ। ਪਾਣੀ ਤੋਂ ਅਨੇਕਾਂ ਤਰੰਗਾਂ ਉਠਦੀਆਂ ਹਨ ਅਤੇ ਫਿਰ ਪਾਣੀ ਵਿਚ ਹੀ ਸਮਾ ਜਾਂਦੀਆਂ ਹਨ। ਸੋਨੇ ਤੋਂ ਅਨੇਕਾਂ ਗਹਿਣੇ ਘੜੇ ਜਾਂਦੇ ਹਨ ਪਰ ਅਸਲ ਵਿਚ ਉਹ ਸੋਨਾ ਹੀ ਹੁੰਦਾ ਹੈ। ਕਿਸੇ ਰੁੱਖ ਦਾ ਜਦੋਂ ਬੀ ਬੀਜਿਆ ਜਾਂਦਾ ਹੈ ਤਾਂ ਦਰੱਖਤ ਦੀ ਸ਼ਕਲ ਵਿਚ ਉਹ ਸ਼ਾਖਾਂ, ਪੱਤੇ, ਫੁੱਲ ਅਤੇ ਫਲ ਆਦਿ ਦੇ ਕਿੰਨੇ ਰੂਪ ਧਾਰਦਾ ਹੈ। ਜਦੋਂ ਫਲ ਪੱਕਦਾ ਹੈ ਤਾਂ ਉਹ ਫਿਰ ਆਪਣਾ ਪਹਿਲਾ ਬੀਜ ਦਾ ਸਰੂਪ ਧਾਰ ਲੈਂਦਾ ਹੈ। ਇੱਕੋ ਆਕਾਸ਼ ਦਾ ਅਕਸ ਪਾਣੀ ਦੇ ਵੱਖ ਵੱਖ ਘੜਿਆਂ ਵਿਚ ਵੱਖਰਾ ਵੱਖਰਾ ਨਜ਼ਰ ਆਉਂਦਾ ਹੈ ਪਰ ਜਦੋਂ ਘੜੇ ਟੁੱਟ ਜਾਂਦੇ ਹਨ ਤਾਂ ਆਕਾਸ਼ ਆਪਣੇ ਅਸਲੀ ਰੂਪ ਵਿਚ ਆ ਜਾਂਦਾ ਹੈ। ਇਸੇ ਤਰ੍ਹਾਂ ਲੋਭ, ਮੋਹ ਆਦਿ ਵਿਕਾਰਾਂ ਦੇ ਪੈਦਾ ਕੀਤੇ ਹੋਏ ਮਾਇਆ ਦੇ ਭਰਮ ਕਾਰਨ ਉਹ ਅਕਾਲ ਪੁਰਖ ਵੱਖ ਵੱਖ ਨਜ਼ਰ ਆਉਂਦਾ ਹੈ ਪਰ ਜਦੋਂ ਭਰਮ ਦਾ ਪਰਦਾ ਹਟ ਜਾਂਦਾ ਹੈ ਤਾਂ ਉਹ ਇੱਕ ਹੀ ਨਜ਼ਰ ਆਉਂਦਾ ਹੈ। ਉਹ ਅਕਾਲ ਪੁਰਖ ਅਬਿਨਾਸ਼ੀ ਹੈ ਜੋ ਨਸ਼ਟ ਨਹੀਂ ਹੁੰਦਾ। ਇਸ ਲਈ ਉਹ ਨਾ ਜੰਮਦਾ ਹੈ ਅਤੇ ਨਾ ਮਰਦਾ ਹੈ। ਗੁਰੂ ਰਾਹੀਂ ਜਦੋਂ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ ਤਾਂ ਉਸ ਨੂੰ ਅਨੁਭਵ ਕਰਨ ਵਾਲੀ ਉਚੀ ਅਵਸਥਾ ਪ੍ਰਾਪਤ ਹੁੰਦੀ ਹੈ,

ਬਾਜੀਗਰ ਜੈਸੇ ਬਾਜੀ ਪਾਈ॥
ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥
ਤਬ ਏਕੋ ਏਕੰਕਾਰਾ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ
ਕਤ ਤੇ ਆਇਓ॥੧॥ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥
ਫਲ ਪਾਕੇ ਤੇ ਏਕੰਕਾਰਾ॥੨॥
ਸਹਸ ਘਟਾ ਮਹਿ ਏਕੁ ਆਕਾਸੁ॥
ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥
ਭ੍ਰਮ ਛੂਟੇ ਤੇ ਏਕੰਕਾਰ॥
ਓਹੁ ਅਬਿਨਾਸੀ ਬਿਨਸਤ ਨਾਹੀ॥
ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥
ਕਹੁ ਨਾਨਕ
ਮੇਰੀ ਪਰਮ ਗਤਿ ਹੋਈ॥੪॥੧॥
(ਪੰਨਾ ੭੩੬)

## ਕਿਉ ਸਿਮਰੀ ਸਿਵਰਿਆ ਨਹੀ ਜਾਇ

**ਧਨਾਸਰੀ ਮਹਲਾ ੧**

ਕਿਉ ਸਿਮਰੀ ਸਿਵਰਿਆ ਨਹੀ ਜਾਇ॥
ਤਪੈ ਹਿਆਉ ਜੀਅੜਾ ਬਿਲਲਾਇ॥
ਸਿਰਜਿ ਸਵਾਰੇ ਸਾਚਾ ਸੋਇ॥
ਤਿਸੁ ਵਿਸਰਿਐ ਚੰਗਾ ਕਿਉ ਹੋਇ॥੧॥
ਹਿਕਮਤਿ ਹੁਕਮਿ ਨ ਪਾਇਆ ਜਾਇ॥
ਕਿਉ ਕਰਿ ਸਾਚਿ
ਮਿਲਉ ਮੇਰੀ ਮਾਇ॥੧॥ਰਹਾਉ॥
ਵਖਰੁ ਨਾਮੁ ਦੇਖਣ ਕੋਈ ਜਾਇ॥
ਨਾ ਕੋ ਚਾਖੈ ਨਾ ਕੋ ਖਾਇ॥
ਲੋਕਿ ਪਤੀਣੈ ਨਾ ਪਤਿ ਹੋਇ॥
ਤਾ ਪਤਿ ਰਹੈ ਰਾਖੈ ਜਾ ਸੋਇ॥੨॥
ਜਹ ਦੇਖਾ ਤਹ ਰਹਿਆ ਸਮਾਇ॥
ਤੁਧੁ ਬਿਨੁ ਦੂਜੀ ਨਾਹੀ ਜਾਇ॥
ਜੇ ਕੋ ਕਰੇ ਕੀਤੈ ਕਿਆ ਹੋਇ॥
ਜਿਸ ਨੋ ਬਖਸੇ ਸਾਚਾ ਸੋਇ॥੩॥
ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ॥
ਕਿਆ ਮੁਹੁ ਦੇਸਾ ਗੁਣ ਨਹੀ ਨਾਲਿ॥
ਜੈਸੀ ਨਦਰਿ ਕਰੇ ਤੈਸਾ ਹੋਇ॥
ਵਿਣੁ ਨਦਰੀ ਨਾਨਕ ਨਹੀ ਕੋਇ॥੪॥

ਗੁਰਦੇਵ ਜੀ ਆਖਦੇ ਹਨ- ਧੱਕੇ ਜਾਂ ਚਲਾਕੀ ਨਾਲ ਪ੍ਰਭੂ ਦਾ ਸਿਮਰਨ ਨਹੀਂ ਕੀਤਾ ਜਾ ਸਕਦਾ। ਫਿਰ ਮੈਂ ਕਿਵੇਂ ਉਸ ਦਾ ਸਿਮਰਨ ਕਰਾਂ, ਜੇ ਉਸ ਪ੍ਰੀਤਮ ਨੂੰ ਭੁਲਾ ਦੇਈਏ ਤਾਂ ਦਿਲ ਸੜਦਾ ਰਹਿੰਦਾ ਹੈ; ਸਿਰਜਿ ਸਵਾਰੇ ਸਾਚਾ ਸੋਇ, ਅਸਲੀਅਤ ਤਾਂ ਇਹ ਹੈ ਕਿ ਉਹ ਸਦਾ ਅਟੱਲ ਰਹਿਣ ਵਾਲਾ ਸੰਸਾਰ ਦਾ ਮਾਲਕ ਪ੍ਰਭੂ ਆਪੇ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਨਾਮ ਦੀ ਦਾਤ ਦੇ ਕੇ ਚੰਗੇ ਜੀਵਨ ਵਾਲੇ ਬਣਾਉਂਦਾ ਹੈ।

ਹਿਕਮਤਿ ਹੁਕਮਿ ਨ ਪਾਇਆ ਜਾਇ॥
ਕਿਉ ਕਰਿ ਸਾਚਿ
ਮਿਲਉ ਮੇਰੀ ਮਾਇ॥੧॥ ਰਹਾਉ॥

ਗੁਰੂ ਨਾਨਕ ਸਾਹਿਬ 'ਰਹਾਉ' ਵਾਲੀ ਪੰਕਤੀ ਵਿਚ ਅਤਿ ਸੁੰਦਰ ਉਪਦੇਸ਼ ਕਰਦੇ ਆਖਦੇ ਹਨ, ਹੇ ਭਾਈ! ਕਿਸੇ ਚਲਾਕੀ ਨਾਲ ਜਾਂ ਕੋਈ ਹੁਕਮ ਚਲਾਉਣ ਨਾਲ ਜਾਂ ਫਿਰ ਧੱਕੇ ਨਾਲ ਉਸ ਮਿਹਰਬਾਨ ਪ੍ਰਭੂ ਨੂੰ ਪਾਇਆ ਨਹੀਂ ਜਾ ਸਕਦਾ; ਕਿਉ ਕਰਿ ਸਾਚਿ ਮਿਲਉ ਮੇਰੀ ਮਾਇ, ਤਾਂ ਫਿਰ ਹੇ ਮੇਰੀ ਮਾਂ! ਹੋਰ ਕਿਹੜਾ ਤਰੀਕਾ ਹੈ ਜਿਸ ਨਾਲ ਮੈਂ ਉਸ ਸਦਾ ਅਟੱਲ ਰਹਿਣ ਵਾਲੇ ਪ੍ਰੀਤਮ ਦਾ ਮਿਲਾਪ ਪਾ ਸਕਾਂ।

ਵਖਰੁ ਨਾਮੁ ਦੇਖਣ ਕੋਈ ਜਾਇ॥
ਨਾ ਕੋ ਚਾਖੈ ਨਾ ਕੋ ਖਾਇ॥
ਲੋਕਿ ਪਤੀਣੈ ਨਾ ਪਤਿ ਹੋਇ॥
ਤਾ ਪਤਿ ਰਹੈ ਰਾਖੈ ਜਾ ਸੋਇ॥੨॥

ਇਸ ਨਾਮ ਰੂਪੀ ਵੱਖਰ, ਭਾਵ ਸੌਦੇ ਨੂੰ ਨਾ ਹੀ ਕੋਈ ਵੇਖਣ ਪਰਖਣ ਲਈ ਜਾਂਦਾ ਹੈ, ਨਾ ਹੀ ਕੋਈ ਇਸ ਨੂੰ ਚੱਖ ਕੇ ਵੇਖਦਾ ਹੈ, ਨਾ ਹੀ ਇਸ ਨੂੰ ਕੋਈ ਖਾ ਕੇ ਵੇਖਦਾ ਹੈ। ਬੱਸ ਚਲਾਕੀ ਵਰਤ ਕੇ ਹੀ ਜਗਤ ਦੀ ਤਸੱਲੀ ਕਰਾ ਦਿੱਤੀ ਜਾਂਦੀ ਹੈ ਕਿ ਅਸੀਂ ਨਾਮ ਰੂਪੀ ਵੱਖਰ ਵਿਹਾਝ ਰਹੇ ਹਾਂ, ਪਰ ਨਿਰਾ ਸੰਸਾਰ ਦੀ ਤਸੱਲੀ ਕਰਾਇਆਂ ਪ੍ਰਭੂ ਦੇ ਘਰ ਆਦਰ ਨਹੀਂ ਮਿਲਦਾ, ਇੱਜਤ ਪੱਤ ਤਾਂ ਉਦੋਂ ਮਿਲਦੀ ਹੈ ਜਦੋਂ ਉਹ ਮਿਹਰ ਕਰ ਕੇ ਆਪ ਪਤਿ ਰੱਖਦਾ ਹੈ।

ਜਹ ਦੇਖਾ ਤਹ ਰਹਿਆ ਸਮਾਇ॥
ਤੁਧੁ ਬਿਨੁ ਦੂਜੀ ਨਾਹੀ ਜਾਇ॥
ਜੇ ਕੋ ਕਰੇ ਕੀਤੈ ਕਿਆ ਹੋਇ॥
ਜਿਸ ਨੋ ਬਖਸੇ ਸਾਚਾ ਸੋਇ॥੩॥

### ਗੁਰਬਾਣੀ ਗਿਆਨ

ਸਤਿਗੁਰੂ ਪਿਤਾ ਜੀ ਅਗੰਮੀ ਵਿਸਮਾਦ ਵਿਚ ਆਏ ਹੋਏ ਆਖਦੇ ਹਨ, ਹੇ ਮੇਰੇ ਮਿਹਰਬਾਨ ਮਾਲਕ ਜੀ! ਮੈਂ ਜਿਧਰ ਵੀ ਵੇਖਦਾ ਹਾਂ, ਤੂੰ ਉਥੇ ਹੀ ਦਿਖਾਈ ਦੇ ਰਿਹਾ ਹੈਂ; ਤੁਧੁ ਬਿਨੁ ਦੂਜੀ ਨਾਹੀ ਜਾਇ, ਹੇ ਪ੍ਰਭੂ ਜੀਉ! ਤੈਨੂੰ ਮਿਲਣ ਲਈ ਤੇਰੇ ਤੋਂ ਬਿਨਾ ਹੋਰ ਕੋਈ ਸਹਾਰਾ ਹੀ ਨਹੀਂ ਹੈ; ਜੇ ਕੋ ਕਰੇ ਕੀਤੈ ਕਿਆ ਹੋਇ, ਜੇ ਕੋਈ ਜੀਵ ਉਸ ਮਾਲਕ ਨੂੰ ਮਿਲਣ ਲਈ ਚਲਾਕੀ ਜਾਂ ਹੋਰ ਜਤਨ ਕਰਦਾ ਹੈ ਤਾਂ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ, ਜਿਸ ਨੂੰ ਉਹ ਆਪ ਮੇਲੇ ਉਹ ਹੀ ਮਿਲ ਸਕਦਾ ਹੈ।

ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ॥
ਕਿਆ ਮੁਹੁ ਦੇਸਾ ਗੁਣ ਨਹੀ ਨਾਲਿ॥
ਜੈਸੀ ਨਦਰਿ ਕਰੇ ਤੈਸਾ ਹੋਇ॥
ਵਿਣੁ ਨਦਰੀ ਨਾਨਕ ਨਹੀ ਕੋਇ॥੪॥

ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ, ਹੇ ਭਾਈ! ਇਥੇ ਸਦਾ ਨਹੀਂ ਬੈਠੇ ਰਹਿਣਾ, ਹਰ ਇਕ ਜੀਵ ਨੇ ਆਪਣੀ ਆਪਣੀ ਵਾਰੀ ਇਥੋਂ ਤੁਰਦੇ ਬਣਨਾ ਹੈ। ਇਕ ਪਲ ਵਿਚ, ਜਾਂ ਇਕ ਤਾਲੀ ਦੇ ਸਮੇਂ ਵਿਚ ਕਹਿ ਸਕਦੇ ਹਾਂ, ਬੰਦਾ ਉਠ ਕੇ ਤੁਰਦਾ ਬਣਦਾ ਹੈ, ਪਰ ਜੇ ਮੈਂ ਦਿਖਾਵੇ ਦੇ ਹੀ ਕੰਮ ਕਰਦਾ ਰਿਹਾ ਤਾਂ ਪ੍ਰਭੂ ਦੇ ਘਰ ਕੀ ਮੂੰਹ ਲੈ ਕੇ ਜਾਵਾਂਗਾ। ਮੇਰੇ ਪੱਲੇ ਤਾਂ ਕੋਈ ਗੁਣ ਵੀ ਨਹੀਂ ਹੈ। ਹੇ ਭਾਈ! ਜੀਵ ਦੇ ਵੀ ਕੀ ਵੱਸ ਹੈ, ਪ੍ਰਭੂ ਜੈਸੀ ਨਦਰ ਕਰਦਾ ਹੈ, ਜੀਵ ਉਹੋ ਜਿਹਾ ਬਣ ਜਾਂਦਾ ਹੈ। ਹੇ ਨਾਨਕ! ਉਸ ਦੀ ਨਜ਼ਰ ਤੋਂ ਬਿਨਾ ਉਸ ਨਾਲ ਕੋਈ ਜੁੜ ਨਹੀਂ ਸਕਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

**ਪ੍ਰਤੀਕਰਮ ਦਰ ਪ੍ਰਤੀਕਰਮ**

# ਅਰਥਾਂ ਦੇ ਕਤਲ ਤੋਂ ਜ਼ਮੀਰ ਦੀ ਮੌਤ ਤੱਕ

***ਪੰਜਾਬ ਟਾਈਮਜ਼ ਦੇ 17 ਸਤੰਬਰ ਦੇ ਅੰਕ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਲੇਖ 'ਆਧੁਨਿਕਤਾ, ਬਰਬਰਤਾ ਅਤੇ ਪੰਜਾਬੀ ਕਵਿਤਾ' ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਤੇ ਸੁਰਜੀਤ ਪਾਤਰ ਦੀ ਕਵਿਤਾ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ ਜਿਨ੍ਹਾਂ ਦੇ ਪ੍ਰਤੀਕਰਮ ਵਜੋਂ ਪ੍ਰੋ. ਅਵਤਾਰ ਸਿੰਘ ਦਾ ਲੇਖ 24 ਸਤੰਬਰ ਦੇ ਅੰਕ ਵਿਚ ਛਾਪਿਆ ਜਾ ਚੁੱਕਾ ਹੈ। ਇਸੇ ਲੜੀ ਵਿਚ ਪ੍ਰਭਸ਼ਰਨਬੀਰ ਸਿੰਘ ਦਾ ਲੇਖ ਪਹਿਲੀ ਅਕਤੂਬਰ ਵਾਲੇ ਅੰਕ ਵਿਚ ਛਪਿਆ ਜਿਸ ਵਿਚ ਉਨ੍ਹਾਂ ਆਪਣੇ ਨਜ਼ਰੀਏ ਤੋਂ ਕੁਝ ਸਵਾਲ ਉਠਾਏ ਸਨ। ਪ੍ਰਤੀਕਰਮ ਵਜੋਂ ਪ੍ਰੋ. ਅਵਤਾਰ ਸਿੰਘ ਦਾ ਲੇਖ 15 ਅਕਤੂਬਰ ਵਾਲੇ ਅੰਕ ਵਿਚ ਛਾਪਿਆ ਗਿਆ। ਇਸੇ ਸਿਲਸਿਲੇ ਵਿਚ ਪ੍ਰੋ. ਅਵਤਾਰ ਸਿੰਘ ਦੇ ਲੇਖ ਦੇ ਪ੍ਰਤੀਕਰਮ ਵਿਚ ਪ੍ਰਭਸ਼ਰਨਬੀਰ ਸਿੰਘ ਦਾ ਇਹ ਲੇਖ ਅਤੇ ਉਨ੍ਹਾਂ ਦੇ ਪਿਛਲੇ ਲੇਖ ਦੇ ਪ੍ਰਤੀਕਰਮ ਵਿਚ ਉਘੇ ਪੰਜਾਬੀ ਸ਼ਾਇਰ ਤੇ ਆਲੋਚਕ ਗੁਰਦੇਵ ਚੌਹਾਨ ਦਾ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਸਾਡਾ ਮਨੋਰਥ ਪਾਠਕਾਂ ਨੂੰ ਵਿਚਾਰ-ਚਰਚਾ ਲਈ ਮੰਚ ਮੁਹੱਈਆ ਕਰਨਾ ਹੈ, ਕਿਸੇ ਦਾ ਪੱਖ ਲੈਣਾ ਨਹੀਂ। ਪ੍ਰਤੀਕਰਮ ਵਜੋਂ ਆਈਆਂ ਹੋਰ ਰਚਨਾਵਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬਸ, ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਇਸ ਵਿਚਾਰ-ਚਰਚਾ ਨੂੰ ਪੰਜਾਬ ਟਾਈਮਜ਼ ਦੇ 15 ਅਕਤੂਬਰ ਦੇ ਅੰਕ ਵਿਚ ਅਵਤਾਰ ਸਿੰਘ ਨੇ ਆਪਣੇ ਲੇਖ ਵਿਚ ਜੋ ਰੰਗਤ ਦੇ ਦਿੱਤੀ ਹੈ, ਉਸ ਨਾਲ ਸੰਜੀਦਾ ਸੰਵਾਦ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਮੈਂ ਆਪਣੇ ਪਹਿਲੇ ਲੇਖ ਵਿਚ ਮਹਿਬੂਬ ਅਤੇ ਪਾਤਰ ਦੀਆਂ ਕੁਝ ਸਤਰਾਂ ਖਾਸ ਪ੍ਰਸੰਗ ਵਿਚ ਵਰਤੀਆਂ ਸਨ, ਪਰ ਅਵਤਾਰ ਸਿੰਘ ਨੇ ਉਸ ਪ੍ਰਸੰਗ ਨੂੰ ਉਕਾ ਹੀ ਦਰਕਿਨਾਰ ਕਰਦਿਆਂ ਇਹ ਬਹਿਸ ਮਹਿਬੂਬ ਬਨਾਮ ਪਾਤਰ ਬਣਾ ਧਰੀ ਤੇ ਇਹਦੇ ਲਈ ਦੋਸ਼ੀ ਵੀ ਮੈਨੂੰ ਹੀ ਠਹਿਰਾ ਦਿੱਤਾ। ਨਿਰਾਧਾਰ ਨਿਰਣਾ ਦੇ ਦਿੱਤਾ ਕਿ ਮੈਂ ਮਹਿਬੂਬ ਦੀ ਕਵਿਤਾ ਨੂੰ ਵਿਸ਼ਵ ਦੀ ਸਰਬੋਤਮ ਕਵਿਤਾ ਮੰਨਦਾ ਹਾਂ। ਕੋਈ ਵੀ ਪਾਠਕ ਮੇਰੇ ਪਹਿਲੇ ਲੇਖ ਨੂੰ ਪੜ੍ਹ ਕੇ ਸਹਿਜੇ ਹੀ ਅੰਦਾਜ਼ਾ ਲਾ ਸਕਦਾ ਹੈ ਕਿ ਉਸ ਲੇਖ ਦਾ ਮਕਸਦ ਮਹਿਬੂਬ ਨੂੰ ਵਿਸ਼ਵ

**ਪ੍ਰਭਸ਼ਰਨਬੀਰ ਸਿੰਘ***
**ਫੋਨ: 778-836-7901**

ਦਾ ਸਰਬੋਤਮ ਕਵੀ ਸਾਬਿਤ ਕਰਨਾ ਨਹੀਂ ਸੀ। ਮੇਰਾ ਮਕਸਦ ਤਾਂ ਅਜੋਕੀ ਬੇਕਿਰਕ ਹਿੰਸਾ ਨੂੰ ਕਵਿਤਾ ਰਾਹੀਂ ਮੁਖਾਤਿਬ ਹੋਣ ਦੀ ਸੰਭਾਵਨਾ 'ਤੇ ਵਿਚਾਰ ਕਰਨਾ ਸੀ। ਆਧੁਨਿਕਤਾ ਨੇ ਹਿੰਸਾ ਦੇ ਅਤਿ-ਘਿਨਾਉਣੇ ਰੂਪ ਪੈਦਾ ਕੀਤੇ ਹਨ ਜਿਸ ਦੇ ਕੁਝ ਬੇਕਿਰਕ ਦ੍ਰਿਸ਼ ਇਸ ਪ੍ਰਕਾਰ ਹਨ:

-ਨਾਜ਼ੀਆਂ ਦੇ ਕੰਸਨਟ੍ਰੇਸ਼ਨ ਕੈਂਪਾਂ ਵਿਚ ਯਹੂਦੀਆਂ ਨਾਲ ਅਮਾਨਵੀ ਵਿਹਾਰ।

-ਤ੍ਰਿਲੋਕਪੁਰੀ, ਦਿੱਲੀ ਵਿਚ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਂਵਾਂ ਸਾਹਮਣੇ ਅੱਗ ਵਿਚ ਭੁੰਨਦੇ ਹਿੰਦੂਤਵੀ ਜੱਲਾਦ।

-ਲੱਡਾ ਕੋਠੀ ਤੇ ਬੀਕੋ ਸੈਂਟਰ ਵਰਗੇ ਬੁੱਚੜਖਾਨਿਆਂ ਵਿਚ ਬੇਪੱਤ ਕੀਤੇ ਜਾਂਦੇ ਜੁਝਾਰੂ ਸਿੰਘਾਂ ਦੇ ਪਰਿਵਾਰ।

-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਗਾਤਾਰ ਹੋ ਰਹੀ ਬੇਅਦਬੀ।

ਇਨ੍ਹਾਂ ਸਾਰੇ ਦ੍ਰਿਸ਼ਾਂ ਵਿਚ ਇਕ ਗੱਲ ਸਾਂਝੀ ਹੈ ਕਿ ਤਸ਼ੱਦਦ ਕਰਨ ਵਾਲੇ ਬੇਕਿਰਕ ਜ਼ਾਲਮਾਂ ਦਾ ਨਿਸ਼ਾਨਾ ਸਿਰਫ ਸਰੀਰਕ ਪੀੜ ਦੇਣਾ ਹੀ ਨਹੀਂ ਹੁੰਦਾ ਸਗੋਂ 'ਰੂਹ ਦਾ ਕਤਲ' ਕਰਨਾ ਵੀ ਹੁੰਦਾ ਹੈ। 'ਰੂਹ ਦਾ ਕਤਲ' ਉਦੋਂ ਹੁੰਦਾ ਹੈ ਜਦੋਂ ਕਿਸੇ ਨੂੰ ਸਰੀਰਕ ਰੂਪ ਵਿਚ ਮਾਰੇ ਜਾਣ ਤੋਂ ਬਿਨਾ ਉਸ ਚੀਜ਼ ਦਾ ਖਾਤਮਾ ਕੀਤਾ ਜਾਂਦਾ ਹੈ ਜੋ ਉਸ ਬੰਦੇ ਦੇ ਜੀਵਨ ਦਾ ਸਭ ਤੋਂ ਅਹਿਮ ਅੰਗ ਹੋਵੇ। ਇਸ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸਿੱਖਾਂ ਦੀ ਰੂਹ ਦਾ ਕਤਲ ਕਰਨ ਦੀਆਂ ਕੋਸ਼ਿਸ਼ਾਂ ਹਨ। ਅਡੋਰਨੋ ਦੇ ਕਥਨ 'ਆਸ਼ਵਿਟਜ਼ ਤੋਂ ਬਾਅਦ ਕਵਿਤਾ ਲਿਖਣਾ ਬਰਬਰਤਾ ਹੈ' ਦਾ ਭਾਵ ਇਹ ਹੈ ਕਿ ਆਧੁਨਿਕਤਾ ਦੀ ਬੇਕਿਰਕ ਹਿੰਸਾ ਨੇ ਜਿਹੜਾ ਰੂਹ ਨੂੰ ਕੰਬਾ ਦੇਣ ਵਾਲਾ ਦਰਦ ਪੈਦਾ ਕੀਤਾ ਹੈ, ਉਸ ਦੀ ਸ਼ਿੱਦਤ ਮਹਿਸੂਸ ਕਰਨ ਜੋਗਾ ਸੰਵੇਦਨਸ਼ੀਲ ਮੁਹਾਵਰਾ ਯੂਰਪ ਕੋਲ ਨਹੀਂ ਹੈ। ਉਹ ਉਸ ਵੇਲੇ ਦੇ ਯੂਰਪੀ ਸਭਿਆਚਾਰ ਦੀ ਆਤਮਿਕ ਕੰਗਾਲੀ 'ਤੇ ਵੀ ਟਿੱਪਣੀ ਕਰ ਰਿਹਾ ਹੈ। ਪਾਤਰ ਦੀ ਕਵਿਤਾ ਵਿਚ ਅਜਿਹੀ ਸ਼ਿੱਦਤ ਮੌਜੂਦ ਨਹੀਂ। ਉਸ ਦੀ ਹਿੰਸਾ ਬਾਰੇ ਪਹੁੰਚ ਬਹੁਤ ਪੇਤਲੀ ਅਤੇ ਅਖਬਾਰੀ ਕਿਸਮ ਦੀ ਹੈ। ਉਹ ਜ਼ਾਲਮ ਧਿਰ ਦੀ ਨਿਸ਼ਾਨਦੇਹੀ ਕਰਨ ਤੋਂ ਕੰਨੀ ਕਤਰਾਉਂਦਾ ਹੈ। ਯਹੂਦੀਆਂ ਦੇ ਮਹਾਂਨਾਸ਼ ਦੌਰਾਨ ਵੀ ਨਾਜ਼ੀ ਸਮਰਥਕਾਂ ਵੱਲੋਂ ਕਿਹਾ ਜਾਂਦਾ ਸੀ ਕਿ ਇਸ ਕਹਿਰ ਲਈ ਯਹੂਦੀ ਖੁਦ ਹੀ ਜ਼ਿੰਮੇਵਾਰ ਹਨ, ਕਿਉਂਕਿ ਉਨ੍ਹਾਂ ਨੇ ਆਪਣੀ ਮੱਕਾਰ ਬਿਰਤੀ ਨਾਲ ਮਾਇਆ ਦੇ ਅੰਬਾਰ ਇਕੱਠੇ ਕਰ ਲਏ ਹਨ। ਅਜਿਹੇ ਝੂਠਾਂ ਨੇ ਹੋਲੋਕਾਸਟ ਦਾ ਰਾਹ ਪੱਧਰਾ ਕੀਤਾ ਸੀ। ਇਕੱਲੇ ਨਾਜ਼ੀ ਹੀ ਨਹੀਂ, ਯੂਰਪ ਦਾ ਇਕ ਵੱਡਾ ਹਿੱਸਾ ਯਹੂਦੀਆਂ ਦੇ ਮਹਾਂਨਾਸ਼ ਲਈ ਜ਼ਿੰਮੇਵਾਰ ਸੀ। ਹੋਲੋਕਾਸਟ ਬਾਰੇ ਆਪਣੀਆਂ ਲਿਖਤਾਂ ਵਿਚ ਯਾਕ ਦੈਰਿਦਾ ਨੇ ਵੀ ਇਸ ਵੱਲ ਇਸ਼ਾਰਾ ਕੀਤਾ ਹੈ। ਅਵਤਾਰ ਨੇ ਮੇਰੇ ਲੇਖ ਦੇ ਇਸ ਕੇਂਦਰੀ ਨੁਕਤੇ ਬਾਰੇ ਕੁਝ ਨਹੀਂ ਕਿਹਾ।

ਪਿਛਲੇ ਸਮੇਂ ਦੌਰਾਨ ਖਾਲਸਾ ਪੰਥ 'ਤੇ ਝੁੱਲੇ ਕਹਿਰ ਬਾਰੇ ਅਵਤਾਰ ਦੀ ਸਿੱਧੇ ਤੌਰ ਉਤੇ ਅਤੇ ਪਾਤਰ ਦੀ ਅਸਿੱਧੇ ਰੂਪ ਵਿਚ ਇਹੀ ਭੂਮਿਕਾ ਹੈ। 2011 ਵਿਚ ਛਪੇ ਆਪਣੇ ਇਕ ਲੇਖ ਵਿਚ ਅਵਤਾਰ ਸਿੰਘ ਖਾਲਸਾ ਪੰਥ 'ਤੇ ਵਾਪਰੇ ਕਹਿਰ ਲਈ ਵੀ ਖੁਦ ਸਿੱਖਾਂ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ ਤੇ ਦਲੀਲਾਂ ਵੀ ਉਹੀ ਦਿੰਦਾ ਹੈ ਜੋ ਸਰਕਾਰ ਨੇ ਆਪਣੇ ਵ੍ਹਾਈਟ ਪੇਪਰ ਵਿਚ ਦਿੱਤੀਆਂ ਸਨ। ਉਹ ਕਹਿੰਦਾ ਹੈ ਕਿ ਮਹਿਬੂਬ ਬਰਬਰਤਾ ਦੀ ਹਾਰ 'ਤੇ ਹੰਝੂ ਕੇਰਦਾ ਹੈ। ਉਸ ਨੂੰ 1984 ਦੇ ਘੱਲੂਘਾਰੇ ਤੋਂ ਬਾਅਦ ਚੱਲਿਆ ਸਿੱਖ ਸੰਘਰਸ਼ ਬਰਬਰਤਾ ਲੱਗਦਾ ਹੈ। ਪਾਤਰ ਲਈ ਵੀ ਸਰਕਾਰੀ ਹਿੰਸਾ ਤੇ ਖਾਲਸਾ ਪੰਥ ਦੇ ਰਖਿਆਤਮਕ ਰੁਖ ਵਿਚ ਕੋਈ ਫਰਕ ਨਹੀਂ ਹੈ। ਪਾਤਰ ਨੂੰ 'ਸੱਪ ਦੀ ਕੁੰਜ' ਅਤੇ 'ਮੋਰ ਦਾ ਖੰਭ' ਇਕੋ ਜਿਹੇ ਦਿਸਦੇ ਹਨ। ਪਾਤਰ ਦੀ ਨਜ਼ਰ ਵਿਚਲੀ ਇਹ ਕਾਣ ਉਸ ਦੀ 'ਜ਼ਮੀਰ ਦੀ ਮੌਤ' ਦੀ ਸ਼ਾਹਦੀ ਭਰਦੀ ਹੈ। ਡਾ. ਗੁਰਭਗਤ ਸਿੰਘ ਨੇ ਸਿੱਖ ਨੌਜਵਾਨਾਂ ਦੇ ਸੰਘਰਸ਼ ਦੀ ਅੰਦਰਲੀ ਉਚਾਈ ਨੂੰ ਜਾਣ ਕੇ ਹੀ ਲਿਖਿਆ ਸੀ, "ਪੰਜਾਬ ਸਮੱਸਿਆ ਨਹੀਂ ਵਾਅਦੇ ਦੀ ਰਿਸ਼ਮ ਹੈ। ਇਹ ਸਮੱਸਿਆ ਸਿਰਫ ਸ਼ਾਸਕ ਗ੍ਰੋਹ ਲਈ ਹੈ। ਦੱਖਣੀ ਏਸ਼ੀਆ ਦੇ ਹੋਰ ਖਿੱਤਿਆਂ ਸਮੇਤ ਦੁਨੀਆਂ ਭਰ ਵਿਚ ਆਪਣੀ ਆਜ਼ਾਦੀ ਲਈ ਲੜ ਰਹੀਆਂ ਕੌਮਾਂ ਲਈ ਇਹ ਸੰਘਰਸ਼ ਵਾਅਦੇ ਦੀ ਰਿਸ਼ਮ ਹੈ।"

ਇਸ ਸੰਘਰਸ਼ ਵਿਚ ਪਾਤਰ ਦੇ ਪੈਂਤੜੇ ਦਾ ਸ਼ਾਸਕ ਗ੍ਰੋਹ ਨੂੰ ਹੀ ਫਾਇਦਾ ਹੁੰਦਾ ਹੈ। ਉਸ ਨੇ ਇਨ੍ਹਾਂ ਕਵਿਤਾਵਾਂ ਵਿਚ ਸਥਾਪਤੀ-ਪੱਖੀ ਪੈਂਤੜਾ ਲਿਆ ਹੈ। ਇਤਿਹਾਸ ਦੇ ਇਸ ਦੌਰ ਲਈ ਅਵਤਾਰ ਅਤੇ ਪਾਤਰ ਦੀ ਸ਼ਬਦਾਵਲੀ ਅਤੇ ਰਵੱਈਆ ਦੋਵੇਂ ਹੀ ਹਕੂਮਤੀ ਜਬਰ ਲਈ ਰਾਹ ਪੱਧਰਾ ਕਰਦੇ ਹਨ। ਦਰਬਾਰ ਸਾਹਿਬ ਉਤੇ ਹੋਏ ਧਾੜਵੀ ਹਮਲੇ ਨੂੰ 'ਬਲੂ ਸਟਾਰ' ਅਤੇ ਦਿੱਲੀ ਤੇ ਹੋਰਨਾਂ ਸ਼ਹਿਰਾਂ ਵਿਚ ਹੋਏ ਸਿੱਖਾਂ ਦੇ ਨਸਲਘਾਤ ਨੂੰ 'ਦਿੱਲੀ ਦੰਗੇ' ਕਹਿਣਾ ਅਵਤਾਰ ਦੀ ਅਸਲ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ।

ਸਿੱਖ ਪਰੰਪਰਾ ਵਿਚ ਕਿਰਪਾਨ ਰਾਹੀਂ ਰੱਖਿਆ ਕਰਨੀ, ਜ਼ਾਲਮ ਨੂੰ ਇਨਸਾਫ ਰੂਪੀ ਫੱਟ ਦੇਣੇ ਅਤੇ ਭਾਈ ਘਨੱਈਏ ਦੇ ਰੂਪ ਵਿਚ ਫੱਟ ਮੇਲਣੇ-ਇਹ ਤਿੰਨ ਕਰਮ ਇਕ ਦੂਜੇ ਤੋਂ ਅਲਹਿਦਗੀ ਵਿਚ ਹੋਂਦ ਨਹੀਂ ਰੱਖਦੇ, ਸਗੋਂ ਖਾਲਸੇ ਦੀ ਜੀਵਨ-ਜਾਚ ਦਾ ਅਟੁੱਟ ਹਿੱਸਾ ਹਨ। ਇਨ੍ਹਾਂ ਤਿੰਨਾਂ ਕਰਮਾਂ ਦੀ ਤਾਲਬੱਧ ਸਹਿਹੋਂਦ ਹੀ ਖਾਲਸੇ ਦੀ ਹਸਤੀ ਨੂੰ ਵਿਲੱਖਣਤਾ ਬਖਸ਼ਦੀ ਹੈ। ਅਖਬਾਰੀ ਸ਼ੁਹਰਤ ਦੀ ਲਾਲਸਾ ਵਿਚ ਕੈਦ ਪਾਤਰ ਦੀ ਕਵਿਤਾ ਦਾ ਰੁਝਾਨ ਗਾਂਧੀ ਦੀ ਅਹਿੰਸਾ ਵਾਲਾ ਹੈ ਜਿਸ ਤਹਿਤ ਹਥਿਆਰਬੰਦ ਸੰਘਰਸ਼ ਕਦੇ ਵੀ ਪ੍ਰਵਾਨ ਨਹੀਂ ਹੋ ਸਕਦਾ। ਪਾਤਰ ਮਾਨਵਵਾਦ ਵਰਗੀਆਂ ਵੇਲਾ ਵਿਹਾ ਚੁੱਕੀਆਂ ਪੱਛਮੀ ਵਿਚਾਰਧਾਰਾਵਾਂ ਨੂੰ ਬਿਨਾ ਕਿਸੇ ਠੋਸ ਸਮਝ ਦੇ, ਫੈਸ਼ਨ ਵਜੋਂ ਹੀ ਅੰਤਿਮ ਸੱਚ ਮੰਨੀ ਬੈਠਾ ਹੈ। ਪੱਛਮ ਦੇ ਸੰਵੇਦਨਸ਼ੀਲ ਲੋਕਾਂ ਨੇ ਇਨ੍ਹਾਂ ਵਿਚਾਰਧਾਰਾਵਾਂ ਅੰਦਰ ਨਿਹਿਤ ਹਿੰਸਾ ਦੀ ਨਿਸ਼ਾਨਦੇਹੀ ਕਰ ਕੇ ਇਨ੍ਹਾਂ ਨੂੰ ਪਹਿਲਾਂ ਹੀ ਰੱਦ ਕੀਤਾ ਹੋਇਆ ਹੈ।

ਅਵਤਾਰ ਨੇ ਮਹਿਬੂਬ ਦੀਆਂ ਕੁਝ ਸਤਰਾਂ ਦੇ ਕੇ ਉਸ ਦੀ ਕਵਿਤਾ ਨੂੰ ਸਿੱਖੀ ਵਿਰੋਧੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਵਲੋਂ ਦਿੱਤੀਆਂ ਚਾਰ ਵਿਚੋਂ ਦੋ ਸਤਰਾਂ 'ਗੁਰੂ ਪੈਗ਼ੰਬਰ ਦੀਵੇ ਨਿੱਕੇ ਭਰਮ ਦੀ ਓਟ 'ਚ ਬਾਲੇ' ਅਤੇ 'ਇਲਮ ਦੇ ਸਾਦਾ ਅੱਖਰ ਤੋਂ ਵੱਧ ਕੂਕ ਨ ਸਕੀ ਬਾਣੀ' ਮਹਿਬੂਬ ਦੀ 1947 ਦੇ ਉਜਾੜੇ ਬਾਰੇ ਲਿਖੀ ਲੰਮੀ ਕਵਿਤਾ 'ਕੁਰਲਾਉਂਦੇ ਕਾਫਲੇ' ਵਿਚੋਂ ਹਨ ਜਿਸ ਵਿਚ ਬਹੁਤ ਸਾਰੇ ਪਾਤਰ ਜਿਵੇਂ ਕਵੀ, ਤਿੰਨ ਫਰਿਆਦੀ, ਬਾਜ਼, ਸਿੱਖ ਕਲੰਦਰ ਤੇ ਰਾਵੀ ਇਕ ਦੂਜੇ ਨਾਲ ਗੁਫਤਗੂ ਕਰਦੇ ਹਨ। ਉਪਰੋਕਤ ਦੋਵੇਂ ਸਤਰਾਂ ਕਵਿਤਾ ਦੇ ਪੰਜਵੇਂ ਸਰਗ ਦੇ (ੳ) ਭਾਗ ਦੇ ਚੌਥੇ ਹਿੱਸੇ ਵਿਚ ਆਉਂਦੀਆਂ ਹਨ। ਇਸ ਹਿੱਸੇ ਵਿਚ ਕਵੀ ਦਾ ਤਿੰਨ ਫਰਿਆਦੀਆਂ ਨਾਲ ਗੁਫਤਗੂ ਹੈ। ਕਵੀ ਨੇ ਫਰਿਆਦੀਆਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ:

ਨੂਰ ਮਹਿਲ ਦੀਆਂ ਗਲੀਆਂ ਵਿਚ
ਮੈਂ ਅੱਤ ਸਿਖਰ ਦੁਪਹਿਰੇ
ਤੱਕੇ ਤਿੰਨ ਫਰਿਆਦੀ ਫਿਰਦੇ
ਤੁੰਦ ਡਰੇ ਤੇ ਗਹਿਰੇ।
---
ਸਦਮੇ ਤੁੰਦ ਜ਼ਿਮੀਂ ਦੇ ਦੱਸੇ
ਅੱਖੀਏਂ ਫਿਰਨ ਭਖਾ ਕੇ
ਚੋਰ ਜਾਸੂਸ ਜਿਹੀ ਕੁਈ ਸਾਜ਼ਿਸ਼
ਬੁੱਢੇ ਸੁਪਨ ਦਬਾ ਕੇ। (ਪੰਨਾ 689)

ਇਹ ਫਰਿਆਦੀ ਡਰ ਅਤੇ ਸਹਿਮ ਦੀ ਮਨੋਅਵਸਥਾ ਵਿਚ ਵੀ ਵਿਚਰ ਰਹੇ ਹਨ ਅਤੇ ਆਪਣੇ ਅੰਦਰ ਚੋਰ ਜਸੂਸ ਜਿਹੀ ਕੋਈ ਸਾਜ਼ਿਸ਼ ਵੀ ਪਾਲ ਰਹੇ ਹਨ। ਫਰਿਆਦੀਆਂ ਦੇ ਮਨ ਉਤੇ ਸਦਮਾ ਹਾਵੀ ਹੈ। ਉਨ੍ਹਾਂ ਦੇ ਬੋਲ ਕਵੀ ਨੇ ਪੁੱਠੇ ਕੌਮਿਆਂ ਵਿਚ ਦਰਜ ਕੀਤੇ ਹਨ ਤਾਂ ਜੋ ਕੋਈ ਭੁਲੇਖਾ ਨਾ ਰਹੇ ਕਿ ਇਹ ਕਵੀ ਦੇ ਵਿਚਾਰਾਂ ਦੀ ਤਰਜਮਾਨੀ ਨਹੀਂ ਕਰਦੇ, ਪਰ ਜੇ ਪੜ੍ਹਨ ਵਾਲੇ ਦੀ ਨੀਅਤ ਹੀ ਮਾੜੀ ਹੋਵੇ ਤਾਂ ਕੋਈ ਕੀ ਕਰ ਸਕਦਾ ਹੈ। ਇਸੇ ਹਿੱਸੇ ਦੇ ਆਖਰੀ ਬੰਦ ਵਿਚ ਕਵੀ ਤਿੰਨ ਫਰਿਆਦੀਆਂ ਨੂੰ ਇਉਂ ਜੁਆਬ ਦਿੰਦਾ ਹੈ:

ਸਿਖਰ ਦੁਪਹਿਰੇ ਮੈਂ ਕੁਰਲਾਵਾਂ:
"ਗੁਰੂ ਗ੍ਰੰਥ ਨਾ ਜਾਲੋ।
ਠੰਢੀ ਛਾਂ ਮਰਗ 'ਤੇ ਜਿਸ ਦੀ
ਰੱਬੀ ਮੰਤ ਨਾ ਜਾਲੋ।" (ਪੰਨਾ 690)

ਆਖਰੀ ਬੰਦ ਪੜ੍ਹਨ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਕਵੀ ਦੇ ਗੁਰੂ ਗ੍ਰੰਥ ਸਾਹਿਬ ਬਾਰੇ ਕੀ ਵਿਚਾਰ ਹਨ, ਪਰ ਨਫਰਤ ਵਿਚ ਗਲਤਾਨ ਅਵਤਾਰ ਕਵਿਤਾ ਅੰਦਰਲੇ ਬਿਰਤਾਂਤ ਦੇ ਪ੍ਰਸੰਗ ਨੂੰ ਵੇਖਣ ਦੇ ਸਮਰੱਥ ਹੀ ਨਹੀਂ।

ਤੀਸਰੀ ਸਤਰ "ਖੈਰ ਲਈ ਅੱਡੇ ਹੱਥ ਸੀ ਜੋ ਨਾਲ ਲਾਚਾਰੀ" 'ਝਨਾਂ ਦੀ ਰਾਤ' ਦੀ ਤੀਜੀ ਪੁਸਤਕ 'ਪਿਆਰੇ ਦਾ ਦੇਸ' ਵਿਚ ਦਰਜ ਕਵਿਤਾ 'ਤੱਤੀ ਤਵੀ 'ਤੇ' ਵਿਚੋਂ ਹੈ। ਅਵਤਾਰ ਮੁਤਾਬਕ ਸਤਰ ਦਾ ਭਾਵ ਹੈ 'ਪੰਚਮ ਪਾਤਸ਼ਾਹ ਨੇ ਰਾਵੀ ਵਿਚ ਅੰਤਮ ਸਮੇਂ ਲਾਚਾਰੀ ਵਿਚ ਹੱਥ ਅੱਡੇ ਸਨ।' ਇਸ ਕਵਿਤਾ ਦੀ ਪਹਿਲੀ ਸਤਰ 'ਤੇ ਨਜ਼ਰ ਮਾਰੋ:

ਉਹ ਦੀਨ ਦੁਨੀ ਦੇ ਸ਼ਹਿਨਸ਼ਾਹ,
ਇਕ ਅਰਜ਼ ਅਸਾਡੀ।
ਹੋਏ ਜੇ ਅਰਸ਼ਾਂ ਵਾਲੜੇ,
ਜ਼ਰਾ ਨਜ਼ਰ ਤੁਸਾਡੀ। (ਪੰਨਾ 123)

ਕਵੀ ਗੁਰੂ ਸਾਹਿਬ ਨੂੰ ਦੀਨ-ਦੁਨੀ ਦੇ ਸ਼ਹਿਨਸ਼ਾਹ ਕਹਿ ਕੇ ਸੰਬੋਧਿਤ ਹੁੰਦਾ ਹੈ, ਸੋ ਉਨ੍ਹਾਂ ਨੂੰ ਲਾਚਾਰ ਕਹਿਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਖੈਰ ਲਈ ਅੱਡੇ ਹੱਥ ਕਵੀ ਦੇ ਹਨ, ਗੁਰੂ ਸਾਹਿਬ ਦੇ ਨਹੀਂ। ਅਵਤਾਰ ਵੱਲੋਂ ਵਰਤੀ ਗਈ ਸਤਰ ਦੇ ਬੰਦ ਨੂੰ ਵੇਖੀਏ ਤਾਂ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ:

ਤੱਕ ਮਸਕੀਨੜੇ ਅੱਥਰੂ,
ਕਰ ਨਜ਼ਰ ਪਿਆਰੀ
ਜਦ ਰਮਜ਼ ਇਲਾਹੀ ਨਾਲ ਚੁੱਕ,
ਇਕ ਸਾਗਰ ਭਾਰੀ
ਕੀਤਾ ਨਜ਼ਰ ਅਸਾਡੜੀ, ਤੂੰ ਜਾਂਦੀ ਵਾਰੀ
ਤਾਂ ਚੌਦਾਂ ਤਬਕਾਂ ਅੰਦਰਾਂ,
ਸੱਦ ਸਿਦਕ ਨੇ ਮਾਰੀ
ਖੈਰ ਲਈ ਅੱਡੇ ਹੱਥ ਸੀ ਜੋ ਨਾਲ ਲਾਚਾਰੀ
ਉਹ ਬਿਜਲੀ ਬਿਜਲੀ ਹੋ ਗਏ,
ਪੀ ਸਬਰ ਜੁਝਾਰੀ
ਹੱਥ ਉਹ ਚੁੰਮਣ ਵਾਸਤੇ,
ਅਸਾਂ ਅਰਜ਼ ਗੁਜ਼ਾਰੀ
(ਤੱਤੀ ਤਵੀ 'ਤੇ, ਝਨਾਂ ਦੀ ਰਾਤ, ਪੰਨਾ 123)

ਕਵਿਤਾ, ਵਿਆਕਰਣ ਦੀ ਪਾਬੰਦ ਨਹੀਂ ਹੁੰਦੀ। ਕਵਿਤਾ ਦੀ ਕਿਸੇ ਸਤਰ ਦਾ ਭਾਵ ਸਮਝਣ ਲਈ ਉਸ ਨੂੰ ਪੂਰੀ ਕਵਿਤਾ ਦੇ ਪ੍ਰਸੰਗ ਵਿਚ ਵੇਖਣ ਦੀ ਲੋੜ ਹੁੰਦੀ ਹੈ। ਇਸ ਬੰਦ ਦੀਆਂ ਪਹਿਲੀਆਂ ਤਿੰਨ ਸਤਰਾਂ ਵਿਚ ਕਵੀ ਪੰਜਵੇਂ ਪਾਤਸ਼ਾਹ ਵੱਲੋਂ ਬਖਸ਼ੀ ਦਾਤ ਦੀ ਗੱਲ ਕਰ ਰਿਹਾ ਹੈ, ਤਾਂ ਪੰਜਵੀਂ ਸਤਰ ਵਿਚ ਖੈਰ ਲਈ ਅੱਡੇ ਹੱਥ ਗੁਰੂ ਸਾਹਿਬ ਦੇ ਕਿਵੇਂ ਹੋ ਗਏ? ਇਹ ਕਿਹੋ ਜਿਹੀ ਪੜ੍ਹਤ ਹੈ? ਇਕ ਕਵੀ ਦੇ ਅੰਨ੍ਹੇਵਾਹ ਕਸੀਦੇ ਗਾਉਣ ਵਾਲਾ ਬੰਦਾ ਦੂਜੇ ਕਵੀ ਪ੍ਰਤੀ ਐਨਾ ਹਿੰਸਕ ਕਿਵੇਂ ਹੋ ਸਕਦਾ ਹੈ? ਸਪਸ਼ਟ ਹੈ ਕਿ ਅਵਤਾਰ ਕਿਸੇ ਵੀ ਕੀਮਤ 'ਤੇ ਮਹਿਬੂਬ ਨੂੰ ਨੀਵਾਂ ਦਿਖਾਉਣਾ ਚਾਹੁੰਦਾ ਹੈ, ਭਾਵੇਂ ਸ਼ਰੇਆਮ ਝੂਠੀ ਵਿਆਖਿਆ ਨਾਲ, ਖੁਦ ਬੇਅਦਬੀ ਦੇ ਰਾਹ ਪੈ ਸਿੱਖੀ ਦੀ ਤੌਹੀਨ ਹੀ ਕਿਉਂ ਨਾ ਕਰਨੀ ਪਵੇ।

ਚੌਥੀ ਸਤਰ ਕਵਿਤਾ 'ਪੰਜਾਬ ਦੀ ਵਾ' ਵਿਚੋਂ ਹੈ। ਕਵਿਤਾ ਦੇ ਸਮੁਚੇ ਮਾਹੌਲ ਵਿਚ ਅਜਿਹਾ ਕੋਈ ਪ੍ਰਭਾਵ ਨਹੀਂ ਜਿਸ ਦੀ ਅਵਤਾਰ ਗੱਲ ਕਰ ਰਿਹਾ ਹੈ। ਪਾਠਕ ਖੁਦ ਇਹ ਕਵਿਤਾਵਾਂ ਪੜ੍ਹ ਕੇ ਫੈਸਲਾ ਕਰਨ ਕਿ ਅਵਤਾਰ ਅਰਥਾਂ ਦੇ ਅਨਰਥ ਕਰ ਰਿਹਾ ਹੈ ਜਾਂ ਨਹੀਂ।

ਉਹ ਤਰ੍ਹਾਂ-ਤਰ੍ਹਾਂ ਦੇ ਹਥਿਆਰਾਂ ਨੂੰ ਨਾਂਹ-ਪੱਖੀ ਅਲੰਕਾਰਾਂ ਦੇ ਰੂਪ ਵਿਚ ਵਰਤਦਿਆਂ ਭੁੱਲ ਜਾਂਦਾ ਹੈ ਕਿ ਗੁਰਬਾਣੀ ਵਿਚ ਗਿਆਨ ਨੂੰ ਖੜਗ ਦੀ ਸੰਗਿਆ ਦਿੱਤੀ ਗਈ ਹੈ। ਉਹ ਪਾਤਰ ਨੂੰ ਬਚਾਉਣ ਲਈ ਝੂਠੇ ਵਿਸ਼ੇਸ਼ਣਾਂ ਦੀ ਢਾਲ ਵਰਤਦਾ ਹੈ ਅਤੇ ਆਪਣੇ ਇਸ ਬੇਗੁਣੇ ਕਰਮ ਉਤੇ ਗਰਬ ਵੀ ਕਰਦਾ ਹੈ। ਉਸ ਲਈ ਸੰਵਾਦ ਦਾ ਬਦਲ ਸ਼ਬਦ-ਅਡੰਬਰ ਅਤੇ ਕਾਵਿ ਟੋਟਕੇ ਹਨ। ਆਪਣੇ ਪਿਛਲੇ ਲੇਖ ਵਿਚ ਮੈਂ ਉਸ ਦੇ ਪ੍ਰਤੀਕਰਮ ਸਬੰਧੀ ਜਿਹੜੇ ਇਤਰਾਜ਼ ਉਠਾਏ ਸਨ, ਉਨ੍ਹਾਂ ਨੂੰ ਸੰਬੋਧਤ ਹੋਣ ਦੀ ਥਾਂ ਉਸ ਨੇ ਆਪਣੇ ਦੂਸਰੇ ਪ੍ਰਤੀਕਰਮ ਵਿਚ ਵੀ ਉਹੀ ਕੁਝ ਕੀਤਾ ਜੋ ਪਹਿਲੇ ਵਿਚ ਕੀਤਾ ਸੀ। ਉਹ ਮਨੋ-ਕਲਪਿਤ ਪੁਜ਼ੀਸ਼ਨਾਂ ਨੂੰ ਮੇਰੇ ਸਿਰ ਮੜ੍ਹ ਕੇ ਉਨ੍ਹਾਂ ਨੂੰ ਰੱਦ ਕਰ ਸਵਾਦ ਲਈ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ 'ਸਟਰਾਅ ਮੈਨ ਫੈਲੇਸੀ' ਕਹਿੰਦੇ ਹਨ ਜੋ ਸਿਆਸਤਦਾਨ ਅਕਸਰ ਹੀ ਵਰਤਦੇ ਹਨ। ਉਸ ਨੂੰ ਬਹਿਸ ਦੀ ਸੁਰ ਨੂੰ ਤਿੱਖੀ ਕਰ ਕੇ ਬੇਲੋੜੀ ਉਤੇਜਨਾ ਪੈਦਾ ਕਰਨੀ ਰਾਸ ਆਉਂਦੀ ਹੈ, ਕਿਉਂਕਿ ਵਿਚਾਰ ਕਰਨਾ ਉਸ ਦੀ ਸਮਰੱਥਾ ਦੀ ਸੀਮਤਾਈ ਨੂੰ ਜ਼ਾਹਰ ਕਰਦਾ ਹੈ। ਬਹਿਸ ਨੂੰ ਇਲਜ਼ਾਮਬਾਜ਼ੀ ਬਣਾਉਣਾ ਉਸ ਦਾ ਸ਼ੌਕ ਹੀ ਨਹੀਂ, ਮਜਬੂਰੀ ਵੀ ਹੈ।

ਭੂਤਵਾੜੇ ਦੀਆਂ ਆਪਹੁਦਰੀਆਂ ਉਸ ਵੇਲੇ ਹਾਵੀ ਵਿਚਾਰ-ਪ੍ਰਬੰਧਾਂ ਦੇ ਨਾਂਹ-ਪੱਖੀ ਪ੍ਰਭਾਵ ਦਾ ਨਤੀਜਾ ਸਨ। ਪ੍ਰੌੜ ਹੋਣ 'ਤੇ ਗੁਰਭਗਤ ਸਿੰਘ ਤੇ ਹਰਿੰਦਰ ਸਿੰਘ ਮਹਿਬੂਬ ਨੇ ਆਪਣੀਆਂ ਗਲਤੀਆਂ ਨੂੰ ਪਛਾਣਿਆ ਤੇ ਸਿੱਖੀ ਨੂੰ ਆਦਰਸ਼ ਸਮਾਜ ਦੀ ਸਿਰਜਣਾ ਦਾ ਰਾਹ ਮੰਨਿਆ। ਇਹ ਉਨ੍ਹਾਂ ਦੀ ਵਡਿਆਈ ਹੈ ਤੇ ਉਨ੍ਹਾਂ ਦੀਆਂ ਸ਼ਖਸੀਅਤਾਂ ਦੀ ਗਤੀਸ਼ੀਲਤਾ ਦਾ ਸਬੂਤ ਹੈ। ਅਵਤਾਰ ਸਿੰਘ ਇਸ ਮੰਚ ਨੂੰ ਮੇਰੇ ਨਾਲ ਬਹਿਸ ਦੇ ਬਹਾਨੇ ਮਹਿਬੂਬ ਖਿਲਾਫ ਆਪਣੀਆਂ ਨਿਜੀ ਕਿੜਾਂ ਕੱਢਣ ਲਈ ਵਰਤਣਾ ਚਾਹੁੰਦਾ ਹੈ। ਇਸੇ ਮੰਤਵ ਨਾਲ ਉਸ ਨੇ ਮਹਿਬੂਬ ਦੇ ਖਿਲਾਫ ਅਤਿ ਨੀਵੇਂ ਦਰਜੇ ਦੀਆਂ ਕੁਝ ਸੁਣੀਆਂ-ਸੁਣਾਈਆਂ ਗੱਲਾਂ ਕੀਤੀਆਂ ਹਨ। ਮੈਂ ਉਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਬਹਿਸ ਇਸ ਪੱਧਰ 'ਤੇ ਹੀ ਕਰਨੀ ਹੈ ਤਾਂ ਪੰਜਾਬੀ ਸਾਹਿਤ ਜਗਤ ਨਾਲ ਵਾਹ ਰੱਖਣ ਵਾਲਿਆਂ ਨੂੰ ਪਤਾ ਹੈ ਕਿ ਇਹੋ ਜਿਹੇ ਕਿੱਸੇ ਹੋਰ ਵੀ ਬਹੁਤ ਲੋਕਾਂ ਦੇ ਚੱਲਦੇ ਹਨ, ਪਰ ਮੇਰੀ ਇਸ ਨੀਵੇਂ ਪੱਧਰ ਦੀ ਬਹਿਸ 'ਚ ਕੋਈ ਦਿਲਚਸਪੀ ਨਹੀਂ। ਮੇਰਾ ਮੰਤਵ ਤਾਂ ਪਾਤਰ ਦੀ ਕਵਿਤਾ 'ਚ ਆਤਮਸਾਤ ਹੋਈ ਆਧੁਨਿਕ ਵਿਚਾਰਧਾਰਾ ਅਤੇ ਪਾਤਰ ਦੀ ਗੈਰ-ਜ਼ਿੰਮੇਵਾਰ ਸਿਆਸੀ ਪਹੁੰਚ ਬਾਰੇ ਵਿਚਾਰ ਕਰਨਾ ਹੈ।

ਚਲੋ ਮੰਨ ਲੈਂਦੇ ਹਾਂ ਕਿ ਮਹਿਬੂਬ ਦਾ ਸਾਰਾ ਜੀਵਨ ਆਦਰਸ਼ਕ ਨਹੀਂ ਸੀ, ਪਰ ਕੀ ਅਵਤਾਰ ਜਾਂ ਪਾਤਰ ਦਾ ਹੈ? ਇਕ ਗੱਲ ਪੱਕੀ ਹੈ ਕਿ ਸਿੱਖੀ ਵੱਲ ਮੁੜਨ ਤੋਂ ਬਾਅਦ ਉਹ ਦਰਵੇਸ਼ਾਂ ਵਾਂਗ ਜੀਵਿਆ। ਇਸ ਗੱਲ ਦੀ ਗਵਾਹੀ ਖੁਦ ਪਾਤਰ ਨੇ ਵੀ ਆਸਟ੍ਰੇਲੀਆ ਦੇ ਰੇਡੀਓ 'ਕੌਮੀ ਆਵਾਜ਼' ਉਤੇ ਮੁਲਾਕਾਤ ਦੌਰਾਨ ਦਿੱਤੀ ਹੈ ਜਿਸ ਦੀ ਰਿਕਾਰਡਿੰਗ ਇੰਟਰਨੈਟ ਉਤੇ ਮੌਜੂਦ ਹੈ।

ਅਵਤਾਰ ਨੇ ਬਰਬਰਤਾ ਸ਼ਬਦ ਦੇ ਉਥਾਨ ਬਾਰੇ ਲੰਮਾ ਅਤੇ ਪ੍ਰਸੰਗ ਤੋਂ ਬਾਹਰਾ ਵਿਖਿਆਨ ਦਿੱਤਾ ਹੈ, ਪਰ ਉਸ ਨੂੰ ਇਹ ਵੀ ਨਹੀਂ ਪਤਾ ਕਿ ਕਿਸੇ ਵਿਦੇਸ਼ੀ ਨੂੰ ਸਿਰਫ ਵੱਖਰੀ ਭਾਸ਼ਾ ਬੋਲਣ ਕਰ ਕੇ ਤ੍ਰਿਸਕਾਰਨਾ ਯੂਰਪੀ ਸਭਿਅਤਾ ਪ੍ਰਤੀ ਅਸੰਤੁਲਿਤ ਰਵੱਈਏ ਦਾ ਲਖਾਇਕ ਹੈ। ਜੇ ਹਰ ਵਿਦੇਸ਼ੀ ਭਾਸ਼ਾ ਬੋਲਣ ਵਾਲਾ ਬੰਦਾ ਬਰਬਰ ਹੋਵੇ ਤਾਂ ਸਾਰੀ ਦੁਨੀਆਂ ਹੀ ਇਕ ਦੂਜੇ ਲਈ ਬਰਬਰ ਹੋ ਜਾਵੇਗੀ। ਸ਼ਬਦ ਦੀ ਇਸ ਬਣਤਰ ਵਿਚੋਂ ਯੂਨਾਨੀਆਂ ਦੀ ਆਪਣੀ ਸੰਕੀਰਨਤਾ ਉਭਰਦੀ ਹੈ ਜਿਸ ਦੀ ਪੱਛਮੀ ਸਭਿਅਤਾ ਅੱਜ ਵੀ ਸ਼ਿਕਾਰ ਹੈ। ਦੂਜੀ ਗੱਲ, ਸ਼ਬਦਾਂ ਦੇ ਅਰਥ ਸਮੇਂ ਨਾਲ ਬਦਲਦੇ ਰਹਿੰਦੇ ਹਨ। ਅੱਜ ਬਰਬਰਤਾ ਨੂੰ ਯੂਨਾਨੀ ਅਰਥਾਂ ਵਿਚ ਨਹੀਂ, ਸਗੋਂ ਨਿਰਦਈਪੁਣੇ ਦੇ ਭਾਵ ਵਿਚ ਵਰਤਿਆ ਜਾਂਦਾ ਹੈ। ਆਪਣੇ ਪਹਿਲੇ ਲੇਖ ਵਿਚ ਮੈਂ ਅਡੋਰਨੋ ਦੇ ਹਵਾਲੇ ਨਾਲ ਬਰਬਰਤਾ ਸ਼ਬਦ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਸੀ, ਪਰ ਅਵਤਾਰ ਨੇ ਆਪਣੀ 'ਵਿਦਵਤਾ' ਦਾ ਦਿਖਾਵਾ ਕਰਨ ਲਈ ਬੇਤੁਕਾ ਲੈਕਚਰ ਕਰ ਮਾਰਿਆ।

ਅਵਤਾਰ ਨੇ ਸ਼ਾਇਸਤਗੀ ਦਾ ਪੱਲਾ ਛੱਡਦਿਆਂ ਮੇਰੇ ਪਰਿਵਾਰਕ ਮੈਂਬਰਾਂ ਨੂੰ ਵੀ ਬਹਿਸ ਵਿਚ ਘਸੀਟਣ ਦੀ ਕੋਸ਼ਿਸ਼ ਕੀਤੀ ਹੈ, ਪਰ ਅਜਿਹਾ ਕਰਨਾ ਮੇਰੀ ਫਿਤਰਤ ਨਹੀਂ। ਮੇਰੇ ਲਈ ਸੰਵਾਦ ਪਵਿੱਤਰ ਕਾਰਜ ਹੈ ਜੋ ਸਾਡੇ ਸਭਿਆਚਾਰ ਦੇ ਵਿਗੜੇ ਹੋਏ ਮੂੰਹ-ਮੁਹਾਂਦਰੇ ਨੂੰ ਸੁਆਰ ਸਕਦਾ ਹੈ। ਇਸ ਲਈ ਮੈਂ ਕਦੇ ਵੀ ਅਵਤਾਰ ਦੇ ਪਰਿਵਾਰ ਨੂੰ ਇਸ ਬਹਿਸ ਵਿਚ ਨਹੀਂ ਘਸੀਟਾਂਗਾ।

***(ਬਾਕੀ ਅਗਲੇ ਸਫੇ 'ਤੇ)***

## ਤੱਤੀ ਤਵੀ 'ਤੇ

ਉਹ ਦੀਨ-ਦੁਨੀ ਦੇ ਸ਼ਹਿਨਸ਼ਾਹ, ਇਕ ਅਰਜ਼ ਅਸਾਡੀ
ਹੋਏ ਜੇ ਅਰਸ਼ਾਂ ਵਾਲੜੇ, ਜ਼ਰਾ ਨਜ਼ਰ ਤੁਸਾਡੀ
ਭਰ ਅੱਥਰੂ ਤੈਂ ਵਲ ਵੇਖਦੀ, ਕੋਈ ਧਰਤ ਦੁਰਾਡੀ
ਮਾਰੀ ਉਡਾਰੀ ਕੂੰਜ ਨੇ, ਧਾਹ ਅੰਬਰ ਡਾਢੀ।

ਤੱਤੀ ਤਵੀ 'ਤੇ ਬੈਠਿਆ, ਇਹ ਅਰਜ਼ ਹੈ ਮੇਰੀ
ਰਾਵੀ ਦੇ ਵੱਲ ਵੇਖ ਕੇ, ਤੂੰ ਜਾਂਦੀ ਵੇਰੀ
ਜੋ ਅੱਥਰੂ ਅਸਾਂ ਨੂੰ ਬਖਸ਼ਿਆ, ਵਿਚ ਰਮਜ਼ ਡੂੰਘੇਰੀ
ਉਸ ਅੱਥਰੂ ਨੂੰ ਪਈ ਵਿਲਕਦੀ, ਉਹ ਧਰਤੀ ਤੇਰੀ।

ਤੱਤੀ ਤਵੀ 'ਤੇ ਗਾਂਦਿਆਂ, ਇਹ ਅਰਜ਼ ਹਮਾਰੀ
ਹਸ ਖੂਨੀ ਸ਼ਾਹ ਨੂੰ ਤੱਕਿਆ, ਜਦ ਜਾਂਦੀ ਵਾਰੀ
ਮੀਆਂ ਮੀਰ ਦੇ ਵੇਂਹਦਿਆਂ, ਹੱਥ ਬੰਨ੍ਹਦੇ ਸਾਰੀ
ਤੂੰ ਬਖਸ਼ੀ ਦੁਖੀ ਮੁਰੀਦ ਨੂੰ, ਵੱਥ ਬਹੁਤ ਪਿਆਰੀ:

ਸਬਰ ਸ਼ਹੀਦਾਂ ਡੋਬ ਕੇ, ਇਕ ਤੇਗ ਦੁਧਾਰੀ-
ਉਸ ਤੇਗ ਨੂੰ ਚੁੰਮਨ ਵਾਸਤੇ, ਅਸਾਂ ਅਰਜ਼ ਗੁਜ਼ਾਰੀ।

ਤੱਤੀ ਤਵੀ 'ਤੇ ਬੈਠਿਆ, ਸੁਣ ਅਰਜ਼ ਨਿਮਾਣੀ
ਦੇ ਵਾਜਾਂ ਵਗੇ ਨੇ ਰਾਵੀਓਂ, ਮੇਰੀ ਅਰਜ਼ ਦੇ ਪਾਣੀ
ਤਿਰੀ ਰਾਵੀ ਵਿਚੋਂ ਵਗੇ ਨੇ, ਲਖ ਸਾਗਰ ਜਾਣੀ
ਤੇਰੇ ਛਾਲੇ ਚੁੰਮ ਬਉਰਾਣੜੇ, ਮੇਰੇ ਦਰਦ ਦੇ ਪਾਣੀ।

ਤੱਕ ਮਸਕੀਨੜੇ ਅੱਥਰੂ, ਕਰ ਨਜ਼ਰ ਪਿਆਰੀ
ਜਦ ਰਮਜ਼ ਇਲਾਹੀ ਨਾਲ ਚੁੱਕ, ਇਕ ਸਾਗਰ ਭਾਰੀ
ਕੀਤਾ ਨਜ਼ਰ ਅਸਾਡੜੀ, ਤੂੰ ਜਾਂਦੀ ਵਾਰੀ
ਤਾਂ ਚੌਦਾਂ ਤਬਕਾਂ ਅੰਦਰਾਂ, ਸੱਦ ਸਿਦਕ ਨੇ ਮਾਰੀ
ਖੈਰ ਲਈ ਅੱਡੇ ਹੱਥ ਸੀ, ਜੋ ਨਾਲ ਲਾਚਾਰੀ
ਉਸ ਬਿਜਲੀ ਬਿਜਲੀ ਹੋ ਗਏ, ਪੀ ਸਬਰ ਜੁਝਾਰੀ
ਹੱਥ ਉਹ ਚੁੰਮਣ ਵਾਸਤੇ, ਅਸਾਂ ਅਰਜ਼ ਗੁਜ਼ਾਰੀ।

***-ਹਰਿੰਦਰ ਸਿੰਘ ਮਹਿਬੂਬ***

# ਵਿਚਾਰਧਾਰਾ ਤੇ ਪੰਜਾਬੀ ਕਵਿਤਾ

## ਪ੍ਰਸੰਗ ਸੁਰਜੀਤ ਪਾਤਰ ਤੇ ਹਰਿੰਦਰ ਮਹਿਬੂਬ

ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਲੇਖ 'ਆਧੁਨਿਕਤਾ, ਬਰਬਰਤਾ ਅਤੇ ਪੰਜਾਬੀ ਕਵਿਤਾ' (ਪੰਜਾਬ ਟਾਈਮਜ਼, ਅੰਕ 38) 'ਚ ਪੰਜਾਬੀ ਕਵਿਤਾ ਬਾਰੇ ਕੁਝ ਦਿਲਚਸਪ ਟਿੱਪਣੀਆਂ ਕੀਤੀਆਂ ਸਨ ਜਿਨ੍ਹਾਂ ਵਿਚ ਉਸ ਨੇ ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਨੂੰ ਉਤਮ, ਉਸਾਰੂ ਅਤੇ ਵਿਚਾਰਧਾਰਾ ਦੀਆਂ ਵਲਗਣਾਂ ਤੋਂ ਆਜ਼ਾਦ ਆਖ ਕੇ ਵਡਿਆਇਆ ਜਦ ਕਿ ਸੁਰਜੀਤ ਪਾਤਰ ਦੀ ਕਵਿਤਾ ਨੂੰ ਬਿਮਾਰ ਮਨ, ਢਹਿੰਦੀਆਂ ਸੁਰਾਂ ਜਾਂ ਡਿਪਰੈਸ਼ਨ ਦੀ ਸ਼ਿਕਾਰ ਤੇ ਵਿਚਾਰਧਾਰਾ ਦੀ ਕੈਦ ਵਿਚ ਹੋਣ ਲਈ ਕੋਸਿਆ। ਇਸ ਦੇ ਪ੍ਰਤੀਕਰਮ ਵਜੋਂ 'ਤਸ਼ਖੀਸ, ਤਫ਼ਤੀਸ਼ ਅਤੇ ਅਹਿਸਾਸ' (ਅੰਕ 39) ਲੇਖ ਰਾਹੀਂ ਅਵਤਾਰ ਸਿੰਘ (ਪ੍ਰੋ.) ਨੇ ਉਲਟਾ ਮਹਿਬੂਬ ਦੀ ਕਵਿਤਾ ਨੂੰ ਪੁਰਾਣੀ ਅਤੇ ਵੇਲਾ ਵਹਾ ਚੁਕੀ ਸ਼ੈਲੀ ਦੀ ਕਵਿਤਾ ਗਰਦਾਨਿਆ ਹੈ ਅਤੇ ਪਾਤਰ ਨੂੰ ਪੰਜਾਬੀ ਕਵਿਤਾ ਦਾ ਸ਼ਾਹਕਾਰ ਕਿਹਾ ਹੈ। ਇਸ ਪਿਛੋਂ ਪ੍ਰਭਸ਼ਰਨਬੀਰ ਸਿੰਘ ਨੇ ਇਕ ਹੋਰ ਲੇਖ 'ਵਿਸ਼ਲੇਸ਼ਣਾਂ ਦੀ ਭੀੜ 'ਚ ਗੁਆਚੇ ਅਰਥਾਂ ਅਤੇ ਅਹਿਸਾਸਾਂ ਦੀ ਦਾਸਤਾਨ' (ਪੰਜਾਬ ਟਾਈਮਜ਼, ਅੰਕ 40) ਵਿਚ ਆਧੁਨਿਕ ਆਲੋਚਨਾਤਮਕ ਭਾਸ਼ਾ ਅਤੇ ਦਾਰਸ਼ਨਿਕ ਮੁਦਰਾ ਵਿਚ ਆਪਣੇ ਪੱਖ ਵਿਚ ਹੋਰ ਵਿਸਤਾਰ ਭਰਨ ਦੀ ਕੋਸ਼ਿਸ਼ ਕੀਤੀ ਹੈ।



ਗੁਰਦੇਵ ਚੌਹਾਨ
ਫੋਨ: 647-866-2630

ਇਸ ਲੇਖ ਪਿੱਛੇ ਮੇਰਾ ਮਨੋਰਥ ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਦੇ ਹੱਕ ਵਿਚ ਖੜੇ ਹੋਣਾ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਗੈਰ-ਸਾਹਿਤਕ ਬਹਿਸ ਵਿਚ ਲਿਜਾਣਾ ਹੈ। ਕੁਝ ਗੱਲਾਂ ਵਿਚ ਦੋਵੇਂ ਹੀ ਆਧੁਨਿਕ ਜ਼ਿੰਦਗੀ ਦੀ ਪੇਚੀਦਗੀ ਦੇ ਸਨਮੁੱਖ ਆਪੋ ਆਪਣੀ ਥਾਂ ਖਲੋਤੇ ਹਨ ਅਤੇ ਕਵਿਤਾ ਬਾਰੇ ਬਹਿਸ ਨੂੰ ਪ੍ਰਭਾਵੀ ਮੋੜ ਦੇਣਾ ਚਾਹੁੰਦੇ ਹਨ। ਉਹ ਪੱਛਮੀ ਆਲੋਚਨਾ ਪ੍ਰਣਾਲੀਆਂ ਅਤੇ ਅਡੋਰਨੋ, ਯਾਕ ਦੈਰੀਦਾ ਅਤੇ ਜੈਕ ਕੋਪੀਐਨ ਦੇ ਹਵਾਲੇ ਨਾਲ ਗੱਲ ਕਰਦੇ ਹਨ। ਇਹ ਸਭ ਕੁਝ ਔਖਾ ਹੈ, ਕਿਉਂਕਿ ਗੱਲ ਜਿਸ ਸਮੇਂ ਵਿਚ ਹੋ ਰਹੀ ਹੈ, ਉਸ ਸਮੇਂ ਦੀ ਭਾਸ਼ਾ ਤੇ ਮੁਹਾਵਰੇ ਵਿਚ ਹੋਵੇ, ਤਾਂ ਕੋਈ ਇਤਰਾਜ਼ ਵੀ ਨਹੀਂ ਹੋਣਾ ਚਾਹੀਦਾ।

ਮੇਰਾ ਇਰਾਦਾ ਮਹਿਬੂਬ ਤੇ ਪਾਤਰ ਦੀ ਕਵਿਤਾ ਬਾਰੇ ਕੁਝ ਨੁਕਤੇ ਉਘਾੜਨਾ ਹੈ ਤਾਂ ਕਿ ਉਨ੍ਹਾਂ ਨਾਲ ਇਨਸਾਫ ਹੋ ਸਕੇ, ਭਾਵੇਂ ਦੋਹਾਂ ਵਿਦਵਾਨਾਂ ਨੇ ਇਨ੍ਹਾਂ ਕਵੀਆਂ ਦੀਆਂ ਕੁਝ ਕਵਿਤਾਵਾਂ ਜਾਂ ਕਾਵਿ-ਟੁਕੜੀਆਂ ਨੂੰ ਲੈ ਕੇ ਹੀ ਕੁਝ ਗੱਲਾਂ ਕੀਤੀਆਂ ਹਨ ਜਿਨ੍ਹਾਂ ਦੀ ਪਛਾਣ 'ਚ ਕੁਝ ਹੋਰ ਕਦਮ ਪੁੱਟਣੇ ਜ਼ਰੂਰੀ ਹਨ।


ਪਹਿਲੀ ਗੱਲ, ਅਡੋਰਨੋ ਦੇ ਕਵਿਤਾ ਬਾਰੇ ਜਿਸ ਕਥਨ ਨੂੰ ਪ੍ਰਭਸ਼ਰਨਬੀਰ ਆਪਣੇ ਲੇਖ ਦਾ ਮੁੱਖ ਬਿੰਦੂ ਬਣਾਉਂਦਾ ਹੈ, ਉਹ ਸੀ, "ਆਸ਼ਵਿਟਜ਼ (ਯਹੂਦੀਆਂ ਨੂੰ ਮਾਰਨ ਵਾਲੇ ਗੈਸ ਚੈਂਬਰ) ਤੋਂ ਬਾਅਦ ਕਵਿਤਾ ਲਿਖਣਾ ਬਰਬਰਤਾ ਹੈ", ਭਾਵੇਂ ਅਡੋਰਨੋ ਨੇ ਸਿਰਫ ਇਹ ਕਿਹਾ ਸੀ ਕਿ "ਆਸਵਿਟਜ਼ ਤੋਂ ਬਾਅਦ ਕੋਈ ਕਵਿਤਾ ਨਹੀਂ" (ਸੰਭਵ ਨਹੀਂ ਜਾਂ ਲਿਖੀ ਹੀ ਨਹੀਂ ਜਾ ਸਕਦੀ)। ਉਸ ਦਾ ਭਾਵ ਅਜਿਹੀ ਕਵਿਤਾ ਤੋਂ ਸੀ ਜੋ ਮਨੁੱਖੀ ਜੀਵਨ ਦੀ ਜਾਂ ਕੁਦਰਤੀ ਸੁੰਦਰਤਾ ਦਾ ਮਹਿਜ਼ ਕੋਮਲ ਭਾਵੀ ਸੁਖਦ ਵਰਨਣ ਹੋਵੇ। ਉਸ ਇਹ ਨਹੀਂ ਕਿਹਾ ਸੀ ਕਿ ਇਸ ਘਟਨਾ ਬਾਅਦ ਕਵਿਤਾ ਲਿਖਣਾ ਬਰਬਰਤਾ ਹੈ। ਅਸੀਂ ਦੇਖਦੇ ਹਾਂ ਕਿ ਹੋਲੋਕਾਸਟ (ਹਿਟਲਰ ਵਲੋਂ ਯਹੂਦੀਆਂ ਦੀ ਨਸਲਕੁਸ਼ੀ) ਪਿਛੋਂ ਬਰੈਖਤ ਨੇ ਵੀ ਕਿਹਾ ਸੀ ਕਿ ਹੁਣ ਰੁੱਖਾਂ ਬਾਰੇ ਗੱਲ ਕਰਨਾ ਜੁਰਮ ਹੈ, ਕਿਉਂਕਿ ਇੰਜ ਕਰਨਾ ਅਨਿਆਂ ਬਾਰੇ ਇਕ ਕਿਸਮ ਦੀ ਚੁੱਪ ਧਾਰਨ ਬਰਾਬਰ ਹੈ। ਇਕ ਹੋਰ ਥਾਂ ਅਡੋਰਨੋ ਕਹਿੰਦਾ ਹੈ, "ਆਸ਼ਵਿਟਜ਼ ਉਦੋਂ ਵਾਪਰਦਾ ਹੈ ਜਦ ਕੋਈ ਕਤਲਗਾਹ ਦੇਖ ਕੇ ਇਹ ਸੋਚੇ ਕਿ ਇਥੇ ਤਾਂ ਸਿਰਫ ਪਸ਼ੂ ਹੀ ਕਤਲ ਕੀਤੇ ਜਾਂਦੇ ਹਨ।"

ਪ੍ਰਭਸ਼ਰਨਬੀਰ ਸਿੰਘ ਠੀਕ ਹੀ ਪੰਜਾਬ ਦੇ 1947 ਅਤੇ 1984 ਦੇ ਦੁਖਾਂਤ ਨੂੰ ਹੋਲੋਕਾਸਟ ਵਾਂਗ ਵੇਖਦਾ ਹੈ, ਪਰ ਪਤਾ ਨਹੀਂ ਉਹ ਇਹ ਕਿਉਂ ਸਮਝਦਾ ਹੈ ਕਿ ਪਾਤਰ ਦੀ ਕਵਿਤਾ ਇਸ ਦੀ ਬਰਬਰਤਾ ਪੇਸ਼ ਕਰਨ ਵਿਚ ਵਿਚਾਰਧਾਰਾ ਦੀ ਸਿਥਲਤਾ ਅਤੇ ਸੰਕੀਰਨਤਾ ਦੀ ਸ਼ਿਕਾਰ ਹੈ ਜਦੋਂਕਿ ਮਹਿਬੂਬ ਦੀ ਕਵਿਤਾ ਵਿਚਾਰਧਾਰਕ ਵਲੱਗਣਾਂ ਤੋਂ ਆਜ਼ਾਦ ਹੈ। ਮਿਸਾਲ ਵਜੋਂ ਉਹ ਮਹਿਬੂਬ ਦੀਆਂ ਦੋ ਕਾਵਿ-ਟੁਕੜੀਆਂ "ਕੁਰਲਾਂਦੇ ਕਾਫਲੇ" (1947 ਦੀ ਵੰਡ ਸਮੇਂ) ਅਤੇ "ਸ਼ਹੀਦ ਦੀ ਅਰਦਾਸ" ਪੇਸ਼ ਕਰਦਾ ਹੈ।

ਵਿਚਾਰਧਾਰਾ ਨਾ ਆਪਣੇ ਆਪ ਵਿਚ ਚੰਗੀ ਆਖੀ ਜਾ ਸਕਦੀ ਹੈ, ਨਾ ਮਾੜੀ। ਸਵਾਲ ਹੈ ਕਿਹੜੀ ਵਿਚਾਰਧਾਰਾ? ਕੀ ਇਹ ਉਹ ਜਿਸ ਵਿਚ ਲੇਖਕ ਦੀ ਆਸਥਾ ਹੈ, ਜਾਂ ਉਹ ਜੋ ਉਸ ਦੇ ਪਾਠਕ ਦੇ ਮਨ ਵਿਚ ਪਈ ਹੋਵੇ। ਕੀ ਇਹ ਕਿਸੇ ਸਿਸਟਮ ਦੀ ਹੈ ਜਿਵੇਂ ਪੂੰਜੀਵਾਦ ਜਾਂ ਮਾਰਕਸਵਾਦ ਦੀ, ਜਾਂ ਕਿਸੇ ਧਰਮ, ਜਾਤ, ਖੇਤਰ, ਦੇਸ਼, ਕੌਮ, ਜਾਂ ਸਭਿਆਚਾਰ ਨਾਲ ਜੁੜੀ ਹੋਈ ਹੈ। ਜ਼ਾਹਰ ਹੈ, ਲਿਖਤ ਦਾ ਭਾਵ ਹੈ ਔਖੀ ਵਿਚਾਰਧਾਰਾ, ਹਾਂ ਵਿਚਾਰਧਾਰਾ ਦਾ ਕਿਹੜਾ ਗੁਣ ਉਸ ਨੂੰ ਔਖੀ ਬਣਾਉਂਦਾ ਹੈ? ਨਿਹਾਇਤ ਉਹ ਜੋ ਮਾਨਵ ਪੱਖੀ ਹੋਵੇ, ਵੈਸੇ ਕਵਿਤਾ ਜੇ ਨਿਰੀ ਵਿਚਾਰਧਾਰਾ ਦਾ ਕਾਵਿਕ ਵਾਹਨ ਬਣਨ ਦੇ ਰਾਹ ਪੈਂਦੀ ਹੈ ਤਾਂ ਇਹ ਨਿਰੀ ਸਿੱਖਿਆ ਜਾਂ ਗੁਣਗਾਨ ਬਣ ਕੇ ਰਹਿ ਜਾਂਦੀ ਹੈ। ਦੋਹਾਂ ਸ਼ਾਇਰਾਂ ਦੀ ਕਵਿਤਾ ਵੱਲ ਆਉਣ ਤੋਂ ਪਹਿਲਾਂ ਕਵਿਤਾ ਦੇ ਪਛਾਣ ਪੱਤਰ 'ਤੇ ਝਾਤ ਮਾਰਨਾ ਜ਼ਰੂਰੀ ਹੈ; ਇਹ ਦੇਖਣ ਲਈ ਕਿ ਕਵਿਤਾ ਦੇ ਭੇਸ 'ਚ ਕੋਈ ਭੇਸ ਬਦਲੀ ਸ਼ੈਅ ਤਾਂ ਨਹੀਂ ਬੈਠੀ ਹੋਈ!

ਕਵਿਤਾ ਕਿਸੇ ਸਿਰਲੇਖ ਤੋਂ ਨਹੀਂ ਉਪਜਦੀ; ਹਾਂ, ਇਸ ਦਾ ਸਿਰਲੇਖ ਕਵਿਤਾ ਤੋਂ ਉਪਜਦਾ ਆਖਿਆ ਜਾ ਸਕਦਾ ਹੈ। ਸਿਰਲੇਖ ਜਾਂ ਪੂਰਬ ਸੋਚ ਤੋਂ ਹੋਂਦ ਵਿਚ ਆਈ ਕਵਿਤਾ ਮਸ਼ਹੂਰੀ ਜਾਂ ਭੇਂਟ, ਮਰਸੀਆ ਜਾਂ ਵਿਚਾਰਧਾਰਾ ਦਾ ਅਲਾਪ ਜਾਂ ਸਿੱਖਿਆ ਤਾਂ ਹੋ ਸਕਦੀ ਹੈ, ਪਰ ਕਵਿਤਾ ਨਹੀਂ। ਜੇ ਕਵੀ ਨੂੰ ਲਿਖਣ ਤੋਂ ਪਹਿਲਾਂ ਪਤਾ ਹੋਵੇ ਕਿ ਕਵਿਤਾ ਕੀ ਹੋਵੇਗੀ, ਕਿਥੋਂ ਸ਼ੁਰੂ ਹੋਵੇਗੀ, ਕਿਥੇ ਜਾ ਕੇ ਮੁੱਕੇਗੀ, ਤਾਂ ਇਹ ਕਵਿਤਾ ਨਹੀਂ, ਕਵਿਤਾ ਦਾ ਭੂਤ ਹੀ ਹੋ ਸਕਦਾ ਹੈ। ਸਾਰੰਸ਼ ਜਾਂ ਖੁਲਾਸਾ ਜਾਂ ਕਿਸੇ ਸਮੱਸਿਆ ਦੇ ਸਮਾਧਾਨ ਦੀ ਦਵਾਈ ਦੀ ਪੁੜੀ ਜਾਂ ਭਾਸ਼ਨ।

ਪਾਲ ਵੈਲਰੀ ਨੇ ਕਿਹਾ ਹੈ ਕਿ ਤੁਰਨਾ ਵਾਰਤਕ ਹੈ ਅਤੇ ਨੱਚਣਾ ਕਵਿਤਾ। ਕਵਿਤਾ ਤੁਕਾਂਤ ਵਾਲੀ ਵੀ ਹੋ ਸਕਦੀ ਹੈ, ਲੈਅ-ਬੱਧ ਵੀ। ਖੁੱਲ੍ਹੀ ਕਵਿਤਾ ਵੀ ਲੈਅ-ਬੱਧ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ। ਤੁਕਾਂਤ ਦੀ ਬੰਦਿਸ਼ ਕਈ ਵਾਰੀ ਯੰਤਰਕ ਹੋ ਨਿਬੜਦੀ ਹੈ ਅਤੇ ਇਸੇ ਤਰ੍ਹਾਂ ਖੁੱਲ੍ਹੀ ਕਵਿਤਾ ਕਈ ਵਾਰ ਨਿਰੀ ਵਾਰਤਕ ਹੋ ਜਾਂਦੀ ਹੈ। ਸੋ, ਕਵਿਤਾ ਨੂੰ ਇਕ ਪਾਸੇ ਨਿਰੀ ਤੁਕਬੰਦੀ ਬਣਨ ਤੋਂ ਅਤੇ ਦੂਜੇ ਬੰਨੇ ਨਿਰੀ ਵਾਰਤਕ ਬਣਨ ਤੋਂ ਬਚਾਉਣਾ ਹੋਵੇਗਾ। ਉਂਜ ਤਾਂ ਇਹ ਜ਼ਰੂਰੀ ਨਹੀਂ, ਕਿਉਂਕਿ ਸਾਹਿਤ ਰੂਪ (ਯਾਨਰ) ਆਖਰ ਬੰਦੇ ਦੇ ਹੀ ਬਣਾਏ ਹੋਏ ਹਨ। ਸੋ, ਇਹ ਬਦਲੇ ਵੀ ਜਾ ਸਕਦੇ ਹਨ ਅਤੇ ਇਕ ਦੂਜੇ ਵਿਚ ਸਮਿਲਤ ਹੋ ਕੇ ਨਵਾਂ ਤੇ ਵੱਖਰਾ ਰੂਪ ਵੀ ਧਾਰਨ ਕਰ ਸਕਦੇ ਹਨ।



*ਹਰਿੰਦਰ ਸਿੰਘ ਮਹਿਬੂਬ*

ਮਨੋਵੇਗ ਜਾਂ ਆਵੇਗ ਦਾ ਨਿਸ਼ੇਤਨ ਜ਼ਰੂਰੀ ਹੈ ਨਹੀਂ ਤਾਂ ਕਵਿਤਾ ਆਪਹੁਦਰੀ ਹੋ ਜਾਵੇਗੀ। ਕਵਿਤਾ ਨੂੰ ਝੂਠੀ ਆਜ਼ਾਦੀ ਤੋਂ ਵੀ ਬਚਾਉਣਾ ਹੋਵੇਗਾ। ਕਵਿਤਾ ਸ਼ਾਹਰਾਹ 'ਤੇ ਨਹੀਂ ਤੁਰਦੀ। ਇਹ ਪਗਡੰਡੀ ਦੀ ਯਾਤਰਾ ਹੈ। ਇੰਜ ਅਰਥ ਦੀ ਅਧਿਕ ਖੁੱਲ੍ਹ ਲਈ ਨਵੇਂ ਦੁਆਰ ਖੁੱਲ੍ਹ ਜਾਣੇ ਸੰਭਵ ਹੋ ਜਾਂਦੇ ਹਨ। ਸਿਰਜਣਾ ਉਸ ਸਮੇਂ ਸੰਭਵ ਹੁੰਦੀ ਹੈ ਜਦ ਜੋ ਪਹਿਲਾਂ ਸਫਰ ਕੀਤਾ ਗਿਆ ਹੈ, ਉਸ ਵਿਚੋਂ ਕੁਝ ਨਵਾਂ ਉਪਜੇ। ਜਿੰਨੀ ਕਲਪਨਾ ਦੀ ਵਡੇਰੀ ਉਡਾਰੀ, ਜਿੰਨਾ ਧੁੰਦੂਕਾਰਾ, ਜਿੰਨੀ ਉਥਲ-ਪੁਥਲ ਜਾਂ ਅਫਰਾ-ਤਫਰੀ ਕਵੀ ਮਹਿਸੂਸ ਕਰਦਾ ਹੈ, ਉਨੀ ਹੀ ਜਾਨਦਾਰ ਕਵਿਤਾ ਉਸ ਵਿਚੋਂ ਪੈਦਾ ਹੁੰਦੀ ਹੈ। ਜ਼ਰੂਰੀ ਨਹੀਂ ਕਿ ਕਵਿਤਾ ਰਾਜਨੀਤਕ ਹੋਵੇ, ਪਰ ਇਸ ਵਿਚ ਕਿਸੇ ਵੀ ਮਨੁੱਖੀ ਸਥਿਤੀ ਦੀ ਗਤੀਸ਼ੀਲਤਾ ਦੀ ਸਮਝ ਹੋਣੀ ਚਾਹੀਦੀ ਹੈ, ਤਾਂ ਕਿ ਇਸ ਵਿਚ ਤਬਦੀਲੀ ਲਿਆਂਦੀ ਜਾ ਸਕੇ।

ਜਿਵੇਂ ਅਵਤਾਰ ਸਿੰਘ ਨੇ ਆਪਣੇ ਲੇਖ ਵਿਚ ਕਿਹਾ ਹੈ, ਮਹਿਬੂਬ ਦੀ ਪਹਿਲੀ ਕਵਿਤਾ ਜਿਸ ਨੂੰ ਉਹ ਵੱਡੀ ਕਵਿਤਾ ਦਾ ਅੰਸ਼ ਆਖਦਾ ਹੈ, ਕਵਿਤਾ ਦੀ ਮੁੱਢਲੀ ਸ਼ਰਤ, ਅਰਥ ਦੀ ਤਹਿਦਾਰ ਪੇਸ਼ਕਾਰੀ, ਦੀ ਰੀਲ ਤਾਂ ਵੱਖਰੀ ਰਹੀ, ਇਹ ਤਾਂ ਸਥਿਤੀ ਦੇ ਸਤਹੀ ਵਰਣਨ ਤੋਂ ਵੀ ਵਾਂਝੀ ਹੈ। ਉਸ ਦਾ ਇਹ ਕਹਿਣਾ ਵੀ ਠੀਕ ਹੈ ਕਿ ਇਸ ਦੀ ਲਿਖਣ ਸ਼ੈਲੀ ਵੇਲਾ ਵਿਹਾ ਚੁੱਕੀ ਹੈ। ਇਥੋਂ ਤੀਕ ਕਿ ਇਹ 1947 ਦੀਆਂ ਘਟਨਾਵਾਂ ਦਾ ਸਾਧਾਰਨ ਬਿਆਨ ਵੀ ਨਹੀਂ ਹੈ। ਇਥੇ ਮੈਂ ਮਹਿਬੂਬ ਦੀਆਂ ਸਿਰਫ ਚਾਰ ਮੁਢਲੀਆਂ ਸਤਰਾਂ ਲੈ ਰਿਹਾ ਹਾਂ:

ਉਜੜੇ ਪਿੰਡ ਦੇ ਬੋਹੜ ਦੀ ਟੀਸੀ
ਰਲ ਕੂੰਜਾਂ ਫਿਰ ਰੋਈਆਂ।
ਜੁੱਗਾਂ ਦੇ ਨ੍ਹੇਰ 'ਚੋਂ ਨਿਕਲ ਉਜਾੜਾਂ
ਸਾਹਾਂ ਕੋਲ ਖਲੋਈਆਂ।

ਪਹਿਲੀ ਗੱਲ ਤਾਂ ਇਹ ਹੀ ਹੈ ਕਿ ਪਤਾ ਨਹੀਂ ਕਿਤਨੀ ਮਿਹਨਤ ਨਾਲ ਪ੍ਰਭਸ਼ਰਨਬੀਰ ਸਿੰਘ ਨੇ ਕਾਫੀ ਲੰਮੀ ਕਵਿਤਾ ਤੋਂ ਇਹ ਪੈਰਾ ਚੁਣਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬਾਕੀ ਕਵਿਤਾ ਵਿਚ ਇਸ ਪੈਰੇ ਜਿਤਨਾ ਦਮ ਵੀ ਸ਼ਾਇਦ ਨਾ ਹੋਵੇ।

ਮਹਿਬੂਬ ਇਥੇ 1947 ਦੇ ਰੌਲਿਆਂ ਵਾਲੇ ਪਿੰਡ ਦੀ ਗੱਲ ਕਰ ਰਿਹਾ ਹੈ। ਪਿੰਡ ਉਜੜ ਗਿਆ, ਲੋਕ ਚਲੇ ਗਏ, ਜਾਂ ਮਾਰੇ ਗਏ। ਉਨ੍ਹਾਂ ਲੋਕਾਂ ਦੇ ਉਜੜੇ ਦੀ ਔਖੀ ਸਾਹਵੇਂ ਖੁਲ੍ਹਣ ਵਾਲੀ ਤਸਵੀਰ ਪੇਸ਼ ਕਰਨ ਦੀ ਥਾਂ ਕਵੀ ਉਸ ਪਿੰਡ ਨੂੰ ਉਜਾੜੇ ਤੋਂ ਬਾਅਦ ਪੇਸ਼ ਕਰ ਰਿਹਾ ਹੈ ਜੋ ਦਰਦਨਾਕ ਹਾਦਸੇ ਦੀ ਭਰਵੀਂ ਗਵਾਹੀ ਪੇਸ਼ ਕਰਨ ਦੇ ਅਸਮਰਥ ਹੈ। ਸੋ, ਕਵੀ ਦੀ ਘਟਨਾ ਸਮੇਂ ਦੀ ਚੋਣ ਅਤੇ ਦ੍ਰਿਸ਼ ਚੋਣ ਹੀ ਗਲਤ ਅਤੇ ਕਮਜ਼ੋਰ ਹੈ। ਦੂਜਾ, ਉਜੜੇ ਘਰ ਦਿਖਾਉਣ ਦੀ ਥਾਂ ਉਹ ਬੋਹੜ ਨੂੰ ਚੁਣਦਾ ਹੈ। ਹੁਣ ਬੋਹੜ ਤਾਂ ਉਜੜਿਆ ਵੀ ਹੋਵੇ, ਬੋਹੜ ਹੀ ਹੈ। ਉਸ ਰਾਹੀਂ ਤਬਾਹੀ ਨੂੰ ਸਾਕਾਰ ਨਹੀਂ ਕੀਤਾ ਜਾ ਸਕਦਾ। ਫਿਰ ਕੂੰਜਾਂ ਨੂੰ ਤਾਂ ਉਡ ਜਾਣਾ ਚਾਹੀਦਾ ਸੀ, ਪਰ ਹੈਰਾਨੀ ਦੀ ਗੱਲ ਹੈ ਕਿ ਉਹ ਬੋਹੜ ਦੇ ਸਿਖਰ 'ਤੇ ਬੈਠੀਆਂ ਹਨ, ਜਿਵੇਂ ਕੁਝ ਹੋਇਆ ਹੀ ਨਾ ਹੋਵੇ; ਵੈਸੇ ਤਾਂ ਕੂੰਜਾਂ ਘੱਟ ਹੀ ਬੋਹੜਾਂ 'ਤੇ ਬੈਠਦੀਆਂ ਹਨ, ਹੋਰ ਪੰਛੀ ਤਾਂ ਬੈਠੇ ਆਖੇ ਜਾ ਸਕਦੇ ਸਨ। ਕੂੰਜਾਂ ਦਾ ਰੋਣਾ ਵੀ ਸਮਝ ਨਹੀਂ ਆਉਂਦਾ, ਕੋਈ ਹੋਰ ਸ਼ਬਦ ਉਨ੍ਹਾਂ ਦੇ ਵਿਰਲਾਪ ਲਈ ਵਰਤਣਾ ਚਾਹੀਦਾ ਸੀ, ਜਿਵੇਂ ਚੀਕਣਾ ਜਾਂ ਕੁਰਲਣਾ। ਰੋਂਦੇ ਤਾਂ ਸਿਰਫ ਬੰਦੇ ਹੀ ਹੁੰਦੇ ਹਨ, ਉਹ ਵੀ ਦਰਖਤ 'ਤੇ ਚੜ੍ਹ ਕੇ ਨਹੀਂ, ਸਗੋਂ ਧਰਤੀ 'ਤੇ ਨਿੰਵ ਕੇ, ਜਾਂ ਗੋਡਿਆਂ ਵਿਚ ਮੂੰਹ ਦੇ ਕੇ। ਕੀ ਕੂੰਜਾਂ ਪਹਿਲਾਂ ਵੀ ਰੋਈਆਂ ਸਨ; ਜੇ ਹਾਂ, ਤਾਂ ਫਿਰ ਤ੍ਰਾਸਦੀ ਦਾ ਸੱਜਰਾ ਦ੍ਰਿਸ਼ ਜਾਂ ਅਹਿਸਾਸ ਪੇਸ਼ ਕਰਨ ਦਾ ਮੌਕਾ ਕਵੀ ਹੋਰ ਵੀ ਹੱਥੋਂ ਗੁਆ ਲੈਂਦਾ ਹੈ। ਲਗਦਾ ਹੈ, ਜਿਵੇਂ ਕੂੰਜਾਂ ਦਾ ਕੰਮ ਹੀ ਰੋਣਾ ਹੈ। ਕਵੀ ਕੂੰਜਾਂ ਨੂੰ ਕੁੜੀਆਂ ਦੇ ਅਰਥ ਵਿਚ ਪੇਸ਼ ਕਰ ਸਕਦਾ ਸੀ, ਪਰ ਬੋਹੜ ਦੀ ਸਿਖਰ 'ਤੇ ਕੁੜੀਆਂ ਨੂੰ ਬਿਠਾਲਣਾ ਅਤਿ-ਅਸੰਭਵ ਸੀ, ਉਹ ਵੀ ਜਦ ਕਤਲੇਆਮ ਦੇ ਦਿਨ ਹੋਣ। ਕਵੀ ਨੇ ਪਤਾ ਨਹੀਂ ਇਹ ਅਸੰਭਵ ਥਾਂ ਕਿਉਂ ਚੁਣਿਆ। "ਜੁਗਾਂ ਦੇ ਨ੍ਹੇਰ 'ਚੋਂ ਨਿਕਲ ਉਜਾੜਾਂ" ਵਾਕਅੰਸ਼ ਵੀ ਪਾਠਕ ਨੂੰ ਹੋਰ ਹਨੇਰੀ ਗੁਫਾ ਵਿਚ ਲੈ ਜਾਂਦਾ ਹੈ। ਸਵਾਲ ਹੈ, ਕਿਹੜੇ ਜੁੱਗ ਅਤੇ ਗਿਣਤੀ ਵਿਚ ਕਿੰਨੇ? "ਉਜਾੜਾਂ ਦਾ ਸਾਹਾਂ ਕੋਲ ਖਲੋਣ" ਦਾ ਬਿੰਬ ਵੀ ਨਿਰਾ ਸ਼ਬਦ ਜਾਲ ਜਾਪਦਾ ਹੈ। ਇਸ ਵਿਚ ਕੁਝ ਵੀ ਰਚਨਾਤਮਕ ਨਹੀਂ ਆਖਿਆ ਜਾ ਸਕਦਾ। ਇਸ ਨੂੰ ਕਵਿਤਾ ਆਖਣਾ ਕਵਿਤਾ ਦੀ ਤੌਹੀਨ ਤੋਂ ਵੱਧ ਕੁਝ ਨਹੀਂ ਹੈ। ਕਵਿਤਾ ਦੀ ਨਿਰੀ ਬਰਬਰਤਾ ਹੈ।

ਮੈਂ ਇਹ ਸਾਰੀ ਕਵਿਤਾ ਨਹੀਂ ਪੜ੍ਹੀ। ਮੁਆਫ ਕਰਨਾ, ਹੋ ਸਕਦਾ ਹੈ, ਕਵੀ ਨੇ ਪਹਿਲੇ ਹਿੱਸੇ ਵਿਚ ਉਜੜੇ ਕਾਫਲੇ ਦੇ ਬਹੁਤ ਦਰਦਨਾਕ ਸੀਨ ਵੀ ਪੇਸ਼ ਕੀਤੇ ਹੋਣ, ਪਰ ਸਿਰਫ ਇਨ੍ਹਾਂ ਟੁਕੜੀਆਂ ਦੇ ਆਧਾਰ 'ਤੇ ਤਾਂ ਜੋ ਕਿਹਾ ਗਿਆ ਹੈ, ਉਹੀ ਕਿਹਾ ਜਾ ਸਕਦਾ ਸੀ।

ਹੁਣ ਅਸੀਂ ਪਾਤਰ ਦੀਆਂ ਉਨ੍ਹਾਂ ਕਵਿਤਾਵਾਂ ਵੱਲ ਝਾਤੀ ਮਾਰਾਂਗੇ ਜਿਨ੍ਹਾਂ ਦੇ ਆਧਾਰ 'ਤੇ ਪ੍ਰਭਸ਼ਰਨਬੀਰ ਸਿੰਘ ਪਾਤਰ ਦੀ ਸਾਰੀ ਕਵਿਤਾ ਨੂੰ ਵਿਚਾਰਧਾਰਾ ਦੀ ਵਲਗਣ ਵਿਚ ਕੈਦ ਹੋਈ ਸਮਝ ਕੇ ਨਿੰਦਦਾ ਹੈ।

ਮਾਤਮ, ਹਿੰਸਾ, ਖੌਫ਼, ਬੇਬਸੀ ਤੇ ਅਨਿਆਂ
ਇਹ ਨੇ ਅੱਜ ਕੱਲ੍ਹ ਮੇਰੇ ਦਰਿਆਵਾਂ ਦੇ ਨਾਂ।

ਪ੍ਰਭਸ਼ਰਨਬੀਰ ਸਿੰਘ ਦਾ ਖਿਆਲ ਹੈ ਕਿ ਸੁਰਜੀਤ ਪਾਤਰ ਨੂੰ ਪੰਜਾਬ ਦੇ ਦਰਿਆਵਾਂ ਨੂੰ ਨਿਰਾਸ਼ਾ ਦੇ ਰੂਪ ਵਿਚ ਨਹੀਂ ਸੀ ਬਿਆਨ ਕਰਨਾ ਚਾਹੀਦਾ, ਕਿਉਂਕਿ ਇਹ ਦਰਿਆ ਤਾਂ ਜ਼ਿੰਦਗੀ ਦੀ ਰਵਾਨੀ, ਪੀਰਾਂ ਫਕੀਰਾਂ ਦੇ ਵਰੋਸਾਏ ਹੋਏ ਹਨ; ਪਰ ਇਹ ਹੀ ਤਾਂ ਇਸ ਕਵਿਤਾ ਦਾ ਸੁਨੇਹਾ ਹੈ ਕਿ ਇਨ੍ਹਾਂ ਦਰਿਆਵਾਂ ਵਿਚ ਜਿਥੇ ਕਦੇ ਜਵਾਨੀ ਅਤੇ ਪਿਆਰ ਧੜਕਦਾ ਸੀ, ਉਹ ਹੁਣ ਨਿਰਾ ਖੌਫ, ਅਨਿਆਂ, ਮਾਤਮ ਅਤੇ ਹਿੰਸਾ ਦਾ ਰੂਪ ਬਣ ਗਏ ਹਨ। ਹੁਣ ਇਨ੍ਹਾਂ ਵਿਚ ਨਿਰਦੋਸ਼ਾਂ ਦੀਆਂ ਲਾਸ਼ਾਂ ਤਰਦੀਆਂ ਹਨ। ਦਰਿਆਵਾਂ ਦਾ ਇਹ ਅਮੂਰਤੀਕਰਨ, ਉਨ੍ਹਾਂ ਨੂੰ ਇਸ ਰੂਪ ਵਿਚ ਵੇਖਣਾ ਜਾਂ ਕਲਪਣਾ ਰਚਨਾਤਮਕ ਹੈ, ਕਾਵਿਕ ਹੈ। ਚੀਜ਼ਾਂ ਨੂੰ ਕੈਮਰੇ ਵਾਂਗ ਵੇਖਣਾ ਅਤੇ ਬਿਆਨਣਾ ਨਿਰਾ ਵਾਰਤਕ ਹੈ। ਇਸ ਸਬੰਧ ਵਿਚ ਇਹ ਕਹਿਣਾ ਵੀ ਬਣਦਾ ਹੈ ਕਿ ਜਿਤਨੀਆਂ ਤੈਹਾਂ ਵਾਲੇ ਅਰਥ ਹੋਣਗੇ, ਉਤਨੀ ਹੀ ਕਵਿਤਾ ਪ੍ਰਭਾਵੀ ਬਣ ਸਕੇਗੀ। ਅਸਲ ਕਵਿਤਾ ਉਹ ਹੈ ਜਿਹੜੀ ਇਕ ਪੜ੍ਹਤ ਵਿਚ ਹੀ ਖਤਮ ਨਾ ਹੋ ਜਾਵੇ। ਜਿਸ ਦੇ ਹਰ ਪਾਠ ਬਾਅਦ ਵੀ ਕੁਝ ਬਚ ਜਾਵੇ ਅਤੇ ਜਿਸ ਦੇ ਹਰ ਪਾਠ ਵਿਚ ਪਾਠਕ ਨੂੰ ਕੁਝ ਨਵਾਂ ਮਿਲ ਸਕੇ। ਦਿਸਦੀ ਤ੍ਰਾਸਦੀ ਨੂੰ ਸੱਚਾਈ ਵਿਚ, ਨਾ ਕਿ ਆਦਰਸ਼ਕ ਰੂਪ ਵਿਚ ਬੰਨ੍ਹਣਾ ਹੀ ਕਵਿਤਾ ਕਹਾਉਂਦਾ ਹੈ। ਯਾਦ ਰਹੇ, ਹੋਲੋਕਾਸਟ ਦੇ ਸ਼ਿਕਾਰ ਹੋਏ ਪਾਲ ਸੇਲਾਂ ਨੇ ਕਵਿਤਾ ਲਿਖਣੀ ਬੰਦ ਨਹੀਂ ਸੀ ਕੀਤੀ, ਪਰ ਉਸ ਦੀ ਕਵਿਤਾ ਨੇ ਇਸ ਤ੍ਰਾਸਦੀ ਨੂੰ ਆਪਣੀ ਜਗਤ ਪ੍ਰਸਿੱਧ ਕਵਿਤਾ ਵਿਚ ਯਹੂਦੀਆਂ ਨੂੰ ਆਪਣੀਆਂ ਹੀ ਕਬਰਾਂ ਖੋਦਦੇ ਬਿਆਨ ਕੀਤਾ ਸੀ:

ਉਹ ਇਕ, ਉਹ ਕੋਈ ਨਹੀਂ,
ਉਹ ਇਕ ਉਹ ਤੁਸੀਂ
ਰਸਤਾ ਕਿਥੇ ਲਿਜਾਂਦਾ ਹੈ
ਜਦ ਕੋਈ ਜਾਣ ਵਾਲਾ ਹੀ ਨਹੀਂ ਹੁੰਦਾ।
ਉਹ ਤੁਸੀਂ ਕਬਰ ਖੋਦੋ
ਮੈਂ ਕਬਰ ਖੋਦਦਾ ਹਾਂ
ਤੁਸੀਂ ਖੋਦੋ, ਮੈਂ ਖੋਦਦਾ ਹਾਂ,
ਤੁਸੀਂ ਮੇਰੀ ਵੱਲ ਖੋਦਦੇ ਆਓ
ਮੈਂ ਤੁਹਾਡੇ ਵਲ ਖੋਦਦਾ ਆਉਂਦਾ ਹਾਂ
ਅਤੇ ਸਾਡੀ ਉਂਗਲ 'ਤੇ ਮੁੰਦਰੀ
ਅਜੇ ਵੀ ਚਮਕਦੀ ਹੈ।

ਅਸਲ ਵਿਚ ਕਵਿਤਾ ਦਾ ਕੰਮ ਉਹ ਦਿਖਾਉਣਾ ਹੈ ਜੋ ਅਸੀਂ ਅਕਸਰ ਨਹੀਂ ਦੇਖਦੇ, ਜਾਂ ਉਸ ਤਰ੍ਹਾਂ ਨਹੀਂ ਦੇਖਦੇ ਜਿਸ ਤਰ੍ਹਾਂ ਕਵੀ ਸਾਨੂੰ ਦਿਖਾਲਦਾ ਹੈ। ਅਦ੍ਰਿਸ਼ ਨੂੰ ਦ੍ਰਿਸ਼ਟਤ ਕਰਨਾ, ਅਣ-ਪਛਾਣੇ ਨੂੰ ਪਛਾਣ ਦੇਣੀ ਹੀ ਕਵਿਤਾ ਦਾ ਮੁੱਖ ਗੁਣ ਹੈ। ਸੋ, ਹੇਠਲੀਆਂ ਸਤਰਾਂ ਨੂੰ ਨਾਂਹ-ਵਾਚੀ, ਜਾਂ ਢਾਹੂ ਆਖਣਾ ਠੀਕ ਨਹੀਂ ਹੋਵੇਗਾ। ਕਵਿਤਾ ਤਬਦੀਲੀ ਲਈ ਤਲਬ ਜਗਾਉਂਦੀ ਹੈ। ਤ੍ਰਾਸਦੀ ਦੇ ਛਿਣਾਂ ਦੇ ਸ਼ਿੱਦਤੀ ਅਹਿਸਾਸ ਤੋਂ ਹੀ ਕਈ ਵਾਰ ਇਹ ਤਲਬ ਸੰਭਵ ਹੋ ਸਕੀ ਹੁੰਦੀ ਹੈ। ਕਵੀ ਇਥੇ ਕਹਿੰਦਾ ਹੈ "ਜੇ ਹਵਾ ਇਹ ਰਹੀ" ਜਿਸ ਵੱਲ ਸ਼ਾਇਦ ਪ੍ਰਭਸ਼ਰਨਬੀਰ ਸਿੰਘ ਦਾ ਧਿਆਨ ਨਹੀਂ ਗਿਆ:



*ਸੁਰਜੀਤ ਪਾਤਰ*

ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ
ਜੇ ਹਵਾ ਇਹ ਰਹੀ ਕਬਰਾਂ ਉਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।
---
ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ...
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਇਸ ਕਾਵਿ-ਟੁਕੜੀ ਵਿਚੋਂ "ਅਦਾਲਤ 'ਚ" ਨੂੰ ਅੱਖੋਂ ਉਹਲੇ ਕਰ ਕੇ ਮਹਿਜ਼ ਬੰਦੇ ਨੂੰ ਬਿਰਖ ਦੇ ਰੂਪ ਵਿਚ ਹੀ ਦੇਖਣਾ ਅਤੇ ਕਹਿਣਾ ਕਿ ਬਿਰਖ ਤਾਂ ਧਰਤ-ਖਿੱਚ ਦੇ ਵਿਰੁਧ ਸੰਘਰਸ਼ ਕਰ ਕੇ ਧਰਤੀ ਤੋਂ ਉਪਰ ਉਠਦੇ ਹਨ, ਇਸ ਲਈ ਪਾਤਰ ਬਿਰਖ ਦਾ ਨਿਰਾਦਰ ਕਰ ਰਿਹਾ ਹੈ ਜੋ ਗੁਰਬਾਣੀ ਵਿਚ ਵਰੋਸਾਇਆ ਗਿਆ ਹੈ। ਹਰ ਕਾਵਿ-ਟੁਕੜੀ ਨੂੰ ਉਸ ਦੇ ਪ੍ਰਸੰਗ ਨਾਲੋਂ ਕੱਟ ਕੇ ਦੇਖਣਾ, ਪਰਖਣਾ ਅਤੇ ਫਤਵਾ ਦੇਣਾ ਸੋਭਦਾ ਨਹੀਂ।

ਬਲਦਾ ਬਿਰਖ ਹਾਂ, ਖਤਮ ਹਾਂ,
ਬਸ ਸ਼ਾਮ ਤੀਕ ਹਾਂ।

ਉਪਰਲੀ ਕਾਵਿ-ਟੁਕੜੀ ਵੀ ਇਸੇ ਤਰ੍ਹਾਂ ਦੇ ਯਤਨ ਦੀ ਮੰਗ ਕਰਦੀ ਹੈ।

---
ਝੀਲ ਵਿਚ ਸੁੱਟੀ ਤਾਂ ਪਲ ਵਿਚ
ਡੁੱਬ ਗਈ ਭਾਰੀ ਕਿਤਾਬ।
ਓਸ ਵਿਚ ਸਨ ਦਰਜ
ਭਵਜਲ ਤਰਨ ਦੇ ਸਾਰੇ ਹਿਸਾਬ।

ਜਾਪਦਾ ਹੈ, ਤੇ ਅਕਸਰ ਇਹ ਹੁੰਦਾ ਹੈ ਕਿ ਅਸੀਂ ਉਹੀ ਸੁਣਦੇ ਹਾਂ ਜੋ ਸੁਣਨਾ ਚਾਹੁੰਦੇ ਹਾਂ ਅਤੇ ਉਹ ਨਹੀਂ ਸੁਣਦੇ ਜੋ ਨਹੀਂ ਸੁਣਨਾ ਚਾਹੁੰਦੇ। ਇਹੀ ਗੱਲ ਪੜ੍ਹਨ ਬਾਰੇ ਵੀ ਕਹੀ ਜਾ ਸਕਦੀ ਹੈ। ਵਿਚਾਰਾ ਸੁਰਜੀਤ ਪਾਤਰ ਇਸ ਆਮ ਪਾਈ ਜਾਂਦੀ ਪ੍ਰਵਿਰਤੀ ਦਾ ਸ਼ਿਕਾਰ ਹੋ ਗਿਆ ਨਜ਼ਰ ਆਉਂਦਾ ਹੈ। ਜਦ ਭਾਰੀ ਕਿਤਾਬ ਨੂੰ ਲੇਖਕ ਆਪਣੀ ਵਿਰਾਸਤ ਨਾਲ ਹੀ ਅਤੇ ਆਪਣੀ ਵਿਰਾਸਤ ਦੀ ਬੇਅਦਬੀ ਨਾਲ ਹੀ ਜੋੜ ਕੇ ਦੇਖਦਾ ਹੈ, ਅਨੇਕਾਂ ਹੋਰ ਪੁਸਤਕਾਂ ਨਾਲ ਨਹੀਂ ਜਿਨ੍ਹਾਂ ਵਿਚ ਅਜਿਹੀਆਂ ਵਿਧੀਆਂ ਅਤੇ ਹਿਸਾਬ-ਕਿਤਾਬ ਦਰਜ ਹੁੰਦੇ ਹਨ। ਸ਼ਬਦ "ਸਾਰੇ ਹਿਸਾਬ" ਤੋਂ ਹੀ ਸਮਝ ਪੈ ਜਾਣੀ ਚਾਹੀਦੀ ਹੈ ਕਿ ਕਵੀ ਕਿਸ ਤਰ੍ਹਾਂ ਦੀਆਂ ਕਿਤਾਬਾਂ ਦੀ ਗੱਲ ਕਰ ਰਿਹਾ ਹੈ।

-0-

# ਅਰਥਾਂ ਦੇ ਕਤਲ ਤੋਂ ਜ਼ਮੀਰ ਦੀ ਮੌਤ ਤੱਕ

*(ਪਿਛਲੇ ਸਫੇ ਦੀ ਬਾਕੀ)*

ਕਿਸੇ ਲਿਖਤ ਦੇ ਅੰਤ ਉਤੇ ਲੇਖਕ ਦੀ ਸੰਖੇਪ ਜਾਣ-ਪਛਾਣ ਦੇਣੀ ਸਥਾਪਤ ਰਵਾਇਤ ਹੈ, ਪਰ ਉਸ ਨੂੰ ਇਸ ਵਿਚੋਂ ਵੀ ਕਿਸੇ ਸਾਜ਼ਿਸ਼ ਦੀ ਬੂ ਆਉਂਦੀ ਹੈ। ਮੇਰੇ ਕਿਸੇ ਬਾਹਰਲੀ ਯੂਨੀਵਰਸਿਟੀ ਵਿਚ ਅਧਿਆਪਕ ਹੋਣ ਨੂੰ ਅਸਿੱਧੀ ਚੁਣੌਤੀ ਦਿੰਦਿਆਂ ਉਹ ਮੰਗ ਕਰਦਾ ਹੈ ਕਿ ਮੈਂ ਉਸ ਨੂੰ ਦੱਸਾਂ ਮੈਂ 'ਕਿੱਥੇ, ਕਾਹਦਾ ਅਤੇ ਕਦੋਂ ਦਾ ਅਧਿਆਪਕ' ਹਾਂ। ਉਸ ਨੂੰ ਮੇਰੇ ਵੱਲੋਂ ਸਥਾਪਤ ਰਵਾਇਤ ਦਾ ਅਨੁਸਰਨ ਕੀਤੇ ਜਾਣ ਵਿਚੋਂ 'ਜਾਤੀ, ਜ਼ਾਤੀ ਅਤੇ ਜਮਾਤੀ ਕੀਨੇ, ਸਾੜੇ ਅਤੇ ਨਫਰਤ ਦੀਆਂ ਪੰਡਾਂ' ਨਜ਼ਰ ਆਉਂਦੀਆਂ ਹਨ। ਇੰਜ ਕਰਦਿਆਂ ਉਹ ਭੁੱਲ ਜਾਂਦਾ ਹੈ ਕਿ ਉਹ ਖੁਦ ਵੀ ਆਪਣੇ ਨਾਂ ਨਾਲ ਪ੍ਰੋ. ਦਾ ਲਕਬ ਲਗਾਉਂਦਾ ਹੈ। ਪਾਠਕ ਖੁਦ ਫੈਸਲਾ ਕਰਨ ਕਿ ਜੇ ਮੇਰੇ ਲਈ ਆਪਣੇ ਅਧਿਆਪਕ ਹੋਣ ਦਾ ਜ਼ਿਕਰ ਕਰਨਾ ਪਾਪ ਹੈ ਤਾਂ ਅਵਤਾਰ ਲਈ ਇਹ ਪੁੰਨ ਕਿਵੇਂ ਹੋ ਗਿਆ?

ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਆਦਰਸ਼ ਨਾ ਮਹਿਬੂਬ ਹੈ ਤੇ ਨਾ ਹੀ ਪਾਤਰ। ਮੇਰੇ ਲਈ ਆਦਰਸ਼ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਸਮੇਤ ਮਹਿਬੂਬ, ਕਿਸੇ ਵੀ ਕਵੀ ਦੀ ਕਵਿਤਾ ਬਾਰੇ ਜੇ ਮੇਰੀ ਸਮਝ ਆਲੋਚਨਾਤਮਕ ਹੋਵੇਗੀ ਤਾਂ ਮੈਂ ਉਸ ਬਾਰੇ ਲਿਖਣ ਤੋਂ ਝਿਜਕਾਂਗਾ ਨਹੀਂ। ਮਹਿਬੂਬ ਦੀ ਹਰ ਗੱਲ ਨਾਲ ਮੇਰੀ ਸਹਿਮਤੀ ਨਹੀਂ, ਇਸ ਲਈ ਮੈਂ ਉਸ ਦੀ ਲਿਖੀ ਹੋਈ ਹਰ ਗੱਲ ਲਈ ਜਵਾਬਦੇਹ ਨਹੀਂ ਹਾਂ, ਪਰ ਪਾਤਰ ਨੂੰ ਆਪਣਾ ਮੁਰਸ਼ਦ ਮੰਨ ਬੈਠੇ ਅਵਤਾਰ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਦੀ ਹਾਲਤ ਕਿਤੇ 'ਪਾਤਰ-ਪਾਤਰ ਕਰਦੀ ਨੀ ਮੈਂ ਆਪੇ ਪਾਤਰ ਹੋਈ' ਵਾਲੀ ਨਾ ਹੋ ਜਾਵੇ।

---

**ਲੇਖਕ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਜਨਵਰੀ 2015 ਤੋਂ ਸਮਾਜ ਵਿਗਿਆਨ ਦਾ ਅਧਿਆਪਕ ਹੈ।*

# ਪੱਕਾ ਰੰਗ ਨਾ ਦੇਈਂ ਵੇ ਰੱਬਾ

*ਅਮਰੀਕਾ ਵਿਚ ਗੁਲਾਮ ਬਣਾ ਕੇ ਲਿਆਂਦੇ ਅਫਰੀਕੀ ਲੋਕਾਂ ਨੇ ਸਦੀਆਂ ਤੱਕ ਬੜੀ ਭੈੜੀ ਜ਼ਿੰਦਗੀ ਗੁਜ਼ਾਰੀ ਹੈ। ਉਨ੍ਹਾਂ ਨੂੰ ਭੇਡਾਂ-ਬੱਕਰੀਆਂ ਤੇ ਮੱਝਾਂ-ਗਾਈਆਂ ਵਾਂਗ ਖਰੀਦਿਆ-ਵੇਚਿਆ ਜਾਂਦਾ। ਉਨ੍ਹਾਂ ਨੂੰ ਕੋਈ ਵੀ ਹੱਕ ਹਾਸਲ ਨਹੀਂ ਸੀ। ਗੋਰੇ ਮਾਲਕ ਕਿਸੇ ਵੀ ਕਾਲੀ ਔਰਤ ਨਾਲ ਜੋ ਮਰਜੀ ਕਰਦੇ ਰਹਿੰਦੇ ਪਰ ਜੇ ਕਦੀ ਕੋਈ ਕਾਲਾ ਮਾੜੀ ਜਿਹੀ ਅਜਿਹੀ ਹਰਕਤ ਕਰ ਬੈਠਦਾ ਤਾਂ ਉਸ ਨੂੰ ਦਰਖਤ 'ਤੇ ਬੰਨ ਕੇ ਥੱਲੇ ਅੱਗ ਬਾਲ ਕੇ ਸਾੜ ਦੇਣ ਤੱਕ ਦੀ ਸਜ਼ਾ ਦਿੱਤੀ ਜਾਂਦੀ। ਅਮਰੀਕਾ ਵਿਚ ਗੁਲਾਮੀ ਦੀ ਪ੍ਰਥਾ ਉਦੋਂ ਸ਼ੁਰੂ ਹੋਈ ਜਦੋਂ ਪਹਿਲੇ ਅਫਰੀਕਨ ਗੁਲਾਮ ਵਰਜੀਨੀਆ ਸਟੇਟ ਦੇ ਜੇਮਜ਼ ਟਾਊਨ ਇਲਾਕੇ ਵਿਚ 1619 ਵਿਚ ਲਿਆਂਦੇ ਗਏ। ਗੁਲਾਮੀ ਵਿਰੁਧ ਕਈ ਵਾਰ ਵਿਦਰੋਹ ਹੋਇਆ ਪਰ ਗੱਲ ਸਿਰੇ ਨਾ ਲੱਗੀ। 1863 ਵਿਚ ਅਮਰੀਕੀ ਖਾਨਾਜੰਗੀ ਦੌਰਾਨ ਰਾਸ਼ਟਰਪਤੀ ਅਬਰਾਹਮ ਲਿੰਕਨ ਨੇ ਗੁਲਾਮੀ ਨੂੰ ਖਤਮ ਕਰਨ ਦਾ ਐਲਾਨ ਕੀਤਾ ਪਰ ਫਿਰ ਵੀ 1865 ਵਿਚ ਤੇਰਵੀਂ ਸੰਵਿਧਾਨਕ ਸੋਧ ਕੀਤੇ ਜਾਣ ਤੱਕ ਗੁਲਾਮੀ ਦੀ ਪਿਰਤ ਕਿਸੇ ਨਾ ਕਿਸੇ ਰੂਪ ਵਿਚ ਚਲਦੀ ਰਹੀ। ਹੁਣ ਦੇ ਸਮੇਂ ਸੰਵਿਧਾਨਕ ਸੋਧਾਂ ਉਪਰੰਤ ਕਿਸੇ ਵੀ ਤਰ੍ਹਾਂ ਦੇ ਰੰਗ ਭੇਦ ਦੀ ਪੂਰੀ ਮਨਾਹੀ ਹੈ। ਦੋ ਕਿਸ਼ਤਾਂ ਵਿਚ ਛਾਪੇ ਜਾ ਰਹੇ ਇਸ ਲੰਮੇ ਲੇਖ ਵਿਚ ਜੈਕਬ ਗਰੀਨ ਦਾ ਆਤਮ ਬਿਆਨ ਹੈ ਜਿਸ ਨੇ ਗੁਲਾਮੀ ਦੀ ਲਾਹਨਤ ਹੰਢਾਈ। ਇਸ ਲੇਖ ਦੀ ਦੂਜੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਉਧਰ ਜਦੋਂ ਮੈਂ ਘਰ ਪਹੁੰਚਿਆ ਤਾਂ ਘੋੜਿਆਂ ਦੇ ਅਸਤਬਲ ਵਿਚ ਬਹੁਤ ਗੜਬੜ ਹੋ ਚੁੱਕੀ ਸੀ। ਮੈਂ ਆਪਣਾ ਘੋੜਾ ਅੰਦਰ ਲਿਜਾਣ ਤੋਂ ਪਹਿਲਾਂ ਤਸੱਲੀ ਕਰ ਲੈਣੀ ਚਾਹੁੰਦਾ ਸਾਂ ਕਿ ਸਭ ਠੀਕ ਠਾਕ ਤਾਂ ਹੈ! ਰਾਤ ਨੂੰ ਦੇਖਣ ਲਈ ਮੈਨੂੰ ਮਾਚਿਸ ਦੀ ਲੋੜ ਸੀ। ਘੋੜੇ 'ਤੋਂ ਮਲਕੜੇ ਜਿਹੇ ਕਾਠੀ ਤੇ ਤੰਗ ਅਜੇ ਲਾਹੇ ਹੀ ਸਨ ਕਿ ਘੋੜਾ ਝਾੜੀਆਂ ਵਲ ਬਾਹਰ ਭੱਜ ਗਿਆ। ਮੈਂ ਉਸ ਨੂੰ ਕਾਬੂ ਕਰਨ ਲਈ ਸਵੇਰ ਵੇਲੇ ਦਾ ਘੁਸਮੁਸਾ ਹੋਣ ਤਕ ਉਸ ਪਿੱਛੇ ਭੱਜਿਆ ਫਿਰਦਾ ਰਿਹਾ ਪਰ ਘੋੜਾ ਮੇਰੇ ਹੱਥ ਨਾ ਆਇਆ।

ਹੁਣ ਮੇਰੀ ਹਾਲਤ ਦਾ ਅੰਦਾਜ਼ਾ ਮੇਰੇ ਦੱਸੇ ਬਗੈਰ ਹੀ ਲਾ ਲਓ! ਜਦੋਂ ਪਿਛਲੀ ਸ਼ਾਮ ਮਾਲਕ ਨੇ ਇਸ ਘੋੜੇ ਨੂੰ ਬਾਕੀ ਘੋੜਿਆਂ ਨਾਲ ਬੱਝਾ ਹੋਇਆ ਅਸਤਬਲ ਵਿਚ ਦੇਖਿਆ ਸੀ ਤਾਂ ਉਥੇ ਸਭ ਠੀਕ ਠਾਕ ਹੀ ਤਾਂ ਸੀ। ਹੁਣ ਉਹ ਆਪਣੇ ਘੋੜੇ ਨੂੰ ਝਾੜੀਆਂ ਵਿਚ ਭੱਜਿਆ ਫਿਰਦਾ ਦੇਖ ਕੇ ਤੇ ਉਹਦੇ ਪੌੜਾਂ ਦੇ ਨਿਸ਼ਾਨ ਦੂਰ ਤਕ ਆਉਂਦੇ ਜਾਂਦੇ ਦੇਖ ਕੇ ਇਹੋ ਸੋਚੇਗਾ ਕਿ ਘੋੜੇ



**ਗੁਰਚਰਨ ਸਿੰਘ ਜੈਤੋ**
**ਫੋਨ: 331-321-1759**

ਨੂੰ ਜ਼ਰੂਰ ਕੋਈ ਬਾਹਰ ਲੈ ਕੇ ਗਿਆ ਸੀ ਤਾਂ ਉਸ ਵੇਲੇ ਆਪਣੀ ਪਿੱਠ 'ਤੇ ਛਾਂਟਿਆਂ ਦੀ ਪੈਣ ਵਾਲੀ ਮਾਰ ਤੋਂ ਬਚਣ ਲਈ ਮੇਰੇ ਕੋਲ ਕੋਈ ਵੀ ਬਹਾਨਾ ਨਹੀਂ ਸੀ! ਸੋਚਿਆ ਕਿ ਸੱਚਾਈ ਜਦੋਂ ਸਾਹਮਣੇ ਆਏਗੀ ਤਾਂ ਨਤੀਜੇ ਭਿਆਨਕ ਹੋਣਗੇ!

ਮੈਨੂੰ ਠੀਕ ਉਸ ਵੇਲੇ ਇਕ ਫੁਰਨਾ ਫੁਰਿਆ ਤੇ ਮੈਂ ਅਸਤਬਲ ਵਿਚ ਜਾ ਕੇ ਸਾਰੇ ਘੋੜਿਆਂ ਦੇ ਰੱਸੇ ਲਾਹ ਦਿਤੇ। ਅਸਤਬਲ ਦਾ ਵੱਡਾ ਬੂਹਾ ਖੁਲ੍ਹਾ ਰਹਿਣ ਦਿਤਾ। ਫੇਰ ਮੈਂ ਚੁੱਪ ਕਰਕੇ ਦੱਬੇ ਪੈਰੀਂ ਘਰ ਅੰਦਰ ਜਾ ਕੇ ਵਧੀਆ ਕਪੜੇ ਲਾਹ ਕੇ ਹਰ ਰੋਜ਼ ਵਾਲੇ ਪੁਰਾਣੇ ਘਸੇ ਪਿਟੇ ਕਪੜੇ ਪਾਏ ਜੋ ਮੈਂ ਪਿਛਲੇ ਇਕ ਹਫਤੇ ਤੋਂ ਬਿਨਾ ਧੋਤੇ ਪਾਈ ਫਿਰਦਾ ਸਾਂ ਤੇ ਆਪਣੀ ਸੌਣ ਵਾਲੀ ਥਾਂ ਤੇ ਸੁੱਕੇ ਘਾਹ 'ਤੇ ਜਾ ਕੇ ਚੁੱਪ ਕਰਕੇ ਲੰਮਾ ਪੈ ਗਿਆ ਜਿਵੇਂ ਮੈਂ ਉਥੇ ਪਿਛਲੀ ਰਾਤ ਦਾ ਸੁੱਤਾ ਪਿਆ ਹੋਵਾਂ!

ਅਜੇ ਲੇਟਿਆਂ ਮੈਨੂੰ ਬਹੁਤਾ ਚਿਰ ਨਹੀਂ ਸੀ ਹੋਇਆ ਕਿ ਮੇਰੇ ਮਾਲਕ ਦੀ ਆਵਾਜ਼ ਮੇਰੇ ਕੰਨੀਂ ਪਈ। ਉਹ ਸਾਰੇ ਘੋੜਿਆਂ ਨੂੰ ਭੱਜਾ ਫਿਰਦਾ ਦੇਖਣ ਪਿਛੋਂ ਮੈਨੂੰ ਆਵਾਜ਼ਾਂ ਮਾਰ ਰਿਹਾ ਸੀ। ਕੁਲ ਅੱਠ ਘੋੜੇ ਸਨ ਜਿਨ੍ਹਾਂ ਦੀ ਦੇਖ ਭਾਲ ਮੈਂ ਹੀ ਕਰਿਆ ਕਰਦਾ ਸਾਂ। ਭਾਵੇਂ ਮਾਲਕ ਉਚੀ ਉਚੀ ਮੈਨੂੰ ਆਵਾਜ਼ਾਂ ਦੇ ਰਿਹਾ ਸੀ ਪਰ ਮੈਂ ਕੁਝ ਦੇਰ ਮਚਲਾ ਹੋ ਕੇ ਪਿਆ ਰਿਹਾ ਜਿਵੇਂ ਮੈਨੂੰ ਨੀਂਦ ਵਿਚ ਉਹਦੀਆਂ ਆਵਾਜ਼ਾਂ ਸੁਣਦੀਆਂ ਨਾ ਹੋਣ। ਜਿਉਂ ਹੀ ਮੈਂ ਪੌੜੀਆਂ ਵਿਚ ਕਿਸੇ ਦੇ ਆਉਣ ਦੀ ਆਵਾਜ਼ ਸੁਣੀ ਤੇ ਮੇਰੇ ਨਿੱਕੇ ਜਿਹੇ ਕਮਰੇ ਦੇ ਬੂਹੇ 'ਤੇ ਦਸਤਕ ਸੁਣੀ, ਤਾਂ ਮੈਂ ਘੁਰਾੜੇ ਮਾਰਨੇ ਸ਼ੁਰੂ ਕਰ ਦਿਤੇ। ਘੁਰਾੜੇ ਵੀ ਜਿੰਨੇ ਜ਼ੋਰ ਨਾਲ ਮੈਂ ਮਾਰ ਸਕਦਾ ਸਾਂ, ਮਾਰ ਰਿਹਾ ਸਾਂ। ਬੂਹੇ 'ਤੇ ਕੋਈ ਜ਼ੋਰ ਨਾਲ ਮੁੱਕੀਆਂ ਮਾਰ ਰਿਹਾ ਲਗਦਾ ਸੀ। ਅਖੀਰ ਮੈਂ ਜਾਗਣ ਦਾ ਬਹਾਨਾ ਕੀਤਾ ਤੇ ਉਚੀ ਆਵਾਜ਼ ਵਿਚ ਕਿਹਾ-ਕੌਣ ਐ? ਤੂੰ ਲਿਜ਼ੀ ਏਂ? ਓ-ਹੋ ਕੀ ਗੱਲ ਹੋ ਗਈ ਜਿਹੜਾ ਮੈਨੂੰ ਸਵੇਰੇ ਤੂੰ ਜਗਾਉਣ ਆ ਗਈ ਏਂ? ਕੀ ਗਲ ਹੋ ਗਈ? ਕੀ ਟਾਈਮ ਹੋਇਐ? ਵਗੈਰਾ-ਵਗੈਰਾ।

'ਛੇਤੀ ਚੱਲ! ਮਾਲਕ ਤੈਨੂੰ ਬੁਲਾ ਰਿਹੈ!' ਨੌਕਰਾਣੀ ਲਿਜ਼ੀ ਨੇ ਘਾਬਰੀ ਆਵਾਜ਼ ਵਿਚ ਕਿਹਾ।

'ਤੂੰ ਜਾ ਕੇ ਮਾਲਕ ਨੂੰ ਕਹਿ ਦੇ ਕਿ ਮੈਂ ਆ ਰਿਹਾਂ।'

ਮੈਂ ਆਪਣੇ ਕਮਰੇ 'ਚ ਓਨਾ ਚਿਰ ਹੋਰ ਲਾਇਆ ਜਿੰਨਾ ਮੈਨੂੰ ਕਪੜੇ ਪਾਉਣ ਵਿਚ ਲੱਗ ਜਾਣਾ ਸੀ। ਫੇਰ ਮੈਂ ਬਾਹਰ ਆ ਕੇ ਮਾਲਕ ਸਾਹਮਣੇ ਹੁੰਦਿਆਂ ਕਿਹਾ ਕਿ ਮੈਂ ਹਾਜ਼ਰ ਹਾਂ। ਉਸ ਨੇ ਸਵਾਲ ਕੀਤਾ ਕਿ ਉਸ ਦੇ ਸਾਰੇ ਘੋੜੇ ਝਾੜੀਆਂ ਵਿਚ ਕਿਉਂ ਭੱਜੇ ਫਿਰਦੇ ਨੇ? ਮੈਂ ਹੈਰਾਨੀ ਭਰੀ ਸ਼ਕਲ ਬਣਾ ਕੇ ਪਹਿਲਾਂ ਝਾੜੀਆਂ ਵਲ ਤੇ ਫੇਰ ਅਸਤਬਲ ਦੇ ਵੱਡੇ ਬੂਹੇ ਵਲ ਵਾਰੀ ਵਾਰੀ ਝਾਕਣ ਲਗ ਪਿਆ। ਮੇਰੀ ਉਸ ਤਕਣੀ ਦਾ ਅਸਰ ਮਾਲਕ 'ਤੇ ਕਮਾਲ ਦਾ ਹੋਇਆ ਤੇ ਉਹ ਵੀ ਓਹੋ ਜਿਹਾ ਜਿਹੋ ਜਿਹਾ ਮੈਂ ਚਾਹੁੰਦਾ ਸਾਂ। ਫੇਰ ਮੈਂ ਮਾਲਕ ਨੂੰ ਬੜੀ ਤਸੱਲੀ ਭਰੀ ਆਵਾਜ਼ ਵਿਚ ਜ਼ੋਰ ਦੇ ਕੇ ਕਿਹਾ ਕਿ ਉਹਨੇ ਆਪ ਵੀ ਤਾਂ ਕਲ੍ਹ ਸ਼ਾਮ ਸਹੀ ਸਲਾਮਤ ਸਾਫ ਸੁਥਰੇ ਅਸਤਬਲ ਵਿਚ ਆਪ ਦੇਖੇ ਸਨ! ਫੇਰ ਮੈਂ ਕਿਹਾ ਕਿ ਉਸ ਤੋਂ ਪਿਛੋਂ ਵੀ ਮੈਂ ਆਪ ਸੌਣ ਤੋਂ ਪਹਿਲਾਂ ਸਾਰੇ ਘੋੜੇ ਸਹੀ ਸਲਾਮਤ ਦੇਖੇ ਸਨ। ਲਗਦੈ ਕਿਸੇ ਨੇ ਰਾਤ ਨੂੰ ਖੁਲ੍ਹੇ ਛੱਡ ਦਿਤੇ ਹੋਣਗੇ! ਹੁਣ ਮੈਨੂੰ ਸਾਰੇ ਘੋੜਿਆਂ ਦੀ ਮੁੜ ਕੇ ਸਫਾਈ ਕਰਨੀ ਪਏਗੀ!

ਮਾਲਕ ਨੇ ਮੈਨੂੰ ਮਿਸਟਰ ਕੌਂਗ ਨੂੰ ਬੁਲਾਉਣ ਲਈ ਕਿਹਾ। ਕੌਂਗ ਆਇਆ ਤਾਂ ਮਾਲਕ ਨੇ ਉਸ ਨੂੰ ਵੱਡਾ ਹਾਰਨ ਵਜਾਉਣ ਲਈ ਕਿਹਾ ਜਿਹੜਾ ਖਾਸ ਮੁਸੀਬਤ ਪੈਣ ਸਮੇਂ ਹੀ ਵਜਾਇਆ ਜਾਂਦਾ ਸੀ। ਲਓ ਜੀ, ਹਾਰਨ ਦੀ ਆਵਾਜ਼ ਸੁਣ ਕੇ ਏਧਰੋਂ ਓਧਰੋਂ ਤੇ ਖੇਤਾਂ ਵਲੋਂ ਗੁਲਾਮ ਛੇਤੀ ਛੇਤੀ ਆਉਣੇ ਸ਼ੁਰੂ ਹੋ ਗਏ। ਸਾਰੇ ਘਰ ਦੀ ਬਾਲਕੋਨੀ ਦੇ ਮੂਹਰੇ ਇੱਕਠੇ ਹੋਣੇ ਸ਼ੁਰੂ ਹੋ ਗਏ।

ਮਾਲਕ ਉਸ ਵੇਲੇ ਘਰੋਂ ਬਾਹਰ ਆਇਆ ਤੇ ਕਹਿਣ ਲੱਗਾ ਕਿ ਉਸ ਨੇ ਕਲ੍ਹ ਘੋੜਿਆਂ ਦੀ ਸਾਫ ਸਫਾਈ ਪਿਛੋਂ ਸਾਰੇ ਘੋੜੇ ਅਸਤਬਲ ਵਿਚ ਬੱਝੇ ਆਪ ਦੇਖੇ ਸਨ। 'ਹੁਣ ਤੁਸੀਂ ਮੈਨੂੰ ਦੱਸੋ ਕਿ ਤੁਹਾਡੇ ਵਿਚੋਂ ਕਿਸ ਨੇ ਅੰਦਰੋਂ ਘੋੜੇ ਖੋਲ੍ਹੇ ਸਨ?' ਕਿਸੇ ਵੀ ਗੁਲਾਮ ਨੇ ਹਾਮੀ ਨਾ ਭਰੀ! ਤਾਂ ਮਾਲਕ ਨੇ ਸਭ ਨੂੰ ਹੁਕਮ ਦਿਤਾ ਕਿ ਸਾਰੇ ਜਾ ਕੇ ਘੋੜਿਆਂ ਨੂੰ ਫੜ ਕੇ ਲਿਆਉਣ ਤੇ ਅਸਤਬਲ ਵਿਚ ਬੰਨ੍ਹ ਕੇ ਉਨ੍ਹਾਂ ਦੀ ਸਾਫ ਸਫਾਈ ਕਰਨ। ਮੈਨੂੰ ਇਸ ਕੰਮ ਤੋਂ ਮਾਫੀ ਮਿਲ ਗਈ ਸੀ। ਬਾਕੀ ਸਾਰੇ ਹੁਕਮ ਅਨੁਸਾਰ ਕੰਮ 'ਤੇ ਜਾ ਲੱਗੇ ਸਨ।

ਸੋਮਵਾਰ ਸਵੇਰ ਤੋਂ ਸਾਰੇ ਆਪੋ ਆਪਣੇ ਕੰਮੀਂ ਧੰਦੀਂ ਲੱਗ ਚੁੱਕੇ ਸਨ। ਜਦੋਂ ਦੁਪਹਿਰੇ ਖਾਣੇ ਦਾ ਹਾਰਨ ਵੱਜਿਆ ਤਾਂ ਅਸੀਂ ਸਾਰੇ ਫੇਰ ਇੱਕਠੇ ਹੋ ਗਏ। ਉਸ ਵੇਲੇ ਮਾਲਕ ਨੇ ਫੇਰ ਸਭ ਤੋਂ ਪੁੱਛਿਆ ਕਿ ਘੋੜੇ ਕਿਸ ਨੇ ਖੋਲ੍ਹੇ ਸਨ। ਜਦੋਂ ਸਭ ਨੇ ਨਾਂਹ ਕਰ ਦਿਤੀ ਤਾਂ ਮਾਲਕ ਨੇ ਸਭ ਨੂੰ ਰੱਸਿਆਂ ਨਾਲ ਬੰਨ੍ਹ ਕੇ ਹਰ ਇਕ ਨੂੰ ਆਪਣੇ ਸਾਹਮਣੇ 39 ਕੋੜੇ ਮਰਵਾਏ। ਮਾਲਕ ਦੀ ਫੇਰ ਵੀ ਤਸੱਲੀ ਨਹੀਂ ਸੀ ਹੋਈ ਕਿ ਆਖਰ ਉਹ ਸੀ ਕੌਣ ਜਿਸ ਨੇ ਇਹ ਸ਼ਰਾਰਤ ਕੀਤੀ ਸੀ! ਉਹ ਬਜ਼ਿੱਦ ਸੀ ਕਿ ਕਸੂਰਵਾਰ ਨੂੰ ਮਨਾ ਕੇ ਹੀ ਦਮ ਲਵੇਗਾ; ਜਿਵੇਂ ਇਹੋ ਜਿਹੇ ਮੌਕਿਆਂ ਵੇਲੇ ਉਹ ਅਕਸਰ ਕਰਿਆ ਕਰਦਾ ਸੀ। ਅਖੀਰ ਮਾਲਕ ਮੇਰੇ ਕੋਲ ਆਇਆ ਤੇ ਪੁੱਛਿਆ ਕਿ ਮੈਨੂੰ ਕਿਸ ਗੁਲਾਮ 'ਤੇ ਸ਼ੱਕ ਸੀ?

ਮੇਰਾ ਦਿਲ ਆਪਣੇ ਸਾਥੀਆਂ ਨੂੰ ਮਾਰ ਪੁਆਉਣ ਕਰਕੇ ਪਹਿਲਾਂ ਹੀ ਰੋ ਰਿਹਾ ਸੀ! ਮੈਂ ਖੁਦ ਕਸੂਰਵਾਰ ਤਾਂ ਸੀ ਹੀ, ਉਤੋਂ ਮੈਨੂੰ ਬੇਦੋਸ਼ਿਆਂ ਨੂੰ ਮਾਰ ਪੈਣ ਦਾ ਹੋਰ ਵੀ ਦੁੱਖ ਹੋ ਰਿਹਾ ਸੀ। ਮੈਂ ਆਪਣਾ ਦੋਸ਼ ਮੰਨ ਜਾਣਾ ਚਾਹੁੰਦਾ ਸਾਂ ਪਰ ਹੁਣ ਬੜੀ ਦੇਰ ਵੀ ਤਾਂ ਹੋ ਚੁੱਕੀ ਸੀ। ਮੈਂ ਸੋਚ ਰਿਹਾ ਸਾਂ ਕਿ ਕੀ ਹੁਣ ਮੈਂ ਮਾਰ ਖਾਣ ਲਈ ਕਿਸੇ ਹੋਰ ਨੂੰ ਸ਼ਿਕਾਰ ਬਣਾਵਾਂ? ਜਾਂ ਫੇਰ ਆਪਣਾ ਕਸੂਰ ਮੰਨ ਕੇ ਸਜ਼ਾ ਭੁਗਤ ਲਵਾਂ! ਮੇਰੀ ਆਤਮਾ ਮੈਨੂੰ ਲਾਹਨਤਾਂ ਪਾ ਰਹੀ ਸੀ। ਪਰ ਮੈਂ ਉਨ੍ਹਾਂ ਮੁੰਡਿਆਂ ਵਰਗਾ ਸਾਂ ਜਿਹੜੇ ਆਪਣੀ ਮਾਂ ਜਾਏ ਭੈਣਾਂ ਭਰਾਵਾਂ ਵਿਚੋਂ ਸਭ ਤੋਂ ਵੱਧ ਆਪਣੇ ਆਪ ਨੂੰ ਹੀ ਪਿਆਰ ਕਰਦੇ ਨੇ! ਮੇਰੀ ਆਤਮਾ ਨੂੰ ਪਿੱਠ 'ਤੇ ਸੈਂਕੜੇ ਛਾਂਟੇ ਖਾ ਕੇ ਵੀ ਚੈਨ ਨਹੀਂ ਸੀ ਮਿਲਣਾ! ਮੈਨੂੰ ਅਚਾਨਕ ਡਿੱਕ ਦਾ ਖਿਆਲ ਆਇਆ ਜਿਹੜਾ ਹਰੇਕ ਨਾਲ ਪੰਗਾ ਲੈ ਬਹਿੰਦਾ ਸੀ। ਸਾਰੇ ਗੁਲਾਮ ਉਸ ਦੇ ਵਿਰੋਧੀ ਸਨ। ਉਹਨੂੰ ਇਕ ਦੂਜੇ ਦੀਆਂ ਚੁਗਲੀਆਂ ਕਰਕੇ ਲੜਾਈ ਕਰਾਉਣ ਦੀ ਆਦਤ ਸੀ। ਬੱਚਾ ਬੱਚਾ ਉਹਦੀ ਇਹ ਆਦਤ ਜਾਣਦਾ ਸੀ। ਕੋਈ ਵੀ ਗੁਲਾਮ ਕਿਸੇ ਬਿਮਾਰ ਲਈ ਇਕ ਚਮਚਾ ਖੰਡ ਦਾ ਵੀ ਚੋਰੀ ਨਹੀਂ ਸੀ ਕਰਦਾ ਪਰ ਉਸ ਨੂੰ ਹਮੇਸ਼ਾ ਖੁਤਖੁਤੀ ਲਗੀ ਰਹਿੰਦੀ ਸੀ ਤੇ ਉਹ ਝੱਟ ਮਾਲਕ ਕੋਲ ਜਾ ਕੇ ਕਿਸੇ ਨਾ ਕਿਸੇ ਦੀ ਸ਼ਿਕਾਇਤ ਕਰਕੇ ਬੇਕਸੂਰਾਂ ਨੂੰ ਮਾਰ ਪੁਆ ਦਿਆ ਕਰਦਾ ਸੀ। ਉਹ ਮੇਰੇ ਲਈ ਬਲੀ ਦਾ ਬਕਰਾ ਬਣ ਸਕਦਾ ਸੀ, ਸੋ ਮੈਂ ਸੋਚ ਕੇ ਮਾਲਕ ਕੋਲ ਡਿੱਕ ਦਾ ਨਾਮ ਲੈ ਦਿਤਾ। ਮੈਂ ਮਾਲਕ ਨੂੰ ਇਹ ਵੀ ਕਿਹਾ ਕਿ ਮੈਂ ਆਪ ਸਨਿਚਰਵਾਰ ਦੀ ਰਾਤ ਡਿੱਕ ਨੂੰ ਅਸਤਬਲ ਵਿਚ ਵੜਦਿਆਂ ਤੇ ਬਾਹਰ ਆਉਂਦਿਆਂ ਦੇਖਿਆ ਸੀ।

ਮਾਲਕ ਸਭ ਨਾਲ ਡਿੱਕ ਨੂੰ 39 ਕੋੜਿਆਂ ਦੀ ਸਜ਼ਾ ਪਹਿਲਾਂ ਹੀ ਦੇ ਚੁੱਕਾ ਸੀ। ਮੇਰੇ ਕਹਿਣ ਪਿਛੋਂ 39 ਹੋਰ ਕੋੜਿਆਂ ਦੀ ਮਾਰ ਉਸ ਨੂੰ ਖਾਣੀ ਪਈ। ਮਾਲਕ ਨੇ ਡਿੱਕ ਦੀ ਜ਼ਖ਼ਮੀ ਪਿੱਠ ਨੂੰ ਨਮਕ ਵਾਲੇ ਪਾਣੀ ਨਾਲ ਧੁਆਇਆ ਤੇ ਖ਼ਬਰਦਾਰ ਕੀਤਾ ਕਿ ਜੇ ਉਸ ਨੇ ਆਪਣੀ ਗਲਤੀ ਨਾ ਮੰਨੀ ਤਾਂ ਉਸ ਨੂੰ ਹੋਰ ਵੀ ਸਖਤ ਸਜ਼ਾ ਮਿਲੇਗੀ। ਸੋ ਮਾਲਕ ਰਾਤ ਨੂੰ ਡਿੱਕ ਨੂੰ ਮਿਲਣ ਗਿਆ ਕਿ ਉਹ ਸੱਚ ਦੱਸਣ ਲਈ ਤਿਆਰ ਹੈ ਜਾਂ ਨਹੀਂ। ਡਿੱਕ ਨੇ 'ਹਾਂ' 'ਚ ਸਿਰ ਹਿਲਾਇਆ। ਮਾਲਕ ਨੇ ਖੁਸ਼ ਹੋ ਕੇ ਕਿਹਾ ਕਿ ਉਹ ਇਹੋ ਸੱਚ ਸੁਣਨ ਲਈ ਆਇਆ ਸੀ!

'ਹਾਂ ਜੀ...ਮਾਲਕੋ! ਮੈਂ ਹੀ ਜਾ ਕੇ ਅਸਤਬਲ ਵਿਚੋਂ ਘੋੜੇ ਖੋਲ੍ਹੇ ਸਨ ਤੇ ਹੁਣ ਕਦੇ ਵੀ ਅਜਿਹੀ ਗਲਤੀ ਨਹੀਂ ਕਰਾਂਗਾ।' ਡਿੱਕ ਨੇ ਰੋਂਦਿਆਂ ਕੁਰਲਾਉਂਦਿਆਂ ਹੱਥ ਜੋੜ ਕੇ ਆਪਣੀ ਗਲਤੀ



**ਭੁੱਖ ਤੇ ਗਰੀਬੀ ਮਾਰੇ ਕਾਲੇ ਮੂਲ ਦੇ ਬੱਚੇ**

ਮੰਨ ਲਈ ਜਿਹੜੀ ਉਹਨੇ ਕੀਤੀ ਹੀ ਨਹੀਂ ਸੀ। ਮਾਲਕ ਨੂੰ ਉਸ ਦੇ ਬਿਆਨ ਨਾਲ ਤਸੱਲੀ ਹੋ ਗਈ। ਮਾਲਕ ਨੇ ਡਿੱਕ ਦੇ ਸੰਗਲ ਖੋਲ੍ਹਣ ਲਈ ਕਿਹਾ। ਡਿੱਕ ਦੀ ਜ਼ਖ਼ਮੀ ਪਿੱਠ ਕਈ ਹਫਤਿਆਂ ਮਗਰੋਂ ਜਾ ਕੇ ਠੀਕ ਹੋਈ।

ਹੁਣ ਮੈਂ ਤੁਹਾਨੂੰ ਉਨ੍ਹਾਂ ਮੁੰਡਿਆਂ ਬਾਰੇ ਦਸਣਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਮੈਂ ਡਾਂਸ ਘਰ ਵਿਚ ਛੱਡ ਆਇਆ ਸਾਂ! ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਘੋੜੇ ਭੱਜ ਗਏ ਨੇ ਤਾਂ ਬੜਾ ਚੀਕ ਚਿਹਾੜਾ ਮੱਚਿਆ। ਜਿਨ੍ਹਾਂ ਨੂੰ ਘੋੜਿਆਂ ਤੋਂ ਬਿਨਾ ਘਰ ਪਰਤਣ ਤੇ ਸਜ਼ਾ ਮਿਲਣ ਦਾ ਡਰ ਸੀ, ਉਨ੍ਹਾਂ ਨੇ ਘਰ ਜਾਣ ਦੀ ਬਜਾਏ ਰਾਤ ਨੂੰ ਧਰੂ ਤਾਰੇ ਦੀ ਸੇਧ ਵਾਲਾ ਰਾਹ ਫੜ ਲਿਆ। ਉਨ੍ਹਾਂ ਵਿਚੋਂ ਕਈਆਂ ਨੂੰ ਜਦੋਂ ਮੈਂ ਕੈਨੇਡਾ ਪਹੁੰਚ ਕੇ ਮਿਲਿਆ ਤੇ ਹੱਥ ਮਿਲਾਇਆ ਤਾਂ ਉਹ ਮੇਰੇ ਬੜੇ ਸ਼ੁਕਰਗੁਜ਼ਾਰ ਸਨ। ਉਨ੍ਹਾਂ ਦੱਸਿਆ ਕਿ ਕੁੱਲ ਸੋਲਾਂ ਗੁਲਾਮ ਉਸ ਰਾਤ ਭਗੌੜੇ ਹੋਏ ਸਨ। ਉਨ੍ਹਾਂ ਵਿਚੋਂ ਚਾਰ ਨੂੰ ਰਾਹ ਵਿਚ ਕਿਸੇ ਨੇ ਗੋਲੀ ਮਾਰ ਕੇ ਮਾਰ ਦਿਤਾ ਸੀ ਜਾਂ ਸ਼ਾਇਦ ਖੂੰਖਾਰ ਕੁੱਤੇ ਖਾ ਗਏ ਸਨ। ਇਕ ਕਿਸੇ ਅਸਤਬਲ ਵਿਚ ਸੁੱਤਾ ਪਿਆ ਫੜਿਆ ਗਿਆ ਸੀ। ਬਾਕੀ ਘਰੋ ਘਰੀ ਪਹੁੰਚ ਕੇ ਅਗਲੇ ਦਿਨ ਛਾਂਟਿਆਂ ਦੀ ਮਾਰ ਖਾਂਦੇ ਰਹੇ। ਕੁਝ ਡਰ ਕੇ ਨੇੜੇ ਦੇ ਜੰਗਲਾਂ ਵਿਚ ਓਨਾ ਚਿਰ ਲੁਕੇ ਰਹੇ ਜਿੰਨਾ ਚਿਰ ਉਹ ਫੜੇ ਨਹੀਂ ਗਏ! ਇਕ ਪੈਟਰਸਨ ਨਾਂ ਦਾ ਬੰਦਾ ਮੈਨੂੰ ਟਰਾਂਟੋ ਵਿਚ ਮਿਲਿਆ ਸੀ ਜਿਥੇ ਉਹਨੇ ਆਪਣਾ ਘਰ ਖਰੀਦ ਲਿਆ ਸੀ। ਉਸ ਕੋਲ ਆਪਣੀ ਘੋੜਾ ਬੱਘੀ ਵੀ ਸੀ ਤੇ ਉਸ ਨੇ ਇਕ ਸੁਹਣੀ ਜਿਹੀ ਕਾਲੀ ਨੱਢੀ ਨਾਲ ਵਿਆਹ ਵੀ ਕਰਵਾ ਲਿਆ ਸੀ ਤੇ ਉਹਦੇ ਸੁਹਣੇ ਚਾਰ ਸਿਹਤਮੰਦ ਬੱਚੇ ਵੀ ਸਨ! ਪਰ ਮੇਰੇ ਵਾਂਗ ਉਹ ਆਪਣੀ ਪਤਨੀ ਨੂੰ ਛੇ ਬੱਚਿਆਂ ਨਾਲ ਨਰਕ ਭੋਗਣ ਲਈ ਪਿੱਛੇ ਛੱਡ ਆਇਆ ਸੀ!

ਜਦੋਂ ਮੈਂ ਸਤਾਰਾਂ ਸਾਲਾਂ ਦਾ ਹੋਇਆ ਤਾਂ ਮੈਨੂੰ ਇਸ਼ਕ ਦਾ ਨਾਗ ਲੜਿਆ। ਡਾਕਟਰ ਤਿਲੋਤਸਨ ਨਾਂ ਦੇ ਮਾਲਕ ਦੇ ਘਰ ਇਕ ਸੁਹਣੀ ਸੁਨੱਖੀ ਕੁੜੀ ਕੰਮ ਕਰਦੀ ਹੁੰਦੀ ਸੀ। ਨਾਮ ਸੀ ਉਹਦਾ ਮੇਰੀ। ਰੰਗ ਬਹੁਤ ਸਾਫ ਪਰ ਬਹੁਤ ਗੋਰਾ ਵੀ ਨਹੀਂ ਸੀ। ਮੈਨੂੰ ਉਸ ਦੇ ਹਰ ਰੋਜ਼ ਸੁਪਨੇ ਆਉਣ ਲੱਗੇ। ਮੈਨੂੰ ਪੱਕਾ ਯਕੀਨ ਹੋ ਗਿਆ ਕਿ ਮੈਂ ਕਦੇ ਵੀ ਆਪਣੇ ਜੀਵਨ ਵਿਚ ਅੱਜ ਤੱਕ ਏਨੀ ਸੁਹਣੀ ਕੁੜੀ ਨਹੀਂ ਦੇਖੀ! ਉਹਦਾ ਸੁਭਾਅ ਵੀ ਖੁੱਲ੍ਹਾ-ਡੁੱਲ੍ਹਾ ਸੀ। ਜਦੋਂ ਉਹ ਗੱਲਾਂ ਕਰਦੀ ਤਾਂ ਮੂੰਹੋਂ ਫੁੱਲ ਝੜਦੇ। ਆਵਾਜ਼ ਵਿਚ ਮਿਸਰੀ ਘੁਲੀ ਹੁੰਦੀ, ਤੇ ਉਹਦੀ ਮੁਸਕਾਨ ਤਾਂ ਸਮਝੋ ਬਸੰਤ ਦੀ ਸਵੇਰ ਵਰਗੀਆਂ ਖਿੜੀਆਂ ਕਿਰਨਾਂ ਵਰਗੀ ਸੀ! ਉਹਦੀਆਂ ਹਿਰਨੀ ਵਰਗੀਆਂ ਅੱਖਾਂ ਦੀ ਪਹਿਲੀ ਤਕਣੀ ਨੇ ਹੀ ਮੇਰੇ ਅੰਦਰ ਅਜਿਹੀ ਪਹੁੰਚ ਕੀਤੀ ਕਿ ਮੈਂ ਉਹਦੇ ਪਿਆਰ ਵਿਚ ਅੰਨ੍ਹਾ ਹੋ ਗਿਆ। ਮੈਂ ਸੋਚਿਆ, ਇਹ ਕੁੜੀ ਮੇਰੇ ਸਵਰਗ ਦੀ ਮਲਿਕਾ ਬਣੇਗੀ! ਉਹਦਾ ਪਿਆਰ ਮੇਰੇ ਲਈ ਸਵਰਗ ਏਸ ਧਰਤੀ 'ਤੇ ਹੀ ਲੈ ਆਏਗਾ!

ਭਗੌੜੇ ਗੁਲਾਮਾਂ ਨੂੰ ਫੜਨ ਲਈ ਕਈਆਂ ਨੇ ਘੋੜੇ, ਕੁੱਤੇ ਤੇ ਗੁਲਾਮ ਰੱਖੇ ਹੋਏ ਸਨ। ਜਦੋਂ ਕੋਈ ਗੁਲਾਮ ਨਰਕ ਭਰੇ ਜੀਵਨ ਤੋਂ ਤੰਗ ਆ ਕੇ ਆਜ਼ਾਦ ਹੋਣ ਲਈ ਭੱਜਦਾ ਤਾਂ ਮਾਲਕ ਝੱਟ ਇਨ੍ਹਾਂ ਨੂੰ ਬੁਲਾ ਕੇ ਆਪਣੇ ਗੁਲਾਮ ਨੂੰ ਫੜਨ ਦੀ ਕੀਮਤ ਤੈਅ ਕਰ ਲੈਂਦੇ। ਉਸ ਪਿਛੋਂ ਇਹ ਘੋੜਿਆਂ ਤੇ ਕੁੱਤਿਆਂ ਨਾਲ ਪੈਦਲ ਭੱਜੇ ਗੁਲਾਮ ਦਾ ਪਿੱਛਾ ਕਰਕੇ ਦੂਜੇ ਚੌਥੇ ਦਿਨ ਭਗੌੜੇ ਗੁਲਾਮ ਨੂੰ ਜਾ ਫੜਦੇ। ਸਭ ਤੋਂ ਪਹਿਲਾਂ ਕੁੱਤੇ ਗੁਲਾਮ ਦੀ ਗੰਧ ਪਿਛੇ ਜਾ ਕੇ ਉਸ ਨੂੰ ਦਬੋਚਦੇ ਤੇ ਉਨ੍ਹਾਂ ਦੇ ਪਿੱਛੇ ਘੋੜਿਆਂ ਤੇ ਫੜਨ ਵਾਲੇ ਵੀ ਪਹੁੰਚ ਜਾਂਦੇ। ਅਸਲ ਵਿਚ ਮੈਂ ਇਹੋ ਜਿਹੇ ਲੋਕਾਂ ਦੀ ਕਦੇ ਪਰਵਾਹ ਨਹੀਂ ਸੀ ਕੀਤੀ! ਨਾ ਹੀ ਮੈਨੂੰ ਉਨ੍ਹਾਂ ਦੇ ਖੂੰਖਾਰ ਕੁੱਤਿਆਂ ਤੋਂ ਕਦੇ ਡਰ ਲਗਿਆ ਸੀ। ਮੇਰੀ ਦੇ ਪਿਆਰ ਦਾ ਬੱਧਾ ਮੈਂ ਹਰ ਰਾਤ ਉਸ ਨੂੰ ਮਿਲਣ ਤੁਰ ਪੈਂਦਾ। ਉਸ ਨੇ ਦੱਸਿਆ ਸੀ ਕਿ ਜਦੋਂ ਉਹਦਾ ਮਾਲਕ ਉਸ ਨੂੰ ਖਰੀਦ ਕੇ ਲਿਆਇਆ ਤਾਂ ਰਾਹ ਵਿਚ ਹੀ ਉਹ ਉਸ ਦੇ ਬੱਚੇ ਦੀ ਮਾਂ ਬਣਨ ਵਾਲੀ ਹੋ ਗਈ ਸੀ। ਫੇਰ ਉਹਦੀ ਪੁਰਾਣੀ ਮਾਲਕਣ ਨੇ ਬਦਲਾ ਲੈਣ ਲਈ ਉਸ ਨੂੰ ਡਾਕਟਰ ਕੋਲ ਵੇਚ ਦਿਤਾ ਸੀ। ਉਹਨੇ ਆਪਣੀ ਮਾਲਕਣ ਦਾ ਉਸ ਨਾਲ ਈਰਖਾ ਕਰਨਾ ਤੇ ਹੋਰ ਕਈ ਘਰੇਲੂ ਗੱਲਾਂ ਵੀ ਮੈਨੂੰ ਦੱਸੀਆਂ ਸਨ। ਗਿਆਰਾਂ ਮਹੀਨਿਆਂ ਦੀ ਉਹਦੀ ਗੋਰੀ ਚਿਟੀ ਬੱਚੀ ਨੂੰ ਉਹਦੀਆਂ ਬਾਹਵਾਂ 'ਤੋਂ ਘੜੀਸ ਕੇ ਵੇਚਦਿਆਂ ਮਾਲਕਣ ਨੇ ਪਲ ਵੀ ਨਹੀਂ ਸੀ ਲਾਇਆ।

ਮੇਰੀ ਦੀਆਂ ਗੱਲਾਂ ਮੇਰਾ ਮਨ ਮੋਹ ਲਿਆ ਕਰਦੀਆਂ ਸਨ। ਮੈਂ ਕਦੇ ਵੀ ਕਿਸੇ ਬਾਰੇ ਏਨੀ ਖਿਚ ਮਹਿਸੂਸ ਨਹੀਂ ਸੀ ਕੀਤੀ। ਕੁੜੀਆਂ ਵਿਚ ਅਜਿਹੀ ਖਾਸ ਕਿਸਮ ਦੀ ਖਿਚ ਵੀ ਹੁੰਦੀ ਹੈ, ਮੈਂ ਪਹਿਲੀ ਵਾਰ ਮਹਿਸੂਸ ਕੀਤਾ ਸੀ। ਮੈਂ ਸਾਰਾ ਦਿਨ ਕੰਮ ਕਰਕੇ ਥੱਕ ਜਾਂਦਾ। ਪਰ ਉਸ ਕੁੜੀ ਦੇ ਅੰਦਰ ਬੈਠੀ ਹੂਰ ਦਾ ਚਿਹਰਾ ਜਦੋਂ ਮੇਰੇ ਸਾਹਮਣੇ ਆ ਖੜੋਂਦਾ ਤਾਂ ਸਾਰੀ ਰਾਤ ਦੀ ਨੀਂਦ ਕਿਧਰੇ ਉਡ ਜਾਂਦੀ ਤੇ ਮੈਂ ਤਰਲੋ-ਮੱਛੀ ਹੋਣ ਲੱਗ ਪੈਂਦਾ। ਅਸੀਂ ਕੋਈ ਛੇ ਕੁ ਹਫਤੇ ਇਕ ਦੂਜੇ ਨੂੰ ਮਿਲਦੇ ਰਹੇ ਸਾਂ। ਇਨ੍ਹਾਂ ਦਿਨਾਂ ਵਿਚ ਕਦੇ ਮੈਂ ਬੇਹੱਦ ਖੁਸ਼ ਰਹਿੰਦਾ ਤੇ ਕਦੇ ਬਹੁਤ ਉਦਾਸ ਹੋ ਜਾਂਦਾ।

ਮੇਰੀ ਨੂੰ ਆਂਢ ਗੁਆਂਢ ਦੇ ਸਾਰੇ ਗੁਲਾਮ ਪਸੰਦ ਕਰਦੇ ਸਨ। ਉਨ੍ਹਾਂ ਦੀਆਂ ਹਰਕਤਾਂ ਦੇਖ ਕੇ ਮੈਨੂੰ ਗੁੱਸਾ ਚੜ੍ਹ ਜਾਂਦਾ ਤੇ ਮੈਂ ਬੇਬਸ ਹੋ ਕੇ ਸੱਪ ਵਾਂਗ ਅੰਦਰੋ ਅੰਦਰ ਵਿਹੁ ਘੋਲਦਾ ਰਹਿੰਦਾ। ਇਕ ਦਿਨ ਮੈਂ ਕਿਸੇ ਦੂਜੇ ਗੁਲਾਮ ਨੂੰ ਮੇਰੀ ਨਾਲ ਜਦੋਂ ਗੱਲਾਂ ਕਰਦੇ ਦੇਖਿਆ ਤਾਂ ਮੈਂ ਪਾਗਲ ਈ ਹੋ ਗਿਆ। ਦੂਜੇ ਮੁੰਡਿਆਂ ਨਾਲ ਗੱਲ ਕਰਨੋਂ ਵੀ ਮੈਂ ਮੇਰੀ ਨੂੰ ਟੋਕਦਾ ਰਹਿੰਦਾ ਸਾਂ ਪਰ ਉਹ ਮੇਰੀ ਗੱਲ ਦੀ ਕੋਈ ਪਰਵਾਹ ਵੀ ਨਹੀਂ ਸੀ ਕਰਦੀ। ਸਾਰੇ ਮੁੰਡਿਆਂ ਵਿਚੋਂ ਡੈਨ ਨਾਂ ਦਾ ਇਕ ਅਜਿਹਾ ਵੀ ਸੀ ਜਿਹੜਾ ਕਿਸੇ ਦੀ ਪਰਵਾਹ ਕੀਤੇ ਬਿਨਾ ਉਸ ਨੂੰ ਮਿਲਦਾ ਰਹਿੰਦਾ ਸੀ ਤੇ ਮੈਨੂੰ ਉਹ ਸਭ ਤੋਂ ਭੈੜਾ ਲਗਦਾ ਸੀ। ਡੈਨ ਮਿਸਟਰ ਰੋਜਰਜ਼ ਦਾ ਗੁਲਾਮ ਸੀ, ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਹੀ ਚੁੱਕਾ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਆਪਣੇ ਆਪ ਨੂੰ ਸਾਰੇ ਗੁਲਾਮਾਂ ਵਿਚੋਂ ਸਭ ਤੋਂ ਸੁਹਣਾ ਤੇ ਸਭ ਤੋਂ ਸਿਆਣਾ ਸਮਝਦਾ ਸਾਂ। ਪਰ ਗੱਲਬਾਤ ਕਰਨ ਵਿਚ ਆਪਣੇ ਆਪ ਨੂੰ ਏਨਾ ਹੁਸ਼ਿਆਰ ਨਹੀਂ ਸਾਂ ਸਮਝਦਾ ਜਿੰਨਾ ਡੈਨ ਸੀ। ਡੈਨ ਬੜਾ ਮਿੱਠਬੋਲੜਾ ਤੇ ਸਹਿਜ ਸੁਭਾ ਵਾਲਾ ਮੁੰਡਾ ਸੀ। ਉਹ ਸਰੀਰ ਦਾ ਤਕੜਾ ਸੀ ਤੇ ਬੈਂਜੋ ਵੀ ਵਧੀਆ ਵਜਾ ਲੈਂਦਾ ਸੀ। ਮੈਨੂੰ ਡਰ ਸੀ ਕਿ ਉਹ ਮੇਰੀ ਨੂੰ ਮੇਰੇ ਕੋਲੋਂ ਖੋਹਣ ਦੀ ਕੋਸ਼ਿਸ਼ ਜ਼ਰੂਰ ਕਰੇਗਾ। ਮੇਰਾ ਇਹ ਡਰ ਸਹੀ ਵੀ ਸਾਬਤ ਹੋਇਆ!

ਇਕ ਰਾਤ ਜਦੋਂ ਮੈਂ ਮੇਰੀ ਨੂੰ ਮਿਲਣ ਗਿਆ ਤਾਂ ਮੇਰੀ ਦੇ ਕਮਰੇ ਦੀ ਖਿੜਕੀ ਬਾਹਰੋਂ ਜੋ ਮੈਂ ਨਜ਼ਾਰਾ ਦੇਖਿਆ ਉਹ ਚੰਗਾ ਨਹੀਂ ਸੀ। ਮੇਰੀ ਪਿਆਰੀ ਮੇਰੀ, ਡੈਨ ਦੇ ਗੋਡਿਆਂ 'ਤੇ ਬੈਠੀ ਸੀ! ਉਸ ਵੇਲੇ ਜੋ ਤੁਫਾਨ ਮੇਰੇ ਅੰਦਰ ਝੁੱਲਿਆ, ਮੈਂ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦਾ। ਪਤਾ ਨਹੀਂ ਕਦੋਂ ਮੈਂ ਆਪਣੇ ਆਪ ਕਚੀਚੀ ਵੱਟੀ ਤੇ ਮੇਰੀ ਜੀਭ ਦੰਦਾਂ ਹੇਠ ਆ ਗਈ। ਮੇਰਾ ਸਿਰ ਚਕਰਾ ਗਿਆ ਤੇ ਮੇਰੀਆਂ ਅੱਖਾਂ ਅਗੇ ਹਨੇਰਾ ਛਾ ਗਿਆ। ਪਤਾ ਨਹੀਂ ਕਿਹੜੇ ਵੇਲੇ ਮੈਂ ਜ਼ਮੀਨ 'ਤੇ ਡਿੱਗ ਪਿਆ। ਅਸਲ ਵਿਚ ਜੋ ਮੈਂ ਦੇਖਿਆ, ਮੈਂ ਕਦੇ ਵੀ ਦੇਖਣਾ ਨਹੀਂ ਸਾਂ ਚਾਹੁੰਦਾ! ਲੜਖੜਾਉਂਦਿਆਂ ਬੜੀ ਮੁਸ਼ਕਲ ਨਾਲ ਮੈਂ ਉਥੋਂ ਉਠਿਆ ਤੇ ਪੁੱਠੇ ਪੈਰੀਂ ਘਰ ਵਲ ਤੁਰ ਪਿਆ। ਪਰਾਲੀ ਵਾਲੇ ਘਰੋੜੇ ਬਿਸਤਰੇ 'ਤੇ ਮੈਂ ਜਾ ਕੇ ਮੂਧਾ ਡਿੱਗ ਪਿਆ ਤੇ ਸਾਰੀ ਰਾਤ ਰੋਂਦਾ ਰਿਹਾ। ਜਦੋਂ ਥੋੜੀ ਬਹੁਤ ਸੁਰਤ ਪਰਤੀ ਤਾਂ ਸਭ ਤੋਂ ਪਹਿਲਾਂ ਮੈਨੂੰ ਡੈਨ ਨੂੰ ਮਾਰਨ ਦਾ ਖਿਆਲ ਆਇਆ! ਫੇਰ ਮੈਂ ਸੋਚਿਆ ਕਿ ਉਹਨੂੰ ਮਾਰ ਕੇ ਮੈਨੂੰ ਵੀ ਤਾਂ ਫਾਂਸੀ ਹੋ ਜਾਏਗੀ। ਇੰਜ ਅਸੀਂ ਦੋਵੇਂ ਸ਼ੈਤਾਨ ਦੀ ਬਲੀ ਚੜ੍ਹ ਜਾਵਾਂਗੇ ਤੇ ਕੋਈ ਹੋਰ ਤੀਜਾ ਮੇਰੀ ਨੂੰ ਸੰਭਾਲ ਲਵੇਗਾ! ਸੋ ਮੈਂ ਡੈਨ ਨੂੰ ਮਾਰਨ ਦਾ ਖਿਆਲ ਛੱਡ ਦਿੱਤਾ।

ਅਗਲੇ ਦਿਨ ਜਦੋਂ ਦੁਪਹਿਰ ਵੇਲੇ ਖਾਣੇ ਦਾ ਹਾਰਨ ਵਜਿਆ ਤਾਂ ਮੈਂ ਆਪਣਾ ਹੱਥਲਾ ਕੰਮ ਜਾਰੀ ਰਖਿਆ। ਮੇਰੀ ਭੁੱਖ ਮਰ ਚੁੱਕੀ ਸੀ। ਸ਼ਾਮ ਦੇ ਖਾਣੇ ਵੇਲੇ ਵੀ ਮੇਰਾ ਇਹੋ ਹਾਲ ਸੀ। ਸੂਰਜ ਛਿਪਣ ਪਿਛੋਂ ਪਸ਼ੂਆਂ ਵਾਲੇ ਵਾੜੇ ਵਿਚੋਂ ਮੈਂ ਇਕ ਰੱਸੀ ਚੱਕ ਕੇ ਆਪਣੀ ਜਾਕਟ ਹੇਠ ਲੁਕੋ ਲਈ। ਜਦੋਂ ਮੈਂ ਮੇਰੀ ਨੂੰ ਮਿਲਣ ਪਹੁੰਚਿਆ ਤਾਂ ਉਹ ਰਸੋਈ ਵਿਚ ਬੈਠੀ ਤਮਾਕੂ ਪੀ ਰਹੀ ਸੀ। ਉਨ੍ਹੀਂ ਦਿਨੀਂ ਮੁੰਡੇ-ਕੁੜੀਆਂ ਆਮ ਤਮਾਕੂ ਪੀ ਲੈਂਦੇ ਸਨ। ਮੇਰੀ ਨੂੰ ਮੈਂ ਕਿਹਾ ਕਿ ਬੀਤੀ ਰਾਤ ਮੈਂ ਉਹਨੂੰ ਡੈਨ ਦੀ ਗੋਦੀ 'ਚ ਬੈਠਿਆਂ ਦੇਖਿਆ ਸੀ! ਫੇਰ ਮੈਂ ਉਹਦੀਆਂ ਅੱਖਾਂ 'ਚ ਅੱਖਾਂ ਪਾ ਕੇ ਪੁੱਛਿਆ ਕਿ ਉਹ ਹੁਣ ਮੇਰੀ ਬਣ ਕੇ ਰਹੇਗੀ ਕਿ ਡੈਨ ਦੀ!

'ਡੈਨ ਦੀ।' ਉਹਨੇ ਝੱਟ ਜਵਾਬ ਦਿਤਾ। ਜਵਾਬ ਵੀ ਉਹਨੇ ਆਪਣੀ ਖਾਸ ਅਦਾ ਨਾਲ ਆਪਣੇ ਸਿਰ ਨੂੰ ਪਿੱਛੇ ਝਟਕਾ ਮਾਰ ਕੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦਿੱਤਾ ਸੀ। ਕਰੰਟ ਵਾਂਗ ਉਹਦਾ ਜਵਾਬ ਮੇਰੇ ਸਰੀਰ ਵਿਚੋਂ ਧੁਰੋ-ਧੁਰ ਚੀਰ ਕੇ ਲੰਘ ਗਿਆ। ਮੇਰਾ ਅੰਦਰ ਮੈਨੂੰ ਜ਼ਖ਼ਮੀ ਹੋਇਆ ਲਗਿਆ। ਮੈਂ ਕੁਝ ਪਲ ਰੁਕਿਆ ਤੇ ਇਕ ਅਣਘੜ ਲੱਕੜ ਦੇ ਮੇਜ਼ 'ਤੇ ਜਾ ਬੈਠਾ! ਮੇਰੀ ਦੇ ਜਵਾਬ ਨੇ ਮੇਰੇ ਅੰਦਰੋਂ ਸਭ ਕੁਝ ਸੂਤ ਲਿਆ ਸੀ! ਮੇਰੀ ਹਾਲਤ ਇਹ ਹੋ ਗਈ ਕਿ ਮੈਂ ਖੜ੍ਹਾ ਵੀ ਨਹੀਂ ਸੀ ਰਹਿ ਸਕਦਾ!

*(ਬਾਕੀ ਅਗਲੇ ਸਫੇ 'ਤੇ)*

ਪਰ ਉਸ ਵੇਲੇ ਮੈਂ ਆਪਣੇ ਆਪ ਨੂੰ ਏਨਾ ਵੀ ਬੇਵਕੂਫ ਨਹੀਂ ਸਾਂ ਸਮਝਦਾ ਕਿ ਆਪਣਾ ਚਿਹਰਾ ਬਚਾਉਣ ਲਈ ਆਪਣਾ ਨੱਕ ਵੱਢ ਲਵਾਂ! ਗੱਲ ਬਹੁਤ ਵੱਡੀ ਵੀ ਨਹੀਂ ਸੀ। ਸਿਰਫ ਇਕ ਕੁੜੀ ਨੇ ਮੇਰੇ ਪਿਆਰ ਨੂੰ ਠੁਕਰਾਇਆ ਹੀ ਤਾਂ ਸੀ! ਮੈਂ ਹਰ ਚੀਜ਼ ਨਾਲੋਂ ਜੀਵਨ ਨੂੰ ਬਿਹਤਰ ਸਮਝਦਾ ਸਾਂ। ਭਾਵੇਂ ਕੁਝ ਵੀ ਸੀ ਪਤਾ ਨਹੀਂ ਉਸ ਪਲ ਮੈਨੂੰ ਕੀ ਹੋ ਗਿਆ। ਮੇਰੇ ਵੱਸ ਵਿਚ ਜੋ ਸੀ, ਉਸ ਪਲ ਮੈਂ ਉਹ ਕਰਨ ਲਈ ਅਗਲਾ ਕਦਮ ਚੁਕਿਆ। ਮੈਂ ਕਿਹਾ, "ਠੀਕ ਐ ਮੇਰੀ! ਜੇ ਤੂੰ ਡੈਨ ਨੂੰ ਛੱਡ ਕੇ ਮੈਨੂੰ ਨਹੀਂ ਅਪਨਾ ਸਕਦੀ ਤਾਂ ਮੈਂ ਅੱਜ ਹੀ ਹੁਣੇ ਤੇਰੇ ਸਾਹਮਣੇ ਫਾਹਾ ਲੈ ਕੇ ਮਰ ਜਾਵਾਂਗਾ।"

"ਜੇ ਤੂੰ ਏਨਾ ਈ ਵਡਾ ਬੇਵਕੂਫ ਐਂ ਤਾਂ ਜਾਹ ਜਾ ਕੇ ਮਰ ਪਰ੍ਹਾਂ।" ਇਹ ਕਹਿ ਕੇ ਉਹਨੇ ਮੁੜ ਤਮਾਕੂ ਵਾਲੀ ਪਾਈਪ ਮੂੰਹ 'ਚ ਪਾ ਲਈ, ਜਿਵੇਂ ਕੁਝ ਹੋਇਆ ਈ ਨਹੀਂ ਸੀ!

ਲਓ ਜੀ! ਮੈਂ ਰੱਸਾ ਆਪਣੀ ਜੈਕਟ ਵਿਚੋਂ ਕੱਢਿਆ ਤੇ ਇਕ ਤਿੰਨ ਟੰਗੇ ਸਟੂਲ 'ਤੇ ਜਾ ਚੜ੍ਹਿਆ। ਪਹਿਲਾਂ ਮੈਂ ਛੱਤ ਦੇ ਸ਼ਤੀਰ ਉਪਰੋਂ ਦੀ ਰੱਸੀ ਕਢ ਕੇ ਲਮਕਾਈ, ਉਪਰਲੇ ਸਿਰੇ ਨੂੰ ਗੰਢ ਮਾਰੀ ਤੇ ਦੂਜੇ ਸਿਰੇ ਨੂੰ ਰਿਸਕਪਾਈ ਗੰਢ ਮਾਰ ਕੇ ਆਪਣੇ ਗਲ ਵਿਚ ਪਾ ਲਿਆ ਤੇ ਧਿਆਨ ਰੱਖਿਆ ਕਿ ਗੰਢ ਪੀਡੀ ਵੀ ਨਾ ਹੋ ਜਾਵੇ, ਹੋਰ ਕਿਧਰੇ ਸੱਚ ਮੁੱਚ ਹੀ ਮੇਰਾ ਗਲ ਘੁੱਟਿਆ ਜਾਵੇ, ਕਿਉਂਕਿ ਮੇਰਾ ਇਰਾਦਾ ਸੱਚ ਮੁੱਚ ਮਰਨ ਦਾ ਤਾਂ ਸੀ ਨਹੀਂ! ਇੰਜ ਮੈਂ ਕੁਝ ਦੇਰ ਸਟੂਲ 'ਤੇ ਖੜ੍ਹਾ ਰਿਹਾ ਤੇ ਕਈ ਤਰ੍ਹਾਂ ਦੀਆਂ ਆਵਾਜ਼ਾਂ ਕਢਦਾ ਰਿਹਾ ਤਾਂ ਕਿ ਮੇਰੀ ਨੂੰ ਤਸੱਲੀ ਹੋ ਜਾਵੇ ਕਿ ਗਲ ਘੁੱਟਣ ਕਰਕੇ ਮੇਰਾ ਸਾਹ ਬੰਦ ਹੋ ਰਿਹਾ ਸੀ ਤੇ ਮੇਰੀਆਂ ਅਖਾਂ ਬਾਹਰ ਨੂੰ ਆ ਰਹੀਆਂ ਸਨ। ਪਰ ਮੇਰੀ ਤਾਂ ਚੁੱਪ ਚਾਪ ਬੈਠੀ ਤਮਾਕੂ ਵਾਲੀ ਪਾਈਪ ਮੂੰਹ ਨੂੰ ਲਾ ਕੇ ਧੂੰਆਂ ਛਡਦੀ ਰਹੀ! ਇਉਂ ਲਗ ਰਿਹਾ ਸੀ ਜਿਵੇਂ ਮੈਂ ਉਸ ਦੇ ਸਾਹਮਣੇ ਕੁਝ ਵੀ ਨਹੀਂ ਸਾਂ!

ਮੇਰੀ ਹਾਲਤ ਏਨੀ ਬੁਰੀ ਤੇ ਹਾਸੋਹੀਣੀ ਹੋ ਗਈ ਸੀ ਕਿ ਚੰਗਾ ਹੁੰਦਾ ਇਹ ਪੰਗਾ ਮੈਂ ਲੈਂਦਾ ਈ ਨਾ! ਮੇਰਾ ਮਕਸਦ ਸਿਰਫ ਝੂਠਾ ਫਾਹਾ ਲੈ ਕੇ ਉਸ ਨੂੰ ਡਰਾਉਣਾ ਹੀ ਸੀ ਤਾਂ ਕਿ ਉਹ ਮੇਰੀ ਗੱਲ ਮੰਨ ਲਵੇ! ਮੈਂ ਸੋਚਿਆ ਸੀ ਕਿ ਜਿਉਂ ਹੀ ਮੈਂ ਗਲ ਵਿਚ ਫਾਹਾ ਪਾ ਕੇ ਸਟੂਲ 'ਤੇ ਚੜ੍ਹਾਂਗਾ, ਉਹ ਝੱਟ ਆ ਕੇ ਮੈਨੂੰ ਚੰਬੜ ਜਾਏਗੀ ਤੇ ਮੈਨੂੰ ਖ਼ੁਦਕੁਸ਼ੀ ਕਰਨ ਤੋਂ ਰੋਕ ਲਏਗੀ। ਮੇਰੀ ਸਕੀਮ ਉਸ ਨੂੰ ਮਨਾਉਣ ਤਕ ਹੀ ਸੀਮਤ ਸੀ ਤਾਂ ਕਿ ਉਹ ਡੈਨ ਨੂੰ ਭੁੱਲ ਜਾਵੇ। ਪਰ ਉਹ ਤਾਂ ਬੜੇ ਆਰਾਮ ਨਾਲ ਮੇਰੇ ਸਾਹਮਣੇ ਬੈਠੀ ਤਮਾਕੂ ਪੀ ਰਹੀ ਸੀ। ਮੈਨੂੰ ਲੱਗਾ ਕਿ ਇਹ ਮੇਰਾ ਭੁਲੇਖਾ ਸੀ। ਹੋਰ ਮੈਂ ਕਰ ਵੀ ਕੀ ਸਕਦਾ ਸਾਂ? ਆਪਣੇ ਆਪ ਨੂੰ ਫਾਹੇ ਲਾ ਕੇ ਮੌਤ ਦੇ ਮੂੰਹ ਜਾ ਪੈਣ ਦਾ ਮੇਰਾ ਕੋਈ ਇਰਾਦਾ ਤਾਂ ਸੀ ਨਹੀਂ! ਅਸਲ ਵਿਚ ਉਹੋ ਜਿਹੀਆਂ ਪੰਜ ਸੌ ਮੇਰੀਆਂ ਲਈ ਮਰਨ ਦੀ ਹਿੰਮਤ ਵੀ ਮੇਰੇ 'ਚ ਨਹੀਂ ਸੀ। ਹੁਣ ਸਟੂਲ 'ਤੇ ਚੜ੍ਹ ਕੇ ਤੇ ਗਲ ਵਿਚ ਰੱਸਾ ਪਾ ਕੇ ਜਿਵੇਂ ਮੈਂ ਉਹਦੇ ਸਾਹਮਣੇ ਖੜ੍ਹਾ ਸਾਂ, ਖੁਦਕੁਸ਼ੀ ਕੀਤੇ ਬਿਨਾ ਸਟੂਲ ਤੋਂ ਉਤਰ ਕੇ ਹੇਠਾਂ ਆਉਣਾ ਮੇਰੇ ਲਈ ਸ਼ਰਮਦਾਇਕ ਗੱਲ ਹੀ ਨਹੀਂ ਸੀ, ਮੇਰੀ ਇੱਜਤ ਦਾ ਵੀ ਸਵਾਲ ਸੀ! ਸਟੂਲ 'ਤੇ ਮੈਂ ਝੁੱਡੂ ਬਣਿਆ ਖੜ੍ਹਾ ਰਿਹਾ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਹੁਣ ਮੇਰੇ ਲਈ ਹੋਰ ਕੋਈ ਚਾਰਾ ਰਿਹਾ ਸੀ ਕਿ ਨਹੀਂ!



*ਕੋਰੜਿਆਂ ਦੀ ਮਾਰ ਖਾਣ ਪਿੱਛੋ ਕਾਲੇ ਮੂਲ ਦਾ ਇਕ ਵਿਅਕਤੀ*

ਐਨ ਉਸ ਵੇਲੇ ਹੀ ਮਾਲਕ ਦਾ ਵੱਡਾ ਸਾਰਾ ਕੁੱਤਾ 'ਕਾਰਲੋ' ਇਕ ਬਿੱਲੀ ਦੇ ਪਿੱਛੇ ਭੱਜਦਾ ਅੰਦਰ ਆ ਵੜਿਆ। ਬਿੱਲੀ ਤਾਂ ਬਿਨਾਂ ਕੋਈ ਆਵਾਜ਼ ਕੀਤਿਆਂ ਰਸੋਈ ਵਿਚੋਂ ਹੋ ਕੇ ਦੂਜੇ ਪਾਸੇ ਚਲੀ ਗਈ ਪਰ ਕਾਰਲੋ ਬਿੱਲੀ ਦੇ ਪਿੱਛੇ ਮੁੜਦਿਆਂ ਮੇਰੇ ਸਟੂਲ ਵਿਚ ਵੱਜਾ। ਸਟੂਲ ਮੇਰੇ ਪੈਰਾਂ ਹੇਠੋਂ ਅਜਿਹਾ ਖਿਸਕਿਆ ਕਿ ਮੇਰੇ ਸਿਰ ਉਤੋਂ ਢਿੱਲੀ ਰੱਸੀ ਕਸੀ ਗਈ, ਮੈਂ ਰੱਸੀ ਨਾਲ ਇਉਂ ਲਟਕ ਗਿਆ ਕਿ ਮੇਰੇ ਪੈਰ ਜ਼ਮੀਨ ਤੋਂ ਕੁਝ ਇੰਚ ਹੀ ਉਤਾਂਹ ਰਹਿ ਗਏ। ਮੇਰੀ ਗਰਦਨ ਨੂੰ ਝਟਕਾ ਵੀ ਲੱਗਾ ਪਰ ਮੈਂ ਆਪਣੇ ਦੋਵੇਂ ਹੱਥਾਂ ਨਾਲ ਰੱਸੀ ਨੂੰ ਫੜ ਕੇ ਆਪਣਾ ਸਰੀਰ ਉਤੇ ਖਿੱਚਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਕਿ ਮੈਂ ਆਪਣੀ ਗਰਦਨ ਬਚਾ ਸਕਾਂ! ਇਸ ਹਾਲਤ ਵਿਚ ਹੁਣ ਮੈਂ ਆਪਣੇ ਹੀ ਹੱਥਾਂ ਨਾਲ ਪਾਈ ਰੱਸੀ ਦੀ ਖਿੱਚ ਤੋਂ ਕਿੰਨਾ ਕੁ ਚਿਰ ਆਪਣੇ ਆਪ ਨੂੰ ਬਚਾਈ ਰਖਦਾ! ਮੇਰਾ ਮਰਨਾ ਯਕੀਨੀ ਸੀ। ਤਿੰਨ ਟੰਗਾ ਸਟੂਲ ਡਿੱਗ ਕੇ ਮੇਰੇ ਪੈਰਾਂ ਤੋਂ ਕਾਫੀ ਦੂਰ ਜਾ ਚੁੱਕਾ ਸੀ। ਉਪਰ ਛੱਤ ਹੇਠਲੇ ਥੰਮ੍ਹ ਨਾਲ ਬੱਝੀ ਹੋਈ ਰੱਸੀ ਤਕ ਮੈਂ ਪਹੁੰਚ ਨਹੀਂ ਸਾਂ ਸਕਦਾ। ਰੱਸੀ ਨੂੰ ਖਿੱਚ ਕੇ ਫੜੀ ਰੱਖਣ ਨਾਲ ਮੇਰੀਆਂ ਬਾਹਾਂ ਥੱਕ ਕੇ ਚੂਰ ਹੋ ਚੁੱਕੀਆਂ ਸਨ ਤੇ ਕੰਬ ਰਹੀਆਂ ਸਨ! ਅਜੇ ਵੀ ਮੇਰਾ ਇਰਾਦਾ ਮੇਰੀ ਨੂੰ ਬੁਲਾਉਣ ਦਾ ਨਹੀਂ ਸੀ। ਉਹ ਪਲ ਬੜੇ ਖਤਰਨਾਕ ਸਨ! ਅਗੋਂ ਕੀ ਹੋਏਗਾ ਮੈਨੂੰ ਨਹੀਂ ਸੀ ਪਤਾ! ਮੇਰਾ ਰੱਬ ਜਾਣਦੈ, ਮੇਰੀ ਦਿਲੀ ਇੱਛਾ ਇਹੋ ਸੀ ਕਿ ਇਹੋ ਜਿਹੇ ਮੌਕੇ ਮੁੜ ਕੇ ਜੀਵਨ ਵਿਚ ਕਦੇ ਵੀ ਨਾ ਦੇਖਾਂ! ਮੇਰੇ ਦਿਮਾਗ਼ ਵਿਚ ਬੁਰੇ ਬੁਰੇ ਖਿਆਲ ਆ ਰਹੇ ਸਨ! ਮੈਂ ਸੋਚ ਰਿਹਾ ਸਾਂ ਕਿ ਜਮਦੂਤ ਸੰਗਲ਼ ਲੈ ਕੇ ਮੈਨੂੰ ਜਕੜ ਕੇ ਲਿਜਾਣ ਲਈ ਮੇਰੇ ਵੱਲ ਉਡੇ ਆ ਰਹੇ ਨੇ! ਮੇਰੀਆਂ ਬਾਹਾਂ ਦੀ ਖਿੱਚ ਨੇ ਮੇਰੇ ਸਾਹ ਸਤ ਸੁਕਾ ਦਿਤੇ ਸਨ। ਮੇਰੇ ਅੰਦਰ ਸਾਹਸ ਨਾਂ ਦੀ ਕੋਈ ਖਿੱਚ ਬਾਕੀ ਨਹੀਂ ਸੀ ਰਹਿ ਗਈ। ਅਖੀਰ ਮੈਂ ਸਾਰਾ ਜ਼ੋਰ ਲਾ ਕੇ ਕਿਹਾ, "ਮੇਰੀ...! ਰੱਬ ਦੇ ਵਾਸਤੇ ਮੇਰਾ ਰੱਸਾ ਕੱਟ ਦੇ!"

"ਨਹੀਂ! ਤੂੰ ਆਪਣੇ ਆਪ ਪੰਗਾ ਲੈ ਕੇ ਫਾਹਾ ਲਿਆ ਸੀ! ਹੁਣ ਲਮਕਦਾ ਰਹਿ!" ਮੇਰੀ ਨੇ ਬੇਪਰਵਾਹੀ ਨਾਲ ਕਿਹਾ।

"ਓ-ਹੋ! ਮੇਰੀ! ਮੇਰਾ ਇਰਾਦਾ ਫਾਹਾ ਲੈਣ ਦਾ ਨਹੀਂ ਸੀ। ਮੈਂ ਤਾਂ ਦੇਖਣਾ ਚਾਹੁੰਦਾ ਸਾਂ ਕਿ ਤੂੰ ਕੀ ਆਖੇਂਗੀ!"

"ਤਾਂ ਠੀਕ ਐ! ਤੂੰ ਹੁਣ ਸੁਣ ਹੀ ਲਿਐ ਕਿ ਮੈਂ ਕੀ ਕਹਿਣਾ ਸੀ। ਹੁਣ ਲਮਕਿਆ ਰਹਿ!"

"ਓ-ਹੋ! ਪਿਆਰੀ ਮੇਰੀ! ਸਿਰਫ ਇਕ ਵਾਰੀ ਮੇਰੀ ਜਾਨ ਬਚਾ ਲੈ, ਪਲੀਜ਼!"

ਮੇਰੇ ਮੂੰਹੋਂ ਗਿੱਦੜ ਵਾਂਗ ਹੁਆਂਕਣ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਮੇਰੇ 'ਤੇ ਬੇਹੋਸ਼ੀ ਜਿਹੀ ਛਾਣ ਲੱਗ ਪਈ। ਸ਼ਾਇਦ ਮੈਂ ਬੇਹੋਸ਼ ਹੋ ਗਿਆ ਸਾਂ। ਫੇਰ ਜਦੋਂ ਮੈਨੂੰ ਹੋਸ਼ ਆਈ ਤਾਂ ਡਾਕਟਰ ਤਿਲੋਤਸਨ, ਉਹਦੀ ਘਰਵਾਲੀ ਤੇ ਮੇਰੀ, ਮੇਰੇ ਆਲੇ-ਦੁਆਲੇ ਖੜ੍ਹੇ ਸਨ ਤੇ ਮੈਂ ਫਰਸ਼ 'ਤੇ ਲੰਮਾ ਪਿਆ ਸਾਂ।

ਮੈਂ ਫਰਸ਼ 'ਤੇ ਕਿਵੇਂ ਆ ਗਿਆ ਤੇ ਕਿਸ ਨੇ ਮੇਰਾ ਰੱਸਾ ਕੱਟਿਆ, ਮੈਨੂੰ ਕੁਝ ਨਹੀਂ ਪਤਾ। ਡਾਕਟਰ ਤਿਲੋਤਸਨ ਨੇ ਮੇਰੀ ਨਬਜ਼ ਦੇਖੀ। ਉਹਦੀ ਪਤਨੀ ਦੇ ਇਕ ਹੱਥ ਵਿਚ, ਲਗਦਾ ਸੀ ਕਿ ਕੋਈ ਮੁਸ਼ਕਪੂਰ ਵਰਗੀ ਚੀਜ਼ ਸੀ ਤੇ ਦੂਜੇ ਵਿਚ ਦਵਾਈ ਵਾਲੀ ਸ਼ੀਸ਼ੀ। ਡਾਕਟਰ ਨੇ ਮੈਨੂੰ ਫਰਸ਼ 'ਤੇ ਬਿਠਾਉਣ ਵਿਚ ਮਦਦ ਕੀਤੀ ਤੇ ਫੇਰ ਕੁਰਸੀ 'ਤੇ ਬਹਾਇਆ। ਉਸ ਵੇਲੇ ਮੇਰੇ ਮੂੰਹ ਤੇ ਨੱਕ ਵਿਚੋਂ ਖ਼ੂਨ ਬਹਿ ਰਿਹਾ ਸੀ। ਇਕ ਬੱਠ਼ਲ ਮੰਗਵਾਇਆ ਗਿਆ ਤਾਂ ਕਿ ਮੇਰਾ ਖ਼ੂਨ ਉਸ ਵਿਚ ਡੁਲ੍ਹਦਾ ਰਹੇ। ਉਨ੍ਹੀਂ ਦਿਨੀਂ ਮਰੀਜ਼ ਦੀ ਰਾਹਤ ਲਈ ਡਾਕਟਰ ਮਰੀਜ਼ ਵਿਚੋਂ ਥੋੜ੍ਹਾ ਖ਼ੂਨ ਵਹਿਣ ਦਿਆ ਕਰਦੇ ਸਨ ਜਿਸ ਨਾਲ ਮਰੀਜ਼ ਨੂੰ ਕੁਝ ਰਾਹਤ ਮਹਿਸੂਸ ਹੁੰਦੀ ਸੀ। ਮੈਨੂੰ ਘਰ ਤਕ ਪਹੁੰਚਾਉਣ ਲਈ ਮੇਰੇ ਨਾਲ ਦੋ ਬੰਦੇ ਭੇਜੇ ਗਏ। ਅਗਲੇ ਦਿਨ ਮੇਰੀ ਗਰਦਨ ਸੁੱਜ ਗਈ ਤੇ ਮੇਰਾ ਗਲਾ ਪੀੜੋ-ਪੀੜ ਹੋ ਗਿਆ। ਗਲੇ ਤੋਂ ਹੇਠਾਂ ਕੁਝ ਵੀ ਨਹੀਂ ਸੀ ਲੰਘਦਾ। ਠੀਕ ਹੋਣ ਲਈ ਕੋਈ ਦੋ ਕੁ ਹਫਤੇ ਲਗੇ ਹੋਣਗੇ। ਏਨੇ ਵਿਚ ਮਾਲਕ ਨੂੰ ਮੇਰੀ ਸਾਰੀ ਕਰਤੂਤ ਦਾ ਪਤਾ ਲੱਗ ਚੁੱਕਾ ਸੀ ਕਿ ਮੇਰੀ ਬਿਮਾਰੀ ਦਾ ਕਾਰਨ ਕੀ ਸੀ! ਮੇਰੀ ਗਲਤੀ ਦੀ ਸਜ਼ਾ ਮੈਨੂੰ 39 ਨਹੀਂ ਸਗੋਂ 78 ਛਾਂਟਿਆਂ ਦੀ ਮਾਰ ਖਾ ਕੇ ਮਿਲੀ। ਮੇਰੀ ਨਾਲ ਪਿਆਰ ਕਰਨ ਦਾ ਸਿਲਾ ਮੈਨੂੰ ਇਹੋ ਮਿਲਿਆ!

---

ਕਹਿੰਦੇ ਨੇ ਕਿ ਕਿਸਮਤ ਬਦਲਦਿਆਂ ਦੇਰ ਨਹੀਂ ਲਗਦੀ! ਮੇਰੀ ਦੇ ਮਾਲਕ ਦਾ ਪੁੱਤਰ ਜਦੋਂ ਮੇਰੀ ਨਾਲ ਜ਼ਬਰਦਸਤੀ ਕਰ ਰਿਹਾ ਸੀ ਤਾਂ ਡੈਨ ਨੇ ਉਨ੍ਹਾਂ ਨੂੰ ਉਸ ਹਾਲਤ ਵਿਚ ਦੇਖ ਲਿਆ। ਡੈਨ ਦੇ ਹੱਥ ਵਿਚ ਤਿੱਖੀ ਸਲੰਘ ਸੀ ਜਿਹੜੀ ਉਹਨੇ ਮੁੰਡੇ ਦੀ ਪਿੱਠ ਵਿਚ ਮਾਰੀ! ਮੇਰੀ ਨੇ ਤਾਂ ਸ਼ਰਮ ਨਾ ਸਹਾਰਦਿਆਂ ਡੁੱਬ ਕੇ ਆਪਣੀ ਜਾਨ ਲੈ ਲਈ! ਉਸ ਦੀ ਲਾਸ਼ ਦੀ ਸ਼ਨਾਖ਼ਤ ਲਈ ਜੈਕਬ ਨੂੰ ਬੁਲਾਇਆ ਗਿਆ। ਡੈਨ ਨੂੰ ਲੋਕਾਂ ਨੇ ਘੜੀਸ ਕੇ ਖੰਭੇ ਨਾਲ ਲਮਕਾ ਕੇ ਜਿਉਂਦਾ ਸਾੜ ਦਿਤਾ। ਡੈਨ ਨੂੰ ਸਾੜਨ ਵਾਲੇ ਮੋਹਰੀ ਲੋਕਾਂ ਵਿਚ ਡਾਕਟਰ ਬਰਮੀ (ਜਿਸ ਦੀ ਪਾਈਪ ਵਿਚ ਬਰੂਦ ਫਟ ਗਿਆ ਸੀ) ਦੇ ਪੁੱਤਰ ਸਨ। ਉਨ੍ਹਾਂ ਨੂੰ ਆਪਣੀ ਕਰਨੀ ਦੀ ਸਜ਼ਾ ਇਹ ਮਿਲੀ ਕਿ ਉਹ ਅੱਗ ਵਿਚ ਘਿਰ ਕੇ ਸੜ ਗਏ! ਜੈਕਬ ਗਰੀਨ ਜਦੋਂ ਵੀਹ ਸਾਲ ਦਾ ਹੋਇਆ ਤਾਂ ਉਸ ਦੇ ਮਾਲਕ ਨੇ ਜੇਨ ਨਾਂ ਦੀ ਇਕ ਗੁਲਾਮ ਨਾਲ ਉਸ ਦਾ ਜ਼ਬਰਦਸਤੀ ਵਿਆਹ ਕਰਵਾ ਦਿਤਾ। ਜੇਨ ਨੇ ਵਿਆਹ ਤੋਂ ਪੰਜ ਮਹੀਨੇ ਪਿਛੋਂ ਉਸੇ ਮਾਲਕ ਦੇ ਬੱਚੇ ਨੂੰ ਜਨਮ ਦਿਤਾ। ਗਰੀਨ ਉਸ ਔਰਤ ਨਾਲ ਛੇ ਸਾਲ ਰਹਿੰਦਾ ਰਿਹਾ। ਉਨ੍ਹਾਂ ਦੋਹਾਂ ਦੇ ਦੋ ਬੱਚੇ ਹੋਏ। ਪਰ ਜੇਨ ਦੇ ਮਾਲਕ ਨੇ ਬੱਚਿਆਂ ਸਮੇਤ ਉਸ ਨੂੰ ਅਗੇ ਵੇਚ ਦਿਤਾ। ਅਖੀਰ ਜੀਵਨ ਤੋਂ ਤੰਗ ਆ ਕੇ ਗਰੀਨ ਨੇ ਭੱਜ ਜਾਣ ਦਾ ਪੱਕਾ ਇਰਾਦਾ ਕਰ ਲਿਆ। ਭਗੌੜਾ ਹੋ ਕੇ ਰਾਹਾਂ ਵਿਚ ਜੋ ਮੁਸੀਬਤਾਂ ਆਈਆਂ ਉਹ ਇਕ ਵੱਖਰੀ ਦਾਸਤਾਨ ਹੈ। ਫਿਲਾਡੈਲਫੀਆ ਸ਼ਹਿਰ ਵਿਚ ਉਹ ਤਿੰਨ ਸਾਲ ਰਿਹਾ। ਅਖੀਰ ਉਹਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪਏ। ਉਸ ਨੂੰ ਗ੍ਰਿਫਤਾਰ ਕਰਕੇ ਮੈਰੀਲੈਂਡ ਭੇਜ ਦਿਤਾ ਗਿਆ ਜਿਥੇ ਉਹਨੂੰ ਗੁਲਾਮਾਂ ਦੇ ਵਪਾਰੀ ਖਰੀਦ ਕੇ ਟੈਨੇਸੀ ਸੂਬੇ ਵਿਚ ਲੈ ਗਏ। ਉਥੇ ਉਹਨੇ ਸਾਢੇ ਤਿੰਨ ਸਾਲ ਕੰਮ ਕੀਤਾ ਜਿਥੋਂ ਉਹ ਕਿਸ਼ਤੀ ਰਾਹੀਂ ਭੱਜ ਕੇ ਨਿਊ ਯਾਰਕ ਪਹੁੰਚ ਗਿਆ। ਨਿਊ ਯਾਰਕ ਵਿਚ ਕੁਝ ਹੀ ਮਹੀਨਿਆਂ ਵਿਚ ਉਸ ਨੂੰ ਫੜ ਲਿਆ ਗਿਆ। ਜਦੋਂ ਉਸ ਨੂੰ ਅਮਰੀਕਾ ਦੇ ਦੱਖਣ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਹ ਜਹਾਜ਼ ਵਿਚੋਂ ਗਾਇਬ ਹੋ ਗਿਆ। ਕੁਝ ਮਹੀਨਿਆਂ ਪਿਛੋਂ ਉਹ ਫੇਰ ਓਹਾਇਓ 'ਚ ਫੜਿਆ ਗਿਆ ਤੇ ਇਕ ਮਾਲਕ ਕੋਲ ਇਕ ਸਾਲ ਉਸ ਦੀ ਘੋੜਾ ਬੱਘੀ ਦਾ ਚਾਲਕ ਬਣ ਕੇ ਰਿਹਾ। ਆਪਣੇ ਵਾਰ ਵਾਰ ਫੜੇ ਜਾਣ ਤੋਂ ਤੰਗ ਆ ਕੇ ਅਖੀਰ ਉਹ ਕੈਨੇਡਾ ਦੇ ਸ਼ਹਿਰ ਟਰਾਂਟੋ ਪਹੁੰਚ ਗਿਆ ਜਿਥੇ ਉਹ ਤਿੰਨ ਸਾਲ ਰਿਹਾ। ਉਥੋਂ ਉਹ ਇੰਗਲੈਂਡ ਚਲਾ ਗਿਆ। ਉਥੇ ਉਸ ਨੇ ਆਪਣੀ ਜੀਵਨੀ ਦਾ ਵਿਸਥਾਰ ਲਿਖਿਆ।

***(ਸਮਾਪਤ)***

# ਸਿੱਖ ਰਾਜ ਦੇ ਪੰਜਾਬ ਦੀਆਂ ਵਿਦਿਅਕ ਸਿਖਰਾਂ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਆਮ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਰਾਜ ਸਮੇਂ ਪੰਜਾਬੀ ਨਾਲੋਂ ਫਾਰਸੀ ਨੂੰ ਚੰਗੇਰੀ ਪਦਵੀ ਦੇਣ ਕਾਰਣ ਨਿੰਦਿਆ ਜਾਂਦਾ ਹੈ। ਪਰ ਕਰਾਚੀ ਤੋਂ ਛਪਦੇ 'ਡਾਅਨ' ਨੇ ਖੁਲਾਸਾ ਕੀਤਾ ਹੈ ਕਿ ਸਿੱਖ ਰਾਜ ਸਮੇਂ ਪੰਜਾਬ ਦੁਨੀਆਂ ਵਿਚ ਸਭ ਤੋਂ ਵਧ ਪੜ੍ਹਿਆ-ਲਿਖਿਆ ਹੁੰਦਾ ਸੀ। ਮੰਨੇ ਪ੍ਰਮੰਨੇ ਭਾਸ਼ਾ-ਵਿਗਿਆਨੀ ਤੇ ਪੰਜਾਬ ਯੂਨੀਵਰਸਟੀ ਦੇ ਬਾਨੀ ਜੀ.ਡਲਲਿਊ. ਲੀਅਟਨਰ ਦੀ 1882 ਵਿਚ ਲਿਖੀ ਪੁਸਤਕ ਅਨੁਸਾਰ ਲਾਹੌਰ 'ਚ ਤਕਨੀਕੀ ਸਿੱਖਿਆ, ਗਣਿਤ, ਤਰਕ ਤੇ ਭਾਸ਼ਾਵਾਂ ਤੋਂ ਬਿਨਾ ਚਿੱਤਰਕਲਾ, ਦਸਤਕਾਰੀ, ਭਵਨ ਉਸਾਰੀ ਤੇ ਕਲਮਕਾਰੀ ਦੇ ਵਿਸ਼ੇਸ਼ ਸਕੂਲ ਸਨ। ਕੁੜੀਆਂ ਲਈ 18 ਸਕੂਲ ਇਨ੍ਹਾਂ ਤੋਂ ਵੱਖਰੇ ਸਨ। ਕਾਇਦੇ ਤੇ ਬਾਲ ਪੁਸਤਕਾਂ ਤਹਿਸੀਲਦਾਰਾਂ ਰਾਹੀਂ ਪਿੰਡਾਂ 'ਚ ਪਹੁੰਚਾਏ ਜਾਂਦੇ ਸਨ, ਖਾਸ ਕਰ ਬੀਬੀਆਂ ਲਈ। 1857 ਤੋਂ ਪਿਛੋਂ ਗੋਰਿਆਂ ਨੇ ਭਾਰਤੀ ਵਿਦਿਆ ਨਾਲ ਸਬੰਧਤ ਪਾਠ ਪੁਸਤਕਾਂ ਸਾੜਨ ਲਈ ਘਰ ਘਰ ਛਾਪੇ ਮਾਰੇ ਤੇ ਇਨ੍ਹਾਂ ਦੀਆਂ ਧੂਣੀਆਂ ਬਾਲੀਆਂ। ਉਨ੍ਹਾਂ ਦੇ ਵਿਚਾਰ ਅਨੁਸਾਰ 1857 ਦੇ ਜੰਗ-ਏ-ਆਜ਼ਾਦੀ ਦੀਆਂ ਜੜ੍ਹਾਂ ਵਿਦਿਆ ਵਿਚ ਸਨ। ਵਿਦਿਆਰਥੀਆਂ ਦੀ ਗਿਣਤੀ 3,30,000 ਤੋਂ ਘਟ ਕੇ 1,90,000 ਰਹਿ ਗਈ।

ਲੇਖਕ ਅਨੁਸਾਰ ਮਸੀਤਾਂ, ਮੰਦਰ ਤੇ ਗੁਰਦੁਆਰੇ ਵਿਦਿਆ ਦਾ ਕੇਂਦਰ ਹੋਣ ਕਾਰਨ ਸਕੂਲਾਂ ਲਈ ਥਾਂਵਾਂ ਲੱਭਣ ਤੇ ਇਮਾਰਤਾਂ ਉਸਾਰਨ ਦੀ ਲੋੜ ਨਹੀਂ ਸੀ। ਅਧਿਆਪਕਾਂ ਨੂੰ ਤਨਖਾਹ ਅਨਾਜ ਦੇ ਰੂਪ ਵਿਚ ਦਿੱਤੀ ਜਾਂਦੀ ਸੀ। ਸਿਆਲਕੋਟ ਦੇ ਅਧਿਆਪਕ, ਜਿਨ੍ਹਾਂ ਨੇ ਅਲਾਮਾ ਇਕਬਾਲ ਤੇ ਫੈਜ਼ ਅਹਿਮਦ ਫੈਜ਼ ਪੈਦਾ ਕੀਤੇ, ਸਭ ਤੋਂ ਵੱਧ ਤਨਖਾਹ ਲੈਂਦੇ ਸਨ। ਜਿੰਨਾ ਪੈਸਾ ਈਸਟ ਇੰਡੀਆ ਕੰਪਨੀ ਬਾਕੀ ਦੇ ਸਾਰੇ ਹਿੰਦੁਸਤਾਨ ਉਤੇ ਖਰਚ ਕਰਦੀ ਸੀ, ਮਹਾਰਾਜਾ ਰਣਜੀਤ ਸਿੰਘ ਆਪਣੇ ਪੰਜਾਬ ਵਿਚ ਖਰਚ ਦਿੰਦਾ ਸੀ। ਲੀਅਟਨਰ ਅਨੁਸਾਰ ਪੰਜਾਬ ਦਾ ਵਿਦਿਅਕ ਗੁੱਡਾ ਬੰਨ੍ਹਣ ਵਿਚ ਔਰਤਾਂ ਤੇ ਧਰਮ ਅਸਥਾਨਾਂ, ਖਾਸ ਕਰਕੇ ਮਸੀਤਾਂ ਦਾ ਵਿਸ਼ੇਸ਼ ਯੋਗਦਾਨ ਸੀ।

**ਬਰਜਿੰਦਰ ਸਿੰਘ ਹਮਦਰਦ ਦੀ ਅੱਠਵੀਂ ਸੰਗੀਤ ਐਲਬਮ:** ਪਿਛਲੇ ਐਤਵਾਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਟੀ ਵਿਚ ਪੰਜਾਬ ਦੇ ਰਾਜਪਾਲ ਸ੍ਰੀ ਵੀ. ਪੀ. ਸਿੰਘ ਬਦਨੌਰ ਨੇ ਅਜੀਤ ਪ੍ਰਕਾਸ਼ਨ ਸਮੂਹ ਦੇ ਮਾਲਕ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਦੀ ਅਠਵੀਂ ਸੰਗੀਤ ਐਲਬਮ 'ਆਸਥਾ' ਰਿਲੀਜ਼ ਕੀਤੀ। ਨਵੇਂ ਗੀਤ ਆਤਮਕ ਤੇ ਅਧਿਆਤਮਕ ਸ਼ਕਤੀ ਦੇਣ ਵਾਲੇ ਹਨ। 'ਹਮ ਕੋ ਮਨ ਕੀ ਸ਼ਕਤੀ ਦੇਨਾ', 'ਗਰਜ ਬਰਸ ਪਿਆਸੀ ਧਰਤੀ ਕੋ' ਤੇ 'ਐ ਮਾਲਕ ਤੇਰੇ ਬੰਦੇ ਹਮ' ਆਦਿ ਮੁਖੜੇ ਧਾਰਮਕ, ਸਮਾਜਕ, ਪਰਿਵਾਰਕ ਤੇ ਰਾਜਨੀਤਕ ਝਮੇਲਿਆਂ ਵਿਚ ਉਲਝੀ ਮਾਨਵਤਾ ਨੂੰ ਸਕੂਨ ਦੇਣ ਵਾਲੇ ਹਨ। 'ਸਰਫਰੋਸ਼ੀ ਕੀ ਤਮੰਨਾ', 'ਮੇਰਾ ਰੰਗ ਦੇ ਬਸੰਤੀ ਚੋਲਾ' ਤੇ 'ਖ਼ੁਦ ਜੀਏਂ ਸਭ ਕੋ ਜੀਨਾ ਸਿਖਾਏਂ' ਦੀ ਕੋਰੀਓਗ੍ਰਾਫੀ ਪੇਸ਼ ਕਰਨ ਵਾਲੇ ਮੁੰਡੇ ਕੁੜੀਆਂ ਦੀਆਂ ਪੋਸ਼ਾਕਾਂ ਤੇ ਅੰਦਾਜ਼ ਦਿਲ ਦੀ ਧੁਰ ਅੰਦਰਲੀਆਂ ਤਰਜ਼ਾਂ ਤੇ ਪ੍ਰਭਾਵ ਪਾਉਣ ਵਾਲੇ ਸਨ। 'ਮੈਂ ਤੁਮ ਕੋ ਵਿਸ਼ਵਾਸ ਦੂੰ' ਜਾਂ 'ਇਨਸਾਨ ਕਾ ਇਨਸਾਨ ਸੇ ਹੋ ਭਾਈਚਾਰਾ' ਦੀ ਪੇਸ਼ਕਾਰੀ ਲਈ ਵਿਦਿਆਰਥੀਆਂ ਨੇ ਭੰਗੜੇ ਤੇ ਵਰਤਮਾਨ ਲੋਕ ਨਾਚਾਂ ਦੀ ਵਿਧਾ ਅਪਨਾਈ। ਬੋਲਾਂ ਵਿਚ ਰਚੀ ਹੋਈ ਬਰਜਿੰਦਰ ਸਿੰਘ ਦੀ ਹਮਦਰਦੀ ਅਤੇ ਪੇਸ਼ਕਾਰੀ ਵਿਚ ਲਵਲੀ ਯੂਨੀਵਰਸਟੀ ਦੇ ਵਿਦਿਆਰਥੀਆਂ ਦੀ ਪ੍ਰੋਫੈਸ਼ਨਲ ਯੋਗਤਾ ਦੇ ਚਰਚੇ ਦਰ-ਦੀਵਾਰਾਂ ਦੇ ਆਰ-ਪਾਰ ਜਾਣ ਵਾਲੇ ਸਨ।

ਇਨ੍ਹਾਂ ਗੀਤਾਂ ਦਾ ਗਾਇਕ ਜਿਸ ਤਰ੍ਹਾਂ ਆਤਮਕ, ਅਧਿਆਤਮਕ ਤੇ ਸਮਾਜਕ ਵਿਸ਼ਿਆਂ ਵਲ ਵਧ ਰਿਹਾ ਹੈ, ਪੜ੍ਹਨ-ਸੁਣਨ ਵਾਲੇ ਨੂੰ ਸਾਧੂ ਦਯਾ ਸਿੰਘ ਆਰਿਫ ਦੇ 'ਜ਼ਿੰਦਗੀ ਵਿਲਾਸ' ਦੀਆਂ ਪੌੜੀਆਂ ਚੇਤੇ ਆ ਜਾਂਦੀਆਂ ਹਨ। ਆਰਿਫ ਨੇ ਮਨੁੱਖ ਦੀ ਉਮਰ ਇੱਕ ਸੌ ਸਾਲ ਚਿਤਵ ਕੇ ਬੰਦੇ ਨੂੰ ਹਰ ਚੜ੍ਹਦੇ ਵਰ੍ਹੇ ਉਹਦੇ ਭਾਈਚਾਰਕ ਤੇ ਸਦਾਚਾਰਕ ਫਰਜ਼ਾਂ ਤੋਂ ਸੁਚੇਤ ਕੀਤਾ ਹੈ। 'ਆਸਥਾ' ਇਸ ਚੇਤਨਾ ਤੇ ਸੁਚੇਤਨਾ ਦਾ ਹੀ ਬਦਲਵਾਂ ਰੂਪ ਹੈ। ਬਰਜਿੰਦਰ ਸਿੰਘ ਨੂੰ ਸੌ ਸਾਲਾ ਪੌੜੀ ਮੁਬਾਰਕ।

ਬਰਜਿੰਦਰ ਸਿੰਘ ਹਮਦਰਦ ਦੇ ਪੱਤਰਕਾਰੀ ਵਾਲੇ ਪਿਤਾ ਪੁਰਖੀ ਧੰਦੇ ਤੋਂ ਸੰਗੀਤ ਵਲ ਵਧਦੇ ਕਦਮ ਇਹ ਵੀ ਸਿੱਧ ਕਰਦੇ ਹਨ ਕਿ ਉਸ ਨੇ ਆਪਣੀ ਪੱਤਰਕਾਰੀ ਦੀ ਚਾਹਨਾ ਨੂੰ ਸਿਖਰਾਂ ਉਤੇ ਪਹੁੰਚਾ ਕੇ ਹੁਣ ਸੰਗੀਤ ਨਾਲ ਪਲੇਠੀ ਪ੍ਰੀਤ ਨੂੰ ਗਲ਼ ਲਾ ਲਿਆ ਹੈ। ਪੱਤਰਕਾਰੀ ਉਸ ਦੀ ਪਤਨੀ ਹੈ ਤੇ ਗੀਤ ਸੰਗੀਤ ਉਸ ਦੀ ਪ੍ਰੇਮਿਕਾ। ਪਰ ਇਸ ਦਾ ਭਾਵ ਇਹ ਨਹੀਂ ਕਿ ਉਸ ਨੇ ਪੱਤਰਕਾਰੀ ਵਿਸਾਰ ਛੱਡੀ ਹੈ। ਉਹਦੇ ਵੱਲੋਂ ਪੱਤਰਕਾਰੀ ਨੂੰ ਸੰਗੀਤ ਦੀ ਪੁੱਠ ਚਾੜ੍ਹਨਾ ਸੋਨੇ ਉਤੇ ਸੁਹਾਗਾ ਚਾੜ੍ਹਨ ਦੇ ਤੁੱਲ ਹੈ। 'ਨਾਮ ਬੀਜ ਸੰਤੋਖ ਸੁਹਾਗਾ'। ਬਰਜਿੰਦਰ ਸਿੰਘ ਨੂੰ ਦੋਵੇਂ ਸ਼ੌਕ ਮੁਬਾਰਕ!



*ਬਰਜਿੰਦਰ ਸਿੰਘ ਹਮਦਰਦ ਦੀ ਨਵੀਂ ਐਲਬਮ 'ਆਸਥਾ' ਰਿਲੀਜ਼ ਕਰਦੇ ਹੋਏ ਪਤਵੰਤੇ*

**ਅੰਤਿਕਾ:**

(ਨੰਦ ਲਾਲ ਨੂਰਪੁਰੀ ਦੀ 'ਪੰਜਾਬਣ' ਵਿਚੋਂ)
ਤੇਰੀਆਂ ਰਕਾਨੇ ਗਿੱਧੇ ਵਿਚ ਧਮਕਾਂ
ਚੋਬਰਾਂ ਨੂੰ ਮਾਰੇਂ ਖਿੱਚ ਖਿੱਚ ਛਮਕਾਂ
ਨੱਚਦੀ ਦੇ ਤੇਰੇ ਖੁਲ੍ਹ ਗਏ ਕੇਸ ਨੀ
ਸਾਂਭ ਲੈ ਜਵਾਨੀ ਅਲ੍ਹੜ ਵਰੇਸ ਨੀ
ਮਹਿੰਦੀ ਵਾਲੇ ਹੱਥਾਂ ਵਿਚ ਛੱਲੇ ਮੁੰਦੀਆਂ
ਤੇਰੀਆਂ ਨੇ ਗੱਲਾਂ ਮੇਲਿਆਂ 'ਚ ਹੁੰਦੀਆਂ
ਪਾਉਂਦੀਆਂ ਦੁਹਾਈ ਨੇ ਪੰਜੇਬਾਂ ਲੰਘੀਆਂ
ਸੁਥਣਾਂ ਸਵਾਈਆਂ ਕਿੱਥੋਂ ਸੱਪ ਰੰਗੀਆਂ
ਸ਼ੀਸ਼ੇ ਵਾਂਗੂੰ ਸਾਫ਼ ਸੱਚੀਏ ਤੇ ਸੁੱਚੀਏ
ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ!

# ਮੇਰੀ ਪੰਜਾਬ ਫੇਰੀ

## ਆਵਾਮ, ਸਿਆਸੀ ਲੀਡਰਾਂ ਤੇ ਪ੍ਰਸ਼ਾਸਨ ਬਾਰੇ ਬਿਰਤਾਂਤ

*ਕੈਲੀਫੋਰਨੀਆ ਵੱਸਦੇ ਜਸਵੰਤ ਸਿੰਘ ਸੰਧੂ ਨੇ 'ਮੇਰੀ ਪੰਜਾਬ ਫੇਰੀ' ਵਿਚ ਪੰਜਾਬ ਦੇ ਅੱਜ ਦੇ ਹਾਲਾਤ ਦੀਆਂ ਕੁਝ ਕੁ ਝਾਕੀਆਂ ਪੇਸ਼ ਕੀਤੀਆਂ ਹਨ। ਇਨ੍ਹਾਂ ਝਾਕੀਆਂ ਤੋਂ ਸਮੁੱਚੇ ਪੰਜਾਬ ਦੇ ਹਾਲਾਤ ਬਾਰੇ ਚਾਨਣ ਹੋ ਜਾਂਦਾ ਹੈ। ਆਮ ਬੰਦੇ ਲਈ ਪੈਰ-ਪੈਰ 'ਤੇ ਅੜਿੱਕੇ ਹਨ ਅਤੇ ਲੀਡਰ ਲੋਕ ਇਸ ਪਾਸੇ ਉਕਾ ਹੀ ਧਿਆਨ ਨਹੀਂ ਧਰ ਰਹੇ। ਲੋਕਾਂ ਦੀਆਂ ਇਨ੍ਹਾਂ ਔਕੜਾਂ ਦਾ ਬਿਆਨ ਲੇਖਕ ਨੇ ਬਹੁਤ ਸਹਿਜ ਸ਼ਬਦਾਂ ਵਿਚ ਕੀਤਾ ਹੈ। -ਸੰਪਾਦਕ*



ਪੰਜ ਦਰਿਆਵਾਂ ਦੀ ਧਰਤੀ, ਬਹਾਦਰ ਤੇ ਅਣਖੀਲੇ ਪੰਜਾਬੀਆਂ ਦੀ ਧਰਤੀ ਪੰਜਾਬ ਜਿਸ ਬਾਰੇ ਪੰਜਾਬੀ ਸ਼ਾਇਰ ਫੀਰੋਜ਼ਦੀਨ ਸ਼ਰਫ ਨੇ ਕਦੇ ਲਿਖਿਆ ਸੀ:

ਸੋਹਣਾ ਦੇਸਾਂ ਵਿਚੋਂ ਦੇਸ ਪੰਜਾਬ ਨੀ ਸਈਓ।
ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ।

ਬੜੀਆਂ ਕੁਰਬਾਨੀਆਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਇਥੇ ਪੰਜਾਬੀਆਂ ਦਾ ਰਾਜ ਕਾਇਮ ਕੀਤਾ ਜਿਸ ਵਿਚ ਸਭ ਧਰਮਾਂ ਦੇ ਲੋਕ ਪਿਆਰ ਨਾਲ ਰਹਿੰਦੇ ਤੇ ਸੁਖੀ ਵਸਦੇ ਸਨ। ਉਨ੍ਹਾਂ ਦੇ ਰਾਜ 'ਚ ਕਦੀ ਫਿਰਕੂ ਫਸਾਦ ਨਹੀਂ ਸੀ ਹੋਏ। ਮਹਾਰਾਜੇ ਦੀ ਮੌਤ ਪਿਛੋਂ ਸਿੱਖ ਸਰਦਾਰਾਂ ਦੀ ਗੱਦੀ ਦੀ ਭੁੱਖ ਤੇ ਡੋਗਰਿਆਂ ਦੀ ਗੱਦਾਰੀ ਕਾਰਨ ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਇਸ ਗੁਲਾਮੀ ਨੂੰ ਗਲੋਂ ਲਾਹੁਣ ਲਈ ਗਦਰੀ ਬਾਬਿਆਂ, ਭਗਤ

**ਜਸਵੰਤ ਸਿੰਘ ਸੰਧੂ ਘਰਿੰਡਾ**
**ਫੋਨ: 510-516-5971**

ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਅਤੇ ਸੁਭਾਸ਼ ਚੰਦਰ ਵਰਗੇ ਅਨੇਕਾਂ ਸੂਰਬੀਰਾਂ ਨੇ ਕੁਰਬਾਨੀਆਂ ਦਿੱਤੀਆਂ। ਇਹ ਆਜ਼ਾਦੀ ਪੰਜਾਬੀਆਂ ਨੂੰ ਬੜੀ ਮਹਿੰਗੀ ਪਈ। ਵੰਡ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ। ਨਾਮਵਰ ਢਾਡੀ ਤੇ ਵਿਦਵਾਨ ਪਿਆਰਾ ਸਿੰਘ ਪੰਛੀ ਨੇ 1947 ਵਿਚ ਪੰਜਾਬ ਦੀ ਬਰਬਾਦੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਕਈਆਂ ਚਿਰਾਂ ਦੀ ਹੈ ਸੀ ਉਡੀਕ ਸਾਨੂੰ,
ਕਦੇ ਹੋਵੇਗਾ ਦੇਸ ਆਜ਼ਾਦ ਸਾਡਾ।
ਬੇਗੁਨਾਹਾਂ ਨੂੰ ਪਿੰਜਰੀਂ ਪਾਉਣ ਵਾਲਾ,
ਨਿਕਲ ਜਾਏਗਾ ਇਥੋਂ ਸਿਆਦ ਸਾਡਾ।
ਸਾਡੀ ਕੀਤੀ ਕਮਾਈ ਨੂੰ ਲੁੱਟੂ ਕੋਈ ਨਾ,
ਸੋਹਣਾ ਹੋਵੇਗਾ ਦੇਸ ਆਬਾਦ ਸਾਡਾ।
ਇਸ ਗੱਲ ਦਾ 'ਪੰਛੀਆ' ਪਤਾ ਨਹੀਂ ਸੀ,
ਹੋ ਜਾਣਾ ਹੈ ਝੁੱਗਾ ਬਰਬਾਦ ਸਾਡਾ।

ਭਗਤ ਸਿੰਘ ਨੇ ਕਿਹਾ ਸੀ, "ਸਾਡੀ ਲੜਾਈ ਉਨਾ ਚਿਰ ਜਾਰੀ ਰਹੇਗੀ, ਜਦੋਂ ਤੱਕ ਇਨਸਾਨ ਦੇ ਹੱਥੋਂ ਇਨਸਾਨ ਦੀ ਲੁੱਟ ਖਤਮ ਨਹੀਂ ਹੁੰਦੀ।" ਗੋਰੇ ਲੁਟੇਰੇ ਦੀ ਥਾਂ ਕਾਲਾ ਲੁਟੇਰਾ ਆ ਗਿਆ। ਅੰਗਰੇਜ਼ ਆਪਣੀ ਸਮੁੱਚੀ ਕੌਮ ਵਾਸਤੇ ਲੁੱਟਦੇ ਸਨ, ਪਰ ਸਾਡੇ ਹਾਕਮਾਂ ਨੇ ਆਪਣੇ ਅਤੇ ਆਪਣੇ ਪਰਿਵਾਰਾਂ ਵਾਸਤੇ ਲੁੱਟਣਾ ਸ਼ੁਰੂ ਕਰ ਦਿੱਤਾ। ਢਾਡੀ ਸੋਹਣ ਸਿੰਘ ਸੀਤਲ ਨੇ 'ਧਰਮਰਾਜ ਦੀ ਕਚਹਿਰੀ ਵਿਚ ਦੁੱਖਾਂ ਮਾਰੀ ਧਰਤੀ ਦੀ ਫਰਿਆਦ' ਨਾਮੀ ਕਲੀ ਵਿਚ ਲਿਖਿਆ ਹੈ:

ਜਿੰਨੂ ਮਜ਼੍ਹਬਾਂ ਵਾਲੇ ਕਹਿਣ ਕਚਹਿਰੀ ਧਰਮ ਦੀ,
ਦੁੱਖਾਂ ਮਾਰੀ ਧਰਤੀ ਉਥੇ ਜਾ ਪੁਕਾਰਦੀ।
ਇਥੇ ਪਾਪਾਂ ਦੀ ਹੱਦ ਹੋ ਗਈ ਮੇਰੇ ਦਾਤਿਆ!
ਮਾਣਸ ਦੈਂਤ ਦਾ ਹੁਣ ਮੈਂ ਨਾ ਭਾਰ ਸਹਾਰਦੀ।
ਜਿਨ੍ਹਾਂ ਦੇਣਾ ਸੀ ਉਪਦੇਸ਼ ਜਗਤ ਨੂੰ ਧਰਮ ਦਾ,
ਪੱਟੀ ਨਿੱਤ ਪੜ੍ਹਾਉਂਦੇ ਰਹਿੰਦੇ ਅਤਿਆਚਾਰ ਦੀ।
ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ,
ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।

ਮਹਾਰਾਜਾ ਰਣਜੀਤ ਸਿੰਘ ਜਿਹਾ ਰਾਜ ਅਤੇ 'ਰਾਜ ਨਹੀਂ ਸੇਵਾ' ਦਾ ਨਾਅਰਾ ਲਾ ਕੇ ਸੱਤਾ 'ਚ ਆਈ ਸਰਕਾਰ ਇਨ੍ਹਾਂ ਵਾਅਦਿਆਂ ਦੇ ਉਲਟ ਕੰਮ ਕਰ ਰਹੀ ਹੈ। 'ਰਾਈਟ ਟੂ ਸਰਵਿਸ ਕਾਨੂੰਨ' ਅਧੀਨ 70-80 ਮਹਿਕਮੇ ਆਉਂਦੇ ਹਨ ਜਿਨ੍ਹਾਂ ਵਿਚ ਹਰ ਕੰਮ ਨੂੰ ਬਿਨਾ ਰਿਸ਼ਵਤ, ਮਿਥੇ ਸਮੇਂ ਵਿਚ ਨਾ ਕਰਨ ਦੀ ਸੂਰਤ ਵਿਚ ਜੁਰਮਾਨਾ ਵੀ ਰੱਖਿਆ ਗਿਆ। ਇਸ ਦੇ ਨਿਯਮ ਹਰ ਮਹਿਕਮੇ ਦੇ ਦਫਤਰ ਵਿਚ ਲਿਖ ਕੇ ਕੰਧਾਂ ਨੀਲੀਆਂ ਕੀਤੀਆਂ ਹੋਈਆਂ ਹਨ, ਪਰ ਇਸ ਦੇ ਬਾਵਜੂਦ ਕੰਮ ਨਿਯਮਾਂ ਦੇ ਉਲਟ ਹੋ ਰਿਹਾ ਹੈ। ਵੱਡੇ-ਵੱਡੇ ਸੰਗਤ ਦਰਸ਼ਨ ਅਤੇ ਰੈਲੀਆਂ ਕੀਤੀਆਂ ਜਾਂਦੀਆਂ ਹਨ। ਕੋਈ ਵੀ ਵਰਕਰ ਲੀਡਰਾਂ ਸਾਹਮਣੇ ਦਫਤਰਾਂ ਵਿਚ ਚੱਲਦੀ ਸ਼ਰੇਆਮ ਰਿਸ਼ਵਤ ਦਾ ਜ਼ਿਕਰ ਨਹੀਂ ਕਰਦਾ। 1920 ਵਿਚ 'ਜਥੇਦਾਰ' ਸ਼ਬਦ ਪਵਿੱਤਰ ਆਦਮੀ ਦਾ ਪ੍ਰਤੀਕ ਸੀ, ਪਰ ਅੱਜ ਦੇ ਜਥੇਦਾਰ ਆਪਣੇ ਲੀਡਰਾਂ ਦੀਆਂ ਝੂਠੀਆਂ ਸਿਫਤਾਂ ਕਰੀ ਜਾਂਦੇ ਹਨ। ਜ਼ਮੀਰਾਂ ਮਰ ਗਈਆਂ ਨੇ। ਤੰਗ ਆ ਕੇ ਲੋਕ ਅੰਗਰੇਜ਼ ਰਾਜ ਨੂੰ ਯਾਦ ਕਰਨ ਲੱਗ ਪਏ ਨੇ।

ਆਪਣੇ ਭਤੀਜੇ ਦੇ ਵਿਆਹ ਉਤੇ ਪੰਜਾਬ ਦਾ ਗੇੜਾ ਲੱਗਿਆ। 'ਰਾਜ ਨਹੀਂ ਸੇਵਾ' ਦੇ ਰਾਜ ਵਿਚ ਜੋ 'ਸੇਵਾ' ਲੋਕਾਂ ਦੀ ਹੋ ਰਹੀ ਏ, ਉਨ੍ਹਾਂ ਵਿਚੋਂ ਕੁਝ ਘਟਨਾਵਾਂ ਦਾ ਜ਼ਿਕਰ ਕਰਾਂਗਾ। ਇਹ ਸਭ ਮੈਂ ਖੁਦ ਹੰਢਾਇਆ ਅਤੇ ਅੱਖੀਂ ਦੇਖਿਆ ਹੈ।

ਮੇਰੇ ਅਧਿਆਪਕ ਦੋਸਤ ਕੋਲ ਇਕ ਮੁੰਡਾ ਅੱਠਵੀਂ ਵਿਚ ਪੜ੍ਹਦਾ ਸੀ ਜਿਸ ਦੇ ਪਟਵਾਰੀ ਪਿਉ ਦੀ ਮੌਤ ਰਿਟਾਇਰ ਹੋਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਸਰਕਾਰੀ ਕਾਨੂੰਨ ਮੁਤਾਬਕ ਤਰਸ ਦੇ ਆਧਾਰ 'ਤੇ ਯੋਗਤਾ ਮੁਤਾਬਕ ਉਸ ਨੂੰ ਨੌਕਰੀ ਮਿਲ ਜਾਣੀ ਸੀ। ਅਧਿਆਪਕ ਨੇ ਗਰਮੀਆਂ ਦੀਆਂ ਛੁੱਟੀਆਂ ਦਾ ਕੰਮ ਦਿੱਤਾ ਜੋ ਉਸ ਨੇ ਨਾ ਕੀਤਾ। ਕੰਮ ਨਾ ਕਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਮੈਂ ਤਾਂ ਸਾਰੀਆਂ ਛੁੱਟੀਆਂ ਖਾੜਕੂ ਸਿੰਘਾਂ ਨਾਲ ਰਿਹਾਂ।" ਅਧਿਆਪਕ ਦੇ ਸਮਝਾਉਣ 'ਤੇ ਉਸ ਨੇ ਖਾੜਕੂ ਸਿੰਘਾਂ ਦਾ ਖਹਿੜਾ ਛੱਡ ਦਿੱਤਾ। 12ਵੀਂ ਕਰ ਕੇ ਪਟਵਾਰ ਦਾ ਇਕ ਸਾਲ ਦਾ ਕੋਰਸ ਕਰ ਕੇ ਉਹ ਛੇ ਪਿੰਡਾਂ ਦਾ ਪਟਵਾਰੀ ਲੱਗ ਗਿਆ ਜਿਨ੍ਹਾਂ ਵਿਚ ਅਧਿਆਪਕ ਦਾ ਪਿੰਡ ਵੀ ਆਉਂਦਾ ਸੀ। ਉਸ ਨੇ ਸ਼ਾਗਿਰਦ ਪਟਵਾਰੀ ਨੂੰ ਭਰਾਵਾਂ ਨਾਲ ਪੱਕੀ ਵੰਡ ਕਰਨ ਲਈ ਕਿਹਾ। ਅਧਿਆਪਕ ਸਮੇਤ ਪੱਕੀ ਵੰਡ ਲਈ ਤਿੰਨ ਅਸਾਮੀਆਂ ਸਨ। ਇਕ ਆਸਾਮੀ ਤੋਂ ਵੰਡ ਕਰਾਉਣ ਦਾ ਖਰਚ 15 ਹਜ਼ਾਰ ਲਿਆ ਜਾਂਦਾ ਹੈ ਜਿਸ ਵਿਚ ਪਟਵਾਰੀ, ਗਰਦਾਵਰ ਅਤੇ ਤਹਿਸੀਲਦਾਰ ਦੇ ਅਹੁਦੇ ਅਨੁਸਾਰ ਹਿੱਸਾ ਹੁੰਦਾ ਹੈ। ਪਟਵਾਰੀ ਨੇ ਆਪਣੇ ਅਧਿਆਪਕ ਤੋਂ ਪੈਸੇ ਨਾ ਲਏ। ਵੰਡ ਬਾਅਦ ਜਦ ਉਹ 45 ਹਜ਼ਾਰ ਦੀ ਥਾਂ 30 ਹਜ਼ਾਰ ਲੈ ਕੇ ਗਰਦਾਵਰ ਅਤੇ ਤਹਿਸੀਲਦਾਰ ਕੋਲ ਗਿਆ ਤਾਂ ਗਰਦਾਵਰ ਨੇ ਕਿਹਾ, "ਪਟਵਾਰੀ ਜੀ! ਤਿੰਨਾਂ ਵੇਲਣਿਆਂ ਤੋਂ ਬਿਨਾ ਗੰਨਾ ਨਹੀਂ ਪੀੜਿਆ ਜਾਂਦਾ, 15 ਹਜ਼ਾਰ ਹੋਰ ਚਾਹੀਦੇ ਨੇ।" ਪਟਵਾਰੀ ਨੇ ਕਿਹਾ, "ਜਿਸ ਅਧਿਆਪਕ ਦੀ ਬਦੌਲਤ ਮੈਂ ਪਟਵਾਰੀ ਬਣਿਆ, ਮੈਂ ਉਨ੍ਹਾਂ ਤੋਂ ਪੈਸੇ ਨਹੀਂ ਲਏ।" ਗਰਦਾਵਰ ਨੇ ਪਿੰਡ ਦੇ ਸਰਪੰਚ ਕੋਲੋਂ ਅਧਿਆਪਕ ਤੋਂ ਪੈਸੇ ਨਾ ਲੈਣ ਦੀ ਤਸਦੀਕ ਕਰ ਕੇ ਪਟਵਾਰੀ ਦਾ ਖਹਿੜਾ ਛੱਡਿਆ।

ਅਮਰੀਕਾ ਵਿਚ ਸਿਆਸੀ ਲੀਡਰ ਪਾਰਟੀ ਫੰਡ ਇਕੱਠਾ ਕਰਨ ਆਉਂਦੇ ਨੇ। ਵਿਸ਼ਵਾਸ ਦਿਵਾਉਂਦੇ ਹਨ ਕਿ ਪੰਜਾਬ ਵਿਚ ਪਰਵਾਸੀਆਂ ਦਾ ਹਰ ਕੰਮ ਪਹਿਲ ਦੇ ਆਧਾਰ 'ਤੇ ਹੋਵੇਗਾ। ਮੇਰੇ ਜਾਣ ਤੋਂ ਪਹਿਲਾਂ ਪਿੰਡ ਦਾ ਟਰਾਂਸਫਾਰਮਰ ਸੜ ਚੁੱਕਾ ਸੀ। ਦਸ ਦਿਨ ਤੋਂ ਪਿੰਡ ਦੀ ਬਿਜਲੀ ਗੁੱਲ ਸੀ। ਐਨ.ਆਰ.ਆਈ. ਹੋਣ ਦਾ ਫਾਇਦਾ ਲੈਣ ਲਈ ਉਹ ਮੈਨੂੰ ਐਸ.ਡੀ.ਓ. ਦੇ ਦਫਤਰ ਲੈ ਗਏ। ਮੈਂ ਉਸ ਨੂੰ ਆਪਣੇ ਐਨ.ਆਰ.ਆਈ. ਹੋਣ ਬਾਰੇ ਦੱਸਿਆ ਤਾਂ ਉਸ ਨੇ ਕਿਹਾ, "ਪਹਿਲਾਂ ਅਸੀਂ ਮੌਕਾ ਵੇਖਾਂਗੇ।" ਇਕ ਜੇ.ਈ. ਸਰਕਾਰੀ ਗੱਡੀ ਉਤੇ ਆਇਆ। ਮੌਕਾ ਵੇਖ ਕੇ ਪਿੰਡ ਵਾਲਿਆਂ ਨੂੰ ਕਿਹਾ, "ਗੱਡੀ ਦੇ ਤੇਲ ਦਾ ਇਕ ਹਜ਼ਾਰ ਖਰਚਾ ਦੇ ਦਿਉ।" ਫੇਰੇ ਮਾਰ-ਮਾਰ ਅੱਕੇ ਲੋਕਾਂ ਨੇ ਉਸ ਨੂੰ ਮੇਰੇ ਸਾਹਮਣੇ ਹਜ਼ਾਰ ਰੁਪਿਆ ਦੇ ਦਿੱਤਾ। ਪਿੰਡ ਵਾਲਿਆਂ ਨੇ ਮੁਲਾਜ਼ਮਾਂ ਤੋਂ ਟਰਾਂਸਫਾਰਮਰ ਲੁਹਾ ਕੇ ਕਿਰਾਏ ਉਤੇ ਆਪਣੀ ਗੱਡੀ ਲਿਆ ਕੇ ਖੜਿਆ ਤੇ ਨਵਾਂ ਲਿਆਂਦਾ। ਐਕਸੀਅਨ ਦੇ ਦਫਤਰ ਵਾਲਿਆਂ ਵੀ 'ਲਾਗ' ਲੈ ਲਿਆ। ਟਰਾਂਸਫਾਰਮਰ ਚੜ੍ਹਨ ਤੱਕ ਪਿੰਡ ਵਾਲਿਆਂ ਦਾ ਕੁੱਲ ਖਰਚ 4 ਹਜ਼ਾਰ ਆਇਆ। ਸੜਿਆ ਟਰਾਂਸਫਾਰਮਰ ਲਾਹ ਕੇ ਅਤੇ ਨਵਾਂ ਲਿਆਉਣ ਲਈ ਸਰਕਾਰੀ ਗੱਡੀ ਬਿਜਲੀ ਵਾਲਿਆਂ ਦੀ ਹੁੰਦੀ ਹੈ। ਇਹ ਸਰਕਾਰੀ ਖਰਚਾ ਐਸ.ਡੀ.ਓ. ਤੇ ਜੇ. ਆਈ. ਆਪਣੀ ਜੇਬ ਵਿਚ ਪਾ ਲੈਂਦੇ ਹਨ। ਦੋਹਰੀ ਕਮਾਈ! ਇਹ ਮਿਸਾਲ ਹੈ ਐਨ.ਆਰ. ਆਈ. ਦੇ ਪਹਿਲ ਦੇ ਆਧਾਰ 'ਤੇ ਕੰਮ ਕਰਨ ਦੀ।



*ਅੱਜ ਕੱਲ੍ਹ ਸੰਗਤ ਦਰਸ਼ਨ ਹੋ ਰਹੇ ਹਨ। ਇਹ ਆਮ ਤੌਰ 'ਤੇ ਪੈਲੇਸਾਂ ਵਿਚ ਹੁੰਦੇ ਹਨ। ਅਫਸਰਾਂ ਸਮੇਤ ਸਾਰਾ ਅਮਲਾ-ਫੈਲਾ ਅਤੇ ਸਥਾਨਕ ਲੋਕ, ਸੰਗਤ ਦਰਸ਼ਨ ਵਿਚ ਆਉਂਦੇ ਹਨ। ਉਨ੍ਹਾਂ ਦਾ ਚਾਹ-ਪਾਣੀ, ਰੋਟੀ, ਪੈਲੇਸ ਦਾ ਖਰਚ ਸਥਾਨਕ ਪਟਵਾਰੀ, ਗਰਦਾਵਰ ਤੇ ਤਹਿਸੀਲਦਾਰ ਦੇ ਜ਼ਿੰਮੇ ਹੁੰਦਾ ਹੈ। ਮੇਰੇ ਪਿੰਡ ਵਿਚ ਵੀ ਸੰਗਤ ਦਰਸ਼ਨ ਹੋਇਆ। ਪਟਵਾਰੀ ਮੇਰੇ ਘਰ ਵੱਡੇ ਅਫਸਰਾਂ ਦੇ ਬੈਠਣ ਲਈ ਸੋਫਾ ਲੈਣ ਆਇਆ। ਜਦ ਸੰਗਤ ਦਰਸ਼ਨ ਤੋਂ ਬਾਅਦ ਸੋਫਾ ਵਾਪਸ ਕਰਨ ਪਟਵਾਰੀ ਦੇ ਨਾਲ ਗਰਦਾਵਰ ਵੀ ਆਇਆ ਤਾਂ ਮੈਂ ਉਸ ਤੋਂ ਪੁੱਛਿਆ, "ਸੰਗਤ ਦਰਸ਼ਨ ਠੀਕ-ਠਾਕ ਹੋ ਗਿਆ?" ਗਰਦਾਵਰ ਦਾ ਜਵਾਬ ਸੀ, "ਭਾਜੀ! ਸੰਗਤ ਦਰਸ਼ਨ ਲੀਡਰਾਂ ਤੇ ਅਫਸਰਾਂ ਦਾ ਕਾਹਦਾ! ਇਹ ਤਾਂ ਸਾਡਾ ਸੰਗਤ ਦਰਸ਼ਨ ਸੀ। ਚਾਰ ਪੰਜ ਦਿਨ ਤੋਂ ਤਿਆਰੀ ਕਰ ਰਹੇ ਸੀ। ਇਸ ਸੰਗਤ ਦਰਸ਼ਨ ਦਾ ਸਾਰਾ ਖਰਚ 65 ਹਜ਼ਾਰ ਰੁਪਿਆ ਆਇਆ। ਇਹ ਖਰਚ ਅਸੀਂ ਹੁਣ ਲੋਕਾਂ ਦੀਆਂ ਜੇਬਾਂ ਵਿਚੋਂ ਕੱਢਣਾ ਹੈ।"*

ਅਟਾਰੀ ਸ. ਸ਼ਾਮ ਸਿੰਘ ਮੇਰੇ ਪਿੰਡੋਂ 6 ਕਿਲੋਮੀਟਰ ਹੈ। ਉਥੇ ਹਰ ਸਾਲ 10 ਫਰਵਰੀ ਨੂੰ ਸ. ਸ਼ਾਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਵੱਡੀ ਗਿਣਤੀ ਵਿਚ ਲੋਕ ਸ਼ਰਧਾ ਦੇ ਫੁੱਲ ਭੇਟ ਕਰਨ ਆਉਂਦੇ ਹਨ। ਇਸ ਸ਼ਹੀਦੀ ਸਮਾਗਮ ਵਿਚ ਪੰਜਾਬ ਸਰਕਾਰ ਵੱਲੋਂ ਕੋਈ ਨਾ ਕੋਈ ਮੰਤਰੀ ਵੀ ਆਉਂਦਾ ਹੈ। ਮੈਂ ਵੀ ਸ਼ਹੀਦੀ ਦਿਨ 'ਤੇ ਗਿਆ। ਉਥੇ ਮੈਨੂੰ ਕਰਨਲ ਜੀ.ਐਸ. ਸੰਧੂ ਮਿਲ ਪਏ ਜੋ ਬਾਬਾ ਦੀਪ ਸਿੰਘ ਦੀ ਸੱਤਵੀਂ ਪੀੜ੍ਹੀ ਵਿਚੋਂ ਹਨ। ਅਟਾਰੀ ਉਨ੍ਹਾਂ ਦੇ ਨਾਨਕੇ ਹਨ। ਇਨ੍ਹਾਂ ਹੀ ਜ਼ਾਲਮ ਪੂਹਲੇ ਨੂੰ ਹਾਈ ਕੋਰਟ ਰਾਹੀਂ ਅੰਦਰ ਕਰਾਇਆ ਸੀ। ਸਾਡੇ ਥਾਣੇ ਦਾ ਐਸ. ਐਚ. ਓ. ਵੀ ਸੰਧੂ ਸੀ ਜਿਸ ਨੂੰ ਕਰਨਲ ਸੰਧੂ ਜਾਣਦੇ ਸਨ। ਉਹ ਆਪਣੇ ਅਮਲੇ ਨਾਲ ਸਮਾਧ ਉਤੇ ਸਕਿਉਰਟੀ ਡਿਊਟੀ ਦੇਣ ਆਇਆ ਸੀ। ਕਰਨਲ ਸੰਧੂ ਨੇ ਕਿਹਾ, "ਕੈਲੀਫੋਰਨੀਆ ਤੋਂ ਆਇਆ ਹੈ, ਇਸ ਨੂੰ ਪੁੱਛ ਕਿ ਅਮਰੀਕਾ ਦੀ ਪੁਲਿਸ ਕਿੰਨੀ ਇਮਾਨਦਾਰ ਤੇ ਫਰਜ਼-ਸ਼ਨਾਸ ਹੈ। ਤੁਸੀਂ ਪੰਜਾਬ ਪੁਲਿਸ ਵਾਲੇ ਅਨਪੜ੍ਹ ਜਥੇਦਾਰਾਂ ਦੇ ਥੱਲੇ ਲੱਗ ਕੇ ਗਰੀਬ ਲੋਕਾਂ ਤੋਂ ਪੈਸੇ ਲੈ ਕੇ ਮੰਤਰੀਆਂ ਤੇ ਵੱਡੇ ਅਫਸਰਾਂ ਨੂੰ ਦਈ ਜਾਂਦੇ ਜੇ, ਕੁਝ ਆਪ ਖਾਈ ਜਾਂਦੇ ਜੇ। ਤੁਸੀਂ ਭਾਈ ਲਾਲੋਆਂ ਦੀ ਨਹੀਂ, ਮਲਕ ਭਾਗੋਆਂ ਦੀ ਸੇਵਾ ਕਰਦੇ ਹੋ।" ਐਸ.ਐਚ.ਓ. ਸ਼ਰਮਿੰਦਾ ਹੋਇਆ ਝੂਠਾ ਜਿਹਾ ਹਾਸਾ ਹੱਸ ਰਿਹਾ ਸੀ। ਉਸ ਪਾਸ ਕਰਨਲ ਸੰਧੂ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ।

ਸ. ਨਾਨਕ ਸਿੰਘ ਨਾਵਲਿਸਟ ਦੇ ਛੋਟੇ ਲੜਕੇ ਸ. ਕੁਲਬੀਰ ਸਿੰਘ ਸੂਰੀ ਮੇਰੇ ਦੋਸਤ ਨੇ। ਮੈਂ ਆਪਣੇ ਪੋਤਰੇ-ਪੋਤਰੀ ਲਈ ਬਾਲ ਕਹਾਣੀਆਂ (ਦਾਦੀ ਮਾਂ ਦੀਆਂ ਕਹਾਣੀਆਂ) ਅਤੇ ਕਵਿਤਾਵਾਂ ਦੀਆਂ ਕਿਤਾਬਾਂ ਲੈਣ ਅੰਮ੍ਰਿਤਸਰ ਗਿਆ। ਉਨ੍ਹਾਂ ਮੈਨੂੰ ਦੱਸਿਆ ਕਿ ਅੱਜ ਕੱਲ੍ਹ ਇਕ ਹਸਪਤਾਲ ਵਿਚ ਚੰਗਾ ਇਲਾਜ ਹੋਣ ਦੇ ਪ੍ਰਭਾਵ ਥੱਲੇ ਲੋਕ ਆਉਂਦੇ ਹਨ। ਇਥੇ ਭੋਲੇ-ਭਾਲੇ ਲੋਕਾਂ ਨੂੰ ਬੁੱਧੂ ਬਣਾ ਕੇ ਲੁੱਟਿਆ ਜਾ ਰਿਹਾ ਹੈ। ਜਿਸ ਕਿਸੇ ਨੂੰ ਵੀ ਦਿਲ ਦੀ ਥੋੜ੍ਹੀ ਤਕਲੀਫ ਹੁੰਦੀ ਹੈ, ਉਹ ਇਸ ਹਸਪਤਾਲ ਵੱਲ ਦੌੜਦੇ ਹਨ। ਉਨ੍ਹਾਂ ਦੀ ਕੰਪਿਊਟਰ 'ਤੇ ਦਿਲ ਦੀ ਬਲੌਕੇਜ 97-98 ਦਿਖਾ ਦਿੱਤੀ ਜਾਂਦੀ ਹੈ। ਮਰੀਜ਼ ਅਤੇ ਉਸ ਦੇ ਵਾਰਸ ਘਬਰਾ ਜਾਂਦੇ ਨੇ। ਉਨ੍ਹਾਂ ਨੂੰ ਹਸਪਤਾਲ ਵਾਲੇ ਜਲਦੀ ਫੈਸਲਾ ਕਰਨ ਲਈ ਕਹਿ ਦਿੰਦੇ ਨੇ ਤੇ ਬਾਈਪਾਸ ਸਰਜਰੀ ਜਾਂ ਸਟੈਂਟ ਪੁਆਉਣ ਲਈ ਕਿਹਾ ਜਾਂਦਾ ਹੈ। ਘਬਰਾਏ ਹੋਏ ਵਾਰਸ ਸਟੈਂਟ ਪੁਆਉਣ ਲਈ ਕਹਿ ਦਿੰਦੇ ਹਨ। ਇਸ ਤਰ੍ਹਾਂ ਹਜ਼ਾਰਾਂ, ਲੱਖਾਂ ਰੁਪਏ ਬਟੋਰ ਲਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਉਹਦੇ ਦੋਸਤ ਨਾਲ ਇਸ ਤਰ੍ਹਾਂ ਹੋਇਆ, ਪਰ ਗੱਲ ਕੁਝ ਵੀ ਨਹੀਂ ਸੀ। ਹੁਣ ਉਹ ਇਸ ਬਾਰੇ ਨਾਵਲ ਲਿਖ ਰਹੇ ਹਨ ਜਿਸ ਵਿਚ ਇਸ ਘਟਨਾ ਦਾ ਜ਼ਿਕਰ ਕਰਨਗੇ। ਭਾਰਤੀ ਡਾਕਟਰ ਬੁੱਚੜ ਤੇ ਹਸਪਤਾਲ ਬੁੱਚੜਖਾਨੇ ਬਣ ਗਏ ਹਨ।

ਕੁਰਬਾਨੀਆਂ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਅੱਜ ਕੱਲ੍ਹ ਇਸ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਪੰਜਾਬ ਦੀ ਨਾਮੀ ਧਾਰਮਿਕ ਸੰਸਥਾ ਦੇ ਮੁਖੀ ਨੂੰ ਮੁੱਖ ਪ੍ਰਚਾਰਕ ਥਾਪਿਆ ਹੈ ਜਿਸ ਪਾਸ ਵਧੀਆ ਗੱਡੀ, ਡਰਾਇਵਰ, ਪੰਜਾਂ ਅੰਕਾਂ ਦੇ ਬਰਾਬਰ ਤਨਖਾਹ ਵੀ ਹੋਵੇਗੀ। ਦੋ ਪ੍ਰਚਾਰਕ (ਕਥਾਵਾਚਕ) ਤੇ ਢਾਡੀ ਜਥਾ, ਮੁਖੀ ਪ੍ਰਚਾਰਕ ਨੂੰ ਮਿਲਿਆ ਹੋਇਆ ਹੈ। ਧਰਮ ਪ੍ਰਚਾਰ ਲਈ ਸਾਡੇ ਪਿੰਡ ਦੀਵਾਨ ਕੀਤਾ। ਮੈਂ ਵੀ ਦੀਵਾਨ ਵਿਚ ਸ਼ਾਮਲ ਸੀ। ਸਮਾਪਤੀ 'ਤੇ ਗੁਰਦੁਆਰੇ ਦੇ ਗ੍ਰੰਥੀ ਨੇ ਮੈਨੂੰ 'ਜਥੇ' ਦਾ ਧੰਨਵਾਦ ਕਰਨ ਲਈ ਆਖਿਆ ਤੇ ਮੈਂ ਧੰਨਵਾਦ ਕਰਦਿਆਂ ਕਿਹਾ, "ਮਨੋਵਿਗਿਆਨ ਕਹਿੰਦਾ ਹੈ ਕਿ ਮਨੁੱਖ ਆਲੇ-ਦੁਆਲੇ ਦੀ ਉਪਜ ਹੈ। ਜਿਹੋ ਜਿਹਾ ਬੱਚੇ ਨੂੰ ਅਸੀਂ ਆਲਾ-ਦੁਆਲਾ ਦੇਵਾਂਗੇ, ਉਹੋ ਜਿਹਾ ਹੀ ਬੱਚਾ ਬਣ ਜਾਵੇਗਾ। ਅਸੀਂ ਸਭ ਪੇਂਡੂ ਹਾਂ, ਖੇਤਾਂ ਵਿਚ ਅਸੀਂ ਵੇਖਦੇ ਹਾਂ, ਵਾਤਾਵਰਨ ਕਾਰਨ ਹੀ ਹਰੇ ਪੱਠਿਆਂ ਦਾ ਟਿੱਡਾ ਹਰਿਆ ਅਤੇ ਸੁੱਕੇ ਪੱਠਿਆਂ ਦਾ ਭੂਸਲਾ ਹੁੰਦਾ ਹੈ। ਅੱਜ ਦੇ ਦੀਵਾਨ ਵਿਚ ਕੋਈ ਨੌਜਵਾਨ ਨਹੀਂ ਆਇਆ। ਕਾਰਨ? ਪਿਛਲੇ 68 ਸਾਲਾਂ ਵਿਚ ਅਸੀਂ ਉਨ੍ਹਾਂ ਨੂੰ ਅਸ਼ਲੀਲ ਗੀਤ ਸੁਣਨ ਤੇ ਨੰਗੇਜ ਵੇਖਣ ਦੀ ਆਦਤ ਪਾ ਦਿੱਤੀ ਹੈ। ਜੇ ਅੱਜ ਪਿੰਡ ਵਿਚ ਕੋਈ ਗਾਇਕਾ ਆਈ ਹੁੰਦੀ ਤਾਂ ਤਿਲ ਜਿੰਨੀ ਜਗ੍ਹਾ ਨਹੀਂ ਸੀ ਲੱਭਣੀ। ਸ਼੍ਰੋਮਣੀ ਕਮੇਟੀ ਕੋਲ ਅਰਬਾਂ ਦਾ ਬਜਟ ਹੈ। ਪਿੰਡਾਂ ਵਿਚ ਗਰੀਬਾਂ ਵਾਸਤੇ ਮੁਫਤ ਪੜ੍ਹਾਈ ਲਈ ਸਕੂਲ ਕਾਲਜ ਖੋਲ੍ਹੇ, ਇਲਾਜ ਲਈ ਗਰੀਬਾਂ ਲਈ ਹਸਪਤਾਲ ਖੋਲ੍ਹੇ। ਸਿੱਖ ਪ੍ਰਚਾਰਕ ਧਾਰਮਿਕ ਤੇ ਅਮਲੀ ਜੀਵਨ ਜਿਉਣ। ਗੁਰੂ ਨਾਨਕ ਨੇ ਕਰਤਾਰਪੁਰ (ਰਾਵੀ) 18 ਸਾਲ ਹੱਥੀਂ ਖੇਤੀ ਕਰ ਕੇ ਕਿਰਤ ਕਰਨ ਦਾ ਸਿਧਾਂਤ ਦਿੱਤਾ। ਪਿਸ਼ਾਵਰ ਵਿਚ ਗਿਆਨੀ ਬਾਗ ਸਿੰਘ ਦੇ ਅਮਲੀ ਜੀਵਨ ਨੂੰ ਵੇਖ ਕੇ ਹੰਸਰਾਜ ਤੋਂ ਨਾਨਕ ਸਿੰਘ ਬਣ ਗਿਆ। ਸਾਬਤ ਸੂਰਤ ਫੌਜੀਆਂ ਨੂੰ ਵੇਖ ਕੇ ਨੱਥੂ ਰਾਮ, ਪ੍ਰੋ. ਸਾਹਿਬ ਸਿੰਘ ਬਣ ਗਿਆ ਜਿਨ੍ਹਾਂ ਦਸ ਜਿਲਦਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਲਿਖਿਆ।"



ਕਰਨਲ ਜੀ.ਐਸ. ਸੰਧੂ (ਪਹੂਵਿੰਡ) ਅਤੇ ਲੇਖਕ ਜਸਵੰਤ ਸਿੰਘ ਘਰਿੰਡਾ

ਸਰਕਾਰ ਦੇ ਚਹੇਤਿਆਂ ਨੇ ਪ੍ਰਾਈਵੇਟ ਇੰਜੀਨੀਅਰਿੰਗ ਕਾਲਜ ਤੇ ਨਰਸਿੰਗ ਸੈਂਟਰ ਖੋਲ੍ਹ ਰੱਖੇ ਹਨ। ਪੰਜਾਬ ਦੇ ਚੰਦ ਇਕ ਕਾਲਜਾਂ ਨੂੰ ਛੱਡ ਕੇ ਅਜਿਹੇ ਕਾਲਜ ਮਾਪਿਆਂ ਤੋਂ ਡੋਨੇਸ਼ਨ ਲੈ ਕੇ, ਚਾਰ ਸਾਲ ਭਾਰੀ ਫੀਸਾਂ ਲੈ ਕੇ, ਮਾਪਿਆਂ ਦੀ ਕਮਾਈ ਦੀ ਲੁੱਟ ਅਤੇ ਬੱਚਿਆਂ ਦੇ ਕੀਮਤੀ ਸਾਲ

**(ਬਾਕੀ ਅਗਲੇ ਸਫੇ 'ਤੇ)**

# ਅੱਧੇ ਦੀ ਬਰਕਤ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਅੱਧਾ ਸ਼ਬਦ ਦੀ ਮਹਿਮਾ ਪੂਰੇ ਨਾਲੋਂ ਘਟ ਨਹੀਂ। ਇਸ ਦਾ ਇਕ ਅਰਥ ਤਾਂ ਪੂਰੇ ਦੇਸ਼ ਨੂੰ ਕਲਾਵੇ ਵਿਚ ਲੈ ਲੈਂਦਾ ਹੈ। ਅੱਧੇ ਬਿਨਾ ਗੁਜ਼ਾਰਾ ਹੋ ਹੀ ਨਹੀਂ ਸਕਦਾ, ਘਰ ਵਾਲੀ ਜੋ ਅਰਧੰਗਣੀ ਹੁੰਦੀ ਹੈ। ਅੰਗਰੇਜ਼ੀ ਵਾਲਿਆਂ ਨੇ ਤਾਂ ਇਸ ਨੂੰ ਹੋਰ ਉਪਰ ਚੁੱਕ ਕੇ ਬੈਟਰ ਹਾਫ ਬਣਾ ਦਿੱਤਾ ਹੈ। ਸਾਲੀ ਅਧੀ ਘਰਵਾਲੀ ਬਣ ਜਾਵੇ ਤਾਂ ਪੂਰੀ ਘਰ ਵਾਲੀ ਦੀਆਂ ਪੂਛਾਂ ਚੁਕਾ ਦਿੰਦੀ ਹੈ। ਜ਼ਰਾ ਸੋਚੋ, ਕਿਹੜੀ ਕੁਦਰਤ ਦੀ ਦੇਣ ਅੱਧੀ ਰਾਤ ਨਾਲੋਂ ਵਧੇਰੇ ਹੁਸੀਨ, ਰਹੱਸਮਈ ਅਤੇ ਵਹਿਸ਼ੀ ਹੋ ਸਕਦੀ ਹੈ? ਸਾਹਿਤ ਵਿਚ ਇਸ ਦਾ ਖੂਬ ਜ਼ਿਕਰ ਹੋਇਆ ਹੈ, ਕੁਝ ਨਮੂਨੇ ਦੇਖੋ:

ਅੱਧੀ ਰਾਤ ਦੇਸ ਚੰਬੇ ਦੇ
ਚੰਬਾ ਖਿੜਿਆ ਹੋ।
ਚੰਬਾ ਖਿੜਿਆ ਮਾਲਣੇ
ਉਹਦੇ ਮਹਿਲੀਂ ਗਈ ਖੁਸ਼ਬੋ।

---

ਜਿਉਂ ਥਲ 'ਚੋਂ ਲੰਘੇ ਕਾਫਲਾ
ਜਦ ਅੱਧੀ ਰਾਤ ਵਿਹਾ।
ਹੈ ਸਾਰੀ ਵਾਦੀ ਗੂੰਜ ਪਈ
ਇਹ ਕੌਣ ਨੇ ਰਹੀਆਂ ਗਾ?
-ਸ਼ਿਵ ਕੁਮਾਰ (ਲੂਣਾ)

ਹਥ ਵੰਝਲੀ ਪਕੜ ਕੇ ਰਾਤ ਅੱਧੀ,
ਰਾਂਝੇ ਮਜ਼ਾ ਭੀ ਖੂਬ ਬਣਾਇਆ ਏ।
ਰੰਨ ਮਰਦ ਨਾ ਪਿੰਡ ਵਿਚ ਰਹਿਆ ਕੋਈ,
ਸਭਾ ਗਿਰਦ ਮਸੀਤ ਦੇ ਆਇਆ ਏ।
-ਵਾਰਿਸ ਸ਼ਾਹ

ਅੱਧੀ ਰਾਤ ਨੂੰ ਉਠ ਕੇ ਖਿਸਕ ਤੁਰੀਏ,
ਕਿੱਥੋਂ ਪਏ ਗੋਰੇ ਸਾਨੂੰ ਉਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ,
ਅਸੀਂ ਜਿਨ੍ਹਾਂ ਦੇ ਪੁਤਰ ਤੇ ਪੋਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ।

ਰਾਜੇ ਕਿਸੇ 'ਤੇ ਨਿਹਾਲ ਹੋ ਕੇ ਅੱਧਾ ਰਾਜ ਦੇ ਦਿੰਦੇ ਸਨ। ਅੱਧਾ ਪਾਗਲ ਪੂਰੇ ਪਾਗਲ ਨਾਲੋਂ ਦੁੱਗਣਾ ਸਿਆਣਾ ਹੁੰਦਾ ਹੈ। ਸਿਆਣਿਆਂ ਨੇ ਐਵੇਂ ਨਹੀਂ ਕਿਹਾ 'ਅੱਧੀ ਛੱਡ ਸਾਰੀ ਨੂੰ ਜਾਵੇ, ਅਧੀ ਰਹੇ ਨਾ ਸਾਰੀ ਜਾਵੇ।' ਜਿਹੜੇ ਅੱਧੇ ਭੌਂ ਵਿਚ ਤੇ ਅੱਧੇ ਬਾਹਰ ਹੁੰਦੇ ਹਨ ਉਹ ਪੂਰੇ ਬਾਹਰ ਵਾਲਿਆਂ ਨਾਲੋਂ ਜ਼ਿੰਦਗੀ ਵਿਚ ਕਿਤੇ ਵੱਧ ਸਫਲ ਹੁੰਦੇ ਹਨ। ਅੱਧਜਲ ਗਗਰੀ ਪੂਰੀ ਤਰ੍ਹਾਂ ਭਰੀ ਗਗਰੀ ਨਾਲੋਂ ਵੱਧ ਛਲਕਦੀ ਹੈ। ਫਿਰ 'ਸਾਰੀ ਖਾਧੀ ਅੱਧੀ ਖਾਏ, ਨਰੇ ਨਹੀਂ ਪਰ ਮੂਲੋਂ ਜਾਏ।' ਆਧੁਨਿਕ ਮੋਟਾਪਾ-ਵਿਰੋਧੀ ਯੁੱਗ ਵਿਚ ਅੱਧਾ ਰਹਿ ਜਾਣਾ ਚੰਗਾ ਮੰਨਿਆ ਜਾਂਦਾ ਹੈ ਜਦ ਕਿ ਪਹਿਲੀਆਂ ਵਿਚ ਇਸ ਨੂੰ ਸਰੀਰਕ ਕਮਜ਼ੋਰੀ ਮੰਨਿਆ ਜਾਂਦਾ ਸੀ। ਹੋਰ ਸੁਣੋ: ਘਰ ਦੀ ਅੱਧੀ ਬਾਹਰ ਦੀ ਸਾਰੀ ਨਾਲੋਂ ਚੰਗੀ ਹੈ। ਕਹਿੰਦੇ ਨੇ, ਬੱਚੇ ਹਮੇਸ਼ਾ ਸੱਚ ਬੋਲਦੇ ਹਨ, ਜਦ ਸਕੂਲ ਵਿਚ 'ਅੱਧੀ ਵੇਲੇ ਸਾਰੀ ਤੇ ਮੀਆਂ ਮੱਖੀ ਮਾਰੀ' ਹੋ ਜਾਂਦੀ ਹੈ ਤਾਂ ਇਸ ਅੱਧ ਦੀ ਵਡਿਆਈ ਬੱਚਿਆਂ ਨੂੰ ਪੁਛ ਕੇ ਦੇਖੋ।

ਸ਼ਬਦ ਨਿਰਮਾਣ ਦੇ ਪੱਖੋਂ ਵੀ 'ਅੱਧ' ਸ਼ਬਦ ਨੇ ਕੋਈ ਕਸਰ ਨਹੀਂ ਛੱਡੀ, ਕਈ ਥਾਂਵੀਂ ਤਾਂ ਆਪਣੀ ਹੋਂਦ ਨੂੰ ਛੁਪਾ ਹੀ ਲਿਆ ਹੈ। ਅੱਧ ਦੀ ਬਹੁਤੀ ਮਹਿਮਾ ਨਾਲੋਂ ਪਹਿਲਾਂ ਇਸ ਦੀ ਮੁੱਢੀ ਲਭ ਲਈਏ। ਸੰਸਕ੍ਰਿਤ ਵਿਚ ਇਸ ਸ਼ਬਦ ਦਾ ਰੂਪ ਹੈ 'ਅਰਧ'। ਪ੍ਰਾਕ੍ਰਿਤ ਵਿਚ ਇਸ ਦੀ 'ਰ' ਧੁਨੀ ਅਲੋਪ ਹੋ ਗਈ ਤੇ 'ਧ' ਧੁਨੀ ਦੁਹਰੀ ਹੋ ਗਈ। ਕੁਝ ਭਾਸ਼ਾਵਾਂ, ਜਿਵੇਂ ਹਿੰਦੀ ਵਿਚ 'ਰ' ਧੁਨੀ 'ਆ' ਵਿਚ ਪਲਟ ਗਈ ਤੇ ਸ਼ਬਦ ਬਣ ਗਿਆ ਆਧਾ। 'ਅਰਧ ਸਰੀਰ ਕਟਾਈਐ ਸਿਰਿ ਕਰਵਤੁ ਧਰਾਇ'। ਰਵਾਇਤੀ ਤੌਰ 'ਤੇ ਨਾਰੀ ਨੂੰ ਮਨੁੱਖ ਦਾ ਅੱਧਾ ਸਰੀਰ ਕਿਹਾ ਗਿਆ ਹੈ, 'ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥' (ਭਗਤ ਕਬੀਰ)। ਉਂਜ ਅੱਜ ਕਲ੍ਹ ਪੰਜਾਬੀ ਵਿਚ ਅਰਧ ਸ਼ਬਦ ਦੀ ਸੁਤੰਤਰ ਵਰਤੋਂ ਨਾਂਹ ਬਰਾਬਰ ਹੈ। ਹਾਂ, ਸਾਹਿਤਕ ਰੰਗਣ ਲਈ ਅਜੋਕੀ ਪੰਜਾਬੀ ਵਿਚ ਵੀ ਅਰਧ ਸ਼ਬਦ ਨੂੰ ਅਗੇਤਰ ਦੇ ਤੌਰ 'ਤੇ ਵਰਤ ਕੇ ਕਈ ਸ਼ਬਦ ਘੜੇ ਗਏ ਹਨ। ਮਿਸਾਲ ਵਜੋਂ ਅਰਧ ਸਵਰ, ਅਰਧ ਸੁਰੱਖਿਆ ਬਲ, ਅਰਧ ਚੇਤਨਾ, ਅਰਧ ਵਿਆਸ, ਅਰਧ ਵਿਰਾਮ, ਅਰਧ ਚੰਦਰਮਾ, ਅਰਧ ਨਗਨ, ਅਰਧਨਿੰਦਰੇ (ਨੈਣ)।

ਜਿਵੇਂ ਪਹਿਲਾਂ ਸੰਕੇਤ ਦਿੱਤਾ ਜਾ ਚੁੱਕਾ ਹੈ, ਸੰਸਕ੍ਰਿਤ ਅਰਧ ਦਾ ਪਹਿਲਾ ਅਰਥ ਵਿਆਪਕ ਪਸਾਰ ਵਾਲਾ ਹੈ। ਇਹ ਸਥਾਨ, ਇਲਾਕਾ, ਪਰਦੇਸ, ਦੇਸ਼ ਆਦਿ ਅਰਥਾਂ ਦਾ ਧਾਰਨੀ ਹੈ ਪਰ ਇਸ ਦਾ ਮੂਲ ਅਰਥ ਪਾਸਾ, ਭਾਗ, ਖੰਡ ਆਦਿ ਹੈ। ਅਰਥ-ਵਿਕਾਸ ਦੀ ਵਿਆਖਿਆ ਕੁਝ ਇਸ ਤਰ੍ਹਾਂ ਹੈ: ਪਹਿਲਾਂ ਇਹ ਕਿਸੇ ਦੇਸ਼ ਦੇ ਭਾਗ ਵਜੋਂ ਸਾਹਮਣੇ ਆਉਂਦਾ ਹੈ, ਫਿਰ ਖੇਤਰ, ਫਿਰ ਪ੍ਰਦੇਸ਼ ਦੀਆਂ ਸੀਮਾਵਾਂ ਪਾਰ ਕਰਦਾ ਦੇਸ਼ ਦੇ ਅਰਥ ਹੀ ਗ੍ਰਹਿਣ ਕਰ ਲੈਂਦਾ ਹੈ। ਧਿਆਨ ਦਿਉ ਪਾਸਾ, ਭਾਗ, ਖੰਡ ਦੇ ਸੰਕਲਪ ਤੋਂ ਸਥਾਨ, ਪ੍ਰਦੇਸ਼, ਦੇਸ਼ ਆਦਿ ਦਾ ਅਰਥ-ਵਿਸਤਾਰ ਹੋਰ ਅਜਿਹੇ ਅਰਥਾਂ ਵਾਲੇ ਸ਼ਬਦਾਂ ਵਿਚ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਟਾਕਰਾ ਕਰੋ, ਖੰਡ ਸ਼ਬਦ "ਕੰਦ ਮੂਲ ਚੁਣਿ ਖਾਵਹਿ ਵਣ ਖੰਡ ਵਾਸਾ" (ਗੁਰੂ ਨਾਨਕ) ਅਤੇ ਅੱਜ ਕਲ੍ਹ ਉਤਰਖੰਡ। ਅਸੀਂ ਟੁਕੜੇ ਦੇ ਅਰਥਾਂ ਵਾਲੇ ਅਰਬੀ ਸ਼ਿਕ (ਜਿਸ ਤੋਂ ਸਿਕਦਾਰ ਬਣਿਆ) ਸ਼ਬਦ ਵਿਚ ਵੀ ਇਹ ਅਰਥ ਵਿਸਤਾਰ ਦੇਖ ਚੁਕੇ ਹਾਂ। ਅੱਗੇ ਚੱਲ ਕੇ ਪੰਜਾਬੀ ਦੇ ਕੁਝ ਸ਼ਬਦਾਂ ਵਿਚ ਵੀ ਅਸੀਂ ਇਹ ਅਰਥ ਦੇਖਾਂਗੇ। ਅੰਗਰੇਜ਼ੀ Parts ਦਾ ਇਕ ਅਰਥ ਵੀ ਇਲਾਕਾ, ਖਿੱਤਾ ਹੈ, A journey to foreign parts. ਸੋ ਅਰਧ ਵਿਚ ਮੁਢਲਾ ਭਾਵ ਕਿਸੇ ਸਮੁੱਚ ਦਾ ਭਾਗ, ਟੁਕੜਾ, ਖੰਡ ਦਾ ਹੀ ਹੈ। ਭਾਗ, ਟੁਕੜਾ, ਖੰਡ ਵਿਚ ਮਾਤਰਾ ਦੇ ਪੱਖ ਤੋਂ ਅਨਿਸ਼ਚਿਤਤਾ ਹੈ ਪਰ ਹੌਲੀ ਹੌਲੀ ਸੰਕੁਚਿਤ ਹੋ ਕੇ ਅਰਧ ਦਾ ਅਜੋਕਾ ਗਣਿਤਕ ਤੌਰ 'ਤੇ ਨਿਸ਼ਚਿਤ ਅਰਥ 'ਦੋ ਬਰਾਬਰ ਦੇ ਭਾਗਾਂ ਵਿਚ ਵੰਡੀ ਹੋਈ ਚੀਜ਼ ਦਾ ਕੋਈ ਇਕ ਭਾਗ' ਅਰਥਾਤ 'ਇਕ ਬਟਾ ਦੋ' ਬਣ ਜਾਂਦਾ ਹੈ। ਪਰ ਫਿਰ ਵੀ ਵਿਹਾਰਕ ਤੌਰ 'ਤੇ ਅੱਧ ਸ਼ਬਦ ਵਿਚ ਲਗਭਗ ਅੱਧ ਦੇ ਅਰਥ ਕਾਇਮ ਰਹਿੰਦੇ ਹਨ ਜਿਵੇਂ ਅੱਧੀ ਰੋਟੀ, ਅੱਧਾ ਕੰਮ ਆਦਿ ਵਿਚ। ਗੁਰੂ ਨਾਨਕ ਨੇ ਅਧੀ ਸ਼ਬਦ ਵਰਤਿਆ ਹੈ, 'ਦਇਆ ਦੁਆਪਰਿ ਅਧੀ ਹੋਈ।'

ਅੱਧ ਦਾ ਅਰਥ ਅੱਧਾ ਹਿੱਸਾ ਵੀ ਹੈ ਜਿਵੇਂ ਕਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ; ਹਿੱਸਾ ਚੌਥਾ ਤੇ ਜੁੱਤੀਆਂ ਵਿਚ ਅੱਧ। ਅੱਧੋ ਅੱਧ ਕਰਨ ਦਾ ਮਤਲਬ ਦੋ ਵਿਚ ਬਰਾਬਰ ਵੰਡਣਾ ਹੈ। ਪਰ ਅੱਧ ਜਾਂ ਅੱਧਾ ਸ਼ਬਦ ਅਗੇਤਰ ਦੇ ਤੌਰ 'ਤੇ ਵੀ ਵਰਤਿਆ ਮਿਲਦਾ ਹੈ ਜਿਵੇਂ ਅੱਧ ਪਚੱਧਾ (ਸ਼ਾਇਦ ਅੱਧ ਪੱਕਿਆ ਦੇ ਅਰਥਾਂ ਤੋਂ), ਅਧਵਾਟੇ, 'ਅੱਧ ਪੁਰਾਣਾ' ਤੋਂ ਵਿਗੜਿਆ ਅੱਧੋਰਾਣਾ, ਅਧਰੰਗ ਅਰਥਾਤ ਸਰੀਰ ਦੇ ਅੱਧੇ ਅੰਗਾਂ (ਕੁਝ ਹਿੱਸੇ) ਦਾ ਸਕਤੇ ਵਿਚ ਆ ਜਾਣਾ, ਜੋ ਅਰਧ-ਅੰਗ ਦਾ ਵਰਣ ਵਿਪਰੈ ਜਾਪਦਾ ਹੈ, ਅੱਧਖਿੜਿਆ, ਅੱਧਮੋਇਆ, ਅਧਰਿੜਕਾ, ਅੱਧਖੜ, ਅੱਧ-ਭੁੰਨਾ, ਅਧੀਆ, ਅਧਿਆਰਾ ਆਦਿ। ਅਧਿਆਨੀ ਪੁਰਾਣਾ ਅੱਧੇ ਆਨੇ ਦਾ ਅਰਥਾਤ ਟਕੇ ਦਾ ਸਿੱਕਾ ਹੁੰਦਾ ਸੀ। ਅਧ-ਪੰਧ ਦਾ ਸ਼ਾਬਦਿਕ ਅਰਥ ਹੈ ਅੱਧਾ ਮਾਰਗ। ਅਧ-ਪੰਧ ਹੁੰਦਾ ਹੈ ਸ਼ਮਸ਼ਾਨ ਅਤੇ ਘਰ ਦੇ ਅੱਧ ਵਿਚਾਲੇ ਮੁਰਦਾ ਦੇਹ ਦੀ ਅਰਥੀ ਨੂੰ ਜ਼ਮੀਨ 'ਤੇ ਰੱਖ ਕੇ ਪਿੰਡਦਾਨ ਕਰਨ ਵਾਲੀ ਥਾਂ। ਅੱਧ-ਸਰਿੱਤਾ ਅੱਧੇ ਸਿਰ ਦੇ ਦਰਦ ਨੂੰ ਆਖਦੇ ਹਨ। ਵਾਰਸ ਸ਼ਾਹ ਨੇ ਇਸ ਲਈ ਅਧਸੀਸੀ ਸ਼ਬਦ ਵਰਤਿਆ ਹੈ। ਜਦ ਰਾਂਝਾ ਜੋਗੀ ਦੇ ਭੇਸ ਵਿਚ ਹੀਰ ਦੇ ਦਰ 'ਤੇ ਜਾਂਦਾ ਹੈ,

ਹੋਵੇ ਪੁੜਪੁੜੀ ਪੀੜ ਕਿ ਅੱਧ ਸੀਸੀ,
ਖੱਟਾ ਦਹੀਂ ਉਤੇ ਉਹਦੇ ਪਾਵਨੇ ਹਾਂ।
ਅਧਰੰਗ ਮੁਖ-ਭੈਂਗੀਆ ਹੋਵੇ ਜਿਸ ਨੂੰ,
ਸ਼ੀਸ਼ਾ ਹਲਬ ਦਾ ਕਢ ਵਿਖਾਵਨੇ ਹਾਂ।

ਅੱਧੇ ਨੇ ਆਪਣੇ ਨਾਲ ਪੂਰਾ ਲਾ ਕੇ ਪੂਰਾ ਦੀ ਫੱਟੀ ਮੇਸ ਦਿੱਤੀ ਹੈ: ਅਧੂਰਾ ਹੁੰਦਾ ਹੈ ਅਧਪੂਰਾ, ਸੰਸਕ੍ਰਿਤ ਅਰਧਪੂਰਕ। ਅੱਧਵਰਿੱਤਾ (ਅੱਧਾ ਕੀਤਾ) ਵਿਚਲਾ ਵਰਿੱਤਾ ਵਰਿ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਘੁੰਮਣਾ ਹੈ। ਅਸੀਂ ਪਿਛੇ ਸੰਸਕ੍ਰਿਤ ਅਰਧ ਦੇ ਅਰਥ ਇਲਾਕਾ, ਪਰਦੇਸ਼, ਦੇਸ਼ ਦੱਸ ਆਏ ਹਾਂ। ਪੰਜਾਬੀ ਵਿਚ ਘੱਟੋ ਘੱਟ ਦੋ ਸ਼ਬਦ ਅਜਿਹੇ ਮਿਲਦੇ ਹਨ ਜਿਨ੍ਹਾਂ ਵਿਚ ਇਹ ਅਰਥ ਲੱਭਦਾ ਹੈ। ਪੁਆਧ ਬਣਿਆ ਹੈ ਪੂਰਬ+ਅਰਧ ਤੋਂ ਜਿਸ ਦਾ ਭਾਵ ਹੋਇਆ ਪੂਰਬ ਦਾ ਪ੍ਰਦੇਸ਼। ਪੁਆਦੜਾ ਨਾਂ ਦੇ ਕਈ ਪਿੰਡ ਹਨ। ਰਾਵੀ, ਸਤਲੁਜ, ਸਿੰਧ ਦੇ ਕਿਨਾਰੇ ਦੇ ਦੇਸ਼ ਅਰਥਾਤ ਪੰਜਾਬ ਦੇ ਪੱਛਮੀ ਇਲਾਕੇ ਨੂੰ ਪਚਾਧ ਆਖਦੇ ਹਨ, ਇਹ ਬਣਿਆ ਹੈ ਪਸ਼ਚ+ਅਰਧ ਤੋਂ ਜਿਸ ਵਿਚ ਪਸ਼ਚ ਦਾ ਅਰਥ ਪੱਛਮ ਹੈ, ਪੱਛਮ ਸ਼ਬਦ ਇਸੇ ਦਾ ਰੁਪਾਂਤਰ ਹੈ। ਪੱਛਮੀ ਪੰਜਾਬ ਦੇ ਮੂਲ ਵਸਨੀਕਾਂ ਨੂੰ ਪਚਾਧੀ ਆਖਦੇ ਹਨ, ਇਸ ਦਾ ਅਰਥ ਜਾਂਗਲੀ ਵੀ ਹੋ ਗਿਆ ਹੈ।



ਕੁਝ ਸ਼ਬਦ ਹਨ ਜਿਨ੍ਹਾਂ ਵਿਚ ਧਿਆਨ ਨਾਲ ਸੁਣਿਆਂ ਹੀ ਅੱਧ ਰੜਕਦਾ ਹੈ। ਅੱਧੇ 'ਪੈਸੇ ਲਈ 'ਧੇਲਾ' ਸ਼ਬਦ ਦਾ ਮੁਢਲਾ ਰੂਪ 'ਅਧੇਲਾ' ਹੈ, ਜਿਸ ਵਿਚ ਅੱਧ ਸਾਫ ਝਲਕਦਾ ਹੈ, ਧੇਲੇ ਦੀ ਬੁੜੀ, ਟਕਾ ਸਿਰ ਮੁਨਾਈ। ਇਸੇ ਤਰ੍ਹਾਂ ਧੇਲੀ (ਅੱਧਾ ਰੁਪਿਆ) ਦਾ ਪਹਿਲਾ ਰੂਪ ਅਧੇਲੀ ਹੈ। 'ਦਸੇਰ' ਸ਼ਬਦ ਦਾ 'ਦ' ਦੋ ਦਾ ਭੁਲੇਖਾ ਪਾਉਂਦਾ ਹੈ ਪਰ ਇਸ ਦਾ ਅਸਲੀ ਰੂਪ 'ਅਧਸੇਰ' (ਅੱਧਾ ਸੇਰ) ਹੈ ਜਿਸ ਵਿਚੋਂ 'ਅ' ਧੁਨੀ ਅਲੋਪ ਹੋ ਗਈ ਹੈ। 'ਪਾ ਦਸੇਰ' ਮੁਹਾਵਰਾ ਵੀ ਹੈ। ਪਾਈਆ ਦਸੇਰ ਦਾਰੂ ਪੀ ਕੇ ਕਈ ਗਲੀਆਂ ਵਿਚ ਲਲਕਾਰੇ ਮਾਰਦੇ ਹਨ। ਅਧੇੜ ਉਮਰ ਅੱਧਖੜ ਅਰਥਾਤ ਅੱਧੀ ਹੁੰਦੀ ਹੈ। ਅਧਮਣ (ਅੱਧਾ ਮਣ) ਤੋਂ ਅਧਣ ਜਾਂ ਅਧੌਣ ਸ਼ਬਦ ਬਣੇ ਹਨ। ਧੌੜੀ ਦੀ ਮੋਟੀ ਜੁੱਤੀ ਤਾਂ ਬਥੇਰਿਆਂ ਨੇ ਪਾਈ ਜਾਂ ਵੇਖੀ ਹੋਵੇਗੀ। ਧੌੜੀ ਇਕ ਮੋਟਾ ਤੇ ਖੁਰਦਰਾ ਜਿਹਾ ਚਮੜਾ ਹੈ ਜੋ ਜੁੱਤੀਆਂ ਦੇ ਤਲੇ, ਲਗਾਮਾਂ ਅਤੇ ਚਰਸ ਬਣਾਉਣ ਦੇ ਕੰਮ ਆਉਂਦਾ ਹੈ। ਧੌੜੀ ਦਾ ਸ਼ਾਬਦਿਕ ਅਰਥ ਹੈ, ਅੱਧੀ ਖੱਲ। ਇਸ ਦਾ ਮੁਢਲਾ ਰੂਪ ਹੈ, ਅਧੌੜੀ ਤੇ ਇਹ ਬਣਿਆ ਹੈ ਅਰਧ+ਧੂਰਯ ਤੋਂ। ਧੌੜੀ ਹੁੰਦੀ ਹੈ ਪਸ਼ੂ ਦਾ ਪਕਾਇਆ ਹੋਇਆ ਮੋਟੇ ਚਮੜੇ ਦਾ ਅੱਧਾ ਟੁਕੜਾ। ਕਮਾਉਣ ਲਈ ਚਮੜੇ ਦੇ ਟੁਕੜੇ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਇਕ ਟੁਕੜੇ ਨੂੰ ਧੌੜੀ ਆਖਦੇ ਹਨ। ਧੌੜੀ ਲਾਹੁਣਾ ਮੁਹਾਵਰਾ ਹੈ ਜਿਸ ਦਾ ਅਰਥ ਚੰਮ ਉਧੇੜਨਾ, ਤਵੰਜ ਉਡਾਉਣਾ ਅਰਥਾਤ ਬਹੁਤ ਕੁੱਟਣਾ ਹੈ। ਤਵੰਜ ਸ਼ਬਦ ਸ਼ਾਇਦ ਤਵਚਾ ਦਾ ਹੀ ਵਿਗਾੜ ਹੈ। ਅੱਧੇ ਦੀ ਕਹਾਣੀ ਅਜੇ ਅੱਧ ਵਿਚਾਲੇ ਹੀ ਹੈ, ਪੂਰੀ ਨਹੀਂ ਹੋਈ, ਉਡੀਕ ਕਰੋ।

# ਮੇਰੀ ਪੰਜਾਬ ਫੇਰੀ

(ਪਿਛਲੇ ਸਫੇ ਦੀ ਬਾਕੀ)

ਬਰਬਾਦ ਹੋ ਰਹੇ ਹਨ। ਮੇਰੇ ਇਕ ਦੋਸਤ ਦੇ ਲੜਕੇ ਨੂੰ ਅਜਿਹੇ ਕਾਲਜ ਤੋਂ ਬੀ.ਟੈਕ ਕੀਤੀ ਨੂੰ ਚਾਰ ਸਾਲ ਹੋ ਗਏ। ਉਸ ਨੇ ਦੱਸਿਆ, "ਅੰਕਲ! ਕਾਲਜ ਸਟਾਫ ਨੇ ਸਾਨੂੰ ਸਮੈਸਟਰ ਨਕਲ ਮਰਵਾ ਪਾਸ ਕਰਾ ਕੇ ਡਿਗਰੀ ਦੇ ਦਿੱਤੀ। ਉਦੋਂ ਅਸੀਂ ਵੀ ਖੁਸ਼ ਸੀ ਕਿ ਪੜ੍ਹਨਾ ਨਹੀਂ ਪੈਂਦਾ, ਪਰ ਹੁਣ ਪਤਾ ਲੱਗਦਾ, ਜਦੋਂ ਕੰਪਨੀਆਂ ਟੈਸਟ ਲੈਂਦੀਆਂ। ਟੈਸਟ ਪਾਸ ਨਹੀਂ ਹੁੰਦਾ ਤੇ ਨੌਕਰੀ ਨਹੀਂ ਮਿਲਦੀ। ਜਿਹੋ ਜਿਹੇ 12ਵੀਂ ਕਰ ਕੇ ਦਾਖਲ ਹੋਏ ਸੀ, ਉਹੋ ਜਿਹੇ 4 ਸਾਲ ਬਾਅਦ ਡਿਗਰੀ ਦਾ ਇਹ ਸਰਟੀਫਿਕੇਟ ਲੈ ਕੇ ਧੱਕੇ ਖਾ ਰਹੇ ਹਾਂ।"

ਅੱਜ ਕੱਲ੍ਹ ਖੂਨ ਦੇ ਰਿਸ਼ਤੇ ਵਿਚ ਜ਼ਮੀਨ, ਜਾਇਦਾਦ ਨਾਂ ਲਵਾਉਣ ਦੀ ਅਸ਼ਟਾਮ ਡਿਊਟੀ ਪੰਜਾਬ ਸਰਕਾਰ ਨੇ ਮੁਆਫ ਕਰ ਦਿੱਤੀ ਹੈ। ਇਸ ਦੀ ਵੱਧ ਤੋਂ ਵੱਧ ਅਸਲੀ ਫੀਸ ਡੇਢ ਤੋਂ ਦੋ ਹਜ਼ਾਰ ਹੈ, ਪਰ ਭੋਲੇ-ਭਾਲੇ ਅਨਪੜ੍ਹ ਜ਼ਿਮੀਂਦਾਰਾਂ ਤੋਂ ਦਲਾਲਾਂ ਰਾਹੀਂ ਮਾਲ ਮਹਿਕਮੇ ਵਾਲੇ 15 ਹਜ਼ਾਰ ਪ੍ਰਤੀ ਕਿੱਲਾ ਲੈ ਕੇ ਰਜਿਸਟਰੀਆਂ ਕਰ ਰਹੇ ਹਨ। ਗਰੀਬ ਕਿਸਾਨਾਂ ਦੀ ਸ਼ਰੇਆਮ ਲੁੱਟ ਹੋ ਰਹੀ ਹੈ। ਕੋਈ ਪੁੱਛਣ ਵਾਲਾ ਨਹੀਂ। ਕੁੱਤੀ-ਚੋਰ ਆਪਸ ਵਿਚ ਰਲੇ ਹੋਏ ਹਨ।

ਅੱਜ ਕੱਲ੍ਹ ਸੰਗਤ ਦਰਸ਼ਨ ਹੋ ਰਹੇ ਹਨ। ਇਹ ਆਮ ਤੌਰ 'ਤੇ ਪੈਲੇਸਾਂ ਵਿਚ ਹੁੰਦੇ ਹਨ। ਅਫਸਰਾਂ ਸਮੇਤ ਸਾਰਾ ਅਮਲਾ-ਫੈਲਾ ਅਤੇ ਸਥਾਨਕ ਲੋਕ, ਸੰਗਤ ਦਰਸ਼ਨ ਵਿਚ ਆਉਂਦੇ ਹਨ। ਉਨ੍ਹਾਂ ਦਾ ਚਾਹ-ਪਾਣੀ, ਰੋਟੀ, ਪੈਲੇਸ ਦਾ ਖਰਚ ਸਥਾਨਕ ਪਟਵਾਰੀ, ਗਰਦਾਵਰ ਤੇ ਤਹਿਸੀਲਦਾਰ ਦੇ ਜ਼ਿੰਮੇ ਹੁੰਦਾ ਹੈ। ਮੇਰੇ ਪਿੰਡ ਵਿਚ ਵੀ ਸੰਗਤ ਦਰਸ਼ਨ ਹੋਇਆ। ਪਟਵਾਰੀ ਮੇਰੇ ਘਰ ਵੱਡੇ ਅਫਸਰਾਂ ਦੇ ਬੈਠਣ ਲਈ ਸੋਫਾ ਲੈਣ ਆਇਆ। ਜਦ ਸੰਗਤ ਦਰਸ਼ਨ ਤੋਂ ਬਾਅਦ ਸੋਫਾ ਵਾਪਸ ਕਰਨ ਪਟਵਾਰੀ ਦੇ ਨਾਲ ਗਰਦਾਵਰ ਵੀ ਆਇਆ ਤਾਂ ਮੈਂ ਪੁੱਛਿਆ, "ਸੰਗਤ ਦਰਸ਼ਨ ਠੀਕ-ਠਾਕ ਹੋ ਗਿਆ?" ਗਰਦਾਵਰ ਦਾ ਜਵਾਬ ਸੀ, "ਭਾਜੀ! ਸੰਗਤ ਦਰਸ਼ਨ ਲੀਡਰਾਂ ਤੇ ਅਫਸਰਾਂ ਦਾ ਕਾਹਦਾ! ਇਹ ਤਾਂ ਸਾਡਾ ਸੰਗਤ ਦਰਸ਼ਨ ਸੀ। ਚਾਰ ਪੰਜ ਦਿਨ ਤੋਂ ਤਿਆਰੀ ਕਰ ਰਹੇ ਸੀ। ਇਸ ਸੰਗਤ ਦਰਸ਼ਨ ਦਾ ਸਾਰਾ ਖਰਚ 65 ਹਜ਼ਾਰ ਰੁਪਿਆ ਆਇਆ। ਇਹ ਖਰਚ ਅਸੀਂ ਹੁਣ ਲੋਕਾਂ ਦੀਆਂ ਜੇਬਾਂ ਵਿਚੋਂ ਕੱਢਣਾ ਹੈ। ਅਸੀਂ ਮਾਂ ਦਾ ਸੂਤ ਵੇਚਿਆ! ਲੀਡਰ ਤੇ ਵੱਡੇ ਅਫਸਰ ਰਿਸ਼ਵਤ ਲੈਣ ਦਾ ਲਾਇਸੈਂਸ ਤਾਂ ਸਾਨੂੰ ਆਪਣੇ ਆਪ ਹੀ ਦੇ ਦਿੰਦੇ ਨੇ। ਅਸੀਂ ਹੁਣ ਇਕ ਲੱਖ ਤੀਹ ਹਜ਼ਾਰ ਬਣਾਵਾਂਗੇ ਤਾਂ ਹੀ ਸਾਡਾ ਘਰ ਪੂਰਾ ਹੋਊ। ਜੇ ਕਿਸੇ ਵੱਡੇ ਅਫਸਰ ਦਾ ਰਿਸ਼ਤੇਦਾਰ ਰੀਟ੍ਰੀਟ ਸੈਰਾਮਨੀ (ਬਾਰਡਰ) ਵੇਖਣ ਆਉਂਦਾ ਹੈ ਤਾਂ ਉਨ੍ਹਾਂ ਦਾ ਸਾਰਾ ਖਰਚ 'ਤੀਸਰਾ ਨੇਤਰ' ਖੋਲ੍ਹਣ ਤੱਕ ਸਾਡਾ ਹੀ ਹੁੰਦਾ ਹੈ। ਰਿਸ਼ਵਤ ਦੇ ਖਿਲਾਫ ਸ਼ਿਕਾਇਤ ਕੌਣ ਸੁਣੇਗਾ?"

ਪਿਛਲੇ ਸਾਲ ਇਕਬਾਲ ਸਿੰਘ ਰਾਮੂਵਾਲੀਆ ਦਾ ਲੇਖ 'ਪੰਜਾਬ ਟਾਈਮਜ਼' ਵਿਚ ਛਪਿਆ ਸੀ, 'ਇਹ ਲੁੱਟਣ ਪੰਜਾਬ ਨੂੰ ਅਸੀਂ ਅਪਨਾਈਏ ਪਿੰਡ।' ਮੈਂ ਦੇਖਿਆ ਕਿ ਕਈ ਲੋਕ ਤਾਂ ਠੀਕ ਦੇਸ਼ ਵਾਸੀਆਂ ਜਾਂ ਪਰਵਾਸੀਆਂ ਦੀ ਮਦਦ ਦੇ ਹੱਕਦਾਰ ਹੁੰਦੇ ਹਨ। ਜੋ ਲੋਕ ਹੱਥੀਂ ਕੰਮ ਨਹੀਂ ਕਰਦੇ, ਆਮਦਨ ਨਾਲੋਂ ਜ਼ਿਆਦਾ ਖਰਚ ਕਰਦੇ ਹਨ, ਗਰੀਬੀ ਹੋਣ ਦੇ ਬਾਵਜੂਦ ਨਸ਼ਾ ਕਰਦੇ ਹਨ; ਅਜਿਹੇ ਲੋਕ ਗਰੀਬੀ ਦੇ ਆਪ ਜ਼ਿੰਮੇਵਾਰ ਹਨ। ਇਸ ਤਰ੍ਹਾਂ ਦੇ ਲੋਕਾਂ ਦੀ ਸਹਾਇਤਾ ਕਿਸੇ ਸੂਰਤ ਵਿਚ ਨਹੀਂ ਕਰਨੀ ਚਾਹੀਦੀ। ਹਾਂ, ਜੇ ਕਿਸੇ ਦੀ ਕੁਦਰਤੀ ਆਫਤ ਕਾਰਨ ਜਾਂ ਲਾਇਲਾਜ ਬਿਮਾਰੀ ਕਾਰਨ ਹਾਲਤ ਮਾੜੀ ਹੋ ਜਾਂਦੀ ਹੈ ਤਾਂ ਉਹ ਪਰਵਾਸੀਆਂ ਦੀ ਮਦਦ ਦਾ ਹੱਕਦਾਰ ਹੈ।

ਅੱਜ ਹਰ ਹਲਕੇ ਵਿਚ 'ਹਲਕਾ ਜਥੇਦਾਰ' ਲਾਇਆ ਹੋਇਆ ਹੈ। ਤਹਿਸੀਲਦਾਰ, ਬੀ.ਡੀ.ਓ., ਐਸ.ਐਚ.ਓ. ਆਦਿ ਉਸ ਦੀ ਮਰਜ਼ੀ ਨਾਲ ਲਾਇਆ ਹੁੰਦਾ ਹੈ। ਹਲਕਾ ਜਥੇਦਾਰ ਦੇ ਆਰਡਰ ਤੋਂ ਬਗੈਰ ਕੋਈ ਕੰਮ ਨਹੀਂ ਹੋ ਸਕਦਾ। ਜਾਇਜ਼-ਨਾਜਾਇਜ਼ ਕੰਮ ਕਰਾ ਕੇ ਕੁਝ ਆਪਣੇ ਪਾਸ ਰੱਖ ਕੇ ਉਪਰਲਿਆਂ ਨੂੰ ਮਹੀਨਾ ਦਿੰਦਾ ਹੈ। ਨਾਜਾਇਜ਼ ਕੰਮ ਜਲਦੀ ਹੋ ਜਾਂਦੇ ਹਨ, ਪਰ ਜਾਇਜ਼ ਕੰਮ ਸਾਲਾਂ ਬੱਧੀ ਨਹੀਂ ਹੁੰਦੇ। ਨਿਸ਼ਾਨਦੇਹੀ ਕੁਝ ਦਿਨਾਂ ਦੇ ਵਿਚ ਹੀ ਹੋਣੀ ਚਾਹੀਦੀ ਹੈ, 'ਰਾਈਟ ਟੂ ਸਰਵਿਸ' ਦੇ ਹਿਸਾਬ ਨਾਲ, ਪਰ ਮੇਰੇ ਪਿੰਡ ਦੇ ਇਕ ਜ਼ਿਮੀਂਦਾਰ ਦੀ ਨਿਸ਼ਾਨਦੇਹੀ 2013 ਤੋਂ ਲੈ ਕੇ ਹੁਣ ਤੱਕ ਨਹੀਂ ਹੋਈ।

ਮੇਰੇ ਪਿੰਡ ਦੀ ਫਿਰਨੀ 22 ਫੁੱਟ ਹੈ, ਪਰ ਹੁਣ 10 ਫੁੱਟ ਰਹਿ ਗਈ ਹੈ। ਦੋ ਗੱਡੀਆਂ ਆਹਮੋ-ਸਾਹਮਣੇ ਲੰਘ ਨਹੀਂ ਸਕਦੀਆਂ। ਇਸ ਨਾਲ ਆਉਣ ਵਾਲੇ ਸਮੇਂ ਵਿਚ ਲੋਕਾਂ ਵਿਚ ਲੜਾਈਆਂ ਅਤੇ ਕਤਲ ਹੋ ਸਕਦੇ ਹਨ। ਪਹਿਲੀ ਪੰਚਾਇਤ 1952 ਵਿਚ ਬਣੀ ਸੀ, ਪਰ ਅੱਜ ਤੱਕ ਕਿਸੇ ਨੇ ਵੀ ਨਿਸ਼ਾਨਦੇਹੀ ਲੈ ਕੇ 12 ਫੁੱਟ ਥਾਂ ਨਹੀਂ ਕਢਵਾਇਆ। ਇਸ ਵੋਟ ਰਾਜਨੀਤੀ ਅਤੇ ਚੌਧਰ ਦੀ ਭੁੱਖ ਨੇ ਹੇਠਾਂ ਤੋਂ ਲੈ ਕੇ ਉਤੋਂ ਤੱਕ ਰਾਜ ਪ੍ਰਬੰਧ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

'ਫੈਲੇ ਵਿਦਿਆ ਚਾਨਣ ਹੋਏ' ਅਨੁਸਾਰ ਵਿਦਿਆ ਨਾਲ ਆਦਮੀ ਵਿਚ ਬੁੱਧ-ਬਿਬੇਕ ਪੈਦਾ ਹੁੰਦੀ ਹੈ। ਵਿਦਿਆ ਸਾਨੂੰ ਵਿਗਿਆਨਕ ਸੋਚ ਦੇ ਲੜ ਲਾਉਂਦੀ ਹੈ। ਅਨਪੜ੍ਹਤਾ ਕਾਰਨ ਅੱਜ ਵੀ ਪਿੰਡਾਂ ਵਿਚ ਅੰਧਵਿਸ਼ਵਾਸ, ਜਾਦੂ-ਟੂਣੇ, ਵਹਿਮ-ਭਰਮ ਹਨ ਤੇ ਬਾਬਾਵਾਦ ਪੈਦਾ ਹੋ ਰਿਹਾ ਹੈ। ਅੱਜ ਕੱਲ੍ਹ ਸਾਡੇ ਧਾਰਮਿਕ ਆਗੂ ਪਿੰਡ ਵਿਚ ਇਕ ਗੁਰਦੁਆਰਾ ਬਣਾਉਣ ਅਤੇ ਸਾਰੇ ਭਾਈਚਾਰਿਆਂ ਦੀ ਇਕ ਹੀ ਮੜ੍ਹੀ ਦੀ ਗੱਲ ਕਹਿੰਦੇ ਹਨ। ਮੈਂ ਪਿੰਡ ਦੇ ਜੱਟਾਂ ਅਤੇ ਮਜ਼ਬੀ ਸਿੱਖਾਂ ਨੂੰ ਮੜ੍ਹੀ ਇਕ ਥਾਂ ਕਰਨ ਵਾਸਤੇ ਦੋਹਾਂ ਭਾਈਚਾਰਿਆਂ ਨੂੰ ਸੱਦਿਆ। ਇਸ 'ਤੇ ਮਜ਼ਬੀ ਸਿੱਖਾਂ ਦਾ ਮੋਹਤਬਰ ਮੈਨੂੰ ਕਹਿਣ ਲੱਗਾ, "ਭਾਜੀ! ਇਹ ਨਹੀਂ ਹੋ ਸਕਦਾ।" ਮੈਂ ਪੁੱਛਿਆ, "ਕਿਉਂ?" ਉਸ ਦਾ ਉਤਰ ਸੀ, "ਜੇ ਮੜ੍ਹੀ ਇਕ ਥਾਂ ਕਰ ਦਿੱਤੀ ਤਾਂ ਜੱਟ ਤੇ ਮਜ਼ਬੀ ਮੁਰਦੇ ਭੂਤ-ਚੁੜੇਲਾਂ ਬਣ ਕੇ ਆਪਸ ਵਿਚ ਲੜਿਆ ਕਰਨਗੇ।"

ਅੱਜ ਕੱਲ੍ਹ ਪੰਜਾਬ ਵਿਚ ਸਮੈਕ ਆਦਿ ਨਸ਼ਿਆਂ ਦੀ ਤਸਕਰੀ ਦੀ ਬੜੀ ਚਰਚਾ ਹੈ। ਇਹ ਤਸਕਰੀ ਕਰਨ ਵਾਲੇ ਕੌਮਾਂਤਰੀ ਵੱਡੇ-ਵੱਡੇ ਬਲੈਕੀਏ ਹਨ ਜੋ ਦੋਹਾਂ ਦੇਸ਼ਾਂ ਦੇ ਵੱਡੇ ਸ਼ਹਿਰਾਂ ਵਿਚ ਬੈਠੇ ਹਨ। ਇਨ੍ਹਾਂ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਫੜੇ ਜਾਂ ਕੈਦ ਕੱਟਣ ਵਾਲੇ, ਮਾਰੇ ਜਾਣ ਵਾਲੇ ਤਾਂ 'ਪਾਂਡੀ' ਹੁੰਦੇ ਹਨ ਜੋ ਮਾਲ ਟਿਕਾਣੇ ਪਹੁੰਚਾਉਣ ਦਾ ਕਮਿਸ਼ਨ ਲੈਂਦੇ ਹਨ। ਸਾਡੇ ਇਲਾਕੇ ਦੇ ਇਕ 'ਪਾਂਡੀ' ਤੋਂ ਦੋ ਅੰਕਾਂ ਦੇ ਬਰਾਬਰ ਭਾਰ ਦੀ ਹੈਰੋਇਨ ਫੜੀ ਗਈ। ਉਹ ਜੇਲ੍ਹ ਚਲਾ ਗਿਆ। ਕੁਝ ਮਹੀਨਿਆਂ ਬਾਅਦ ਉਹ ਪਿੰਡ ਆ ਕੇ ਕਬੱਡੀ ਦਾ ਮੈਚ ਕਰਾ ਰਿਹਾ ਸੀ। ਉਸ ਦੇ ਵਿਰੋਧੀਆਂ ਨੇ ਟੂਰਨਾਮੈਂਟ ਵਿਚ ਸ਼ਮੂਲੀਅਤ ਦੀ ਵੀਡੀਓ ਬਣਾ ਕੇ ਜ਼ਿਲ੍ਹੇ ਦੇ ਵੱਡੇ ਅਫਸਰ ਨੂੰ ਦੇ ਦਿੱਤੀ। ਉਹ ਬੜੇ ਆਰਾਮ ਨਾਲ ਦੁਬਾਰਾ ਜੇਲ੍ਹ ਚਲਾ ਗਿਆ। ਉਸ 'ਤੇ ਕੋਈ ਐਕਸ਼ਨ ਨਾ ਹੋਇਆ। ਸਾਲ ਦੇ ਵਿਚ-ਵਿਚ ਹੀ ਉਹ ਬਰੀ ਹੋ ਗਿਆ ਤੇ ਅੱਜ ਕੱਲ੍ਹ ਫਿਰ ਆਪਣੇ ਕੰਮ ਵਿਚ ਰੁੱਝਿਆ ਹੋਇਆ ਹੈ।

ਪੰਜਾਬ ਵਿਚ ਅੱਜ ਕੱਲ੍ਹ 2017 ਦੀਆਂ ਚੋਣਾਂ ਲਈ ਰਵਾਇਤੀ ਪਾਰਟੀਆਂ ਤੋਂ ਇਲਾਵਾ ਇਕ ਪਾਰਟੀ ਨਵੀਂ ਉਭਰੀ ਹੈ। ਇਸ ਪਾਰਟੀ ਨਾਲ ਸਬੰਧਤ ਦਿੱਲੀ ਦੇ ਐਮ.ਐਲ.ਏ. ਜੱਸੀ ਗਿੱਲ ਨੇ ਮੈਨੂੰ ਆਪਣੇ ਘਰ ਦੁਪਹਿਰ ਦੇ ਖਾਣੇ 'ਤੇ ਸੱਦਿਆ। ਮੈਂ ਗਿਆ ਅਤੇ ਉਸ ਨੂੰ ਸਵਾਲ ਕੀਤਾ, "68 ਸਾਲਾਂ ਵਿਚ ਸਾਡੇ ਲੀਡਰਾਂ ਨੇ ਸਾਨੂੰ ਬੇਈਮਾਨੀ ਸਿਖਾਈ ਹੈ, ਇਮਾਨਦਾਰ ਤੇ ਨਿਸ਼ਕਾਮ ਬੰਦੇ ਕਿਥੋਂ ਲਿਆਓਗੇ?" ਉਸ ਨੇ ਕਿਹਾ, "ਅਸੀਂ ਸਿਸਟਮ ਬਦਲਾਂਗੇ। ਸਿਆਸਤਦਾਨ ਤੇ ਅਫਸਰਸ਼ਾਹੀ ਬਦਲੇਗੀ ਤਾਂ ਸਿਸਟਮ ਵੀ ਬਦਲ ਜਾਏਗਾ?"

ਪੰਜਾਬ ਨੂੰ ਲੋੜ ਹੈ, ਅੱਜ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਲੀਡਰਾਂ ਦੀ; ਅੱਜ ਲੋੜ ਹੈ, ਨਵਾਬ ਕਪੂਰ ਸਿੰਘ ਵਰਗਿਆਂ ਦੀ; ਕਰਤਾਰ ਸਿੰਘ ਝੱਬਰ ਵਰਗੇ ਲੀਡਰਾਂ ਦੀ, ਜਿਸ ਨੇ ਅਕਾਲੀ ਲਹਿਰ ਵਿਚ ਸਭ ਤੋਂ ਵੱਧ ਕੁਰਬਾਨੀ ਕੀਤੀ, ਪਰ ਨਾ ਕੋਈ ਅਹੁਦਾ ਲਿਆ ਤੇ ਨਾ ਹੀ ਗੁਰੂ ਦੀ ਗੋਲਕ ਵਿਚੋਂ ਤਨਖਾਹ ਲਈ। ਅੱਜ ਜਿਸ ਲੀਡਰ ਦੀਆਂ ਇਕ ਦਿਨ ਪਹਿਲਾਂ ਸਿਫਤਾਂ ਕਰਦੇ ਨਹੀਂ ਥੱਕਦੇ, ਟਿਕਟ ਨਾ ਮਿਲਣ ਉਤੇ ਉਸ ਦੀ ਨਿੰਦਿਆ ਪਾਣੀ ਪੀ-ਪੀ ਕੇ ਕਰਨ ਲੱਗ ਪੈਂਦੇ ਹਨ। ਜਿੰਨਾ ਚਿਰ ਸਾਡਾ ਕਿਰਦਾਰ ਚੰਗਾ ਨਹੀਂ ਹੋਵੇਗਾ, ਅਸੀਂ ਲੋਕਾਂ ਦਾ ਕੁਝ ਨਹੀਂ ਸਵਾਰ ਸਕਦੇ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

# ...ਕਿ ਵੰਡ ਵਿਚੋਂ ਕੀ ਲੱਭਿਆ?

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਸਰਪੰਚ ਦੇ ਕਹਿਣ ਉਤੇ ਰਤਨਾ ਚੌਕੀਦਾਰ ਸਿਆਣੇ ਬੰਦਿਆਂ ਦੇ ਘਰੀਂ ਸੁਨੇਹਾ ਦੇ ਆਇਆ ਸੀ ਕਿ ਕੱਲ੍ਹ ਨੂੰ ਪ੍ਰੀਤਮ ਸਿਉਂ ਦੇ ਮੁੰਡਿਆਂ ਨੇ ਘਰ ਤੇ ਜ਼ਮੀਨ ਜਾਇਦਾਦ ਦਾ ਬਟਵਾਰਾ ਕਰਨਾ ਹੈ। ਤੁਸੀਂ ਭਾਈ ਸਵੇਰੇ 10 ਵਜੇ ਪ੍ਰੀਤਮ ਸਿਉਂ ਦੇ ਘਰ ਪਹੁੰਚ ਭਰਾਵਾਂ ਦੀ ਵੰਡ ਕਰਵਾ ਦਿਓ। ਬਹੁਤਿਆਂ ਨੇ 'ਹਾਂ' ਦਾ ਹੁੰਗਾਰਾ ਭਰਿਆ।

ਬਾਗ ਵਿਚ ਫੁੱਲਾਂ ਵਾਂਗ ਖਿੜੇ ਦੋਵਾਂ ਭਰਾਵਾਂ ਉਤੇ ਸਮੇਂ ਦੀ ਚੱਲੀ ਹਨੇਰੀ ਨੇ ਉਜਾੜ ਲੈ ਆਂਦਾ ਸੀ। ਕੋਈ ਸਮਾਂ ਸੀ ਜਦੋਂ ਦੋਵੇਂ ਭਰਾ ਲੋਕਾਂ ਦੇ ਘਰੀਂ ਫੈਸਲੇ ਕਰਵਾਉਣ ਜਾਂਦੇ, ਪਰ ਹੁਣ ਉਨ੍ਹਾਂ ਦੀ ਸਿਆਣਪ ਬੌਣੀ ਹੋ ਚੁੱਕੀ ਸੀ। ਹੁਣ ਲੋਕਾਂ ਦੀ ਸਿਆਣਪ ਉਨ੍ਹਾਂ ਨੂੰ ਲੈਣੀ ਪੈ ਰਹੀ ਸੀ, ਪਿਛਲੇ ਦੋ ਸਾਲਾਂ ਤੋਂ ਘਰ ਤਬਾਹੀ ਵੱਲ ਜੁ ਜਾ ਰਿਹਾ ਸੀ।

ਰਿਟਾਇਰ ਹੋਇਆ ਪ੍ਰੀਤਮ ਸਿੰਘ ਪਟਵਾਰੀ ਸ਼ਾਇਦ ਪੰਜਾਬ ਦਾ ਪਹਿਲਾ ਪਟਵਾਰੀ ਹੋਵੇਗਾ ਜਿਸ ਨੇ ਕਦੇ ਕਿਸੇ ਕੋਲੋਂ ਪਾਣੀ ਦਾ ਗਲਾਸ ਵੀ ਨਾ ਪੀਤਾ ਹੋਵੇ। ਪਿਉ ਦਾਦੇ ਦੀ ਦਸ ਕਿੱਲੇ ਜ਼ਮੀਨ ਸੀ। ਜਿਸ ਦਿਨ ਪਟਵਾਰੀ ਲੱਗਿਆ ਤੇ ਜਿਸ ਦਿਨ ਹਟਿਆ, ਜ਼ਮੀਨ ਨਾ ਵਿਸਵਾ ਵਧੀ, ਨਾ ਘਟੀ। ਇਮਾਨਦਾਰੀ ਨਾਲ ਆਪਣੀ ਨੌਕਰੀ ਕਰ ਕੇ ਉਸ ਨੇ ਆਪਣੇ ਦੋਵੇਂ ਪੁੱਤਾਂ-ਸਰਦੂਲ ਸਿੰਘ ਤੇ ਕਪੂਰ ਸਿੰਘ ਨੂੰ ਪਾਲਿਆ ਤੇ ਪੜ੍ਹਾਇਆ ਸੀ। ਸਰਦੂਲ ਸਿੰਘ ਨੂੰ ਬਚਪਨ ਤੋਂ ਹੀ ਖੇਤੀ ਦਾ ਸ਼ੌਕ ਸੀ। ਉਹ ਦਸ ਜਮਾਤਾਂ ਪੜ੍ਹ ਕੇ ਖੇਤੀ ਕਰਨ ਲੱਗਾ। ਕਪੂਰ ਸਿੰਘ ਨੂੰ ਉਸ ਦੇ ਫੁੱਫੜ ਨੇ ਫੌਜ ਵਿਚ ਭਰਤੀ ਕਰਵਾ ਦਿੱਤਾ। ਫੁੱਫੜ ਆਪ ਵੀ ਕਰਨਲ ਸੀ। ਪ੍ਰੀਤਮ ਸਿੰਘ ਖੁਸ਼ ਸੀ ਕਿ ਦੋਵੇਂ ਪੁੱਤ ਕਿੱਤੇ ਲੱਗ ਗਏ ਸਨ। ਵਿਆਹਾਂ ਦਾ ਕੋਈ ਫਿਕਰ ਨਾ ਰਹੂ।

ਸਰਦੂਲ ਸਿੰਘ ਬਲਦਾਂ ਨਾਲ ਹੀ ਖੇਤੀ ਕਰਦਾ ਸੀ। ਪਿੰਡ ਵਿਚ ਟਾਂਵਾਂ-ਟਾਂਵਾਂ ਟਰੈਕਟਰ ਆਇਆ ਸੀ। ਕਈਆਂ ਨੇ ਪ੍ਰੀਤਮ ਸਿਉਂ ਨੂੰ ਕਹਿਣਾ, "ਤਾਇਆ! ਅਸੀਂ ਤੇਰੀ ਜ਼ਮੀਨ ਵਾਹ-ਬੀਜ ਦਿੰਦੇ ਆਂ। ਕਾਹਨੂੰ ਸਰਦੂਲ ਤੋਂ ਟੱਕਰਾਂ ਮਰਵਾਉਂਦਾ ਏਂ।" ਪਰ ਪ੍ਰੀਤਮ ਸਿਉਂ ਜਵਾਬ ਦੇ ਦਿੰਦਾ। ਉਹ ਕਿਸੇ ਦਾ ਅਹਿਸਾਨ ਆਪਣੇ ਸਿਰ ਨਹੀਂ ਸੀ ਲੈਣਾ ਚਾਹੁੰਦਾ। ਕਈ ਵਾਰ ਸਰਦੂਲ ਸਿੰਘ ਨੇ ਕਹਿਣਾ, "ਬਾਪੂ ਜੀ! ਜੇ ਕੋਈ ਤੇਲ ਉਤੇ ਆਪਣੀ ਬੀਜ ਬਜਾਈ ਕਰ ਵੀ ਦੇਊ ਤਾਂ ਹਰਜ ਕੀ ਹੈ?" ਪਰ ਪ੍ਰੀਤਮ ਸਿਉਂ ਲਈ ਆਪਣੀ ਨੌਕਰੀ 'ਜ਼ਿੰਦਾਬਾਦ' ਸੀ।

ਇਕ ਵਾਰ ਉਹ ਦੋ ਭਰਾਵਾਂ ਦੀ ਜ਼ਮੀਨ ਦੀ ਮਿਣਤੀ ਕਰਨ ਚਲਿਆ ਗਿਆ। ਵੱਡੇ ਭਰਾ ਦੀ ਸਰਕਾਰੇ-ਦਰਬਾਰੇ ਪਹੁੰਚ ਸੀ। ਉਹ ਆਪਣੇ ਭਰਾ ਦਾ ਅੱਧਾ ਕਿੱਲਾ ਜ਼ਮੀਨ ਵੱਧ ਰੱਖਣ ਲਈ ਲਾਲਚੀ ਹੋ ਗਿਆ। ਪ੍ਰੀਤਮ ਸਿਉਂ ਨੂੰ ਪਹਿਲਾਂ ਰਿਸ਼ਵਤ ਦੀ ਪੇਸ਼ਕਸ਼ ਕੀਤੀ, ਤੇ ਫਿਰ ਉਪਰਲੀ ਅਫਸਰੀ ਦਾ ਰੋਹਬ ਪੁਆਇਆ। ਫਿਰ ਜਾਨੋਂ ਮਾਰਨ ਦੀ ਧਮਕੀ ਦਿੱਤੀ, ਪਰ ਉਹ ਅਡੋਲ ਰਿਹਾ। ਜ਼ਮੀਨ ਦੀ ਮਿਣਤੀ ਸੋਨੇ ਦੀ ਤੱਕੜੀ ਤੋਲ ਦਿੱਤੀ, ਪਰ ਲਾਲਚੀ ਬੰਦੇ ਦੇ ਗੱਲ ਕਿਥੇ ਹਜ਼ਮ ਹੁੰਦੀ ਹੈ! ਉਸ ਨੇ ਚੌਥੇ ਕੁ ਦਿਨ ਸੂਏ ਦੀ ਪਟੜੀ ਆਉਂਦੇ ਪ੍ਰੀਤਮ ਸਿਉਂ ਉਤੇ ਭਾੜੇ ਦੇ ਟੱਟੂਆਂ ਤੋਂ ਹਮਲਾ ਕਰਵਾ ਦਿੱਤਾ। ਕਿਸੇ ਨੇ ਘਰ ਸੁਨੇਹਾ ਦਿੱਤਾ। ਹਸਪਤਾਲ ਲੈ ਕੇ ਗਏ, ਪ੍ਰੀਤਮ ਸਿਉਂ ਮਰਨੋਂ ਬਚ ਗਿਆ, ਪਰ ਲੱਤੋਂ ਨਕਾਰਾ ਹੋ ਗਿਆ।

ਪੁਲਿਸ ਨੇ ਬਿਆਨ ਲਏ ਅਤੇ ਸ਼ੱਕ ਦੇ ਆਧਾਰ 'ਤੇ ਗ੍ਰਿਫਤਾਰੀ ਕਰਵਾਉਣ ਲਈ ਕਿਹਾ, ਪਰ ਪ੍ਰੀਤਮ ਸਿਉਂ ਨੇ ਬਾਜ਼ਾਂ ਵਾਲੇ ਦੀ ਕਚਹਿਰੀ ਕੇਸ ਪਾ ਦਿੱਤਾ। ਚੌਦਵੇਂ ਦਿਨ ਉਸ ਕਿਸਾਨ ਦਾ ਇਕੱਲਾ ਪੁੱਤ ਝੋਟੇ ਨੇ ਕੰਧ ਵਿਚ ਦੇ ਕੇ ਮਾਰ ਦਿੱਤਾ। ਉਹ ਰੋਂਦਾ ਪ੍ਰੀਤਮ ਸਿਉਂ ਕੋਲ ਆਇਆ ਤੇ ਮੁਆਫੀ ਮੰਗੀ। ਇਕ ਕਿੱਲਾ ਜ਼ਮੀਨ ਦਾ ਆਪਣੇ ਭਰਾ ਨੂੰ ਆਪ ਵੱਧ ਦਿੱਤਾ। ਪ੍ਰੀਤਮ ਸਿੰਘ ਦਾ ਸਭ ਤੋਂ ਵੱਡਾ ਹਥਿਆਰ ਸੀ ਚੁੱਪ; ਨਾ ਕਿਸੇ ਨਾਲ ਲੜਨਾ, ਨਾ ਹੱਕ ਖਾਣਾ ਤੇ ਨਾ ਖਾਣ ਦੇਣਾ।

ਸਮੇਂ ਦੀ ਚਾਲ ਚੱਲਦੀ ਗਈ। ਪ੍ਰੀਤਮ ਸਿੰਘ ਨੇ ਆਪਣਾ ਵੱਡਾ ਪੁੱਤ ਸਰਦੂਲ ਸਿਉਂ ਵਿਆਹ ਲਿਆ। ਲੋਕੀਂ ਬੜਾ ਕੁਝ ਲੈ ਕੇ ਆਏ, ਪਰ ਉਸ ਨੇ ਕਿਸੇ ਦਾ ਕੁਝ ਨਾ ਰੱਖਿਆ। ਇਸੇ ਤਰ੍ਹਾਂ ਉਸ ਨੇ ਕਪੂਰ ਸਿੰਘ ਦਾ ਵਿਆਹ ਕੀਤਾ। ਕਪੂਰ ਸਿੰਘ ਵਿਆਹ ਕਰਵਾ ਕੇ ਦੋ ਮਹੀਨੇ ਪਿੰਡ ਰਿਹਾ ਤੇ ਫਿਰ ਪਠਾਨਕੋਟ ਛਾਉਣੀ ਚਲਿਆ ਗਿਆ। ਅਜੇ ਉਹ ਦੁਬਾਰਾ ਛੁੱਟੀ ਲਈ ਅਰਜ਼ੀ ਦੇਣ ਦੀ ਸੋਚ ਰਿਹਾ ਸੀ ਕਿ ਉਸ ਦੇ ਹੱਥ ਵਿਚ ਨਕਾਰਾ ਹੋਇਆ ਗਰਨੇਡ ਚੱਲ ਗਿਆ ਜੋ ਉਸ ਦਾ ਸੱਜਾ ਹੱਥ ਉਡਾ ਕੇ ਲੈ ਗਿਆ। ਉਸ ਦਾ ਇਲਾਜ ਕਰਵਾਇਆ ਤੇ ਫਿਰ ਅੱਠ ਸਾਲ ਦੀ ਨੌਕਰੀ ਬਾਅਦ ਉਸ ਨੂੰ ਪੈਨਸ਼ਨ ਲਾ ਕੇ ਭੇਜ ਦਿੱਤਾ ਗਿਆ। ਘਰ ਵਿਚ ਕਿਸੇ ਨੂੰ ਰੋਟੀ ਦਾ ਸਵਾਦ ਨਾ ਲੱਗੇ।

ਠੀਕ ਹੋਣ ਤੋਂ ਬਾਅਦ ਕਪੂਰ ਸਿੰਘ ਵੱਡੇ ਨਾਲ ਖੇਤੀ ਕਰਨ ਲੱਗਾ। ਫੌਜ ਵਿਚੋਂ ਮਿਲੀ ਰਕਮ ਨਾਲ ਪੁਰਾਣਾ ਟਰੈਕਟਰ ਲੈ ਲਿਆ। ਖੇਤੀ ਦਾ ਕੰਮ ਸੁਖਾਲਾ ਹੋ ਗਿਆ। ਦੋਵੇਂ ਭਰਾ ਬੜੀ ਮਿਹਨਤ ਕਰਦੇ। ਪ੍ਰੀਤਮ ਸਿਉਂ ਆਪਣੀ ਨੌਕਰੀ ਇਮਾਨਦਾਰੀ ਨਾਲ ਕਰੀ ਜਾ ਰਿਹਾ ਸੀ। ਉਹ ਹਮੇਸ਼ਾ ਖੱਦਰ ਦੇ ਕੱਪੜੇ ਪਹਿਨਦਾ। ਸਮਾਂ ਬੀਤਦਾ ਗਿਆ, ਦੋਹਾਂ ਭਰਾਵਾਂ ਦੇ ਘਰ ਦੋ-ਦੋ ਪੁੱਤ ਤੇ ਇਕ-ਇਕ ਧੀ ਹੋਏ। ਵਿਹੜਾ ਖੁਸ਼ੀਆਂ ਨਾਲ ਭਰਿਆ ਰਹਿੰਦਾ। ਲੋਕ ਪ੍ਰੀਤਮ ਸਿਉਂ ਦੇ ਸੁਖੀ ਵੱਸਦੇ ਪਰਿਵਾਰ ਨੂੰ ਦੇਖ ਕੇ ਆਪਣੇ ਘਰੀਂ ਵੀ ਸੁੱਖ ਭਾਲਦੇ। ਪ੍ਰੀਤਮ ਸਿਉਂ ਦੀਆਂ ਦੋਵੇਂ ਨੂੰਹਾਂ ਵੀ ਸਿਆਣੀਆਂ ਤੇ ਸਮਝਦਾਰ ਸਨ। ਉਨ੍ਹਾਂ ਨੇ ਆ ਕੇ ਘਰ ਨੂੰ ਚਾਰ ਚੰਨ ਲਾ ਦਿੱਤੇ।

ਪ੍ਰੀਤਮ ਸਿਉਂ ਦੀ ਇਮਾਨਦਾਰੀ ਦਾ ਫਲ ਉਸ ਨੂੰ ਮਿਲਿਆ। ਕਿਸੇ ਵੱਡੇ ਅਮੀਰ ਬੰਦੇ ਨੇ ਉਸ ਦੀ ਬਦਲੀ ਫਿਰੋਜ਼ਪੁਰ ਲਾਗੇ ਕਰਵਾ ਦਿੱਤੀ। ਪ੍ਰੀਤਮ ਸਿਉਂ ਨੇ ਝੁਕਣ ਨਾਲੋਂ ਘਰ ਦੀ ਦੂਰੀ ਮਨਜ਼ੂਰ ਕਰ ਲਈ। ਪ੍ਰੀਤਮ ਸਿਉਂ ਦੇ ਉਥੇ ਜਾਣ ਮਗਰੋਂ ਪਤਾ ਨਹੀਂ ਕਿਸੇ ਨੇ ਘਰ ਵਿਚ ਕੀ ਫੂਕ ਮਾਰ ਦਿੱਤੀ ਕਿ ਲੜਾਈ ਦਾ ਬੀਜ ਬੀਜਿਆ ਗਿਆ। ਪ੍ਰੀਤਮ ਸਿਉਂ ਹੁਣ ਸੇਵਾ ਮੁਕਤ ਹੋ ਕੇ ਘਰ ਆ ਗਿਆ ਸੀ। ਇਕ ਦਿਨ ਵੱਡੀ ਨੂੰਹ ਨੇ ਖਾਰੀ ਵਾਲੇ ਭਾਈ ਤੋਂ ਕੇਲੇ ਲੈ ਕੇ ਆਪਣੇ ਬੱਚਿਆਂ ਨੂੰ ਦੇ ਦਿੱਤੇ, ਬੱਸ ਇਸੇ ਬਹਾਨੇ ਛੋਟੀ ਨੂੰਹ ਨੇ ਘਰ ਕਲੇਸ਼ ਪਾ ਲਿਆ ਕਿ ਉਸ ਦੇ ਬੱਚਿਆਂ ਨੂੰ ਕੇਲੇ ਕਿਉਂ ਨਹੀਂ ਲੈ ਕੇ ਦਿੱਤੇ? ਪ੍ਰੀਤਮ ਸਿਉਂ ਨੇ ਬਹੁਤ ਸਮਝਾਇਆ, ਪਰ ਗੱਲ ਸਿਰੇ ਨਾ ਲੱਗੀ। ਨਿੱਕੀ ਜਿਹੀ ਗੱਲ ਬਟਵਾਰੇ ਤੱਕ ਪਹੁੰਚ ਗਈ ਸੀ।

ਦਿੱਤੇ ਹੋਏ ਸਮੇਂ ਮੁਤਾਬਕ ਪਿੰਡ ਦੇ ਮੋਹਤਬਰ ਆ ਗਏ। ਲੋਕਾਂ ਦੇ ਕੰਨ ਪ੍ਰੀਤਮ ਸਿਉਂ ਦੇ ਘਰ ਦੀਆਂ ਕੰਧਾਂ ਨਾਲ ਲੱਗ ਗਏ। ਪਹਿਲਾਂ ਸਰਪੰਚ ਨੇ ਘਰ ਦੀ ਵੰਡ ਕੀਤੀ ਤੇ ਵੱਡੇ ਭਰਾ ਦਾ ਪੱਲੜਾ ਭਾਰੀ ਰੱਖਿਆ। ਫੌਜੀ ਕਪੂਰ ਸਿਉਂ ਕਹਿੰਦਾ, ਜੋ ਕਰੋਗੇ, ਮਨਜ਼ੂਰ ਹੈ। ਸਿਆਣਿਆਂ ਨੇ ਵੀ ਗਿਣਤੀ-ਮਿਣਤੀ ਵਿਚ ਪੱਖਪਾਤ ਕੀਤਾ। ਪ੍ਰੀਤਮ ਸਿਉਂ ਬੈਠਾ ਸਭ ਕੁਝ ਦੇਖ ਰਿਹਾ ਸੀ। ਜਦੋਂ ਅਖੀਰ ਗੱਲ ਨਾ ਬਣੀ ਤਾਂ ਉਹ ਉਠਿਆ ਤੇ ਬੋਲਿਆ, "ਭਰਾਵੋ! ਮੈਂ ਸਾਰੀ ਉਮਰ ਲੋਕਾਂ ਦੀਆਂ ਜ਼ਮੀਨਾਂ ਵੰਡਾਉਂਦਾ ਰਿਹਾਂ ਤੇ ਅੱਜ ਦੀਵੇ ਥੱਲੇ ਹਨੇਰਾ ਹੋ ਗਿਆ। ਤੁਸੀਂ ਪੱਖਪਾਤ ਛੱਡ ਕੇ ਰੱਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਵੰਡ ਕਰਵਾਓ।"

ਕਈਆਂ ਨੇ ਭਾਈਚਾਰਕ ਸਾਂਝ ਨੂੰ ਨਾ ਤੋੜਦਿਆਂ ਕੋਈ ਫੈਸਲਾ ਨਾ ਕੀਤਾ। ਫਿਰ ਭਰਾਵਾਂ ਦੀ ਤੂੰ-ਤੂੰ, ਮੈਂ-ਮੈਂ ਹੋਣ ਲੱਗੀ। ਪ੍ਰੀਤਮ ਸਿਉਂ ਦੀਆਂ ਦੋਵੇਂ ਨੂੰਹਾਂ ਵੀ ਮਿਹਣੋ-ਮਿਹਣੀ ਹੋ ਗਈਆਂ। ਘਰ ਵਿਚ ਲੜਾਈ ਹੋਣ ਹੀ ਵਾਲੀ ਸੀ ਕਿ ਬਾਹਰੋਂ ਦੋ ਜੀਪਾਂ ਬੰਦਿਆਂ ਨਾਲ ਭਰੀਆਂ ਆ ਗਈਆਂ ਜਿਨ੍ਹਾਂ ਨਾਲ ਪੰਜ-ਛੇ ਬੁੜ੍ਹੀਆਂ ਵੀ ਸਨ। ਇਹ ਸਾਰੇ ਜਣੇ ਸਰਦੂਲ ਸਿਉਂ ਅਤੇ ਕਪੂਰ ਸਿਉਂ ਦੇ ਸਹੁਰਿਆਂ ਤੋਂ ਆਏ ਸਨ। ਦੋਵਾਂ ਭਰਾਵਾਂ ਨੇ ਸੋਚਿਆ ਕਿ ਉਨ੍ਹਾਂ ਦੇ ਸਹੁਰਿਆਂ ਵਾਲੇ ਬੰਦੇ ਆਪੋ-ਆਪਣੇ ਪੱਖ ਵਿਚ ਖੜ੍ਹਨਗੇ, ਪਰ ਕਹਾਣੀ ਉਲਟ ਹੋ ਗਈ।


"ਮਾਸੜ ਜੀ! ਗੁਰੂ ਫਤਿਹ ਪ੍ਰਵਾਨ ਕਰਨੀ।" ਛੇ ਫੁੱਟ ਦੇ ਜਵਾਨ ਨੇ ਕਿਹਾ ਜੋ ਸਰਦੂਲ ਸਿਉਂ ਦਾ ਸਾਲਾ ਲੱਗਦਾ ਸੀ, ਦੂਜਾ ਮਧਰੇ ਕੱਦ ਵਾਲਾ ਕਪੂਰ ਸਿਉਂ ਦਾ ਸਾਲਾ ਵੀ ਨਾਲ ਹੀ ਖੜ੍ਹਾ ਸੀ। "ਦੇਖੋ ਮਾਸੜ ਜੀ! ਅਸੀਂ ਇਨ੍ਹਾਂ ਦੋਵਾਂ ਦਾ ਬਟਵਾਰਾ ਕਰਵਾਉਣ ਨਹੀਂ ਆਏ। ਅਸੀਂ ਤਾਂ ਇਹ ਕਹਿਣ ਆਏ ਹਾਂ ਕਿ ਜੇ ਇਨ੍ਹਾਂ ਨੇ ਘਰ ਜ਼ਮੀਨ ਦਾ ਬਟਵਾਰਾ ਕਰਨਾ ਹੈ ਤਾਂ ਅਸੀਂ ਇਨ੍ਹਾਂ ਦੇ ਘਰ ਨਹੀਂ ਵੜਨਾ। ਨਾ ਅਸੀਂ ਆਪਣੀਆਂ ਭੈਣਾਂ ਨਾਲ ਬੋਲਣਾ ਹੈ ਤੇ ਨਾ ਕੋਈ ਰਿਸ਼ਤੇਦਾਰੀ ਰੱਖਣੀ ਹੈ। ਅਸੀਂ ਬਟਵਾਰਾ ਕਰਾਉਣ ਨਹੀਂ, ਬਟਵਾਰਾ ਰੋਕਣ ਆਏ ਹਾਂ। ਸਰਪੰਚ ਸਾਬ੍ਹ! ਤੁਸੀਂ ਜਾਉ ਘਰਾਂ ਨੂੰ, ਅਸੀਂ ਆਪ ਹੀ ਸਮਝਾ ਲਵਾਂਗੇ ਇਨ੍ਹਾਂ ਨੂੰ।" ਸਰਦੂਲ ਸਿਉਂ ਦਾ ਸਾਲਾ ਬੋਲਿਆ।

ਆਏ ਹੋਏ ਬੰਦੇ ਕੱਚੇ ਜਿਹੇ ਹੁੰਦੇ ਆਪੋ-ਆਪਣੇ ਘਰੀਂ ਚਲੇ ਗਏ। ਬਟਵਾਰਾ ਰੁਕ ਗਿਆ। ਦੋਵੇਂ ਭਰਾ ਕੁਝ ਨਾ ਬੋਲੇ। ਪ੍ਰੀਤਮ ਸਿਉਂ ਖੁਸ਼ ਹੋ ਗਿਆ।

ਚੰਗੇ ਸਹੁਰਿਆਂ ਦੀ ਬਦੌਲਤ ਦੋਹਾਂ ਭਰਾਵਾਂ ਦਾ ਉਜੜਨ ਲੱਗਿਆ ਘਰ ਬਚ ਗਿਆ। ਫਿਰ ਉਨ੍ਹਾਂ ਕਦੇ ਬਟਵਾਰੇ ਦਾ ਨਾਂ ਨਾ ਲਿਆ। ਪ੍ਰੀਤਮ ਸਿਉਂ ਸੌ ਸਾਲ ਦਾ ਹੋ ਕੇ ਜਹਾਨੋਂ ਗਿਆ। ਅਗਾਂਹ ਪੁੱਤ ਪੋਤਰੇ ਵੀ ਇਕੱਠੇ ਰਹੇ। ਅੱਜ ਪਿੰਡ ਵਿਚ ਲੋਕ ਇਨ੍ਹਾਂ ਨੂੰ 'ਕੱਠਿਆਂ ਦੇ' ਕਹਿ ਕੇ ਬੁਲਾਉਂਦੇ ਹਨ। ਸੱਠ ਕਿੱਲੇ ਜ਼ਮੀਨ ਹੈ ਹੁਣ ਇਨ੍ਹਾਂ ਕੋਲ, ਤੇ ਤਿੰਨ ਟਰੈਕਟਰ। ਲੋਕ ਸਰਦੂਲ ਸਿਉਂ ਤੇ ਕਪੂਰ ਸਿਉਂ ਨੂੰ ਫੈਸਲਾ ਕਰਾਉਣ ਵਾਸਤੇ ਲਿਜਾਂਦੇ ਹਨ। ਦੋਵੇਂ ਕਹਿ ਦਿੰਦੇ ਹਨ, "ਭਰਾਵੋ! ਸਾਡੀ ਸਿਆਣਪ ਕਿਹੜੇ ਕੰਮ ਦੀ ਹੈ, ਤੁਹਾਡੇ ਸਹੁਰੇ ਸਿਆਣੇ ਹੋਣੇ ਚਾਹੀਦੇ। ਸਹੁਰਿਆਂ ਦੀ ਬਦੌਲਤ ਹੀ ਲੋਕ ਅੱਜ ਸਾਨੂੰ ਸਿਆਣੇ ਸਮਝਣ ਲੱਗੇ ਹਨ।"

# ਫੁੱਲਾਂ ਨੂੰ ਖਿੜਨ ਦਾ ਸੁਨੇਹਾ

ਸੰਸਾਰ ਬਾਰੂਦ ਦਾ ਵੱਡਾ ਅੰਬਾਰ। ਹਰ ਬਘਿਤ-ਬਿੱਲੇ ਕੋਲ ਆਪੋ ਆਪਣਾ ਅੱਗ ਦਾ ਢੇਰ, ਜਿਸ 'ਤੇ ਬੈਠੇ ਲਲਕਾਰ ਰਹੇ ਹਨ, ਦਹਾੜ ਰਹੇ ਹਨ। ਤਹਿਸ-ਨਹਿਸ ਕਰਨ ਦੇ ਹੰਕਾਰੀ ਫੈਸਲੇ, ਹੱਸਦੀਆਂ ਵੱਸਦੀਆਂ ਬਸਤੀਆਂ ਨੂੰ ਮਲਬੇ ਦੇ ਢੇਰਾਂ 'ਚ ਬਦਲ ਰਹੇ ਹਨ। ਬੰਬਾਂ ਨਾਲ ਲੱਦੇ ਉਡਨ-ਖਟੋਲੇ ਮੌਤ ਦਾ ਮੀਂਹ ਬਰਸਾ ਰਹੇ ਹਨ। ਨਿਤਾਣਾ ਮਨੁੱਖ ਆਪਣੀ ਲਾਸ਼ ਆਪਣੇ ਹੀ ਮੋਢਿਆਂ 'ਤੇ ਚੁੱਕਣ ਲਈ ਮਜਬੂਰ ਹੈ। ਬੰਦੇ ਦੀ ਅੱਖ ਵਿਚ ਰੱਤ ਦੇ ਅੱਥਰੂ ਹਨ। ਦੈਂਤ ਖੜਾ ਤਮਾਸ਼ਾ ਵੇਖ ਰਿਹਾ ਹੈ। ਤਾਸ਼ ਦੇ ਖਿਲਰੇ ਪੱਤੇ ਇੱਕਠੇ ਕਰਨ ਦਾ ਢੌਂਗ ਵੀ ਰਚ ਰਿਹਾ ਹੈ।



ਸੀਰੀਆਈ ਬੱਚੇ ਉਮਰਾਨ ਦਕਨੀਸ਼ ਦੀ ਮਾਸੂਮੀਅਤ ਮਲਬੇ ਦੇ ਢੇਰ ਹੇਠੋਂ ਪੁੱਛ ਰਹੀ ਹੈ, ਜੇ ਮੈਂ ਫੁੱਲ ਹਾਂ ਖਿੜਨਾ ਮੇਰਾ ਨਸੀਬ ਹੈ। ਕੀ ਮੈਂ ਮਹਿਕ ਨਹੀਂ ਸਕਾਂਗਾ। ਇਸ ਦਾ ਹੁੰਗਾਰਾ ਭਰਿਆ ਹ, ਨਿਊ ਯਾਰਕ ਦੇ ਇੱਕ ਛੇ ਸਾਲਾ ਬੱਚੇ ਅਲੈਕਸ ਨੇ ਜਿਸ ਦੀ ਸੋਚ ਨੇ ਸਾਰੇ ਸੰਸਾਰ ਦੀ ਮਾਨਵੀ ਹਿੱਤਾਂ ਦੀ ਰਾਖੀ ਦੇ ਢੰਡੋਰਚੀਆਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰੀ ਹੈ।

ਸੰਤੋਖ ਮਿਨਹਾਸ
ਫੋਨ: 559-283-6376

ਅਲੈਕਸ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਇਕ ਚਿੱਠੀ ਲਿਖ ਕੇ ਉਸ ਸੀਰੀਆਈ ਬੱਚੇ ਉਮਰਾਨ ਨੂੰ ਆਪਣੇ ਘਰ ਵਿਚ ਥਾਂ ਦੇਣ ਦੀ ਤਜਵੀਜ਼ ਰੱਖੀ ਹੈ। ਪਾਠਕਾਂ ਨੂੰ ਯਾਦ ਹੋਵੇਗਾ, ਜਦ ਉਮਰਾਨ ਦੀ ਖੂਨ ਅਤੇ ਧੂੜ-ਮਿੱਟੀ ਨਾਲ ਲੱਥ-ਪੱਥ ਤਸਵੀਰ ਸੰਸਾਰ ਪੱਧਰ 'ਤੇ ਛਾਇਆ ਹੋਈ ਸੀ। ਦੁਨੀਆਂ ਦੇ ਬਹੁਤ ਸਾਰੇ ਲੋਕਾਂ ਦਾ ਦਿਲ ਪਸੀਜਿਆ ਗਿਆ ਸੀ। ਬੰਬਾਂ ਦੀ ਮਾਰ ਝੱਲ ਰਹੇ ਦੇਸ਼ਾਂ ਤੋਂ ਲੈ ਕੇ ਪੂਰੀ ਦੁਨੀਆਂ ਦੇ ਤਾਕਤਵਰ ਨੇਤਾਵਾਂ ਨੇ ਵੀ ਇਸ ਬੱਚੇ ਲਈ ਹਮਦਰਦੀ ਪ੍ਰਗਟਾਈ ਸੀ। ਪਰ ਕਿਸੇ ਨੇ ਉਸ ਦੀ ਬਾਂਹ ਫੜਨ ਦਾ ਹੌਸਲਾ ਨਹੀਂ ਸੀ ਦਿਖਾਇਆ ਤੇ ਨਾ ਹੀ ਉਸ ਦੇ ਦੁੱਖ ਦੂਰ ਕਰਨ ਲਈ ਕੋਈ ਉਪਰਾਲਾ ਕੀਤਾ ਸੀ।

ਉਮਰਾਨ ਦਕਨੀਸ਼ ਦਾ ਘਰ ਸੀਰੀਆ 'ਤੇ ਹੋਈ ਬੰਬਾਰੀ ਵਿਚ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਇਸ ਤਬਾਹੀ ਦੇ ਆਲਮ ਨੇ ਉਸ ਦੇ ਭਰਾ ਤੋਂ ਇਲਾਵਾ ਘਰ ਦੇ ਕਈ ਹੋਰ ਜੀਅ ਮਾਰ ਮੁਕਾਏ ਸਨ। ਉਮਰਾਨ ਨੂੰ ਮਲਬੇ ਦੇ ਢੇਰ ਵਿਚੋਂ ਖੂਨ ਨਾਲ ਲੱਥ-ਪੱਥ ਜ਼ਿੰਦਾ ਕੱਢਿਆ ਗਿਆ ਸੀ। ਇਹ ਤਸਵੀਰ ਦੇਖ ਕੇ ਹਰ ਕੋਈ ਝੰਜੋੜਿਆ ਗਿਆ ਸੀ। ਜਦ ਇਹ ਤਸਵੀਰ ਅਲੈਕਸ ਨੇ ਦੇਖੀ ਤਾਂ ਉਹ ਉਸ ਦੀ ਬਾਂਹ ਫੜਨ ਲਈ ਅੱਗੇ ਆਇਆ। ਉਸ ਨੇ ਕਿਹਾ ਹੈ ਕਿ ਉਹ ਉਮਰਾਨ ਨੂੰ ਆਪਣੇ ਭਰਾ ਦੀ ਤਰ੍ਹਾਂ ਰੱਖੇਗਾ।

ਬਰਾਕ ਓਬਾਮਾ ਨੇ ਇਸ ਚਿੱਠੀ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਇਹ ਚਿੱਠੀ ਉਸ ਬੱਚੇ ਨੇ ਲਿਖੀ ਹੈ ਜਿਸ ਨੇ ਅਜੇ ਆਲੋਚਨਾ, ਸ਼ੱਕ ਅਤੇ ਡਰਨਾ ਨਹੀਂ ਸਿੱਖਿਆ। ਵਾਈਟ ਹਾਊਸ ਇਸ ਚਿੱਠੀ ਤੋਂ ਬਹੁਤ ਪ੍ਰਭਾਵਿਤ ਹੋਇਆ ਹੈ ਅਤੇ ਇਸ ਨੇ ਅਲੈਕਸ ਦੀ ਚਿੱਠੀ ਪ੍ਰਕਾਸ਼ਿਤ ਵੀ ਕੀਤੀ ਹੈ। ਇੰਨਾ ਹੀ ਨਹੀਂ, ਇਹ ਚਿੱਠੀ ਅਲੈਕਸ ਦੀ ਆਵਾਜ਼ ਵਿਚ ਰਿਕਾਰਡ ਵੀ ਕੀਤੀ ਗਈ ਹੈ ਜਿਸ ਦੀ ਵੀਡੀਓ ਵੀ ਫੇਸਬੁੱਕ 'ਤੇ ਵਾਇਰਲ ਹੋ ਰਹੀ ਹੈ ਅਤੇ ਇਹ ਸੱਤਰ ਹਜ਼ਾਰ ਤੋਂ ਵੀ ਵੱਧ ਵਾਰ ਲੋਕ ਸ਼ਿਅਰ ਕਰ ਚੁਕੇ ਹਨ।

ਜਿਹੜੀ ਗੱਲ ਸਭ ਤੋਂ ਵੱਧ ਧਿਆਨ ਮੰਗਦੀ ਹੈ, ਉਹ ਹੈ ਕਿ ਬਰਾਕ ਓਬਾਮਾ ਨੇ ਪਿਛਲੇ ਹਫਤੇ ਸੰਯੁਕਤ ਰਾਸ਼ਟਰ ਵਿਚ ਪਰਵਾਸੀ ਸੰਕਟ 'ਤੇ ਬੋਲਦਿਆਂ ਇਸ ਚਿੱਠੀ ਨੂੰ ਪੜ੍ਹ ਕੇ ਸੁਣਾਇਆ। ਦੁਨੀਆਂ ਦੇ ਸਭ ਤੋਂ ਤਾਕਤਵਰ ਦੇਸ਼ ਦਾ ਰਾਸ਼ਟਰਪਤੀ ਜਦੋਂ ਇਹ ਕਹਿੰਦਾ ਹੈ ਕਿ ਸਾਨੂੰ ਸਭ ਨੂੰ ਅਲੈਕਸ ਵਾਂਗ ਹੋਣਾ ਚਾਹੀਦਾ ਹੈ। ਜਦੋਂ ਅਸੀਂ ਸਾਰੇ ਅਲੈਕਸ ਵਰਗੇ ਹੋ ਜਾਵਾਂਗੇ, ਦੁੱਖ ਕਿੰਨਾ ਘੱਟ ਜਾਵੇਗਾ ਅਤੇ ਅਸੀਂ ਦੁਨੀਆਂ ਵਿਚ ਕਿੰਨੀ ਬਰਬਾਦੀ ਰੋਕ ਲਵਾਂਗੇ। ਗੱਲ ਇੱਕਲੇ ਉਮਰਾਨ ਦੀ ਨਹੀਂ, ਪਤਾ ਨਹੀਂ ਕਿੰਨੇ ਉਮਰਾਨ ਰੋਜ਼ ਮੌਤ ਦਾ ਸ਼ਿਕਾਰ ਹੁੰਦੇ ਹਨ ਜਾਂ ਅਪਾਹਜ ਹੋ ਕੇ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਅਜੇ 16 ਦਸੰਬਰ 2014 ਦੀ ਗੱਲ ਜਦੋਂ ਪਾਕਿਸਤਾਨ ਦੇ ਸ਼ਹਿਰ ਪੇਸ਼ਾਵਰ ਦੇ ਇੱਕ ਸਕੂਲ ਵਿਚ ਮੌਤ ਦੇ ਵਪਾਰੀਆਂ ਨੇ 148 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ ਜਿਨ੍ਹਾਂ ਵਿਚ 138 ਮਾਸੂਮ ਬੱਚੇ ਵੀ ਸਨ। ਸੰਸਾਰ ਹੱਕਾ-ਬੱਕਾ ਰਹਿ ਗਿਆ ਸੀ, ਮੌਤ ਦਾ ਇਹ ਤਾਂਡਵ ਨਾਚ ਵੇਖ ਕੇ। ਇਨ੍ਹਾਂ ਗੈਰ-ਮਨੁੱਖੀ ਕਾਰਵਾਈਆਂ ਵਿਚ ਲੱਗੇ



ਉਮਰਾਨ ਦਕਨੀਸ਼

ਬੁਚੜਾਂ ਨੂੰ ਸਬਕ ਸਿਖਾਉਣ ਦੇ ਫੈਸਲੇ ਲਏ ਗਏ ਸਨ। ਬੱਚੇ ਤਾਂ ਫੁੱਲ ਸਨ, ਜਿਨ੍ਹਾਂ ਅਜੇ ਖਿੜਨਾ ਸੀ। ਇਹ ਕਾਰਾ ਭਾਵੇਂ ਤਾਲਿਬਾਨ ਦੇ ਖੂਨੀ ਪੰਜਿਆਂ ਦੀ ਖੇਡ ਹੋਵੇ ਜਾਂ ਕਿਸੇ ਹੋਰ ਦੀ, ਪਰ ਦਰਿੰਦਗੀ ਦੀ ਇਹ ਸਿਖਰ ਸੀ। ਆਈ.ਐਸ. (ਇਸਲਾਮਿਕ ਸਟੇਟ) ਸੀਰੀਆ ਤੇ ਇਰਾਕ ਵਿਚ ਮੌਤ ਦਾ ਜੋ ਤਾਂਡਵ ਨਾਚ ਕਰ ਰਹੀ ਹੈ, ਉਹ ਹੈਵਾਨੀਅਤ ਦਾ ਸਭ ਤੋਂ ਭੈੜਾ ਰੂਪ ਹੈ। ਕਿਵੇਂ ਇਹ ਹਤਿਆਰੇ ਇੱਕ ਪਾਸੇ ਬੱਚਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਦੂਜੇ ਪਾਸੇ ਆਪਣੇ ਮਕਸਦ ਲਈ ਨਿੱਕੇ ਨਿੱਕੇ ਬੱਚਿਆਂ ਨੂੰ ਵਰਤਦੇ ਹਨ। ਉਹ ਮਾਸੂਮ ਜਿੰਦੜੀਆਂ, ਜਿਨ੍ਹਾਂ ਨੇ ਆਪਣੇ ਹੱਥਾਂ ਨਾਲ ਜ਼ਿੰਦਗੀ ਦੀ ਮੁਹਾਰਨੀ ਲਿਖਣੀ ਸੀ, ਉਨ੍ਹਾਂ ਹੱਥਾਂ ਵਿਚ ਮੌਤ ਦੀ ਸਮਗਰੀ ਵੇਖ ਤਰਸ ਵੀ ਆਉਂਦਾ ਹੈ ਤੇ ਹੈਰਾਨੀ ਵੀ। ਜਦੋਂ ਇਹ ਨਿੱਕੇ ਨਿੱਕੇ ਹੱਥ ਦਿਲ ਕੰਬਾਊ ਕਾਰਨਾਮਿਆਂ ਨੂੰ ਅੰਜਾਮ ਦਿੰਦੇ ਹਨ। ਮੌਤ ਦੋਵੇਂ ਪਾਸੇ ਹੈ, ਮਾਰਨ ਤੇ ਮਰਨ ਦੇ ਅਰਥ ਇੱਕੋ ਹਨ। ਗੱਲ ਇਥੇ ਹੀ ਨਹੀਂ ਮੁੱਕਦੀ। ਕਿਵੇਂ ਨਾਈਜੀਰੀਆ ਦੇ ਅਤਿਵਾਦੀ ਸੰਗਠਨ ਬੋਕੋ ਹਰਮ ਨੇ 14-15 ਅਪਰੈਲ 2014 ਨੂੰ 276 ਬੱਚੀਆਂ ਨੂੰ ਸਕੂਲ ਵਿਚੋਂ ਚੁੱਕਿਆ। ਕਈਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਅਤੇ ਕਈਆਂ ਨੂੰ ਮੌਤ ਦਾ। ਇਨ੍ਹਾਂ 'ਚੋਂ ਕਈਆਂ ਨੂੰ ਦੇਹ-ਵਪਾਰੀਆਂ ਕੋਲ ਵੇਚ ਦਿੱਤਾ।

ਇਕ ਮਨੁੱਖੀ ਅਧਿਕਾਰ ਰਿਪੋਟਰ ਅਨੁਸਾਰ ਹੁਣ ਤੱਕ ਕੋਈ ਪੰਜ ਸੌ ਬੱਚੀਆਂ ਨੂੰ ਜਬਰੀ ਚੁੱਕਿਆ ਗਿਆ ਹੈ। ਇਹ ਘਿਨਾਉਣੀ ਤਸਵੀਰ ਸੰਸਾਰ ਦੇ ਸਾਹਮਣੇ ਹੈ। ਮੌਤ ਦੀ ਇਹ ਹਨੇਰੀ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿਚ ਚੱਲ ਰਹੀ ਹੈ।

ਹੁਣ ਸਵਾਲ ਹੈ ਕਿ ਦਹਿਸ਼ਤ ਦੇ ਇਨ੍ਹਾਂ ਵਪਾਰੀਆਂ ਨੂੰ ਸਿਖਲਾਈ ਕੌਣ ਦਿੰਦਾ ਹੈ? ਇਨ੍ਹਾਂ ਨੂੰ ਅਸਲਾ ਕੌਣ ਦਿੰਦਾ ਹੈ? ਇਹ ਕਿਸ ਮਕਸਦ ਲਈ ਤਿਆਰ ਕੀਤੇ ਜਾਂਦੇ ਹਨ? ਇਹ ਮੌਤ ਦੇ ਵਾਰੰਟ ਕਿਸ ਦੀ ਸੇਵਾ ਵਿਚ ਭੁਗਤਦੇ ਹਨ? ਇਸ ਬਰਬਾਦੀ ਦੀ ਕੌਣ ਜ਼ਿੰਮੇਵਾਰ ਹੈ? ਕੌਣ ਕਿਸ ਨੂੰ ਕਹਿ ਰਿਹਾ ਹੈ ਕਿ ਇਹ ਤਬਾਹੀ ਦਾ ਮੰਜ਼ਰ ਰੁਕਣਾ ਚਾਹੀਦਾ ਹੈ ਪਰ ਰੁਕ ਨਹੀਂ ਰਿਹਾ। ਕਿਉਂ ਇਹ ਸਹਿਮ ਦੁਨੀਆਂ ਦਾ ਹਰ ਬੰਦਾ ਮਹਿਸੂਸ ਕਰ ਰਿਹਾ ਹੈ ਕਿ ਕਿਤੇ ਵੀ ਕੁਝ ਵਾਪਰ ਸਕਦਾ ਹੈ। ਕੀ ਤੱਤੀਆਂ ਹਵਾਵਾਂ ਨੂੰ ਬਰਫ ਦੇ ਫੰਹੇ ਠਾਰ ਸਕਣਗੇ? ਕਦ ਇਹ ਨਸੀਹਤਾਂ ਤੇ ਦਿਲਬਰੀਆਂ ਲੋਕਾਂ ਦੇ ਕਲਿਆਣ ਲਈ ਅਰਦਾਸ ਬਣਨਗੀਆਂ? ਫੁੱਲਾਂ ਜੋਗੀ ਧਰਤੀ ਕੌਣ ਸਾਂਭ ਕੇ ਰੱਖੇਗਾ? ਪਰ ਸੰਸਾਰ ਚੁੱਪ ਹੈ। ਹੁਣ ਮੌਤ ਦੇ ਦੂਤ ਅਤੇ ਰਖਵਾਲੇ ਵਿਚ ਬਹੁਤਾ ਅੰਤਰ ਦਿਸਦਾ ਨਜ਼ਰ ਨਹੀਂ ਆ ਰਿਹਾ।

## ਬੁਢਾਪਾ

ਢਲ ਗਈ ਦੁਪਹਿਰ
ਜਵਾਨੀ ਵਾਲੀ।
ਪੈ ਗਈ ਸ਼ਾਮ ਬੁਢਾਪਾ।
ਤਗੜੇ ਨੇ ਕਈ ਸਾਡੇ ਹਾਣੀ
ਕਿਸੇ ਦਾ ਪਿਆ ਪਟਾਕਾ।
ਦੋ ਹੋਣ ਤਾਂ ਚੰਗੀ ਗੁਜ਼ਰੇ
ਔਖਾ ਹੈ ਇਕਲਾਪਾ।
ਕਈ ਅਜੇ ਵੀ ਕਾਰ ਵਿਹਾਰੀ
ਕੋਈ ਸੰਭਲੇ ਨਾ ਆਪਾ।
ਕਈ ਭਜਾਉਂਦੇ ਅਜੇ ਵੀ ਸਾਈਕਲ
ਕਈ ਨੇ ਤੁਰਦੇ ਖੂੰਡੀ ਨਾਲ।
ਜ਼ਿੰਦਗੀ ਹੈ ਚਲਦੀ ਕਾ ਨਾਮ
ਕਿਉਂ ਬਹਿ'ਗੇ ਹੋ ਕੇ ਨਿਢਾਲ।
ਮਾਣੋ ਦਿਨ ਜਿਹੜਾ ਹੈ ਚੜ੍ਹਦਾ
ਛੱਡੋ ਉਮਰਾਂ ਦਾ ਖਿਆਲ।
ਜਿੰਨਾ ਚਿਰ ਹੈ ਜੀਣਾ ਮਿੱਤਰੋ
ਜੀਓ ਜ਼ਿੰਦਾ ਦਿਲੀ ਦੇ ਨਾਲ।
ਮਾਣੋ ਸ਼ੌਕ ਜੋ ਰਿਹਾ ਅਧੂਰਾ
ਜਦ ਸੀ ਭੱਜ ਦੌੜ ਦੇ ਸਾਲ।
ਪੜ੍ਹਨ-ਲਿਖਣ ਤੇ ਬਾਗ ਬਗੀਚੀ
ਰੱਖਦੇ ਬੁਢਾਪੇ ਨੂੰ ਖੁਸ਼ਹਾਲ।
ਖਾਓ ਪੀਓ, ਸੈਰ ਸਪਾਟਾ
ਭਾਵੇਂ ਹੋ ਗਈ ਧੀਮੀ ਚਾਲ।
ਖੁਸ਼ ਰਹੋ ਖੁਸ਼ ਰੱਖੋ ਟੱਬਰ
ਗਿਣੋ ਕਿਉਂ ਉਮਰਾਂ ਦੇ ਸਾਲ।
'ਕੱਲੇ ਆਏ 'ਕੱਲੇ ਜਾਣਾ
ਕੋਈ ਨਾ ਨਿਭਿਆ ਕਿਸੇ ਦੇ ਨਾਲ।
ਕੀ ਪਤਾ ਕਦੋਂ ਆਊ ਬੁਲਾਵਾ
ਹੁਣ ਤੋਂ ਬੰਨ ਲਿਆ ਮੰਜੇ ਕਾਲ।
ਵੰਡ ਦਿਉ ਬੱਚਿਆਂ ਨੂੰ ਹੁਣ ਤਾਂ
ਬੰਨਿਆਂ ਹੈ ਜੋ ਪੱਲੇ ਮਾਲ।
ਲੋਕ ਲਾਜ ਨੂੰ ਰੱਖਣਗੇ
ਬਾਬਿਓ ਬੱਚੇ ਆਪ ਖਿਆਲ।
ਪਰ ਇਨ੍ਹਾਂ ਵੀ ਓਹੀ ਕਰਨਾ
ਜੋ ਕੀਤੀ ਤੁਸੀਂ ਮਾਪਿਆਂ ਨਾਲ।
ਹਿੰਮਤੇ ਮਰਦਾਂ ਮੱਦਤੇ ਖੁਦਾ
'ਸਾਹੀ' ਕਹਿਣਾ ਰਾਜ ਜ਼ਰੂਰ।
ਪਰ ਹੋਵੇਗਾ ਉਹ ਹੀ ਲੋਕੋ
ਜੋ ਹੈ ਦਾਤੇ ਨੂੰ ਮਨਜ਼ੂਰ।

-ਚਰਨਜੀਤ ਸਿੰਘ ਸਾਹੀ
ਫੋਨ: 317-430-6545

# ਕੁਝ ਬਾਤਾਂ ਮੋਹਨ ਸਿੰਘ-ਅੰਮ੍ਰਿਤਾ ਕੀਆਂ

***ਖਾਲਸਾ ਕਾਲਜ ਪਟਿਆਲਾ ਤੋਂ ਰਿਟਾਇਰਡ ਪ੍ਰੋ. ਮੇਵਾ ਸਿੰਘ ਤੁੰਗ ਹੁਣ ਉਮਰ ਦੇ 90ਵਿਆਂ ਵਿਚ ਹਨ, ਪਰ ਉਨ੍ਹਾਂ ਦੀ ਯਾਦਾਸ਼ਤ ਝੀਲ ਦੇ ਨਿਤਰੇ ਪਾਣੀ ਵਾਂਗ ਸਾਫ ਹੈ। ਪੰਜਾਬੀ ਸਾਹਿਤ ਵਿਚ ਮੋਹਨ ਸਿੰਘ ਅਤੇ ਅੰਮ੍ਰਿਤਾ ਬਾਰੇ ਕਿੱਸੇ ਅਕਸਰ ਸੁਣਨ ਨੂੰ ਮਿਲਦੇ ਹਨ। ਪਿਛਲੇ ਸਮੇਂ ਦੌਰਾਨ ਅੰਮ੍ਰਿਤਾ ਬਾਰੇ ਦੋ ਨਾਵਲ ਵੀ ਸਾਹਮਣੇ ਆਏ ਹਨ। ਦੋਵੇਂ ਨਾਵਲ ਦਿੱਲੀ ਵੱਸਦੇ ਲੇਖਕਾਂ ਨੇ ਲਿਖੇ ਹਨ। 'ਬੱਦਲਾਂ ਦੀ ਪੌੜੀ' ਦਰਸ਼ਨ ਸਿੰਘ ਨੇ ਅਤੇ 'ਇਹੁ ਜਨਮ ਤੁਮਹਾਰੇ ਲੇਖੇ' ਗੁਰਬਚਨ ਸਿੰਘ ਭੁੱਲਰ ਨੇ ਲਿਖਿਆ ਹੈ। ਹੁਣ ਪ੍ਰੋ. ਤੁੰਗ ਨੇ ਮੋਹਨ ਸਿੰਘ-ਅੰਮ੍ਰਿਤਾ ਬਾਰੇ ਚੱਲਦੇ ਕਿੱਸਿਆਂ ਦੇ ਸਹੀ ਪ੍ਰਸੰਗ ਦੀ ਥਹੁ ਪਾਉਣ ਲਈ ਇਹ ਲੇਖ ਲਿਖਿਆ ਹੈ ਜੋ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

ਮੋਹਨ ਸਿੰਘ ਨੇ ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਦੇ ਮੁਹਾਵਰੇ ਤੋਂ ਪੰਜਾਬੀ ਕਵਿਤਾ ਨੂੰ ਮੁਕਤ ਕੀਤਾ। ਉਸ ਨੇ ਵੱਖਰੀ ਡਿਕਸ਼ਨ ਪੈਦਾ ਕੀਤੀ ਅਤੇ ਪੰਜਾਬੀ ਕਵਿਤਾ ਨੂੰ ਨਾਲ ਲੈ ਕੇ ਵੱਖਰੇ ਧਰਾਤਲ 'ਤੇ ਵਿਚਰਨਾ ਸ਼ੁਰੂ ਕੀਤਾ ਜਿਥੇ ਧਨੀ ਰਾਮ ਚਾਤ੍ਰਿਕ ਪਹਿਲਾਂ ਹੀ ਆਪਣੇ ਝੰਡੇ ਗੱਡੀ ਬੈਠਾ ਸੀ ਅਤੇ ਸਮਾਧ ਲਾ ਕੇ ਕੁਦਰਤ ਦਾ ਕਾਰਖਾਨਾ ਦੇਖ ਰਿਹਾ ਸੀ। ਮੋਹਨ ਸਿੰਘ ਦੇ ਪ੍ਰਵੇਸ਼ ਨਾਲ ਇਹ ਕਾਵਿ-ਮੰਡਲ ਹੋਰ ਵੀ ਸੰਗੀਤਕ ਹੋ ਗਿਆ ਅਤੇ ਅੰਦਰਲੇ ਸਰੋਦੀ ਜੀਵਨ ਨਾਲ ਜੁੜੀ ਨਜ਼ਮ ਤੇ ਅਨੰਦ ਦੇ ਮੋਹ-ਭੋਗ ਦੀ ਲਾਲਸਾ ਅਧੀਨ ਕਿਤੇ ਵਧੇਰੇ ਸੰਗੀਤਮਈ ਸਰੋਦੀ ਏਂਦਰਿਕਤਾ ਅਤੇ ਸੌਂਦਰਯ ਨਾਲ ਓਤਪੋਤ ਹੋ ਗਿਆ। 'ਆਲੋਚਨਾ' ਦਾ ਮੋਹਨ ਸਿੰਘ ਅੰਕ ਅਤੇ ਮੋਹਨ ਸਿੰਘ ਦੀ ਦੂਜੀ ਪਤਨੀ ਸੁਰਜੀਤ ਦਾ ਲੇਖ ਪਾਠਕ ਪੜ੍ਹਨ ਤਾਂ ਕਈ ਵਹਿਮ ਸਾਫ ਹੋ ਜਾਣ।


ਮੈਂ ਅੰਮ੍ਰਿਤਾ ਦੇ ਸਤਿਕਾਰ ਖਿਲਾਫ ਜਾਣ ਵਾਲੀ ਹਰ ਗੱਲ ਦੇ ਖਿਲਾਫ ਹਾਂ, ਨਾ ਮੈਂ ਕਿਸੇ ਊਜ, ਤੁਹਮਤ ਦੀ ਹਮਾਇਤ ਕਰਦਾ ਹਾਂ। ਦੋਵਾਂ ਵਿਚ ਜਿਸਮਾਨੀ ਸਬੰਧ ਸਨ ਕਿ ਨਾ, ਅੱਜ ਵੀ ਇਸ ਬਾਰੇ ਮੈਨੂੰ ਕੋਈ ਪਤਾ ਨਹੀਂ, ਪਰ ਉਨ੍ਹਾਂ

**ਪ੍ਰੋ. ਮੇਵਾ ਸਿੰਘ ਤੁੰਗ**
ਫੋਨ: +91-99140-89221

ਦਿਨਾਂ ਦੇ ਚਸ਼ਮਦੀਦ ਗਵਾਹਾਂ ਅਨੁਸਾਰ ਉਨ੍ਹਾਂ ਵਿਚ ਨੇੜ ਸੀ, ਇਕ ਦੂਜੇ ਨਾਲ ਮਿਲਣ-ਗਿਲਣ ਬਹਿਣ-ਉਠਣ ਆਮ ਸੀ। ਇਹ ਅਤਿ ਸਾਧਾਰਨ ਗੱਲਾਂ ਹਨ ਜਿਨ੍ਹਾਂ ਤੋਂ ਮੁਕਰਨ ਦਾ ਕੋਈ ਫਾਇਦਾ ਨਹੀਂ, ਨਾ ਪਾਣੀ ਪੀ ਪੀ ਕੇ ਮੋਹਨ ਸਿੰਘ ਨੂੰ ਕੋਸਣ ਦੀ ਲੋੜ ਹੈ। ਕਵੀ ਕਿਸੇ 'ਤੇ ਵੀ ਕਿਸੇ ਵੇਲੇ ਕੋਈ ਕਵਿਤਾ ਲਿਖ ਸਕਦਾ ਹੈ। ਅੱਗੇ ਚਾਹੇ ਕੋਈ ਅੰਮ੍ਰਿਤਾ ਹਾਜ਼ਰ ਹੋਵੇ, ਚਾਹੇ ਗੈਰ ਹਾਜ਼ਰ; ਕੋਈ ਫਰਕ ਨਹੀਂ ਪੈਂਦਾ। ਅੰਮ੍ਰਿਤਾ ਪ੍ਰੀਤਮ ਬਾਰੇ ਪ੍ਰੀਤਮ ਸਿੰਘ ਸਫੀਰ ਨੇ ਵੀ ਕਵਿਤਾਵਾਂ ਲਿਖੀਆਂ ਸਨ, ਸ਼ੇਰ ਸਿੰਘ ਸ਼ੇਰ ਨੇ ਵੀ। ਇਕ ਦੋ ਔਰਤਾਂ ਨੇ ਵੀ ਅਜਿਹਾ ਕੀਤਾ ਹੈ। ਜੋਗਿੰਦਰ ਸਿੰਘ ਜੋਗੀ ਨੇ ਆਪਣੀ ਇਕ ਕਵਿਤਾ ਵਿਚ ਅੰਮ੍ਰਿਤਾ ਨੂੰ ਗਾਲ ਕੱਢੀ ਹੈ।

ਬਾਵਾ ਬਲਵੰਤ ਨੇ ਬਲਜੀਤ ਤੁਲਸੀ ਉਪਰ ਕਵਿਤਾ ਲਿਖੀ। ਮੈਂ ਪ੍ਰਭਜੋਤ 'ਤੇ ਕਵਿਤਾਵਾਂ ਲਿਖੀਆਂ। ਸੰਤ ਸਿੰਘ ਸੇਖੋਂ ਨੇ ਪ੍ਰਭਜੋਤ ਉਪਰ ਅੰਗਰੇਜ਼ੀ ਵਿਚ ਕਵਿਤਾਵਾਂ ਲਿਖੀਆਂ, ਉਸ ਨੂੰ ਪਸੰਦ ਆਈਆਂ, ਉਹ ਖੁਸ਼ ਹੋਈ। ਆਪਣੀ ਕਿਤਾਬ 'ਨੀਲਕੰਠ' ਵਿਚ ਉਸ ਨੇ ਇਹ ਕਵਿਤਾਵਾਂ ਛਾਪੀਆਂ। ਇੰਦਰਾ ਗਾਂਧੀ ਅਤੇ ਸੰਤ ਈਸ਼ਰ ਸਿੰਘ ਰਾੜੇਵਾਲੇ ਨੂੰ ਮੈਂ ਕਦੀ ਨਹੀਂ ਮਿਲਿਆ, ਪਰ ਮੈਂ ਉਨ੍ਹਾਂ 'ਤੇ ਨਜ਼ਮਾਂ ਲਿਖੀਆਂ। ਮਿਲਣਾ, ਨਾ ਮਿਲਣਾ; ਸਬੰਧ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ। ਇਸ ਪ੍ਰਥਾਏ ਇਤਰਾਜ਼ ਕਰਨ ਵਾਲਿਆਂ ਨੂੰ ਸੁਰਜੀਤ ਦੇ ਇਹ ਸ਼ਬਦ ਯਾਦ ਰੱਖਣੇ ਚਾਹੀਦੇ ਹਨ, "ਮੈਂ ਸਭ ਕੁਝ ਇਸ ਲਈ ਜਰ ਲਿਆ ਕਿ ਬੱਚਿਆਂ ਦਾ ਆਲ੍ਹਣਾ ਨਾ ਟੁੱਟੇ।"

ਮੋਹਨ ਸਿੰਘ ਦਾ ਆਖਰੀ ਕਾਵਿ-ਸੰਗ੍ਰਿਹ 'ਬੂਹੇ' ਦਾ ਸਮਰਪਣ ਸੁਰਜੀਤ ਨੂੰ ਹੈ। ਇਹ ਧਿਆਨ ਵਿਚ ਰੱਖੋ, "ਬੱਚਿਆਂ ਦੀ ਮਾਂ ਨੂੰ ਜਿਸ ਨੇ ਸਭ ਕੁਝ ਜਰ ਲਿਆ ਕਿ ਬੱਚਿਆਂ ਦਾ ਆਲ੍ਹਣਾ ਨਾ ਟੁੱਟੇ।"



***ਕਰਤਾਰ ਸਿੰਘ ਦੁੱਗਲ ਨੇ ਆਪਣੀ ਜੀਵਨੀ ਵਿਚ ਅੰਮ੍ਰਿਤਾ ਦੀ ਧੀ ਕੰਦਲਾ ਦਾ ਬਿਰਤਾਂਤ ਸਿਰਜ ਦਿੱਤਾ। ਉਸ ਦੀ ਟਿੱਪਣੀ ਪਿੱਛੋਂ ਜਦੋਂ ਕੰਦਲਾ ਨੂੰ ਪੰਜਾਹ ਸਾਲ ਬਾਅਦ ਪਤਾ ਲੱਗਿਆ ਕਿ ਉਹ ਅੰਮ੍ਰਿਤਾ ਦੀ ਧੀ ਨਹੀਂ ਹੈ, ਤਦ ਉਸ 'ਤੇ ਕੀ ਬੀਤੀ ਹੋਵੇਗੀ? ਇਕਦਮ ਉਸ ਨੂੰ ਸੰਸਾਰ ਗਰਕਦਾ ਨਜ਼ਰ ਆਇਆ ਹੋਵੇਗਾ। ਕਿਹੋ ਜਿਹੇ ਹੌਲ ਪਏ ਹੋਣਗੇ, ਕੋਈ ਇਸ ਦੀ ਕਲਪਨਾ ਕਰ ਸਕਦਾ ਹੈ? ਇਹੋ ਜਿਹੇ ਮਾਰੂ, ਜਾਨਲੇਵਾ ਅਤੇ ਇਨਸਾਨ ਵਿਰੋਧੀ ਸੱਚ ਨਾਲੋਂ ਸੌ ਝੂਠ ਚੰਗੇ। ਯੁੱਧ ਜਿੱਤਣ ਲਈ ਧਰਮ ਪੁੱਤਰ ਯੁਧਿਸ਼ਟਰ ਨੇ ਇਕ ਭੋਲਾ ਜਿਹਾ ਝੂਠ ਬੋਲ ਹੀ ਦਿੱਤਾ ਸੀ।***


'ਸੁਨੇਹੁੜੇ' ਲਈ ਅੰਮ੍ਰਿਤਾ ਨੂੰ ਅਕਾਦਮੀ ਇਨਾਮ ਮਿਲਿਆ। ਹੁਣ ਤਕ ਉਸ ਨੂੰ ਲੋਕ ਕਵੀ ਮੰਨਿਆ ਜਾਂਦਾ ਸੀ। ਹਾਲਾਂ ਕਿ ਇਹ ਕਿਤਾਬ ਪੂਰਨ ਤੌਰ 'ਤੇ ਅੰਤਰਮੁਖੀ ਅਤੇ ਨਿਜੀ ਅਨੁਭਵ ਨਾਲ ਭਰਪੂਰ ਹੈ ਜਦੋਂ ਕਿ ਲੋਕ ਸਾਹਿਤ ਵਿਚ ਇਹ ਇਲਾਮਤ ਸਭ ਤੋਂ ਪਹਿਲਾਂ ਖਾਰਜ ਹੁੰਦੀ ਹੈ। ਇਹ ਕਮਿਊਨਿਸਟਾਂ ਦੀ ਸਰਪ੍ਰਸਤੀ ਅਤੇ ਪ੍ਰਾਪੇਗੰਡੇ ਕਰ ਕੇ ਸੀ। 'ਅਸ਼ੋਕਾ ਚੇਤੀ' ਅਤੇ 'ਕਸਤੂਰੀ' ਵਿਚ ਉਸ ਦੀ ਕਵਿਤਾ ਜਾਮ ਹੁੰਦੀ ਹੈ ਜੋ ਥੋੜ੍ਹੇ ਬਹੁਤੇ ਅੰਤਰ ਨਾਲ ਤੁਰਦੀ ਰਹਿੰਦੀ ਹੈ। ਹਾਂ, ਉਹ ਵਿਅੰਗਮਈ ਅਰਥ ਭਰਪੂਰ ਟਿੱਪਣੀਆਂ ਨਾਲ ਕਿਸੇ ਹੱਦ ਤਕ ਇਹ ਘਾਟ ਪੂਰੀ ਕਰਦੀ ਹੈ। ਸੰਤ ਸਿੰਘ ਸੇਖੋਂ ਨੇ ਜੋ ਟਿੱਪਣੀ ਕੀਤੀ ਸੀ ਕਿ ਸਾਹਿਤ ਅਕਾਦਮੀ ਦਾ ਇਨਾਮ ਮਿਲਣ 'ਤੇ ਉਸ ਨੂੰ ਭਰਮ ਹੋ ਗਿਆ ਕਿ ਉਹ ਕੁਝ ਕੱਚਾ ਪਿੱਲਾ ਲਿਖ ਸਕਦੀ ਹੈ, ਇਹ ਉਸ ਨੇ ਧੜੇਬੰਦੀ ਕਰ ਕੇ ਕਿਹਾ।

'ਨਾਗਮਣੀ' ਸ਼ੁਰੂ ਕਰਨ ਤੋਂ ਬਾਅਦ ਉਸ ਨੂੰ ਸਮਰਥਕਾਂ, ਖੁਸ਼ਾਮਦੀਆਂ ਅਤੇ ਝੋਲੀ ਚੁੱਕਾਂ ਦਾ ਲੰਮਾ ਕਾਫਲਾ ਮਿਲ ਗਿਆ ਜੋ ਲਗਾਤਾਰ ਮੋਹਨ ਸਿੰਘ ਨੂੰ ਝੂਠਾ ਸਿੱਧ ਕਰਨ 'ਤੇ ਅਖੀਰ ਤੱਕ ਉਤਾਰੂ ਰਿਹਾ। ਇਹੋ ਅੰਮ੍ਰਿਤਾ ਚਾਹੁੰਦੀ ਸੀ।

ਇਨ੍ਹਾਂ ਵਿਚ ਮੋਹਨਜੀਤ, ਅਮੀਆ ਕੁੰਵਰ ਅਤੇ ਜਸਬੀਰ ਭੁੱਲਰ ਵਰਗੇ ਉਹਦੇ ਵਫਾਦਾਰ ਕਿੰਨੇ ਸਨ, ਇਸ ਦਾ ਸਮੇਂ ਨਾਲ ਪਤਾ ਲੱਗ ਜਾਵੇਗਾ, ਪਰ ਮੈਂ ਇੰਨਾ ਜ਼ਰੂਰ ਕਹਾਂਗਾ ਕਿ ਲਾਹੌਰ ਦੇ ਦਿਨਾਂ ਵਿਚ ਅੰਮ੍ਰਿਤਾ ਦਾ ਰਵੱਈਆ ਹੋਰ ਸੀ, ਤੇ 1955 ਤੋਂ ਬਾਅਦ ਹੋਰ ਹੋ ਗਿਆ। ਮੋਹਨ ਸਿੰਘ ਨੂੰ ਨਕਾਰਨ ਦਾ ਜਿੰਨਾ ਵੱਧ ਜ਼ੋਰ ਲੱਗਾ, ਉਹ ਆਪਣੇ ਪਿਆਰ (ਇਕਪਾਸੜ ਸਹੀ) ਵਿਚ ਓਨਾ ਹੀ ਪਰਪੱਕ ਅਤੇ ਤੇਜ਼ ਹੋ ਗਿਆ। ਉਸ ਦੀਆਂ 'ਜੰਦਰੇ', 'ਮਨਸੂਰ' ਅਤੇ ਅਖੀਰਲੇ ਦੋ ਸੰਗ੍ਰਿਹਾਂ ਵਿਚ ਗ਼ਜ਼ਲ ਰੂਪ ਵਿਚ ਲਿਖੀਆਂ ਕਈ ਕਵਿਤਾਵਾਂ ਸੱਚ ਬੋਲਦੀਆਂ ਹਨ। ਇਸ ਇਸ਼ਕ ਕਾਰਨ ਮੋਹਨ ਸਿੰਘ ਨੂੰ ਡਿਪਰੈਸ਼ਨ ਦੇ ਦੌਰੇ ਲਾਹੌਰ ਤੇ ਜਲੰਧਰ ਵੀ ਪੈਂਦੇ ਸਨ, ਪਰ ਯੋਜਨਾਬਧ ਪ੍ਰਾਪੇਗੰਡੇ ਕਾਰਨ ਸਦਮਾ ਹੋਰ ਵੀ ਤੇਜ਼ ਅਤੇ ਡੂੰਘਾ ਹੋ ਗਿਆ। ਮੇਰੀ ਜਾਚੇ ਇਕ ਦਿਲ ਦੇ ਦੌਰੇ ਨਾਲ ਅਚਾਨਕ ਮਿੰਟਾਂ ਸਕਿੰਟਾਂ ਵਿਚ ਹੋਈ ਉਸ ਦੀ ਮੌਤ ਦਾ ਕਾਰਨ ਇਹੋ ਜਿਹੇ ਚਰਿਤਰ-ਘਾਤ ਦੀ ਨਹਿਰ ਹੀ ਸੀ।

ਅੰਮ੍ਰਿਤਾ ਦੇ ਕਈ ਝੋਲੀ ਚੁਕ ਉਸ ਦੇ ਹੱਕ ਵਿਚ ਨਹੀਂ ਸਨ। ਹੌਜ਼ ਖਾਸ ਤੋਂ ਬਾਹਰ ਜਾ ਕੇ ਉਸ ਦੇ ਖਿਲਾਫ ਭੁਗਤ ਜਾਂਦੇ ਸਨ। ਜੋਗਾ ਸਿੰਘ ਜਿਸ 'ਤੇ ਉਸ ਨੇ 'ਜੋਗਾ ਸਿੰਘ ਦਾ ਚੁਬਾਰਾ' ਦੀ ਬਖਸ਼ਿਸ਼ ਕੀਤੀ ਅਤੇ ਕਸ਼ਮੀਰ ਕਾਦਰ ਇਹੋ ਜਿਹੇ ਸਨ।

ਸੁਰਜੀਤ ਸਿੰਘ ਸੇਠੀ ਦੀ ਸਾਧਾਰਨ ਜਿਹੀ ਟਿੱਪਣੀ 'ਤੇ ਅੰਮ੍ਰਿਤਾ ਨੇ ਜੋ ਵਾ-ਵੇਲਾ ਖੜ੍ਹਾ ਕੀਤਾ, ਉਹ ਉਸ ਦੇ ਸਾਧਾਰਨ, ਤੁੱਛ ਅਤੇ ਅਤਿ-ਨੀਵੀਂ ਸੋਚ ਦਾ ਸੂਚਕ ਹੈ। ਸੇਠੀ ਨੇ ਇੰਨਾ ਹੀ ਲਿਖਿਆ ਸੀ, "ਅੰਮ੍ਰਿਤਸਰ 'ਕਹਾਣੀ' ਅਤੇ 'ਪੰਜ ਦਰਿਆ' ਦੇ ਦਫਤਰ ਕੋਲੋ ਕੋਲ ਸਨ। ਇਕ ਦਿਨ ਮੇਰੇ ਦਫਤਰ ਜਾਣ ਤੋਂ ਪਹਿਲਾਂ ਹੀ ਮੋਹਨ ਸਿੰਘ ਉਥੇ ਬੈਠਾ ਸੀ। ਉਸ ਨੇ ਹੱਥ ਵਿਚ ਲਿਫਾਫਾ ਫੜਿਆ ਹੋਇਆ ਸੀ ਤੇ ਇਸ ਨੂੰ ਨੀਝ ਨਾਲ ਦੇਖ ਰਿਹਾ ਸੀ। ਇਹ ਅੰਮ੍ਰਿਤਾ ਵੱਲੋਂ ਮੇਰੇ ਨਾਮ ਲਿਖਿਆ ਕੋਈ ਖਤ ਸੀ, ਉਤੇ ਮੇਰਾ ਸਿਰਨਾਵਾਂ ਸੀ। ਜਾਪਦਾ ਸੀ ਜਿਵੇਂ ਮੋਹਨ ਸਿੰਘ ਇਸ ਤੋਂ ਚੰਗੀ ਤਰ੍ਹਾਂ ਜਾਣੂ ਸੀ।"



***ਮੋਹਨ ਸਿੰਘ ਦੇ ਨੇੜੇ ਰਹਿਣ ਵਾਲੇ ਹਮੇਸ਼ਾ ਕਹਿੰਦੇ ਰਹੇ ਹਨ ਕਿ ਇਕ ਵਾਰੀ ਇਹ ਤੇ ਅੰਮ੍ਰਿਤਾ ਪ੍ਰੀਤਮ ਘਰੋਂ ਭੱਜਣ ਲੱਗੇ ਸਨ। ਫੈਸਲਾ ਕਰ ਲਿਆ। ਕਰਨਾਲ ਦੇ ਡਿਪਟੀ ਕਮਿਸ਼ਨਰ ਸ. ਕਪੂਰ ਸਿੰਘ ਨੇ ਇਨ੍ਹਾਂ ਨੂੰ ਸੁਰੱਖਿਆ ਅਤੇ ਸਮਰਥਨ ਦੇਣ ਦੀ ਹਾਂ ਕਰ ਦਿੱਤੀ, ਕਿਹਾ- ਇਕ ਵਾਰ ਮੇਰੀ ਕੋਠੀ ਆ ਜਾਉ, ਦੋ ਸਾਲ ਮੈਂ ਕਿਸੇ ਨੂੰ ਤੁਹਾਡੇ ਨੇੜੇ ਨਹੀਂ ਲੱਗਣ ਦਿਆਂਗਾ। ਖੈਰ! ਜੋ ਵੀ ਸੀ, ਇਹ ਗੱਲ ਸਿਰੇ ਨਾ ਚੜ੍ਹੀ। ਸੌ ਸਕੀਮਾਂ ਜੀਵਨ ਵਿਚ ਬਣਦੀਆਂ ਟੁੱਟਦੀਆਂ ਹਨ। ਇਸੇ ਲਈ ਤਾਂ ਪ੍ਰੀਤਮ ਸਿੰਘ (ਪ੍ਰੋ.) ਇਨ੍ਹਾਂ ਨੂੰ ਮੂਰਤਾਂ ਆਖਦਾ ਹੈ। ਇਹ ਦਰਸ਼ਨੀ ਪਹਿਲਵਾਨ ਸਨ, ਕੁਝ ਕਰਨ ਜੋਗੇ ਨਹੀਂ।***



ਇਸ ਲਿਖਤ 'ਤੇ ਅੰਮ੍ਰਿਤਾ ਮੁਸਕਰਾ ਕੇ ਚੁੱਪ ਵੱਟ ਸਕਦੀ ਸੀ, ਪਰ ਉਹ ਰੋਂਦੀ ਹੋਈ ਖੁਸ਼ਵੰਤ ਸਿੰਘ ਕੋਲ ਗਈ ਤੇ ਉਸ ਦੀ ਸਿਫਾਰਸ਼ ਨਾਲ ਇੰਦਰਾ ਗਾਂਧੀ ਤੋਂ ਸੇਠੀ ਨੂੰ ਨੌਕਰੀਓਂ ਕਢਵਾ ਦਿੱਤਾ, ਪਰ ਸੇਠੀ ਆਪਣੇ ਮਾਮੇ ਗੁਰਮੁਖ ਸਿੰਘ ਮੁਸਾਫਰ ਰਾਹੀਂ ਫਿਰ ਬਹਾਲ ਹੋ ਗਿਆ। ਇਹ ਗੱਲ ਸੇਠੀ ਨੇ ਕਦੇ ਲਿਖੀ ਜਾਂ ਕਹੀ ਨਹੀਂ। ਹੋਇਆ ਇਸ ਤਰ੍ਹਾਂ ਕਿ ਅੰਮ੍ਰਿਤਾ ਦੇ ਸ਼ਿਕਾਇਤਨਾਮੇ ਨਾਲ ਸੇਠੀ ਦਾ ਜਵਾਬ ਤੇ ਲੇਖ ਦਾ ਅੰਗਰੇਜ਼ੀ ਤਰਜਮਾ ਨੱਥੀ ਕਰ ਕੇ ਇੰਦਰਾ ਨੇ ਸਾਰਾ ਕੇਸ ਅਰੁਣਾ ਆਸਿਫ ਅਲੀ ਦੇ ਹਵਾਲੇ ਕਰ ਦਿੱਤਾ ਤੇ ਰਾਇ ਮੰਗੀ। ਅਰੁਣਾ ਨੇ ਆਪਣੀ ਰਿਪੋਰਟ ਵਿਚ ਲਿਖਿਆ, "ਮੈਂ ਨਹੀਂ ਜਾਣਦੀ ਅੰਮ੍ਰਿਤਾ ਪ੍ਰੀਤਮ ਕੌਣ ਹੈ, ਸੁਰਜੀਤ ਸਿੰਘ ਸੇਠੀ ਕੌਣ ਹੈ, ਪਰ ਸੇਠੀ ਦੇ ਲੇਖ ਵਿਚ ਅੰਮ੍ਰਿਤਾ ਪ੍ਰੀਤਮ ਦੀ ਹੇਠੀ ਜਾਂ ਬੇਇਜਤੀ ਵਾਲੀ ਕੋਈ ਗੱਲ ਨਹੀਂ। ਇਹ ਕਿਸੇ ਤਰ੍ਹਾਂ ਵੀ ਅੰਮ੍ਰਿਤਾ ਪ੍ਰੀਤਮ ਦੇ ਵਿਰੁਧ ਨਹੀਂ।"

ਮੋਹਨ ਸਿੰਘ ਦੇ ਨੇੜੇ ਰਹਿਣ ਵਾਲੇ ਹਮੇਸ਼ਾ ਕਹਿੰਦੇ ਰਹੇ ਹਨ ਕਿ ਇਕ ਵਾਰੀ ਇਹ ਤੇ ਅੰਮ੍ਰਿਤਾ ਪ੍ਰੀਤਮ ਘਰੋਂ ਭੱਜਣ ਲੱਗੇ ਸਨ। ਫੈਸਲਾ ਕਰ ਲਿਆ। ਕਰਨਾਲ ਦੇ ਡਿਪਟੀ ਕਮਿਸ਼ਨਰ ਸ. ਕਪੂਰ ਸਿੰਘ ਨੇ ਇਨ੍ਹਾਂ ਨੂੰ ਸੁਰੱਖਿਆ ਅਤੇ ਸਮਰਥਨ ਦੇਣ ਦੀ ਹਾਂ ਕਰ ਦਿੱਤੀ, ਕਿਹਾ- ਇਕ ਵਾਰ ਮੇਰੀ ਕੋਠੀ ਆ ਜਾਉ, ਦੋ ਸਾਲ ਮੈਂ ਕਿਸੇ ਨੂੰ ਤੁਹਾਡੇ ਨੇੜੇ ਨਹੀਂ ਲੱਗਣ ਦਿਆਂਗਾ। ਖੈਰ! ਜੋ ਵੀ ਸੀ, ਇਹ ਗੱਲ ਸਿਰੇ ਨਾ ਚੜ੍ਹੀ। ਸੌ ਸਕੀਮਾਂ ਜੀਵਨ ਵਿਚ ਬਣਦੀਆਂ ਟੁੱਟਦੀਆਂ ਹਨ। ਇਸੇ ਲਈ ਤਾਂ ਪ੍ਰੀਤਮ ਸਿੰਘ ਇਨ੍ਹਾਂ ਨੂੰ ਮੂਰਤਾਂ ਆਖਦਾ ਹੈ। ਇਹ ਦਰਸ਼ਨੀ ਪਹਿਲਵਾਨ ਸਨ, ਕੁਝ ਕਰਨ ਜੋਗੇ ਨਹੀਂ।

ਪਿਆਰ ਇਕਪਾਸੜ ਵੀ ਹੁੰਦਾ ਹੈ। ਸਭ ਤੋਂ ਵੱਡੀ ਮਿਸਾਲ ਵਾਨ ਗਾਗ ਦੀ ਹੈ। ਮਜ਼ਾ ਇਸੇ ਜੁਮਲੇ ਵਿਚ ਆਉਂਦਾ ਹੈ। ਮੈਨੂੰ ਕਈ ਲੋਕਾਂ ਨੇ ਕਿਹਾ ਹੈ, 'ਲਸਟ ਫਾਰ ਲਾਈਫ, ਤੇਰੇ 'ਤੇ ਲਿਖਿਆ ਹੋਇਆ ਹੈ।' ਇਹ ਸੱਚਾਈ ਹੀ ਹੈ; ਦੂਜੀ ਸੱਚਾਈ ਇਹ ਹੈ ਕਿ ਹਰ ਪਿਆਰ-ਪਾਤਰ ਨੂੰ ਕਦੇ ਨਾ ਕਦੇ ਇਹ ਅਹਿਸਾਸ ਹੋਣ ਲਗਦਾ ਹੈ ਕਿ ਉਹਦਾ ਪਿਆਰ ਇਕਪਾਸੜ ਹੈ, ਉਸ ਨੂੰ ਕੁਝ ਨਹੀਂ ਮਿਲਿਆ। ਅੰਮ੍ਰਿਤਾ ਆਪ ਕਹਿੰਦੀ ਹੈ:

ਲੱਖ ਤੇਰੇ ਅੰਬਾਰਾਂ ਦੇ ਵਿਚੋਂ
ਦੱਸ ਕੀ ਮਿਲਿਆ ਸਾਨੂੰ
ਇਕੋ ਤੰਦ ਪਿਆਰ ਦੀ ਲੱਭੀ
ਉਹ ਭੀ ਤੰਦ ਇਕਹਿਰੀ।

ਈਸ਼ਵਰ ਚਿਤਰਕਾਰ ਉਸ ਨੂੰ ਇਸ ਦਾ ਮਤਲਬ ਪੁੱਛਦਾ ਤਾਂ ਕਹਿੰਦੀ, ਮੈਂ ਪਿਆਰ ਦੀ ਇਕ ਤੰਦ ਪਾਈ। ਜਵਾਬ ਵਿਚ ਦੂਜੀ ਤੰਦ ਨਾ ਮਿਲੀ ਤਾਂ ਜੋ ਕੁਝ ਕੱਤਿਆ ਜਾਂਦਾ।

ਅਖਤਰ ਸ਼ੀਰਾਨੀ ਫਰਜ਼ੀ ਮਾਸ਼ੂਕਾਂ ਦੇ ਸਿਰ 'ਤੇ ਉਰਦੂ ਸ਼ਾਇਰੀ ਨੂੰ ਬ੍ਰਾਊਨਿੰਗ ਅਤੇ ਬਾਇਰਨ ਬਰਾਬਰ ਲੈ ਗਿਆ ਸੀ, ਤੇ ਹਮੇਸ਼ਾ ਹਮੇਸ਼ਾ ਲਈ ਮਾਸ਼ੂਕ ਨੂੰ ਖੁੱਲ੍ਹ ਕੇ ਸੰਬੋਧਨ ਕਰਨ ਦੇ ਮਾਮਲੇ ਵਿਚ ਉਰਦੂ ਸ਼ਾਇਰਾਂ ਦਾ ਝਾਕਾ ਲਾਹ ਗਿਆ।

ਮੋਹਨ ਸਿੰਘ ਨੇ ਜਿਸ ਸ਼ਿੱਦਤ ਨਾਲ ਮਹਿਬੂਬ ਨੂੰ ਉਲਾਹਮਾ ਦਿੱਤਾ ਹੈ:

ਅਸਾਂ ਇਸ਼ਕ ਨੂੰ ਹੰਢਾਇਆ
ਹੱਡ ਮਾਸ ਦੀ ਤਰ੍ਹਾਂ।
ਉਨ੍ਹਾਂ ਪਹਿਨਿਆ ਪ੍ਰੀਤ ਨੂੰ
ਲਿਬਾਸ ਦੀ ਤਰ੍ਹਾਂ।

ਇਹ ਇਕਪਾਸੜ ਨਹੀਂ ਸਗੋਂ, Unrealized love ਦੀ ਚੀਸ, ਚੋਭ ਤੇ ਵੇਦਨਾ ਹੈ ਜਿਸ ਦੇ ਸਾਹਵੇਂ ਦੁਪਾਸੜ ਪਿਆਰ ਗਤੀਹੀਣ, ਵੇਦਨਾ ਰਹਿਤ ਅਤੇ ਤੀਬਰਤਾ ਰਹਿਤ ਲੱਗਣ ਲਗਦਾ ਹੈ।

ਮੋਹਨ ਸਿੰਘ ਨੂੰ ਮਿਹਣਾ ਮਾਰਿਆ ਗਿਆ ਕਿ ਉਹ ਪ੍ਰਗਤੀਵਾਦੀ ਲਹਿਰ ਨਾਲੋਂ ਟੁੱਟਣ ਦਾ ਅੰਮ੍ਰਿਤਾ ਵਰਗਾ ਸਾਹਸ ਨਹੀਂ ਕਰ ਸਕਿਆ। ਇਹ ਪਰਲੇ ਸਿਰੇ ਦੀ ਭੁੱਲ ਹੈ। ਇਹੋ ਜਿਹੀ ਤੁਲਨਾ ਗੱਪ-ਸ਼ੱਪ ਵਿਚ ਹੀ ਚੱਲਦੀ ਹੈ, ਸਾਹਿਤਕ ਮੁਲੰਕਣ ਵਿਚ ਨਹੀਂ। ਅੰਮ੍ਰਿਤਾ ਨੂੰ ਮੋਹਨ ਸਿੰਘ ਨਾਲ ਰੋਮਾਂਸ ਰਾਸ ਨਹੀਂ ਆਉਂਦਾ ਸੀ, ਉਹ ਟੁੱਟ ਗਈ, ਮੋਹਨ ਸਿੰਘ ਦੇ ਪਰਛਾਵੇਂ ਤੋਂ ਪਰ੍ਹਾਂ ਹੋ ਗਈ। ਮੋਹਨ ਸਿੰਘ ਦਾ ਕਹਿਣਾ ਇਹ ਹੈ ਕਿ ਉਹ ਆਪਣੇ ਸਾਰੇ ਸਿਰਜਣਾਤਮਕ ਪਰਿਵਰਤਨਾਂ ਦੇ ਬਾਵਜੂਦ ਉਸ ਨਾਲ ਜੁੜਿਆ ਰਿਹਾ। ਇਹ ਰੋਮਾਂਟਿਕ ਅੰਦੋਲਨ ਬੇਸ਼ੱਕ ਖਤਮ ਹੋ ਗਿਆ, ਪਰ ਮੋਹਨ ਸਿੰਘ ਖਤਮ ਨਹੀਂ ਹੋਇਆ।

ਰਹੀ ਗੱਲ ਪਾਤਰਾਂ ਦੇ ਸਾਧਾਰਣੀਕਰਨ ਦੀ, ਇਹ ਕੋਈ ਨਵੀਂ ਗੱਲ ਨਹੀਂ। ਇਹ ਬਿਰਤੀ ਬਹੁਤ ਪੁਰਾਣੀ ਹੈ। ਇਬਸਨ ਅਤੇ ਚੈਖਵ ਇਸ ਨੂੰ ਸਿਰੇ ਲਾ ਚੁੱਕੇ ਹੋਏ ਸਨ। ਪ੍ਰੇਮ ਚੰਦ, ਰਾਜਿੰਦਰ ਸਿੰਘ ਬੇਦੀ, ਸੰਤ ਸਿੰਘ ਸੇਖੋਂ, ਨੌਰੰਗ ਸਿੰਘ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਨੇ ਇਹੋ ਕੁਝ ਤਾਂ ਕੀਤਾ। ਸੁਰਜੀਤ ਸਿੰਘ ਸੇਠੀ ਦੇ ਨਾਟਕ, ਨਰਿੰਦਰਪਾਲ ਸਿੰਘ ਦੇ ਪਿਛਲੇਰੇ ਨਾਵਲ ਇਲਮ ਅਤੇ ਆਜ਼ਾਦੀ ਦੀ ਹੀ ਗੱਲ ਕਰਦੇ ਹਨ, ਇਸੇ ਫਰਕ ਨੂੰ ਦਰਸਾਉਂਦੇ ਹਨ। ਹੋਰੀ ਪਾਤਰ ਵਰਗੀ ਮਿਸਾਲ ਤਾਂ ਕਿਤੇ ਮਿਲਦੀ ਹੀ ਨਹੀਂ।

ਅੰਮ੍ਰਿਤਾ ਦੇ ਉਪਾਸ਼ਕ ਆਖਦੇ ਹਨ- ਉਸ ਦੀ ਹਾਂ ਹੈ ਤਾਂ ਹਾਂ, ਨਾਂਹ ਹੈ ਤਾਂ ਨਾਂਹ। ਇਹ ਗੱਲ ਭੀ ਗਲਤ ਹੈ। ਇਹ ਉਸ ਦੀ ਕੋਰਟ ਤਕ ਸੀਮਤ ਹੋਏਗਾ। ਪੰਜਾਬੀ ਸਾਹਿਤ ਸੰਸਾਰ ਵਿਚ ਉਸ ਦੀ ਕਦੇ ਅਜਿਹੀ ਅਵਸਥਾ ਨਹੀਂ ਰਹੀ। ਉਸ ਦੀ ਹਾਂ ਹੈ ਤਾਂ ਹਾਂ, ਨਾਂਹ ਹੈ ਤਾਂ ਨਾਂਹ, ਵਾਲੀ ਗੱਲ ਪੰਜਾਬੀ ਦੇ ਕਿਸੇ ਵੱਡੇ ਵਿਦਵਾਨ, ਸਾਹਿਤਕਾਰ ਨੇ ਕਦੇ ਕਬੂਲ ਨਹੀਂ ਕੀਤੀ; ਸਗੋਂ ਐਸਾ ਕਦੇ ਖਿਆਲਿਆ ਭੀ ਨਹੀਂ ਗਿਆ। ਇਹ ਸਭ ਉਸ ਦੇ ਨਿਜੀ ਅੰਦਰੂਨੀ ਬੈਂਚ ਦੇ ਮੈਂਬਰਾਂ ਦੀਆਂ ਖਾਮਖਿਆਲੀਆਂ ਹਨ।

ਕਰਤਾਰ ਸਿੰਘ ਦੁੱਗਲ ਨੇ ਆਪਣੀ ਜੀਵਨੀ ਵਿਚ ਅੰਮ੍ਰਿਤਾ ਦੀ ਧੀ ਕੰਦਲਾ ਦਾ ਬਿਰਤਾਂਤ ਸਿਰਜ ਦਿੱਤਾ। ਉਸ ਦੀ ਟਿੱਪਣੀ ਪਿੱਛੋਂ ਜਦੋਂ ਕੰਦਲਾ ਨੂੰ ਪੰਜਾਹ ਸਾਲ ਬਾਅਦ ਪਤਾ ਲੱਗਿਆ ਕਿ ਉਹ ਅੰਮ੍ਰਿਤਾ ਦੀ ਧੀ ਨਹੀਂ ਹੈ, ਤਦ ਉਸ 'ਤੇ ਕੀ ਬੀਤੀ ਹੋਵੇਗੀ? ਇਕਦਮ ਉਸ ਨੂੰ ਸੰਸਾਰ ਗਰਕਦਾ ਨਜ਼ਰ ਆਇਆ ਹੋਵੇਗਾ। ਕਿਹੋ ਜਿਹੇ ਹੌਲ ਪਏ ਹੋਣਗੇ, ਕੋਈ ਇਸ ਦੀ ਕਲਪਨਾ ਕਰ ਸਕਦਾ ਹੈ? ਇਹੋ ਜਿਹੇ ਮਾਰੂ, ਜਾਨਲੇਵਾ ਅਤੇ ਇਨਸਾਨ ਵਿਰੋਧੀ ਸੱਚ ਨਾਲੋਂ ਸੌ ਝੂਠ ਚੰਗੇ। ਯੁੱਧ ਜਿੱਤਣ ਲਈ ਧਰਮ ਪੁੱਤਰ ਯੁਧਿਸ਼ਟਰ ਨੇ ਇਕ ਭੋਲਾ ਜਿਹਾ ਝੂਠ ਬੋਲ ਹੀ ਦਿੱਤਾ ਸੀ।

ਦੁੱਗਲ ਨੇ ਲਿਖਿਆ, ਮੇਰੀ ਜੀਵਨੀ ਪੜ੍ਹ ਕੇ ਅਜੀਤ ਕੌਰ ਤਾਂ ਨਸ਼ਿਆ ਹੀ ਗਈ, ਪਰ ਉਸ ਦੇ ਆਪਣੇ ਲਿਖਣ ਮੂਜਬ ਉਹ ਸਾਰੀ ਜ਼ਿੰਦਗੀ ਅਜੀਤ ਕੌਰ ਦੀ ਤੁੱਛ ਜਿਹੀ ਪੁੱਛ ਦਾ ਉਤਰ ਨਹੀਂ ਦੇ ਸਕਿਆ। ਉਹ ਪੁੱਛਦੀ ਹੈ, ਜਿਹੜੀਆਂ ਕੁੜੀਆਂ ਰੱਜ ਕੇ ਸੁਹਣੀਆਂ ਸਨ, ਜਿਨ੍ਹਾਂ ਦੇ ਗਜ਼ ਗਜ਼ ਲੰਮੇ ਵਾਲ ਸਨ, ਫਿਰ ਇਹ ਕਿਵੇਂ ਹੋ ਸਕਦੈ ਕਿ ਅੱਗੇ ਕੁਝ ਹੋਇਆ ਨਾ ਹੋਵੇ?

ਦੁੱਗਲ ਇਹ ਗੱਲ ਬੜੇ ਮਾਣ ਨਾਲ ਦੱਸਦਾ ਹੈ ਕਿ ਉਸ ਦੀ ਬੀਵੀ ਡਾਕਟਰ ਆਇਸ਼ਾ ਮੁਸਲਮਾਨ ਹੈ। ਅਲੀ ਸਰਦਾਰ ਜਾਫਰੀ ਉਸ ਦਾ ਸਾਢੂ ਹੈ। ਫਸਾਦਾਂ ਦੇ ਦਿਨੀਂ ਉਸ ਦਾ ਵਿਆਹ ਮਿੰਟਾਂ ਸਕਿੰਟਾਂ ਵਿਚ ਗੁਰਬਚਨ ਸਿੰਘ ਤਾਲਿਬ ਦੇ ਘਰ ਹੋ ਗਿਆ। ਉਸ ਨੇ ਇਹ ਕਦੇ ਨਹੀਂ ਦੱਸਿਆ ਕਿ ਵਿਆਹ ਤੋਂ ਪਹਿਲਾਂ ਆਇਸ਼ਾ ਨੂੰ ਅਕਾਲ ਤਖਤ 'ਤੇ ਅੰਮ੍ਰਿਤ ਛਕਾਇਆ ਗਿਆ ਤੇ ਅਨੰਦ ਕਾਰਜ ਦੀ ਰਸਮ ਉਸ ਸਮੇਂ ਅਕਾਲ ਤਖਤ ਦੇ ਜਥੇਦਾਰ ਮੋਹਨ ਸਿੰਘ ਨਾਗੋਕੇ ਨੇ ਨਿਭਾਈ। ਇਹ ਫਸਾਦੀਆਂ ਕੋਲੋਂ ਆਇਸ਼ਾ ਨੂੰ ਬਚਾਉਣ ਲਈ ਕੀਤਾ ਗਿਆ, ਪਰ ਕੀਤਾ ਤਾਂ ਸੀ। ਇਹ ਨਿਮਾਣਾ ਜਿਹਾ ਕਦਮ ਵੀ ਲੁਕਾਇਆ ਗਿਆ। ਧੰਨ ਦੁੱਗਲ ਤੇਰੀ ਧੰਨ ਕਮਾਈ। ਕਰਤਾਰ ਸਿੰਘ ਦੁੱਗਲ ਦਾ ਪਿਤਾ ਜੀਵਨ ਸਿੰਘ ਪੂਰਨ ਅਕਾਲੀ ਗੁਰਸਿਖ ਮਾਸਟਰ ਤਾਰਾ ਸਿੰਘ ਦਾ ਸਾਲਾ ਸੀ। ਦੂਜੇ ਘਰ ਲੱਗੀ ਅੱਗ ਨੂੰ ਬਸੰਤਰ ਕਹਿਣ ਵਾਲਾ ਦੁੱਗਲ ਕਿਸੇ ਦੀ ਮਾਸੂਮ ਧੀ ਕੰਦਲਾ ਦੀ ਇੱਜਤ ਬਾਰੇ ਵੀ ਕੁਝ ਸੋਚਦਾ। ਦੁੱਗਲ ਦਾ ਜੀਵਨ ਭਰ ਦਾ ਦੋਸਤ, ਮਦਦਗਾਰ ਤੇ ਪ੍ਰਸ਼ੰਸਕ ਜੋਗਿੰਦਰ ਸਿੰਘ ਵਾਸੂ ਮਰਨ ਤੋਂ ਪਹਿਲਾਂ ਇਹ ਸਭ ਕੁਝ ਦੱਸ ਗਿਆ। ਸ੍ਰੀ ਮੁਖ ਵਾਕ ਹੈ:

ਸਚਹੁ ਓਰੈ ਸਭ ਕੋ ਊਪਰਿ ਸਚ ਆਚਾਰ।

# 'ਸੈਰਾਟ' ਦਾ ਛਰਾਟਾ

## ਜਾਤੀ ਤੁਅੱਸਬ ਬਾਰੇ ਖਾਮੋਸ਼ੀ ਤੋੜਦੀ ਫਿਲਮ


ਆਵਾਜ਼ ਦੇ ਕਹਾਂ ਹੈ... -63-



ਕੁਲਦੀਪ ਕੌਰ

ਫੋਨ: +91-98554-04330




ਫਿਲਮ 'ਸੈਰਾਟ' ਦਾ ਨਾਇਕ ਆਕਾਸ਼ ਥੋਸਰ ਅਤੇ ਨਾਇਕਾ ਰਿੰਕੂ ਰਾਜਗੁਰੂ।

***ਚਰਚਿਤ ਮਰਾਠੀ ਫਿਲਮ 'ਸੈਰਾਟ' ਦੀ ਕਹਾਣੀ ਸਾਧਾਰਨ ਹੋ ਕੇ ਵੀ ਅਸਾਧਾਰਨ ਹੈ। ਇਹ ਸਭ ਨੌਜਵਾਨ ਫਿਲਮਸਾਜ਼ ਨਾਗਰਾਜ ਮੁੰਜਲੇ ਦੀ ਕਲਾ ਦਾ ਕਮਾਲ ਹੈ। ਇਸ ਫਿਲਮ ਨੇ ਦਿਖਾ ਦਿੱਤਾ ਹੈ ਕਿ ਸਾਰਥਕ ਅਤੇ ਵਪਾਰਕ ਸਿਨੇਮਾ ਨਾਲੋ-ਨਾਲ ਚੱਲ ਸਕਦੇ ਹਨ। ਇਸ ਫਿਲਮ ਬਾਰੇ ਪੜ੍ਹੋ ਕੁਲਦੀਪ ਕੌਰ ਦਾ ਲਿਖਿਆ, ਉਤਸੁਕਤਾ ਜਗਾਉਂਦਾ ਇਹ ਲੇਖ:***

ਫਿਲਮ 'ਸੈਰਾਟ' ਦੇ ਨਿਰਦੇਸ਼ਕ ਨਾਗਰਾਜ ਮੁੰਜਲੇ ਦਾ ਪਿਤਾ ਪੱਥਰ ਤੋੜਨ ਦਾ ਕੰਮ ਕਰਦਾ ਸੀ। ਕੰਮ ਸਖਤ ਹੋਣ ਦੇ ਨਾਲ-ਨਾਲ ਸਾਰਾ ਦਿਨ ਸਿਰ 'ਤੇ ਚਮਕਦਾ ਸੂਰਜ ਉਸ ਦੇ ਸਰੀਰ ਨੂੰ ਰੂਹ ਤੱਕ ਸਾੜ ਦਿੰਦਾ। ਇਸ ਲਈ ਜਦੋਂ ਉਸ ਦਾ ਮੁੰਡਾ ਨਾਗਰਾਜ ਕੰਮ 'ਤੇ ਜਾਣ ਜੋਗਾ ਹੋਇਆ ਤਾਂ ਪਿਉ ਦੇ ਮੂੰਹੋਂ ਇਕੋ ਦੁਆ ਨਿਕਲੀ, "ਰੱਬ ਕਰੇ ਇਸ ਨੂੰ ਛਾਵੇਂ ਖੜ੍ਹ ਕੇ ਕਰਨ ਵਾਲਾ ਕੰਮ ਮਿਲੇ"। ਅੱਜ ਨਾਗਰਾਜ ਮਰਾਠੀ ਸਿਨੇਮਾ ਤੇ ਨਾਲ-ਨਾਲ ਭਾਰਤੀ ਸਿਨੇਮਾ ਵਿਚ ਫਿਲਮ ਬਣਾਉਣ ਦੇ ਢੰਗ-ਤਰੀਕਿਆਂ ਲਈ ਵੰਗਾਰ ਬਣ ਕੇ ਟੱਕਰਿਆ ਹੈ। ਉਸ ਦੀਆਂ ਫਿਲਮਾਂ ਵਿਚ ਉਚ ਜਾਤ ਵਾਲਿਆਂ ਦੀ ਸਿਆਸਤ ਪੂਰੀ ਨਿਰਲੱਜਤਾ, ਬੇਕਿਰਕੀ ਅਤੇ ਤਰਕਹੀਣਤਾ ਨਾਲ ਪਰਦੇ 'ਤੇ ਪੇਸ਼ ਹੁੰਦੀ ਹੈ। ਫਿਲਮ 'ਫੌਡਰੀ'(ਸੂਰ) ਤੋਂ ਬਾਅਦ ਉਸ ਦੀ ਦੂਜੀ ਫਿਲਮ 'ਸੈਰਾਟ'(ਜੰਗਲੀ) ਰਿਲੀਜ਼ ਹੁੰਦਿਆਂ ਹੀ ਅਖਿਲ ਭਾਰਤੀ ਮਹਾਂਰਾਸ਼ਟਰ ਮਰਾਠਾ ਸੰਘ ਨੇ ਆਪਣੀਆਂ 'ਭਾਵਨਾਵਾਂ' ਨੂੰ 'ਠੇਸ' ਲਗਾਉਣ ਲਈ ਉਸ ਦੀ ਆਲੋਚਨਾ ਕੀਤੀ। ਦੂਜੇ ਪਾਸੇ ਮਹਾਂਰਾਸ਼ਟਰ ਦੇ ਅਖਬਾਰਾਂ ਵਿਚ ਉਚ ਜਾਤ ਵਾਲਿਆਂ ਦੁਆਰਾ ਅੰਤਰ-ਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਦੇ ਕੀਤੇ ਕਤਲਾਂ ਦੀਆਂ ਸੁਰਖੀਆਂ, ਖਤਮ ਹੋਣ ਦਾ ਨਾਮ ਨਹੀਂ ਲੈ ਰਹੀਆਂ। ਨਾਗਰਾਜ ਭਾਰਤੀ ਸਿਨੇਮਾ ਵਿਚ ਜਾਤ ਦੇ ਸਵਾਲਾਂ ਦੁਆਲੇ ਹੁਣ ਤੱਕ ਬਣੇ ਸਿਨੇਮਾ ਨੂੰ ਨਾਕਾਫੀ ਮੰਨਦਿਆਂ ਜਾਤ ਦੇ ਆਧਾਰ 'ਤੇ ਕਤਲ ਹੋਈਆਂ ਉਮੀਦਾਂ ਤੇ ਸੁਪਨਿਆਂ ਦੀ ਨਵੀਂ ਨਸਲ ਦੀ ਹੋਣੀ ਦੀ ਪਟਕਥਾ ਸਿਰਜਦਾ ਹੈ। ਇਨ੍ਹਾਂ ਕਤਲਾਂ ਦੇ ਚਸ਼ਮਦੀਦ ਗਵਾਹ ਵਾਂਗ ਉਹ ਉਸ ਘੁਟਨ, ਜ਼ਲਾਲਤ, ਹਿੰਸਾ, ਬੇਦਰਦੀ ਤੇ ਅਮਾਨਵੀ ਵਰਤਾਰੇ ਨੂੰ ਫਿਲਮਾਉਂਦਾ ਹੈ ਜੋ ਕਿਸੇ ਨਾਲ ਸਿਰਫ ਇਸ ਆਧਾਰ 'ਤੇ ਕੀਤੀ ਜਾ ਸਕਦੀ ਹੈ ਕਿ ਉਹ ਦਲਿਤ ਜਾਤ ਨਾਲ ਸਬੰਧਿਤ ਹੈ। ਉਹ ਆਪਣੇ ਬਿਰਤਾਂਤ ਵਿਚ ਜਾਤ ਦੇ ਸੱਤਾ, ਧਰਮ ਅਤੇ ਮਨੁੱਖੀ ਆਜ਼ਾਦੀ ਨਾਲ ਸਬੰਧਾਂ ਬਾਰੇ ਸੁੰਨ ਕਰ ਦੇਣ ਵਾਲੇ ਸਵਾਲ ਖੜ੍ਹੇ ਕਰਦਾ ਹੈ।

ਨਾਗਰਾਜ ਦੀ ਮਰਾਠੀ ਫਿਲਮ 'ਸੈਰਾਟ' ਦੀ ਕਹਾਣੀ ਹੁਣ ਤੱਕ ਬਣੀਆਂ ਹਜ਼ਾਰਾਂ ਫਿਲਮਾਂ ਵਿਚ ਫਿਲਮਾਏ ਗਏ ਮਹੁੱਬਤ ਦੇ ਅਫਸਾਨਿਆਂ ਵਰਗੀ ਲੱਗਦੀ ਜ਼ਰੂਰ ਹੈ, ਪਰ ਉਸ ਦੀ ਫਿਲਮ ਵਿਚਲਾ ਜੋੜਾ ਭਾਰਤੀ ਸਮਾਜ ਦੀਆਂ ਸਮਕਾਲੀ ਹਕੀਕਤਾਂ ਨਾਲ ਦੋ-ਚਾਰ ਵੀ ਹੁੰਦਾ ਹੈ ਤੇ ਜਾਤੀ ਨਫਰਤ ਦੇ ਸਿਰ ਚੜ੍ਹ ਕੇ ਮਰਦਾ ਵੀ ਹੈ। ਨਿਰਦੇਸ਼ਕ ਇਸ ਮੌਤ ਨੂੰ ਸਾਡੇ ਦੌਰ ਦੀ ਸਭ ਤੋਂ ਬੇਦਰਦ ਸਿਆਸਤ ਦੱਸਦਾ ਹੈ। ਇਸੇ ਸਿਆਸਤ ਨੂੰ ਗੁਜਰਾਤ ਦਾ ਦਲਿਤ ਵਿਦਰੋਹੀ ਜ਼ਿਗਨੇਸ਼ ਮਵਾਨੀ ਦਲਿਤਾਂ ਖ਼ਿਲਾਫ ਢਾਂਚਾਗਤ ਸਿਆਸਤ ਦਾ ਹਿੱਸਾ ਦੱਸਦਿਆਂ ਇਸ ਤੋਂ ਛੁਟਕਾਰੇ ਲਈ 'ਆਜ਼ਾਦੀ ਕੂਚ' ਦਾ ਐਲਾਨ ਕਰਦਾ ਹੈ। 'ਸੈਰਾਟ' ਫਿਲਮ ਦੀ ਨਾਇਕਾ ਆਰਚੀ ਦੀ ਹਮਉਮਰ ਅਤੇ ਸਮਕਾਲੀ ਪੰਜਾਬ ਦੀ ਰੈਪ ਗਾਇਕਾ ਗਿੰਨੀ ਮਾਹੀ ਨਵੀਂ ਪੌਦ ਨੂੰ ਜਾਤੀ ਸ਼ਰਮ ਦਾ ਜੂਲਾ ਹਰ ਹੀਲੇ ਲਾਹ ਸੁੱਟਣ ਅਤੇ ਅਣਖ ਨਾਲ ਜਿਉਣ ਦਾ ਸੱਦਾ ਦਿੰਦੀ ਹੈ।

ਨਾਗਰਾਜ ਦੀ ਫਿਲਮ ਦੇ ਕਿਰਦਾਰਾਂ ਵਿਚ ਅਜਿਹੀ ਸੁਭਾਵਿਕਤਾ ਹੈ ਜੋ ਉਨ੍ਹਾਂ ਦੀ ਨਿੱਤ ਦਿਨ ਦੀ ਜ਼ਿੰਦਗੀ ਦੀਆਂ ਬਾਰੀਕੀਆਂ ਨੂੰ ਸ਼ਿੱਦਤ ਨਾਲ ਪਰਦੇ 'ਤੇ ਸਾਕਾਰ ਕਰਦੀ ਹੈ। ਉਸ ਦੁਆਰਾ ਚੁਣੇ ਅਦਾਕਾਰ ਉਸ ਦੀ ਹੰਢਾਈ ਜ਼ਿੰਦਗੀ ਨੂੰ ਜਿੰਨੀ ਤਨਦੇਹੀ ਨਾਲ ਨਿਭਾਉਂਦੇ ਹਨ, ਉਹ ਬਾਕਮਾਲ ਹੈ। ਉਨ੍ਹਾਂ ਦੇ ਸਰੀਰ ਜਾਤ ਦੀ ਲੈਅ ਨਾਲ ਤੁਰਦੇ ਹਨ, ਉਨ੍ਹਾਂ ਦੇ ਅੰਗ ਉਨ੍ਹਾਂ ਦੀ ਸਮਾਜਿਕ ਹਾਲਤ ਦੇ ਹਿਸਾਬ ਨਾਲ ਹਿੱਲਦੇ ਹਨ ਤੇ ਉਨ੍ਹਾਂ ਦਾ ਜੀਵਨ-ਢੰਗ ਜਿਵੇਂ ਸਦੀਆਂ ਤੋਂ ਮਿੱਥੀ ਕਿਸੇ ਲੀਹ 'ਤੇ ਬੇਰੋਕ ਤੁਰਿਆ ਜਾ ਰਿਹਾ ਹੈ। ਅਜਿਹੀ ਬੇਹਰਕਤ ਸੁੰਨ ਵਿਚ ਜਦੋਂ ਉਚ ਜਾਤੀ ਮਾਪਿਆਂ ਦੀ ਲਾਡਲੀ ਕੁੜੀ ਆਰਚੀ ਉਰਫ ਅਰਚਨਾ (ਰਿੰਕੂ ਰਾਜਗੁਰੂ) ਮਛੇਰਿਆਂ ਦੇ ਮੁੰਡੇ ਪਰਸ਼ੀਆ (ਆਕਾਸ਼ ਥੋਸਰ) 'ਤੇ ਮਰ ਮਿਟਦੀ ਹੈ ਤਾਂ ਅਚਾਨਕ ਸਮਾਜਿਕ ਹਿੰਸਾ ਦੀਆਂ ਸਾਰੀਆਂ ਪਰਤਾਂ ਇਕ-ਇਕ ਕਰ ਕੇ ਖੁੱਲ੍ਹਣ ਲਗਦੀਆਂ ਹਨ। ਨਾਗਰਾਜ ਨੇ ਉਨ੍ਹਾਂ ਦੀ ਪਿਆਰ ਕਹਾਣੀ ਦੀ ਬੁਣਤੀ ਲਈ ਭਾਰਤੀ ਸਿਨੇਮਾ ਦੀਆਂ ਸਦਾਬਹਾਰ ਜੁਗਤਾਂ ਦਾ ਇਸਤੇਮਾਲ ਤਾਂ ਕੀਤਾ ਹੈ, ਪਰ ਕਹਾਣੀ ਨੂੰ ਉਹ ਆਪਣੀ ਨਾਇਕਾ ਆਰਚੀ ਦੀ ਦਲੇਰੀ ਦੇ ਸਿਰ 'ਤੇ ਪਾਰ ਲਗਾਉਂਦਾ ਹੈ। ਉਸ ਨੂੰ ਪਤਾ ਹੈ ਕਿ ਜਾਤ ਦੀ ਲੜਾਈ ਲੜਦੀਆਂ ਔਰਤਾਂ ਦੀ ਇਕ ਜੰਗ ਸਦਾ ਪਿਤਰਸੱਤਾ ਨਾਲ ਚਲਦੀ ਰਹਿੰਦੀ ਹੈ। ਉਹ ਆਪਣੀ ਨਾਇਕਾ ਨੂੰ ਸੋਚਣ ਲਈ ਸਪੇਸ ਵੀ ਦਿੰਦਾ ਹੈ ਤੇ ਉਡਨ ਲਈ ਅਸਮਾਨ ਵੀ। ਉਹ ਕੁੜੀ ਫਿਲਮ ਦੇ ਪਹਿਲੇ ਅੱਧ ਵਿਚ ਮੋਟਰਸਾਇਕਲ 'ਤੇ ਮਟਰਗਸ਼ਤੀ ਕਰਦੀ ਹੈ, ਟਰੈਕਟਰ 'ਤੇ ਆਪਣੇ ਖੇਤਾਂ ਦਾ ਗੇੜਾ ਕੱਢਦੀ ਹੈ, ਮੁੰਡਿਆਂ ਦੀਆਂ ਆਕੜਾਂ ਭੰਨਦੀ ਸਾਰੀ ਦੁਨੀਆਂ ਨੂੰ ਟਿੱਚ ਜਾਣਦੀ ਹੈ। ਅਜਿਹੇ ਹਾਲਾਤ ਵਿਚ ਪਰਸ਼ੀਆ ਨਾਲ ਪਿਆਰ ਪੈ ਜਾਣ ਤੋਂ ਬਾਅਦ ਉਸ ਲਈ ਇਹ ਸਾਰਾ ਰੋਅਬ ਬੇਮਾਅਨਾ ਹੋ ਜਾਂਦਾ ਹੈ। ਨਾਗਰਾਜ ਪਿਆਰ ਤੇ ਜਾਤ ਦੀ ਸੰਵੇਦਨਸ਼ੀਲਤਾ ਨੂੰ ਬਾਰੀਕੀ ਨਾਲ ਫਿਲਮਾਉਂਦਾ ਹੈ। ਉਸ ਨੂੰ ਅਹਿਸਾਸ ਹੈ ਕਿ ਸਦੀਆਂ ਤੋਂ ਪਿਆਰ ਦੇ ਆਲੇ-ਦੁਆਲੇ ਮਿੱਥਾਂ ਤੇ ਭਰਮਾਂ ਦਾ ਅਜਿਹਾ ਜਾਲ ਹੈ ਕਿ ਇਸ ਦਾ ਅਨਭੁਵ ਹੀ ਬੰਦੇ ਨੂੰ ਅਸਲੀਅਤ ਦੀ ਸੋਝੀ ਕਰਵਾ ਸਕਦਾ ਹੈ। ਉਹ ਆਪਣੇ ਜੋੜੇ ਵਿਚ ਪਿਆਰ ਪਨਪਣ ਅਤੇ ਸਿਰੇ ਚੜ੍ਹਨ ਨੂੰ ਕਮਾਲ ਦੀ ਕਲਾਤਮਿਕਤਾ ਨਾਲ ਫਿਲਮਾਉਂਦਾ ਹੈ। ਉਨ੍ਹਾਂ ਦੀ ਕੁੱਟਮਾਰ ਹੁੰਦੀ ਹੈ, ਮਾਮਲਾ ਥਾਣੇ ਜਾਂਦਾ ਹੈ, ਗੋਲੀਆਂ ਵਰਸਦੀਆਂ ਹਨ। ਇਥੇ ਆਰਚੀ ਦਾ ਕਿਰਦਾਰ ਭਾਰਤੀ ਫਿਲਮਾਂ ਦੀ ਅਜਿਹੀ ਅਮੋੜ ਨਾਇਕਾ ਦੇ ਰੂਪ ਵਿਚ ਉਭਰਦਾ





ਹੈ ਜਿਸ ਲਈ ਪਰਸ਼ੀਆ ਉਸ ਦੇ ਹੀ ਵਜੂਦ ਦਾ ਹਿੱਸਾ ਹੈ ਤੇ ਉਹ ਉਸ ਨੂੰ ਬਚਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਉਹ ਥਾਣੇਦਾਰ ਦੇ ਹੱਥੋਂ ਐਫ.ਆਈ.ਆਰ ਦੀ ਕਾਪੀ ਲੈ ਕੇ ਪਾੜ ਦਿੰਦੀ ਹੈ ਜਿਹੜੀ ਉਸ ਦੇ ਨੇਤਾ ਪਿਤਾ ਨੇ ਪਰਸ਼ੀਆ ਅਤੇ ਉਸ ਦੇ ਦੋਸਤਾਂ ਖਿਲਾਫ ਆਰਚੀ ਦਾ ਸਮੂਹਿਕ ਬਲਾਤਕਾਰ ਕਰਨ ਬਾਰੇ ਲਿਖਵਾਈ ਸੀ। ਉਹ ਆਪਣੇ ਪਿਤਾ ਨੂੰ ਇਸ ਮਾੜੀ ਸੋਚ ਲਈ ਲਾਹਣਤਾਂ ਪਾਉਂਦੀ ਹੈ। ਉਸ ਨੂੰ ਇਹ ਸਮਝ ਨਹੀਂ ਆਉਂਦਾ ਕਿ ਉਸ ਨੇ ਪਰਸ਼ੀਆ ਨੂੰ ਪਿਆਰ ਕਰ ਕੇ ਅਜਿਹੀ ਕਿਹੜੀ ਗਲਤੀ ਕੀਤੀ ਹੈ ਜਿਸ ਦੀ ਸਜ਼ਾ ਉਨ੍ਹਾਂ ਨੂੰ ਦਿੱਤੀ ਜਾ ਰਹੀ ਹੈ। ਇਥੇ ਉਸ ਦਾ ਕਿਰਦਾਰ ਅਜਿਹੇ ਨੌਜਵਾਨਾਂ ਦੀ ਨੁਮਾਇੰਦਗੀ ਕਰਦਾ ਹੈ ਜਿਨ੍ਹਾਂ ਦਾ ਬਚਪਨ ਅਤੇ ਅੱਲੜ ਉਮਰ ਇਹ ਸੁਣਦਿਆਂ ਲੰਘਦੇ ਹਨ ਕਿ ਪਿਆਰ ਤੋਂ ਪਵਿੱਤਰ ਕੋਈ ਸ਼ੈਅ ਨਹੀਂ ਜਾਂ ਪਿਆਰ ਹੀ ਜ਼ਿੰਦਗੀ ਦਾ ਆਧਾਰ ਹੈ, ਪਰ ਜਦੋਂ ਉਨ੍ਹਾਂ ਦੀ ਜ਼ਿੰਦਗੀ ਵਿਚ ਉਸ ਖੂਬਸੂਰਤ ਮੋੜ ਦੀ ਦਸਤਕ ਹੁੰਦੀ ਹੈ ਤਾਂ ਸਮਾਜ ਉਨ੍ਹਾਂ ਨੂੰ ਆਪਣੀ ਚੋਣ ਖਾਸ ਜਾਤ, ਧਰਮ, ਤਬਕੇ, ਲਿੰਗ, ਮੁਲਕ ਤੱਕ ਸੀਮਤ ਕਰਨ ਲਈ ਮਜਬੂਰ ਕਰਦਾ ਹੈ। ਨਾਗਰਾਜ ਨਵੇਂ ਭਾਰਤ ਦੀ ਅਜਿਹੀ ਪੀੜ੍ਹੀ ਦੀ ਨਿਸ਼ਾਨਦੇਹੀ ਕਰਦਾ ਹੈ ਜਿਹੜੀ ਸਮਾਂ ਵਿਹਾ ਚੁੱਕੀਆਂ ਰੂੜੀਆਂ ਅਤੇ ਭਾਰਤੀ 'ਮਹਾਨਤਾ' ਦੇ ਸੰਕਲਪ ਕਾਰਨ ਅਜਿਹੀ ਘੁੰਮਣਘੇਰੀ ਵਿਚ ਫਸੀ ਹੋਈ ਹੈ ਕਿ ਉਸ ਦੀ ਜ਼ਿੰਦਗੀ ਦੇ ਸਭ ਤੋਂ ਉਪਜਾਊ ਸਾਲ ਇਸ ਚੱਕਰਵਿਊ ਵਿਚੋਂ ਨਿਕਲਣ ਵਿਚ ਖਰਚ ਹੋ ਜਾਂਦੇ ਹਨ। ਇਸ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਬਹੁਤ ਵਾਰ ਇਹ ਨੌਜਵਾਨ ਇਸ ਵਿਰੁੱਧ ਲੜਦਿਆਂ ਇਸੇ ਵਿਵਸਥਾ ਦਾ ਹਿੱਸਾ ਬਣ ਜਾਂਦੇ ਹਨ। ਨਾਗਰਾਜ ਫਿਲਮ ਵਿਚ 'ਹਿੱਸਾ ਬਣਨ' ਦੀਆਂ ਬਾਰੀਕੀਆਂ ਨੂੰ ਸੰਵੇਦਨਸ਼ੀਲ ਢੰਗ ਨਾਲ ਫੜਦਾ ਹੈ। ਆਰਚੀ ਦਾ ਭਰਾ ਪ੍ਰਿੰਸ ਕਿਵੇਂ ਦਿਨਾਂ ਵਿਚ ਹੀ ਆਪਣੇ ਪਿਉ-ਦਾਦਾ ਵਾਲੀ ਬੇਕਿਰਕ ਤੇ ਘੁਮੰਡ ਅਪਣਾਉਂਦਾ ਹੈ, ਇਸ ਦੀ ਝਲਕ ਉਸ ਦੁਆਰਾ ਆਪਣੇ ਸਕੂਲ ਅਧਿਆਪਕ ਨੂੰ ਥੱਪੜ ਮਾਰਨ ਤੋਂ ਮਿਲਦੀ ਹੈ। ਉਹ ਇਸ ਘਟਨਾ ਦਾ ਪਛਤਾਵਾ ਕਰਨ ਦੀ ਥਾਂ ਆਪਣੇ ਪਿਤਾ ਨੂੰ ਉਸ ਅਧਿਆਪਕ ਨੂੰ ਸਖਤ ਸਜ਼ਾ ਦੇਣ ਲਈ ਕਹਿੰਦਾ ਹੈ। ਦੂਜੇ ਪਾਸੇ ਸਕੂਲ ਜਾਂ ਕਾਲਜ ਇਕੋ-ਇਕ ਅਜਿਹੀ ਉਮੀਦ ਭਰੀ ਜਗ੍ਹਾ ਹੈ ਜਿਥੇ ਜਮਹੂਰੀ ਕਦਰਾਂ-ਕੀਮਤਾਂ ਦੇ ਪਸਾਰੇ ਰਾਹੀ ਬੱਚਿਆਂ ਨੂੰ ਇਸ ਦਲਦਲ ਵਿਚੋਂ ਕੱਢਿਆ ਜਾ ਸਕਦਾ ਹੈ। ਨਾਗਰਾਜ ਇਨ੍ਹਾਂ ਥਾਵਾਂ 'ਤੇ ਪਣਪੇ ਰਿਸ਼ਤਿਆਂ ਨੂੰ ਮਨੁੱਖੀ ਜ਼ਿੰਦਗੀ ਦਾ ਹਾਸਿਲ ਤੇ ਭਵਿੱਖ ਦੀ ਉਮੀਦ ਦੱਸਦਾ ਹੈ।

ਨਾਗਰਾਜ ਦੀ ਫਿਲਮ ਦੀ ਵਿਆਕਰਣ ਭਾਰਤੀ ਸਿਨੇਮਾ ਦੇ 'ਰਾਜਾ-ਰਾਣੀ ਦੇ ਮਿਲਣ



ਤੋਂ ਬਾਅਦ ਪਰਜਾ ਦੇ ਸੁਖੀ ਵੱਸਣ' ਦੀ ਧਾਰਨਾ ਤੋਂ ਅੱਗੇ ਦੀ ਕਹਾਣੀ ਹੈ। ਪਾਪੂਲਰ ਸਿਨੇਮਾ ਵਿਚ ਹੀਰੋ-ਹੀਰੋਇਨ ਦੇ ਮਿਲਣ ਤੋਂ ਬਾਅਦ ਫਿਲਮ ਖਤਮ ਹੋ ਜਾਂਦੀ ਹੈ। ਆਰਚੀ ਤੇ ਪਰਸ਼ੀਆ ਦੇ ਪਿਆਰ ਦੀ ਅਸਲ ਪਰਖ ਇਥੋਂ ਸ਼ੁਰੂ ਹੁੰਦੀ ਹੈ। ਇਥੋਂ ਨਾਗਰਾਜ ਪਿਆਰ ਦੀਆਂ ਜ਼ਮੀਨੀ ਹਕੀਕਤਾਂ ਉਪਰ ਕੈਮਰਾ ਫੋਕਸ ਕਰਦਾ ਹੈ। ਆਰਚੀ ਅਤੇ ਪਰਸ਼ੀਆ ਬੇਘਰੀ, ਬੇਯਕੀਨੀ ਅਤੇ ਬੇਰੁਜ਼ਗਾਰੀ ਦੇ ਨਾਲ-ਨਾਲ ਇਕ-ਦੂਜੇ ਬਾਰੇ ਬੇਭਰੋਸਗੀ ਤੇ ਬੇਚੈਨੀ ਨਾਲ ਕਿਵੇਂ ਲੜਦੇ ਹਨ, ਇਸ ਦਾ ਮਾਰਮਿਕ ਚਿੱਤਰ ਨਾਗਰਾਜ ਆਪਣੀ ਫਿਲਮ ਵਿਚ ਖਿੱਚਦਾ ਹੈ। ਉਨ੍ਹਾਂ ਵਿਚਲਾ ਪਿਆਰ ਕਿਵੇਂ ਸਮਾਂ ਪੈ ਕੇ ਜ਼ਿੰਮੇਵਾਰੀ ਅਤੇ ਸਨਮਾਨ ਵਿਚ ਵਟਦਾ ਹੈ, ਇਸ ਨੂੰ ਫਿਲਮ ਦੇ ਆਖਰੀ ਦ੍ਰਿਸ਼ ਤੱਕ ਮਾਣਿਆ ਜਾ ਸਕਦਾ ਹੈ। ਇਹ ਫਿਲਮ ਭਾਰਤੀ ਸਿਨੇਮਾ ਵਿਚ ਜਾਤ ਬਾਰੇ ਬਣੀਆਂ ਪਹਿਲੀਆਂ ਫਿਲਮਾਂ ਨਾਲੋਂ ਇਸ ਲਈ ਵੀ ਵੱਖਰੀ ਹੈ ਕਿ ਇਸ ਰਾਹੀ ਦਲਿਤ ਕਹੇ ਜਾਣ ਵਾਲਿਆਂ ਦੀ ਕਲਾਤਮਿਕ ਸੂਝ-ਬੂਝ ਬਾਰੇ ਸੰਵਾਦ ਦਾ ਨਵਾਂ ਦਰ ਖੁੱਲਦਾ ਹੈ। ਹੁਣ ਤੱਕ ਜ਼ਿਆਦਾਤਰ ਉਚ ਜਾਤ ਦੁਆਰਾ ਸਿਰਜੀ ਤੇ ਮੰਨਵਾਈ ਸਿਨੇਮਈ ਕਲਾ ਦੇ ਵਿਹੜੇ ਵਿਚ 'ਸੈਰਾਟ' ਦਾ ਛਣਕਾਟਾ ਚਿਰਾਂ ਤੱਕ ਪੈਂਦਾ ਰਹੇਗਾ। ਨਾਗਰਾਜ ਨੂੰ ਭਵਿਖ ਵਿਚ ਅਜਿਹੇ ਸਿਨੇਮਾ ਰਚਣ ਲਈ ਵੀ ਯਾਦ ਕੀਤਾ ਜਾਵੇਗਾ ਜੋ ਕਲਾ ਅਤੇ ਸੁਹਜ ਦੇ ਮਿਆਰਾਂ 'ਤੇ ਵੀ ਪੂਰਾ ਉਤਰਿਆ ਹੈ ਤੇ ਜਿਸ ਨੇ ਮਣਾਂ-ਮੂੰਹੀਂ ਕਮਾਈ ਵੀ ਕੀਤੀ ਹੈ।



ਫਿਲਮ 'ਸੈਰਾਟ' ਦਾ ਅਸਲ ਨਾਇਕ, ਨਿਰਦੇਸ਼ਕ ਨਾਗਰਾਜ ਮੰਜੁਲੇ।

# ਬਾਬਾ ਦੀਪ ਸਿੰਘ ਦਾ ਚਿੱਤਰ

*ਚਿੱਤਰਕਾਰ ਕਿਰਪਾਲ ਸਿੰਘ (10 ਦਸੰਬਰ 1923-26 ਅਪਰੈਲ 1990) ਨੇ ਸਿੱਖ ਧਰਮ ਬਾਰੇ ਚਿੱਤਰਕਾਰੀ ਕੀਤੀ ਹੈ। ਇਨ੍ਹਾਂ ਚਿੱਤਰਾਂ ਵਿਚੋਂ ਸਿੱਖੀ ਦੀ ਰੂਹ ਝਾਕਦੀ ਦਿਸਦੀ ਹੈ। ਇਹੀ ਉਨ੍ਹਾਂ ਦੀ ਕਲਾ ਦਾ ਕਮਾਲ ਹੈ। ਜਗਤਾਰਜੀਤ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਵੱਲੋਂ ਬਾਬਾ ਦੀਪ ਸਿੰਘ ਦੇ ਬਣਾਏ ਚਿੱਤਰ ਬਾਰੇ ਚਰਚਾ ਕੀਤੀ ਹੈ। ਬਾਬਾ ਦੀਪ ਸਿੰਘ ਬਾਰੇ ਚਿੱਤਰ ਕੁਝ ਹੋਰ ਚਿੱਤਰਕਾਰਾਂ ਨੇ ਵੀ ਬਣਾਏ ਹਨ, ਪਰ ਕਿਰਪਾਲ ਸਿੰਘ ਦਾ ਸਿਰਜਿਆ ਚਿੱਤਰ ਨਿਆਰਾ ਅਤੇ ਨਿਵੇਕਲਾ ਹੈ। -ਸੰਪਾਦਕ*

ਸਿੱਖ ਧਰਮ ਵਿਚ ਸ਼ਹੀਦਾਂ ਨੂੰ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਬਾਬਾ ਦੀਪ ਸਿੰਘ ਦੀ ਕੁਰਬਾਨੀ ਦੀ ਦੋ ਕਾਰਨਾਂ ਕਰ ਕੇ ਵੱਖਰੀ ਮਹੱਤਤਾ ਹੈ। ਇਕ, ਉਨ੍ਹਾਂ ਅੰਮ੍ਰਿਤਸਰ ਦੀ ਪਵਿੱਤਰਤਾ ਬਹਾਲੀ ਵਾਸਤੇ ਲੜਦਿਆਂ ਸ਼ਹੀਦੀ ਦਿੱਤੀ। ਦੂਜਾ, ਇਹ ਬੀੜਾ ਉਨ੍ਹਾਂ ਉਸ ਸਮੇਂ ਚੁੱਕਿਆ ਜਦੋਂ ਉਹ 75 ਸਾਲਾਂ ਦੇ ਸਨ। ਉਹ ਗੁਰੂ ਗੋਬਿੰਦ ਸਿੰਘ ਦੇ ਸੰਪਰਕ ਵਿਚ ਲੰਮਾ ਸਮਾਂ ਰਹੇ। ਉਨ੍ਹਾਂ ਆਪਣਾ ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਇਸ ਦੀ ਰੱਖਿਆ ਲੇਖੇ ਲਾ ਦਿੱਤਾ। ਕਿਰਪਾਲ ਸਿੰਘ ਨੇ ਇਸ ਸੂਰਬੀਰ ਦੀ ਸੂਰਬੀਰਤਾ ਨੂੰ ਉਭਾਰਦਾ ਚਿੱਤਰ ਬਣਾਇਆ ਹੈ। ਚਿੱਤਰ ਦੀਆਂ ਆਪਣੀਆਂ ਰੂਪਗਤ ਅਤੇ ਵਿਸ਼ੇਗਤ ਵਿਸ਼ੇਸ਼ਤਾਵਾਂ ਹਨ। ਚਿੱਤਰ ਬਿਰਤਾਂਤਕ ਹੈ ਜਿਸ ਦਾ ਆਧਾਰ ਸਰਬ-ਗਿਆਤ ਇਤਿਹਾਸ ਹੈ।

ਬਾਬਾ ਦੀਪ ਸਿੰਘ ਦਾ ਜਨਮ 20 ਜੁਲਾਈ 1682 ਨੂੰ ਪੋਹਵਿੰਡ (ਹੁਣ ਪਾਕਿਸਤਾਨ ਵਿਚ) ਵਿਖੇ ਹੋਇਆ ਸੀ। ਪਿਤਾ ਭਾਈ ਭਗਤੂ ਦਾ ਗੁਰੂ ਘਰ ਨਾਲ ਪਿਆਰ ਸੀ। ਇਸੇ ਲਈ ਉਹ ਆਪਣੇ ਬੱਚੇ ਨੂੰ ਨਾਲ ਲੈ ਅਨੰਦਪੁਰ ਪਹੁੰਚਦੇ ਹਨ, ਜਦੋਂ

**ਜਗਤਾਰਜੀਤ**
**ਫੋਨ: +91-98990-91186**

ਗੁਰੂ ਗੋਬਿੰਦ ਰਾਏ (ਸਿੰਘ) ਨੇ ਵਿਸਾਖੀ ਦਿਹਾੜੇ ਮੌਕੇ ਅੰਮ੍ਰਿਤ ਸੰਚਾਰ ਕੀਤਾ ਸੀ।

ਅੰਮ੍ਰਿਤਪਾਨ ਪਿਛੋਂ ਬਾਬਾ ਦੀਪ ਸਿੰਘ 8 ਸਾਲ ਅਨੰਦਪੁਰ ਹੀ ਟਿਕੇ ਰਹੇ। ਉਥੇ ਉਨ੍ਹਾਂ ਭਾਈ ਮਨੀ ਸਿੰਘ ਤੋਂ ਗੁਰਮੁਖੀ ਦੇ ਨਾਲ-ਨਾਲ ਗੁਰਬਾਣੀ ਅਤੇ ਗੁਰਬਾਣੀ ਅਰਥ-ਬੋਧ ਦੀ ਸਿੱਖਿਆ ਲਈ। ਅਧਿਆਤਮ ਚਿੰਤਨ ਤੋਂ ਇਲਾਵਾ ਸ਼ਸਤਰ ਵਿੱਦਿਆ ਅਤੇ ਘੋੜਸਵਾਰੀ ਵੀ ਸਿੱਖੀ। 1702 ਵਿਚ ਗ੍ਰਹਿਸਥ ਜੀਵਨ ਅਪਨਾਇਆ। 1705 ਨੂੰ ਅਨੰਦਪੁਰ ਤਿਆਗ ਕੇ ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ ਜਾ ਟਿਕੇ। ਗੁਰੂ ਜੀ ਨੇ ਬਾਬਾ ਦੀਪ ਸਿੰਘ ਨੂੰ ਆਪਣੇ ਕੋਲ ਸੱਦ ਲਿਆ। ਉਨ੍ਹਾਂ ਨਾਲ ਭਾਈ ਮਨੀ ਸਿੰਘ ਵੀ ਸਨ। ਉਥੇ ਉਨ੍ਹਾਂ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਪਾਸੋਂ ਆਦਿ ਗ੍ਰੰਥ ਦੇ ਉਤਾਰੇ ਕਰਵਾਏ। ਗੁਰੂ ਜੀ ਜਦੋਂ ਦੱਖਣ ਵੱਲ ਰਵਾਨਾ ਹੋਏ ਤਾਂ ਉਨ੍ਹਾਂ ਨੇ ਬਾਬਾ ਦੀਪ ਸਿੰਘ ਨੂੰ ਤਖ਼ਤ ਦਮਦਮਾ ਦਾ ਮੁਖੀ ਥਾਪ ਦਿੱਤਾ। ਮੁਗ਼ਲ ਜਰਵਾਣਿਆਂ ਨੂੰ ਸੋਧਣ ਵਾਸਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ 'ਤੇ ਚੜ੍ਹਾਈ ਕੀਤੀ ਤਾਂ ਦੋਵਾਂ ਯੋਧਿਆਂ ਨੇ ਮਿਲ ਕੇ ਕਈ ਲੜਾਈਆਂ ਲੜੀਆਂ। 1748 ਵਿਚ ਦਲ ਖਾਲਸਾ ਨੂੰ 12 ਮਿਸਲਾਂ 'ਚ ਵੰਡ ਦਿੱਤਾ ਗਿਆ ਅਤੇ ਬਾਬਾ ਦੀਪ ਸਿੰਘ 'ਸ਼ਹੀਦ ਮਿਸਲ' ਦੇ ਮੁਖੀ ਬਣਾਏ ਗਏ।

1757 ਵਿਚ ਅਹਿਮਦ ਸ਼ਾਹ ਅਬਦਾਲੀ ਚੌਥੀ ਵਾਰ ਲੁੱਟ-ਖਸੁੱਟ ਕਰ ਕੇ ਆਪਣੇ ਵਤਨ ਪਰਤ ਰਿਹਾ ਸੀ। ਉਸ ਦੇ ਕੁਰੁਕਸ਼ੇਤਰ ਦੇ ਪੜਾਅ ਸਮੇਂ ਅੱਧੀ ਰਾਤ ਨੂੰ ਬਾਬਾ ਜੀ ਨੇ ਅਫਗਾਨ ਫੌਜ ਉਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਲੁੱਟੀ ਧਨ-ਦੌਲਤ ਕਬਜ਼ੇ ਵਿਚ ਕਰਨ ਤੋਂ ਇਲਾਵਾ ਜਬਰੀ ਚੁੱਕੀਆਂ ਔਰਤਾਂ ਨੂੰ ਵੀ ਮੁਕਤ ਕਰਵਾ ਲਿਆ। ਅਬਦਾਲੀ ਨੇ ਇਸ ਨੂੰ ਆਪਣੀ ਹੇਠੀ ਜਾਣਿਆ। ਫਲਸਰੂਪ, ਉਸ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਹੁਕਮ ਚਾੜ੍ਹਿਆ ਕਿ ਤਮਾਮ ਗੁਰਦੁਆਰੇ ਤਬਾਹ ਕਰਨ ਦੇ ਨਾਲ-ਨਾਲ ਸਰੋਵਰ ਵੀ ਪੂਰ ਦਿੱਤੇ ਜਾਣ। ਸਿੱਖਾਂ ਵਾਸਤੇ ਇਹ ਸੰਕਟ ਦਾ ਸਮਾਂ ਸੀ। ਸਿੱਖਾਂ ਨੂੰ ਮਾਰ ਮੁਕਾਉਣ ਤੋਂ ਇਲਾਵਾ ਗੁਰਦੁਆਰੇ ਤਬਾਹ ਕੀਤੇ ਜਾ ਰਹੇ ਸਨ। ਇਸ ਵੇਲੇ ਬਾਬਾ ਦੀਪ ਸਿੰਘ ਨੇ ਐਲਾਨਿਆ ਕਿ ਇਸ ਵਰ੍ਹੇ ਦੀ ਦੀਵਾਲੀ ਅੰਮ੍ਰਿਤਸਰ ਵਿਖੇ ਹੀ ਮਨਾਈ ਜਾਵੇਗੀ।

ਕਿਰਪਾਲ ਸਿੰਘ ਨੇ ਬਾਬਾ ਦੀਪ ਸਿੰਘ ਦੀ ਇਕੋ-ਇਕ ਪੇਂਟਿੰਗ ਬਣਾਈ ਹੈ ਅਤੇ ਉਹ ਵੀ ਫੈਸਲਾਕੁਨ ਪਲ ਨੂੰ ਰੂਪਮਾਨ ਕਰਦੀ ਹੋਈ। ਇਕੋ ਚਿੱਤਰ ਉਨ੍ਹਾਂ ਦੇ ਹੁਨਰ ਦੀ ਇਬਾਰਤ ਹੈ। ਪੇਂਟਿੰਗ 43 ਜਰਬ 52 ਇੰਚ ਦੀ ਹੈ। ਇਹ 1958 ਵਿਚ ਬਣਾਈ ਗਈ। ਮੂਲ ਦ੍ਰਿਸ਼ ਲੜਾਈ ਦਾ ਨਹੀਂ ਹੈ, ਪਰ ਲੜਾਈ ਹੋਣ ਦੀ ਸੰਭਾਵਨਾ ਵੱਲ ਸੰਕੇਤ ਜ਼ਰੂਰ ਕਰ ਰਿਹਾ ਹੈ। ਇਕ ਵੱਡੀ ਉਮਰ ਦਾ ਯੋਧਾ ਆਪਣੇ ਤੋਂ ਕਾਫੀ ਘੱਟ ਉਮਰ ਦੇ ਨਿੱਕੇ ਜਿਹੇ ਸਮੂਹ ਨੂੰ ਸੰਬੋਧਿਤ ਹੈ। ਨਾ ਸਮਾਂ ਸਾਧਾਰਨ ਹੈ ਤੇ ਨਾ ਦ੍ਰਿਸ਼ ਰਚਨਾ। ਦੋਵਾਂ ਦੀ ਸੰਜੁਗਤੀ ਵਿਚੋਂ ਪ੍ਰਭਾਵਸ਼ਾਲੀ ਸੰਦੇਸ਼ ਮਿਲ ਰਿਹਾ ਹੈ। ਦਿਖਾਈ ਦੇ ਰਹੇ ਸਭ ਯੋਧੇ ਆਦਮ ਕੱਦ ਦੇ ਹਨ। ਅਜਿਹਾ ਕੋਈ ਯੋਧਾ ਨਹੀਂ ਜੋ ਅੱਧ-ਅਧੂਰਾ ਚਿਤਰਿਆ ਗਿਆ ਹੋਵੇ।

ਚਿੱਤਰ ਤਿੰਨ ਇਕਾਈਆਂ ਨੂੰ ਉਭਾਰ ਰਿਹਾ ਹੈ। ਧਰਤੀ, ਅੰਬਰ ਅਤੇ ਧਰਤੀ ਉਪਰ ਖੜ੍ਹੇ ਸੂਰੇ। ਦੂਰ, ਪਰ੍ਹਾਂ ਹਰਿਆਵਲ ਹੋ ਸਕਦੀ ਹੈ ਜੋ ਧੁੰਦਲੀ-ਧੁੰਦਲੀ ਹੈ। ਇਸੇ ਕਾਰਨ ਉਹ ਆਪਣੇ ਤਾਜ਼ਾ ਰੰਗ ਵਿਚ ਨਹੀਂ। ਇਸੇ ਧੁੰਦਲਕੇ ਵਿਚੋਂ ਇਮਾਰਤਨੁਮਾ ਉਸਾਰੀ ਦਿਖਦੀ ਹੈ। ਪੇਂਟਿੰਗ ਦੇ ਖੱਬੇ ਪਾਸੇ ਵੱਲ ਵੱਡੀ ਉਮਰ ਦੇ ਬਾਬਾ ਦੀਪ ਸਿੰਘ ਖੜ੍ਹੇ ਹਨ। ਉਨ੍ਹਾਂ ਜਦੋਂ ਪ੍ਰਣ ਕੀਤਾ ਕਿ ਇਸ ਸਾਲ ਸਾਰੇ ਸਿੰਘ ਮਿਲ ਕੇ ਦੀਵਾਲੀ ਅੰਮ੍ਰਿਤਸਰ ਮਨਾਉਣਗੇ, ਤਦ ਉਨ੍ਹਾਂ ਦੀ ਉਮਰ ਪਚੱਤਰ ਸਾਲ ਦੇ ਲਗਪਗ ਸੀ। ਉਨ੍ਹਾਂ ਨੇ ਆਪਣੇ ਸੱਜੇ ਹੱਥ ਵਿਚ ਖੰਡਾ ਫੜਿਆ ਹੋਇਆ ਹੈ ਜਿਸ ਦਾ ਵਜ਼ਨ ਅਠਾਰਾਂ ਸੇਰ ਹੈ। ਰੋਹਦਾਰ, ਤਕੜੇ ਜੁੱਸੇ ਸਨਮੁੱਖ ਕੁਝ ਸਿੰਘ ਖੜ੍ਹੇ ਹਨ। ਕਿਰਪਾਲ ਸਿੰਘ, ਅਸਲ ਵਿਚ, ਫੈਸਲਾਕੁਨ ਪਲ ਨੂੰ ਸਮੂਰਤ ਕਰਨ ਦਾ ਯਤਨ ਕਰ ਰਿਹਾ ਹੈ। ਜਦੋਂ ਬਾਬਾ ਜੀ ਦਮਦਮਾ ਸਾਹਿਬ ਤੋਂ ਰਵਾਨਾ ਹੋਏ ਸਨ, ਤਦ ਉਨ੍ਹਾਂ ਨਾਲ ਚੱਲਣ ਵਾਲਿਆਂ ਦੀ ਗਿਣਤੀ ਪੰਜ ਕੁ ਸੌ ਸੀ। ਵੱਖ ਵੱਖ ਪਿੰਡਾਂ ਵਿਚੋਂ ਦੀ ਲੰਘਦੇ ਸਮੇਂ ਹੋਰ ਸਿੰਘ ਨਾਲ ਰਲਦੇ ਰਹੇ। ਫਲਸਰੂਪ, ਅੰਮ੍ਰਿਤਸਰ ਤੋਂ ਦੂਰ ਤਰਨ ਤਾਰਨ ਵਿਖੇ ਇਨ੍ਹਾਂ ਯੋਧਿਆਂ ਟਿਕਾਣਾ ਕੀਤਾ ਤਾਂ ਕੁੱਲ ਗਿਣਤੀ ਪੰਜ ਹਜ਼ਾਰ ਦੇ





*ਚਿੱਤਰਕਾਰ ਕਿਰਪਾਲ ਸਿੰਘ ਤੇ (ਖੱਬੇ) ਬਾਬਾ ਦੀਪ ਸਿੰਘ ਦਾ ਚਿੱਤਰ।*

ਆਸ-ਪਾਸ ਜਾ ਪਹੁੰਚੀ ਸੀ। ਬਾਬਾ ਦੀਪ ਸਿੰਘ ਉਸ ਸਮੂਹ ਦੇ ਮਨ ਦੀ ਦ੍ਰਿੜ੍ਹਤਾ ਦੀ ਪਰਖ ਹਿੱਤ ਖੰਡੇ ਦੀ ਨੋਕ ਨਾਲ ਜ਼ਮੀਨ ਉਪਰ ਲਕੀਰ ਖਿੱਚਦੇ ਹਨ। ਆਪਣੇ ਸੰਬੋਧਨ ਵਿਚ ਕਹਿੰਦੇ ਹਨ ਕਿ ਜੋ ਵੀ ਸ਼ਖਸ ਹਰਿਮੰਦਰ ਦੀ ਰੱਖਿਆ ਲਈ ਆਪਣੇ ਆਪ ਨੂੰ ਨਿਛਾਵਰ ਕਰਨ ਲਈ ਤਿਆਰ ਹੈ, ਓਹੀ ਇਸ ਲਕੀਰ ਨੂੰ ਪਾਰ ਕਰ ਇਧਰ ਆ ਜਾਵੇ, ਬਾਕੀ ਆਪੋ ਆਪਣੇ ਘਰ ਪਰਤ ਸਕਦੇ ਹਨ।

ਪੇਂਟਿੰਗ 'ਚ ਧਰਤੀ ਉਪਰ ਵਾਹੀ ਲਕੀਰ ਦਿਖ ਰਹੀ ਹੈ। ਖੰਡੇ ਦੀ ਮੁੱਠ ਉਪਰ ਹੱਥ ਦੀ ਪਕੜ, ਬਾਂਹ ਦੀ ਹਰਕਤ ਦੇ ਅਨੁਰੂਪ ਸਾਰੇ ਸਰੀਰ ਦੀ 'ਪੋਜੀਸ਼ਨਿੰਗ' ਮਜ਼ਬੂਤ ਇਰਾਦੇ ਦਾ ਅਨੁਵਾਦ ਕਰ ਰਹੀ ਹੈ। ਚਿੱਤਰ ਵਿਚ ਵਾਹੀ ਲਕੀਰ ਦਿਖਾਈ ਦਿੰਦੀ ਹੈ, ਉਸ ਨੂੰ ਪਾਰ ਕਰਦਾ ਕੋਈ ਯੋਧਾ ਨਹੀਂ ਦਿਖਾਇਆ ਗਿਆ। ਇਹ ਗੱਲ ਇਸ ਦਾ ਸਬੂਤ ਹੈ ਕਿ ਚਿਤੇਰਾ ਸੰਜਮੀ ਹੈ।

ਅੰਮ੍ਰਿਤਪਾਨ ਮਗਰੋਂ ਬਾਬਾ ਦੀਪ ਸਿੰਘ ਦਾ ਜੀਵਨ ਭਗਤੀ ਅਤੇ ਸ਼ਕਤੀ ਵਾਲਾ ਰਿਹਾ। ਜੇ ਬੀਤੇ ਵੱਲ ਝਾਕੀਏ ਤਾਂ ਇਕ ਹੋਰ ਵੇਰਵਾ ਮਿਲਦਾ ਹੈ, ਜਦ ਲਕੀਰ ਖਿੱਚ ਕੇ ਸੀਤਾ ਵਾਸਤੇ ਸੁਰੱਖਿਅਤ ਥਾਂ ਬਣਾਈ ਜਾਂਦੀ ਹੈ। ਜਦ ਤਕ ਲਕੀਰ ਦੇ ਅੰਦਰ ਰਿਹਾ ਜਾਵੇਗਾ, ਉਹ ਸੁਰੱਖਿਅਤ ਰਹੇਗੀ, ਪਰ ਬਾਬਾ ਦੀਪ ਸਿੰਘ ਵੱਲੋਂ ਵਾਹੀ ਲਕੀਰ ਕਿਸੇ ਨੂੰ ਸੁਰੱਖਿਆ ਦਾ ਵਚਨ ਨਹੀਂ ਦਿੰਦੀ। ਇਹ ਤਾਂ ਗੁਰੂ ਘਰ ਦੀ ਸੁਰੱਖਿਆ ਹਿੱਤ ਪ੍ਰਾਣਾਂ ਦੀ ਮੰਗ ਕਰ ਰਹੀ ਹੈ। ਅਨੰਦਪੁਰੋਂ ਪਰਤ ਕੇ ਉਨ੍ਹਾਂ ਨੇ ਲੋਕਾਂ ਵਿਚ ਗੁਰਬਾਣੀ, ਗੁਰਸਿੱਖੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਕਈ ਭਾਸ਼ਾਵਾਂ ਵਿਚ ਮੁਹਾਰਤ ਹਾਸਲ ਕਰ ਲਈ ਸੀ। ਨਤੀਜੇ ਵਜੋਂ ਉਹ ਸਮੁੱਚੇ ਗੁਰਬਾਣੀ ਅਰਥ ਕਰ ਲੋਕਾਂ ਨੂੰ ਸਮਝਾਉਂਦੇ ਸਨ। ਜਦੋਂ ਧਰਮ ਦੀ ਰਾਖੀ ਦਾ ਸਮਾਂ ਆਇਆ ਤਾਂ ਹੱਥਾਂ ਵਿਚ ਸ਼ਸਤਰ ਸੰਭਾਲ ਚੱਲ ਪਏ। ਇਹ ਸੰਤ-ਸਿਪਾਹੀ ਵਾਲਾ ਸਰੂਪ ਹੈ ਜਿਸ ਦੀ ਕਲਪਨਾ ਗੁਰੂ ਗੋਬਿੰਦ ਸਿੰਘ ਨੇ ਕੀਤੀ ਸੀ। ਅਸਲ ਵਿਚ ਉਸ ਵੇਲੇ ਅਤੇ ਬਾਅਦ ਵਿਚ ਸਿੱਖਾਂ ਵਿਚ ਇਸ ਸੁਮੇਲ ਦੇ ਦਰਸ਼ਨ ਹੁੰਦੇ ਰਹੇ। ਚਿੱਤਰ ਵਿਚ ਬਾਬਾ ਦੀਪ ਸਿੰਘ ਨੇ ਨੀਲਾ ਚੋਲਾ ਪਹਿਨਿਆ ਹੋਇਆ ਹੈ ਜੋ ਗੋਡਿਆਂ ਤੋਂ ਥੱਲੇ ਤਕ ਦਾ ਹੈ। ਲੱਕ ਦੁਆਲੇ ਘੁੱਟ ਕੇ ਬੰਨ੍ਹਿਆ ਕੇਸਰੀ ਕਮਰਕੱਸਾ ਹੈ ਅਤੇ ਉਸੇ ਵਿਚ ਕਟਾਰ ਰੱਖੀ ਹੋਈ ਹੈ। ਹੱਥ ਫੜੇ ਖੰਡੇ ਤੋਂ ਇਲਾਵਾ ਗਲੇ ਗਾਤਰਾ ਹੈ। ਸੰਭਵ ਹੈ, ਕ੍ਰਿਪਾਨ ਹੋਵੇ ਜਿਹੜੀ ਦਿਸ ਨਹੀਂ ਰਹੀ। ਛਾਤੀ, ਗਲ, ਮੋਢਿਆਂ ਦੇ ਬਚਾਅ ਵਾਸਤੇ ਲੋੜੀਂਦੇ ਕਵਚ ਪਹਿਨੇ ਹੋਏ ਹਨ। ਬਾਹਾਂ ਦੀ ਰਾਖੀ ਵਾਸਤੇ ਬਾਜੂਬੰਦ ਹਨ। ਸਿਰ ਉਪਰ ਉਚਾ ਦੁਮਾਲਾ ਸੋਭ ਰਿਹਾ ਹੈ। ਇਹ ਕੇਸਰੀ, ਨੀਲੇ ਰੰਗ ਦਾ ਹੈ। ਦੁਮਾਲੇ ਦੁਆਲੇ ਚੱਕਰ ਹਨ। ਇਹ ਬਚਾਅ ਵਾਸਤੇ ਵੀ ਹਨ ਅਤੇ ਵਾਰ ਦੇ ਕੰਮ ਵੀ ਆਉਂਦੇ ਹਨ। ਦੁਮਾਲੇ ਦੇ ਐਨ ਸਿਖਰ ਫਰਲਾ ਹੈ। ਇਹ ਜਥੇਦਾਰੀ ਦਾ ਪ੍ਰਤੀਕ ਹੈ। ਚਿਹਰੇ 'ਤੇ ਸੋਭਦਾ ਸਫੈਦ ਦਾਹੜਾ ਵੀ ਉਮਰ ਘਟਾ ਨਹੀਂ ਰਿਹਾ। ਰੋਹਬੀਲੇ 'ਪ੍ਰੋਫਾਈਲ' ਦੀ ਦਿਖਾਈ ਦਿੰਦੀ ਅੱਖ ਦਾ ਤੇਜ ਅਤੇ ਟਿਕਟਿਕੀ ਖੁਦ ਬਾਬਾ ਜੀ, ਸੰਬੋਧਿਤ ਸੂਰਬੀਰਾਂ ਤੋਂ ਇਲਾਵਾ ਸਾਰੇ ਚਿੱਤਰ ਦੇ 'ਮੁਹਾਵਰੇ' ਨੂੰ ਬਦਲ ਰਹੀ ਹੈ। ਲੱਗਦਾ ਹੈ, ਸ਼ਬਦਾਂ ਦੀ ਬਜਾਏ ਅੱਖਾਂ ਦੀ ਜਵਾਲਾ ਸੂਰਬੀਰਾਂ ਨੂੰ ਜ਼ਿਆਦਾ ਪ੍ਰਭਾਵਿਤ ਕਰ ਰਹੀ ਹੈ। ਸੂਰਬੀਰ ਵੀ ਉਸੇ ਜੀਵਨ ਸਾਂਚੇ ਵਿਚ ਢਲੇ ਲੱਗਦੇ ਹਨ ਜਿਸ ਵਿਚ ਬਾਬਾ ਦੀਪ ਸਿੰਘ। ਤਾਹੀਓਂ ਇਹ ਆਪੋ-ਆਪਣਾ ਘਰ-ਬਾਰ ਤਿਆਗ ਮਿਥੇ ਉਦੇਸ਼ ਦੀ ਪ੍ਰਾਪਤੀ ਲਈ ਇਸ ਥਾਂ ਆ ਪਹੁੰਚੇ ਹਨ।

ਜ਼ਾਹਰ ਹੈ, ਇਹ ਯੁੱਧ ਭੂਮੀ ਨਹੀਂ। ਇਹ ਪੱਕਾ ਹੈ ਕਿ ਯੁੱਧ ਜ਼ਰੂਰ ਹੋਵੇਗਾ, ਕਿਉਂਕਿ ਹਾਲਾਤ ਹੀ ਅਜਿਹੇ ਹਨ। ਇਹ ਸੰਬੋਧਨ ਯੁੱਧ ਭੂਮੀ ਦਰਮਿਆਨ ਨਹੀਂ ਹੈ ਜਿਵੇਂ ਦਾ ਭਗਵਾਨ ਕ੍ਰਿਸ਼ਨ ਨੇ ਕੁਰੂਕਸ਼ੇਤਰ ਦੀ ਲੜਾਈ ਵੇਲੇ ਅਰਜੁਨ ਨੂੰ ਕੀਤਾ ਸੀ। ਉਥੇ ਵੀ ਧਰਮ-ਅਧਰਮ ਦਾ ਸੰਕਟ ਸੀ, ਇਥੇ ਵੀ ਇਹੋ ਹੈ। ਫਰਕ ਸਮੇਂ, ਸਥਾਨ ਤੇ ਬੰਦਿਆਂ ਦਾ ਹੈ। ਸਮੇਂ ਦੀ ਗੰਭੀਰਤਾ ਨੂੰ ਚਿੱਤਰਕਾਰ ਕਿਰਪਾਲ ਸਿੰਘ ਉਸੇ ਮਾਨਸਿਕ ਅਵਸਥਾ ਤੋਂ ਪੇਂਟ ਕਰ ਰਿਹਾ ਹੈ। ਸੱਤ ਹਜ਼ਾਰ ਦੇ ਕਰੀਬ ਇਕੱਠ ਵਿਚੋਂ ਉਂਗਲੀਆਂ 'ਤੇ ਗਿਣਨਯੋਗ ਸਿੰਘ ਚਿੱਤਰ ਵਿਚ ਦਿਖਾਈ ਦੇ ਰਹੇ ਹਨ। ਬਾਕੀ ਮਰਜੀਵੜੇ ਤਾਂ

***ਆਪਣੇ ਨੂੰ ਕੁਰਬਾਨ ਕਰਨ ਵਾਲੇ ਯੋਧੇ ਸ਼ਾਹੀ ਫੌਜਾਂ ਵਾਂਗ ਸੁਚੱਜੇ ਹਥਿਆਰਬੰਦ ਨਹੀਂ। ਦੇਹ ਦੀ ਰਾਖੀ ਵਾਸਤੇ ਵੀ ਕੋਈ ਬਖ਼ਤਰਬੰਦ ਜਾਂ ਕਵਚ ਨਹੀਂ। ਇਨ੍ਹਾਂ ਨੂੰ ਦੇਖ ਕੇ ਯੁੱਧ ਦੀ ਭਿਅੰਕਰ ਤਸਵੀਰ ਅੱਖਾਂ ਅੱਗੋਂ ਗੁਜ਼ਰਦੀ ਹੈ। ਇਹ ਜ਼ਿੰਦਾ ਰਹਿਣ ਜਾਂ ਮਰ ਜਾਣ ਦਾ ਸਮਾਂ ਹੈ। ਨਾ ਤਾਂ ਜ਼ਖਮੀ ਚਾਹੁੰਦਾ ਹੋਵੇਗਾ ਕਿ ਉਹ ਜਿਉਂਦਾ ਰਹੇ ਤੇ ਨਾ ਹੀ ਦੁਸ਼ਮਣ ਜ਼ਖ਼ਮੀ ਨੂੰ ਛੱਡਦਾ ਹੋਵੇਗਾ। ਇਸੇ ਕਰ ਕੇ ਸਿੰਘ ਜਾਨ ਹੂਲ ਕੇ ਜੂਝਦੇ ਹੋਣਗੇ।***

ਇਨ੍ਹਾਂ ਦੇ ਪਿੱਛੇ ਦੂਰ ਤਕ ਖੜ੍ਹੇ ਹੋਣਗੇ। ਮੂਲ ਕਹਿਣਯੋਗ ਨੁਕਤਾ ਇਹ ਹੈ ਕਿ ਕਿਸੇ ਵੀ ਸਿੰਘ ਦੀ ਨਜ਼ਰ ਲਕੀਰ ਵੱਲ ਹੈ ਹੀ ਨਹੀਂ।

ਲੱਗਦਾ ਉਨ੍ਹਾਂ ਨੇ ਜਦੋਂ ਘਰ ਜਿਹੇ ਨਿਮਾਣੇ ਘਰਾਂ ਜਾਂ ਲੁਕਣਗਾਹਾਂ ਦੀ ਵਲਗਣ ਤੋਂ ਬਾਹਰ ਪੈਰ ਰੱਖਿਆ ਸੀ, ਤਾਂ 'ਅਣਦਿਸਦੀ' ਲਕੀਰ ਪਾਰ ਕਰ ਲਈ ਸੀ। ਉਹ ਤਾਂ ਸਵੈ-ਪ੍ਰੀਖਿਆ ਸੀ ਅਤੇ ਇਹ 'ਦਿਸਦੀ' ਪ੍ਰੀਖਿਆ ਦਾ ਵੇਲਾ ਹੈ ਜਿਸ ਨੂੰ ਪਾਰ ਕਰਨ ਵਿਚ ਕਿਸੇ ਨੂੰ ਕੋਈ ਝਿਜਕ ਨਹੀਂ। ਇਤਿਹਾਸ ਵਿਚ ਅਜਿਹੀਆਂ ਘਟਨਾਵਾਂ ਬਹੁਤ ਘੱਟ ਵਾਪਰਦੀਆਂ ਹਨ। ਇਹ ਇਕ ਹੈ ਅਤੇ ਸਿਰਮੌਰ ਹੈ। ਕਿਰਪਾਲ ਸਿੰਘ ਨੇ ਉਸ ਘਟਨਾ ਨੂੰ ਆਪਣੀ ਕਲਪਨਾ ਸ਼ਕਤੀ ਵਰਤਦਿਆਂ ਲੋਕਮਨ ਵਿਚ ਟਿਕਾਉਣ ਦਾ ਯਤਨ ਕੀਤਾ ਹੈ।

ਇਕੱਠ ਦੇ ਮੂਹਰਲੇ ਸਿੰਘਾਂ ਦਾ ਲਿਬਾਸ ਧਿਆਨ ਗੋਚਰਾ ਹੈ। ਇਹ ਉਨ੍ਹਾਂ ਸਾਰਿਆਂ ਦੀ ਪਿੱਠਭੂਮੀ (ਆਰਥਿਕ ਅਤੇ ਸਮਾਜਿਕ) ਨੂੰ ਬਿਆਨਦਾ ਹੈ। ਅਗਲੇਰੇ ਸਿੰਘਾਂ ਤੋਂ ਪਿਛਲੇਰੇ ਸਿੰਘਾਂ ਦੇ ਹਾਲਾਤ ਦਾ ਅੰਦਾਜ਼ਾ ਆਰਾਮ ਨਾਲ ਲਾਇਆ ਜਾ ਸਕਦਾ ਹੈ। ਹਰ ਸਿੰਘ ਦੇ ਸਿਰ ਦਸਤਾਰ ਹੈ ਜਿਸ ਦਾ ਇਕ ਪਾਸੇ ਦਾ ਖੁੱਲ੍ਹਾ ਲੜ ਗਰਦਨ ਅਤੇ ਮੋਢਿਆਂ ਉਪਰ ਪਿਆ ਹੋਇਆ ਹੈ। ਕਿਸੇ-ਕਿਸੇ ਦੇ ਸਿਰ ਚੱਕਰ ਸਜੇ ਹਨ। ਪਿੰਡੇ ਚੋਲਾ ਅਤੇ ਤੇੜ ਕਛਹਿਰੇ ਹਨ। ਕਮਰਕੱਸਿਆਂ ਵਿਚ ਕਟਾਰਾਂ ਜਾਂ ਦੂਜੇ ਦਸਤੀ ਛੋਟੇ ਹਥਿਆਰ ਹਨ। ਗਲੀਂ ਪਾਏ ਗਾਤਰਿਆਂ ਵਿਚ ਕਿਰਪਾਨਾਂ ਹਨ ਤੇ ਇਨ੍ਹਾਂ ਦੇ ਹੱਥੀਂ ਨੇਜ਼ੇ ਹਨ ਜਾਂ ਫਿਰ ਗੰਡਾਸੇ। ਪੈਰੋਂ ਸਭ ਦੇ ਸਭ ਨੰਗੇ ਹਨ। ਪਵਿੱਤਰ ਗੁਰੂਧਾਮ ਦੀ ਪਵਿੱਤਰਤਾ ਦੀ ਬਹਾਲੀ ਵਾਸਤੇ ਲੜਨ ਵਾਲੇ ਸਿੰਘਾਂ ਪਾਸ ਇਹੋ ਨਿੱਕ-ਸੁੱਕ ਹੈ। ਨੰਗੇ ਧੜ ਲੜਨਾ ਸ਼ਾਇਦ ਇਸੇ ਨੂੰ ਕਿਹਾ ਗਿਆ ਹੈ।

ਆਉਣ ਵਾਲੇ ਗਭਰੇਟ, ਦਰਮਿਆਨੀ ਜਾਂ ਥੋੜ੍ਹੀ ਵੱਡੀ ਉਮਰ ਵਾਲੇ ਹਨ, ਪਰ ਕੋਈ ਵੀ ਬਾਬਾ ਦੀਪ ਸਿੰਘ ਦੀ ਉਮਰ ਜਿੱਡਾ ਨਹੀਂ। ਨਾ ਹੀ ਕੋਈ ਉਨ੍ਹਾਂ ਜਿਹੀ ਸਰੀਰਕ ਬਣਤਰ ਤੇ ਰੋਹਬ ਵਾਲਾ ਹੈ। ਅੱਖਾਂ ਜਾਂ ਸਰੀਰਕ ਹਰਕਤ ਵਿਚ ਊਰਜਾ ਹੈ। ਕਿਰਪਾਲ ਸਿੰਘ ਨੇ ਦਲ ਦੇ ਮੁਖੀ ਨੂੰ ਚਿੱਤਰ ਦਾ ਮੁਖੀ ਵੀ ਬਣਾਇਆ ਹੈ। ਬਾਬਾ ਦੀਪ ਸਿੰਘ ਕੈਨਵਸ ਦੇ ਬਿਲਕੁਲ ਦਰਮਿਆਨ ਨਹੀਂ ਸਗੋਂ ਹਟ ਕੇ ਖੱਬੇ ਵੱਲ ਹਨ। ਸਰੀਰਕ ਗਠਨ, ਮੁਦਰਾ, ਸਾਜ-ਸਜਾ ਦੇਖਣ ਵਾਲੇ ਨੂੰ ਆਪਣੇ ਉਪਰ ਕੇਂਦਰਿਤ ਕਰ ਲੈਂਦੀ ਹੈ।

ਬਾਬਾ ਦੀਪ ਸਿੰਘ ਦੇ ਸੱਜੇ ਪਾਸੇ ਘੋੜਾ ਹੈ। ਨਾਲ ਹੀ ਕੇਸਰੀ ਪੋਸ਼ਾਕ ਪਹਿਨੀ ਸ਼ਸਤਰਧਾਰੀ ਸਿੰਘ ਘੋੜੇ ਦੀ ਲਗਾਮ ਫੜੀ ਖੜ੍ਹਾ ਹੈ। ਘੋੜੇ ਅਤੇ ਸਿੰਘ ਦਾ ਵਡੇਰਾ ਹਿੱਸਾ ਬਾਬਾ ਦੀਪ ਸਿੰਘ ਦੀ ਵਿਰਾਟਤਾ ਨੇ ਜਿਵੇਂ ਲੁਕਾ ਰੱਖਿਆ ਹੈ। ਹਰ ਚੀਜ਼ ਨੂੰ ਸਪਸ਼ਟਤਾ ਦੇਣੀ ਜਾਂ ਪੂਰੀ ਤਰ੍ਹਾਂ ਉਘਾੜ ਕੇ ਪੇਸ਼ ਕਰ ਦੇਣਾ, ਚਿੱਤਰਕਾਰ ਦਾ ਕੰਮ ਨਹੀਂ। ਪੇਂਟਿੰਗ ਉਪਰ ਸ਼ਬਦ ਸੰਸਾਰ ਦੇ ਨੇਮ ਇੰਨ-ਬਿੰਨ ਲਾਗੂ ਨਹੀਂ ਕੀਤੇ ਜਾ ਸਕਦੇ, ਪਰ ਉਨ੍ਹਾਂ ਤੋਂ ਸੇਧ ਜ਼ਰੂਰ ਲਈ ਜਾ ਸਕਦੀ ਹੈ। ਫਰਕ ਸਿਰਫ ਮਾਧਿਅਮ ਦਾ ਹੀ ਨਹੀਂ, ਹੋਰ ਵੀ ਕਾਫੀ ਕੁਝ ਹੈ। ਬਾਬਾ ਦੀਪ ਸਿੰਘ ਦੇ ਖੱਬੇ ਹੱਥ ਵੱਲ, ਥੋੜ੍ਹਾ ਥੱਲੇ, ਇਕ ਹੋਰ ਦੌੜਦੇ ਘੋੜੇ ਦਾ ਪਿਛਲਾ ਭਾਗ ਦਿਸਦਾ ਹੈ। ਇਹ ਹਲਚਲ ਦਾ ਸੰਕੇਤ ਹੈ ਜਿਸ ਦਾ ਪਤਾ ਸਿੰਘਾਂ ਵੱਲੋਂ ਚੁੱਕੇ ਪੈਰਾਂ ਤੋਂ ਵੀ ਲੱਗ ਜਾਂਦਾ ਹੈ।

ਆਪਣੇ ਨੂੰ ਕੁਰਬਾਨ ਕਰਨ ਵਾਲੇ ਯੋਧੇ ਸ਼ਾਹੀ ਫੌਜਾਂ ਵਾਂਗ ਸੁਚੱਜੇ ਹਥਿਆਰਬੰਦ ਨਹੀਂ। ਦੇਹ ਦੀ ਰਾਖੀ ਵਾਸਤੇ ਵੀ ਕੋਈ ਬਖ਼ਤਰਬੰਦ ਜਾਂ ਕਵਚ ਨਹੀਂ। ਇਨ੍ਹਾਂ ਨੂੰ ਦੇਖ ਕੇ ਯੁੱਧ ਦੀ ਭਿਅੰਕਰ ਤਸਵੀਰ ਅੱਖਾਂ ਅੱਗੋਂ ਗੁਜ਼ਰਦੀ ਹੈ। ਇਹ ਜ਼ਿੰਦਾ ਰਹਿਣ ਜਾਂ ਮਰ ਜਾਣ ਦਾ ਸਮਾਂ ਹੈ। ਨਾ ਤਾਂ ਜ਼ਖ਼ਮੀ ਚਾਹੁੰਦਾ ਹੋਵੇਗਾ ਕਿ ਉਹ ਜਿਉਂਦਾ ਰਹੇ ਤੇ ਨਾ ਹੀ ਦੁਸ਼ਮਣ ਜ਼ਖ਼ਮੀ ਨੂੰ ਛੱਡਦਾ ਹੋਵੇਗਾ। ਇਸੇ ਕਰ ਕੇ ਸਿੰਘ ਜਾਨ ਹੂਲ ਕੇ ਜੂਝਦੇ ਹੋਣਗੇ।

ਕਿਰਪਾਲ ਸਿੰਘ ਤਤਕਾਲੀ ਸਮੇਂ ਦੀ ਤਸਵੀਰਕਸ਼ੀ ਕਰਦਾ ਹੈ। ਸ਼ਬਦਾਂ ਵਿਚ ਜੋ ਪੜ੍ਹਨ ਨੂੰ ਮਿਲਦਾ ਹੈ, ਉਸ ਦੀ ਤਸਵੀਰ ਉਲੀਕਣੀ ਕਠਿਨ ਹੈ; ਪਰ ਚਿੱਤਰਕਾਰ ਉਸ ਸਮੇਂ ਨੂੰ ਨਿਸ਼ਠਾ ਅਤੇ ਪ੍ਰਤੀਬੱਧਤਾ ਨਾਲ ਬਣਾ ਰਿਹਾ ਹੈ। ਕਿਰਪਾਲ ਸਿੰਘ ਦਾ ਕੰਮ ਮੁਲਾਇਮ ਸੁਭਾਅ ਦਾ ਨਹੀਂ। ਲਿਸ਼ਕ-ਪੁਸ਼ਕ ਜਾਂ ਕੋਮਲਤਾ ਦਾ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ। ਪਹਿਲੀ ਨਜ਼ਰੇ ਦਰਸ਼ਕ ਵਿਸ਼ੇ ਨਾਲ ਜੁੜ ਉਸ ਦੇ ਮੁਹਾਵਰੇ ਨੂੰ ਪਕੜਨਾ ਚਾਹੁੰਦਾ ਹੈ।

ਪੇਂਟਿੰਗ ਸਿੰਘਾਂ ਦੀ ਸ਼ਾਨੋ-ਸ਼ੌਕਤ ਨੂੰ ਨਹੀਂ ਦਰਸਾਉਂਦੀ। ਚਿਹਰੇ, ਸਰੀਰ ਜਾਂ ਵਸਤਾਂ ਨੂੰ ਬਣਾ-ਸੰਵਾਰ ਕੇ ਪੇਂਟ ਕਰਨਾ ਇਤਿਹਾਸਕ ਭੁੱਲ ਹੋ ਸਕਦੀ ਸੀ, ਕਿਉਂਕਿ ਜਿਸ ਤਰ੍ਹਾਂ ਦੇ ਹਾਲਾਤ ਉਨ੍ਹਾਂ ਵਾਸਤੇ ਬਣਾ ਦਿੱਤੇ ਗਏ ਸਨ, ਉਨ੍ਹਾਂ ਵਿਚ ਐਸ਼-ਆਰਾਮ ਅਸੰਭਵ ਸੀ। ਉਸ ਪੱਖੋਂ ਚਿਤੇਰਾ ਸਜਗ ਹੈ। ਕੇਸਰੀ, ਨੀਲੇ, ਸਫੈਦ ਤੋਂ ਇਲਾਵਾ ਹਲਕੇ ਮਟਿਆਲੇ ਰੰਗ ਦੀਆਂ ਕਈ ਰੰਗਤਾਂ ਦੀ ਵਰਤੋਂ ਹੋਈ ਹੈ। ਦੇਹ ਦੇ ਰੰਗ ਨੂੰ ਜ਼ਿਆਦਾ ਬਦਲ ਕੇ ਪੇਸ਼ ਨਹੀਂ ਕੀਤਾ। ਇਸ ਚਿੱਤਰ ਦਾ ਸਮਾਂ ਦੁਪਹਿਰ ਦਾ ਹੈ। ਹਲਕੇ ਕੋਣ ਤੋਂ ਆ ਰਹੀ ਧੁੱਪ ਸਾਰਿਆਂ ਦੇ ਸਿਰਾਂ ਤੋਂ ਹੋ ਕੇ ਸਰੀਰਾਂ ਨਾਲ ਖਹਿਸਰ ਕੇ ਜ਼ਮੀਨ ਉਪਰ ਪਰਛਾਵੇਂ ਬਣਾ ਰਹੀ ਹੈ। ਧੁੱਪ, ਛਾਂ, ਪਰਛਾਵੇਂ ਚਿੱਤਰ ਵਿਚ ਲੋੜ ਜੋਗ 'ਦ੍ਰਿਸ਼-ਸੂਝ' (ਪ੍ਰਸਪੈਕਟਿਵ) ਸਿਰਜਦੇ ਹਨ। ਇਹ ਤੋਂ ਇਲਾਵਾ ਸਿਖਰ ਦੁਪਹਿਰ ਨੂੰ ਭਿੰਨ ਅਰਥਾਂ ਵਿਚ ਲਿਆ ਜਾਂਦਾ ਹੈ। ਚਿੱਤਰ ਤੋਂ ਅਗਲੀ ਕਥਾ ਅਨੁਸਾਰ ਦੋ ਵਿਰੋਧੀ ਧਿਰਾਂ ਵਿਚਾਲੇ ਲੜਾਈ ਹੁੰਦੀ ਹੈ। ਬਾਬਾ ਦੀਪ ਸਿੰਘ ਦਾ ਸਿਰ ਦੁਸ਼ਮਣ ਦੀ ਤਲਵਾਰ ਨਾਲ ਕੱਟ ਜਾਂਦਾ ਹੈ। ਬਾਬਾ ਜੀ ਕੱਟੇ ਸਿਰ ਨੂੰ ਆਪਣੇ ਖੱਬੇ ਹੱਥ ਦਾ ਆਸਰਾ ਦੇ ਕੇ ਧੜ ਉਪਰ ਟਿਕਾਈ ਰੱਖਦੇ ਹਨ ਅਤੇ ਦੁਸ਼ਮਣ ਨਾਲ ਲੜਦੇ-ਲੜਦੇ ਦਰਬਾਰ ਦੀ ਪਰਿਕਰਮਾ ਵਿਚ ਦਾਖਲ ਹੋ ਆਪਣੇ ਪ੍ਰਾਣ ਤਿਆਗ ਦਿੰਦੇ ਹਨ।

ਬਾਬਾ ਦੀਪ ਸਿੰਘ ਦੀ ਸੂਰਬੀਰਤਾ ਬਾਰੇ ਕੁਝ ਹੋਰ ਚਿਤੇਰਿਆਂ ਨੇ ਵੀ ਚਿੱਤਰ ਰਚੇ ਹਨ। ਇਕ ਥਾਂ ਉਹ ਚੌਕੜਾ ਮਾਰੀ ਬੈਠੇ ਹਨ (ਪੇਂਟਰ: ਸੋਭਾ ਸਿੰਘ), ਸਾਹਮਣੇ ਰੇਹਲ ਉਪਰ ਪੋਥੀ ਪਈ ਹੈ। ਉਹ ਸਿੱਧਾ ਦਰਸ਼ਕਾਂ ਵੱਲ ਦੇਖ ਰਹੇ ਹਨ। ਇਕ ਹੋਰ ਜਗ੍ਹਾ ਉਹ ਲੜਦੇ ਦਿਸਦੇ ਹਨ (ਪੇਂਟਰ: ਜੀ.ਐਸ. ਸੋਹਨ ਸਿੰਘ), ਸੱਜੇ ਹੱਥ ਵਿਚ ਖੰਡਾ ਹੈ ਅਤੇ ਖੱਬੇ ਹੱਥ ਦੀ ਤਲੀ ਉਪਰ ਆਪਣਾ ਸਿਰ ਟਿਕਾਇਆ ਹੋਇਆ ਹੈ। ਪ੍ਰਚਲਿਤ ਰੂਪਾਂ ਵਿਚੋਂ ਇਕ ਉਹ ਰੂਪ ਹੈ ਜਿਥੇ ਉਹ ਚੌਕੜਾ ਮਾਰੀ ਬੈਠੇ ਹਨ ਅਤੇ ਸੱਜੇ ਹੱਥ ਵਿਚ ਫੜਿਆ ਨੰਗਾ ਖੰਡਾ ਮੋਢੇ ਲੱਗਾ ਹੋਇਆ ਹੈ। ਉਹ ਹਰ ਤਰ੍ਹਾਂ ਦੇ ਸ਼ਸਤਰ ਨਾਲ ਲੈਸ ਦਿਸਦੇ ਹਨ। ਜ਼ਿਆਦਾਤਰ ਇਹ ਜਾਂ ਇਹੋ ਜਿਹੀਆਂ ਹੋਰ ਤਸਵੀਰਾਂ ਪ੍ਰਚਲਿਤ ਹਨ। ਹਰ ਤਸਵੀਰ ਥੋੜ੍ਹੀ ਤੋਂ ਬਹੁਤ ਜ਼ਿਆਦਾ ਉਣਤਾਈ ਦਾ ਸ਼ਿਕਾਰ ਹੈ। ਨਾਟਕੀ ਤੱਤ ਜ਼ਿਆਦਾ ਹੈ। ਨਾਮਨਣਯੋਗ ਹਾਲਾਤ ਜ਼ਿਆਦਾ ਹਨ।

ਕਿਸੇ ਵੀ ਕਲਾਕਾਰ ਨੇ ਤਤਕਾਲੀ ਵਸਤੂ ਸਥਿਤੀ ਜਾਂ ਇਤਿਹਾਸਕ ਵੇਰਵਿਆਂ ਨੂੰ ਛੋਹਣ ਦੀ ਹਿੰਮਤ ਨਹੀਂ ਕੀਤੀ। ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਚਿਤੇਰਿਆਂ ਪਾਸ ਕਲਪਨਾ ਸ਼ਕਤੀ ਦੀ ਸੂਝ-ਬੂਝ ਦੀ ਘਾਟ ਹੈ। ਇਉਂ ਚਿੱਤਰਾਂ ਵਿਚ ਉਹ ਜਿਥੇ ਵੀ ਆਏ ਹਨ, ਇਕੱਲੇ ਆਏ ਹਨ। ਉਨ੍ਹਾਂ ਦਾ ਸਰੀਰ ਉਨ੍ਹਾਂ ਦੀ ਅਵਸਥਾ ਨੂੰ ਬਿਆਨਦਾ ਨਹੀਂ।

ਉਹ ਸੰਤ-ਸਿਪਾਹੀ ਨਾਂ ਦੇ ਨਹੀਂ, ਸਗੋਂ ਅਭਿਆਸੀ ਸੰਤ-ਸਿਪਾਹੀ ਸਨ। ਇਕ ਪਾਸੇ ਉਨ੍ਹਾਂ ਨੂੰ ਗੁਰੂ ਦੀ ਸੰਗਤ ਮਿਲਦੀ ਹੈ, ਬ੍ਰਹਮਗਿਆਨੀ ਭਾਈ ਮਨੀ ਸਿੰਘ ਨਾਲ ਮਿਲ, ਆਦਿ ਗ੍ਰੰਥ ਦੇ ਉਤਾਰੇ ਤਿਆਰ ਕਰਦੇ ਹਨ ਤਾਂ ਦੂਜੇ ਪਾਸੇ, ਭੀੜ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਰਲ ਯੁੱਧ ਭੂਮੀ ਵਿਚ ਨਿੱਤਰਦੇ ਹਨ। ਹਰ ਘਟਨਾ ਚਿੱਤਰਨਯੋਗ ਨਹੀਂ ਹੁੰਦੀ। ਚਿੱਤਰਕਾਰ ਉਸੇ ਪਲ ਨੂੰ ਆਪਣੇ ਬੁਰਸ਼ ਥੱਲੇ ਲਿਆਉਂਦਾ ਹੈ ਜੋ ਮਹੱਤਵ ਵਾਲਾ ਅਤੇ ਆਦਰਸ਼ਪੂਰਨ ਹੁੰਦਾ ਹੈ।

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੇ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਸਮੂਹ ਸੰਗਤ ਨੂੰ ਬੰਦੀ ਛੋੜ ਦਿਵਸ (ਦੀਵਾਲੀ) ਦੀਆਂ

## ਬਹੁਤ-ਬਹੁਤ ਵਧਾਈਆਂ





# ਬੰਦੀ ਛੋੜ ਦਿਵਸ ਸਮਾਗਮ

## 30 ਅਕਤੂਬਰ 2016 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਹਰ ਸਾਲ ਦੀ ਤਰ੍ਹਾਂ ਗੁਰੂ ਘਰ ਵਿਚ ਬੰਦੀ ਛੋੜ ਦਿਵਸ (ਦੀਵਾਲੀ) ਦਾ ਤਿਉਹਾਰ ਖੁਸ਼ੀਆਂ ਅਤੇ ਚਾਵਾਂ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰੂ ਘਰ ਨੂੰ ਰੰਗ-ਬਰੰਗੀਆਂ ਲਾਈਟਾਂ ਨਾਲ ਸਜਾਇਆ ਜਾਵੇਗਾ। 30 ਅਕਤੂਬਰ ਵਾਲੇ ਦਿਨ ਸੈਨ ਹੋਜ਼ੇ ਦੀਆਂ ਖੂਬਸੂਰਤ ਪਹਾੜੀਆਂ 'ਤੇ ਸੁਸ਼ੋਭਿਤ ਗੁਰੂ ਘਰ ਸੱਚ ਮੁੱਚ ਜੱਗ-ਮੱਗ ਕਰਦਾ ਇਕ ਅਨੋਖਾ ਦ੍ਰਿਸ਼ ਸਿਰਜੇਗਾ।

**ਪਹੁੰਚ ਰਹੇ ਰਾਗੀ, ਢਾਡੀ ਜਥੇ ਅਤੇ ਕਥਾਵਾਚਕ**
**ਸਵੇਰੇ 4.30 ਤੋਂ ਰਾਤ 10 ਵਜੇ ਤੱਕ**

-ਜਥਾ ਭਾਈ ਤਾਜਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ
-ਜਥਾ ਭਾਈ ਭੁਪਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ
-ਜਥਾ ਭਾਈ ਰਸ਼ਪਾਲ ਸਿੰਘ ਜੀ ਦਿੱਲੀ ਵਾਲੇ
-ਜਥਾ ਭਾਈ ਭੁਪਿੰਦਰ ਸਿੰਘ ਜੀ ਗੰਗਾਨਗਰ ਵਾਲੇ
-ਜਥਾ ਭਾਈ ਬਲਜੀਤ ਸਿੰਘ ਜੀ ਦਿੱਲੀ ਵਾਲੇ
-ਕਥਾਵਾਚਕ ਭਾਈ ਗੁਰਵਿੰਦਰ ਸਿੰਘ ਜੀ
-ਬੀਬੀ ਚੰਚਲਦੀਪ ਕੌਰ ਹਜ਼ੂਰੀ ਢਾਡੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ

ਪਾਕਿਸਤਾਨ ਦੇ ਗੁਰੂ ਧਾਮਾਂ ਦੀ ਵਿਸ਼ੇਸ਼ ਮੂਵੀ ਵੀ ਦਿਖਾਈ ਜਾਵੇਗੀ

ਇਸ ਸ਼ੁਭ ਦਿਹਾੜੇ 'ਤੇ ਗੁਰੂ ਕੇ ਲੰਗਰਾਂ ਵਿਚ ਸੇਵਾ ਲੈਣ ਲਈ ਸੰਪਰਕ ਕਰੋ
ਭਾਈ ਮਹਿੰਦਰ ਸਿੰਘ ਬਾਜਵਾ (ਮੁੱਖ ਗ੍ਰੰਥੀ) 408-274-9373
ਭਾਈ ਹਰਜਿੰਦਰ ਸਿੰਘ ਲੱਦੜ (ਲੰਗਰ ਸੇਵਾਦਾਰ) 408-904-9158

**ਗੁਰੂ ਕਾ ਲੰਗਰ:** ਭਾਈ ਸੁਖਜਿੰਦਰ ਸਿੰਘ ਟੋਨੀ ਅਤੇ ਸਮੂਹ ਪੁਰੇਵਾਲ ਪਰਿਵਾਰ ਵਲੋਂ

ਸੰਗਤਾਂ ਵਲੋਂ ਸਾਂਝੇ ਤੌਰ 'ਤੇ ਛੋਲੇ ਭਟੂਰਿਆਂ, ਮਠਿਆਈ ਅਤੇ ਚਾਹ ਪਕੌੜਿਆਂ ਦਾ ਲੰਗਰ ਹੋਵੇਗਾ

ਕਾਰ ਪਾਰਕਿੰਗ ਅਤੇ ਸਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਦੀਵੇ ਅਤੇ ਮੋਮਬੱਤੀਆਂ ਜਗਾਉਣ ਦਾ ਵਾਜਬ ਪ੍ਰਬੰਧ ਹੋਵੇਗਾ।

*ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਵਲੋਂ ਸਮੂਹ ਸਾਧ ਸੰਗਤ ਨੂੰ ਗੁਰੂ ਘਰ ਹਾਜ਼ਰੀਆਂ ਭਰ ਕੇ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਬੇਨਤੀ ਹੈ ਜੀ।*

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.org